
**Thinking Real Estate?**

BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**

All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455
Raj Shergill
rajsshergill@yahoo.com
Associate Broker

Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 24, June 13, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਜਥੇਦਾਰ ਦੇ ਬਿਆਨ ਨਾਲ ਸਿਆਸਤ ਅੰਦਰ ਹਲਚਲ

## ਖਾਲਿਸਤਾਨ ਦੀ ਮੰਗ 'ਤੇ ਉਠੇ ਸਵਾਲ

**ਚੰਡੀਗੜ੍ਹ:** ਸਾਕਾ 84 ਦੀ ਬਰਸੀ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਖਾਲਿਸਤਾਨ ਦੀ ਮੰਗ ਬਾਰੇ ਦਿੱਤੇ ਗਏ ਬਿਆਨ ਨੇ ਸਿਆਸੀ ਹਲਕਿਆਂ ਵਿਚ ਹਲਚਲ ਪੈਦਾ ਕਰ ਦਿੱਤੀ ਹੈ। ਗਰਮ ਖਿਆਲ ਧੜੇ ਉਨ੍ਹਾਂ ਦੇ ਇਸ ਬਿਆਨ ਤੋਂ ਬਾਗੋ-ਬਾਗ ਹਨ ਜਦਕਿ ਕੁਝ ਹਲਕਿਆਂ ਦਾ ਆਖਣਾ ਹੈ ਕਿ ਜਿਸ ਤਰ੍ਹਾ ਦਾ ਮਾਹੌਲ ਚੱਲ ਰਿਹਾ ਹੈ, ਇਸ ਬਿਆਨ ਨੇ ਨਾ ਸਿਰਫ ਸਿੱਖਾਂ ਅੰਦਰ ਭੰਬਲਭੂਸਾ ਪੈਦਾ ਕੀਤਾ ਹੈ, ਸਗੋਂ ਸਿਆਸੀ ਧਿਰਾਂ ਨੂੰ ਪੰਜਾਬ ਵਿਚ ਅਤਿਵਾਦ ਦੇ ਨਾਂ ਉਤੇ ਸਿਆਸਤ ਕਰਕੇ ਸਿੱਖਾਂ ਉਤੇ ਹੋਰ ਸ਼ਿਕੰਜਾ ਕੱਸਣ ਦਾ ਇਕ ਹੋਰ ਮੌਕਾ ਦੇ ਦਿੱਤਾ ਹੈ।




ਆਮ ਆਦਮੀ ਪਾਰਟੀ ਜਿਥੇ 2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਆਪਣੇ ਆਪ ਉਤੇ ਗਰਮਖਿਆਲੀਆਂ ਦੀ ਹਮਾਇਤ ਦੇ ਲੱਗੇ ਠੱਪੇ ਨੂੰ ਅਕਾਲੀਆਂ ਸਿਰ ਮੜ੍ਹਨ ਦੇ ਯਤਨਾਂ ਵਿਚ ਲੱਗੀ ਹੈ, ਉਥੇ ਕਾਂਗਰਸ ਵੀ ਬਾਦਲਾਂ ਅੱਗੇ ਤਿੱਖੇ ਸਵਾਲ ਲੈ ਕੇ ਖੜ੍ਹ ਗਈ ਹੈ। ਸ਼੍ਰੋਮਣੀ ਅਕਾਲੀ ਦਲ ਇਸ ਨੂੰ ਅਕਾਲ ਤਖਤ ਸਾਹਿਬ ਦੇ ਨਿੱਜੀ ਵਿਚਾਰ ਦੱਸ ਕੇ ਮਾਮਲੇ ਤੋਂ ਪਾਸਾ ਵੱਟਣ ਦੀ ਕੋਸ਼ਿਸ਼ ਵਿਚ ਜੁਟਿਆ ਹੋਇਆ ਹੈ। ਹੁਣ ਬਾਦਲਾਂ ਨੂੰ ਸਵਾਲ ਕੀਤਾ ਜਾ ਰਿਹਾ ਹੈ ਕਿ ਜਦੋਂ 2007 ਤੋਂ 2017 ਤੱਕ ਸ਼੍ਰੋਮਣੀ ਅਕਾਲੀ ਦਲ ਸੱਤਾ 'ਤੇ ਕਾਬਜ਼ ਸੀ ਤਾਂ ਉਦੋਂ ਦਸ ਸਾਲਾਂ ਦੇ ਸਮੇਂ ਦੌਰਾਨ ਅਕਾਲ ਤਖਤ ਦੇ ਕਿਸੇ ਵੀ ਜਥੇਦਾਰ ਨੇ ਖਾਲਿਸਤਾਨ ਦੀ ਮੰਗ ਕਿਉਂ ਨਹੀਂ ਕੀਤੀ?

ਦੂਜੇ ਪਾਸੇ ਸਿੱਖ ਚਿੰਤਕ ਜਥੇਦਾਰ ਦੇ ਇਸ ਬਿਆਨ ਤੋਂ ਬਾਅਦ ਸਵਾਲ ਕਰ ਰਹੇ ਹਨ ਕਿ ਮਸਲਾ ਖਾਲਿਸਤਾਨ ਦੀ ਜਾਇਜ਼ ਜਾਂ ਨਾਜਾਇਜ਼ ਮੰਗ ਦਾ ਨਹੀਂ, ਮੌਕੇ ਦੀ ਨਜ਼ਾਕਤ ਦਾ ਹੈ। ਇਹ ਉਹ ਸਮਾਂ ਹੈ, ਜਦੋਂ ਸਿੱਖਾਂ ਦੇ ਅਣਗਿਣਤ ਮਸਲੇ ਮੂੰਹ ਅੱਡੀ ਖੜ੍ਹੇ ਹਨ, ਪਰ ਕੌਮ ਦੀ ਅਗਵਾਈ ਕਰ ਰਹੀਆਂ ਇਹ ਸਿੱਖ ਸੰਸਥਾਵਾਂ ਇਸ ਪਾਸੇ ਕੰਨ ਕਰਨ ਲਈ ਭੋਰਾ ਵੀ ਤਿਆਰ ਨਹੀਂ ਹਨ। ਯਾਦ ਰਹੇ ਕਿ ਸਾਕਾ 84 ਦੀ ਬਰਸੀ ਮੌਕੇ ਹਰ ਸਾਲ ਦਰਬਾਰ ਸਾਹਿਬ ਵਿਚ ਗਰਮਖਿਆਲੀਆਂ ਅਤੇ ਸ਼੍ਰੋਮਣੀ ਕਮੇਟੀ ਆਗੂਆਂ ਵਿਚ ਟਕਰਾਅ ਸਿੱਖਾਂ ਲਈ ਸਦਾ ਨਮੋਸ਼ੀ ਬਣਦਾ ਰਿਹਾ ਹੈ। ਸ਼੍ਰੋਮਣੀ ਕਮੇਟੀ ਹਰ ਵਾਰ ਗਰਮਖਿਆਲੀਆਂ ਵਲੋਂ ਦਰਬਾਰ ਸਾਹਿਬ ਅੰਦਰ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਮਾਰਨ ਉਤੇ ਇਤਰਾਜ਼ ਕਰਦੀ ਹੈ ਜੋ ਇਸ ਟਕਰਾਅ ਦਾ ਕਾਰਨ ਬਣਦਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਇਸ ਵਾਰ ਇਕ ਪਾਸੇ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂਆਂ ਨੂੰ 'ਤੱਤੇ ਨਾਅਰੇ' ਲਾਉਣ ਲਈ ਦਰਬਾਰ ਸਾਹਿਬ ਜਾਣ ਤੋਂ ਰੋਕ ਦਿੱਤਾ ਗਿਆ ਤੇ ਦੂਜੇ ਪਾਸੇ ਜਥੇਦਾਰ ਨੇ ਹੀ ਖਾਲਿਸਤਾਨ ਦਾ ਹੋਕਾ ਦੇ ਦਿੱਤਾ। ਬਾਅਦ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ

*(ਬਾਕੀ ਸਫਾ 6 ਉਤੇ)*

## ਖੁਫੀਆ ਵਿੰਗ ਦੀ ਜਥੇਦਾਰ 'ਤੇ ਨਜ਼ਰ



ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨਾਲ ਬੈਠਕ ਨੇ ਪੰਥਕ ਹਲਕਿਆਂ 'ਚ ਹਲਚਲ ਪੈਦਾ ਕਰ ਦਿੱਤੀ ਹੈ। ਜਥੇਦਾਰ ਸ੍ਰੀ ਅਕਾਲ ਤਖਤ ਸਵੇਰੇ ਸਾਢੇ ਦਸ ਵਜੇ ਦੇ ਕਰੀਬ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਦੀ ਗੈਰ ਹਾਜ਼ਰੀ ਵਿਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚੇ ਤੇ ਤਖਤ ਸਾਹਿਬ ਵਿਖੇ ਮੱਥਾ ਟੇਕਣ ਪਿਛੋਂ ਸਿੱਧੇ ਪ੍ਰੋ. ਮਨਜੀਤ ਸਿੰਘ ਦੀ ਰਿਹਾਇਸ਼ ਵਿਖੇ ਗੁਪਤ ਮੁਲਾਕਾਤ ਲਈ ਚਲੇ ਗਏ। ਹਾਲਾਂਕਿ ਦੋਵਾਂ ਵਿਚਾਲੇ ਹੋਈ ਗੱਲਬਾਤ ਬਾਰੇ ਪਤਾ ਨਹੀਂ ਲੱਗ ਸਕਿਆ, ਪਰ ਇਸ ਮੁਲਾਕਾਤ ਨੂੰ ਖਾਲਿਸਤਾਨ ਬਾਰੇ ਆਏ ਬਿਆਨ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਉਧਰ, ਪੰਜਾਬ ਪੁਲਿਸ ਦਾ ਖੁਫੀਆ ਵਿੰਗ ਇਸ ਮੁਲਾਕਾਤ ਸਬੰਧੀ ਵੇਰਵੇ ਇਕੱਠੇ ਕਰਨ ਲਈ ਸਾਰਾ ਦਿਨ ਨੱਠ ਭੱਜ ਕਰਦਾ ਰਿਹਾ।

# ਮੋਦੀ ਸਰਕਾਰ ਦਾ ਸੂਬਿਆਂ ਦੇ ਹੱਕਾਂ 'ਤੇ ਡਾਕਾ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਦੇ ਆਸਰੇ ਮੋਦੀ ਸਰਕਾਰ ਜਿਥੇ ਸੂਬਿਆਂ ਤੋਂ ਉਨ੍ਹਾਂ ਦੇ ਹੱਕ ਖੋਹਣ ਖੋਹ ਰਹੀ ਹੈ, ਉਥੇ ਨਿੱਜੀਕਰਨ ਦੀ ਰਣਨੀਤੀ ਨੂੰ ਜ਼ੋਰ-ਸ਼ੋਰ ਨਾਲ ਲਾਗੂ ਕਰਨ ਵਿਚ ਜੁਟ ਗਈ ਹੈ। ਕੇਂਦਰ ਸਰਕਾਰ ਨੇ ਕਿਸਾਨਾਂ ਦੀ ਆਜ਼ਾਦੀ ਅਤੇ ਖੇਤੀ ਦੀ ਖੁਸ਼ਹਾਲੀ ਦੇ ਨਾਂ 'ਤੇ ਕਾਨੂੰਨ ਵਿਚ ਸੋਧ ਅਤੇ ਆਰਡੀਨੈਂਸਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਮੰਤਰੀ ਮੰਡਲ ਦੀ ਮੀਟਿੰਗ ਨੇ 'ਦਿ ਫਾਰਮਿੰਗ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰਮੋਸ਼ਨ ਐਂਡ ਫੈਸਿਲੀਟੇਸ਼ਨ) ਆਰਡੀਨੈਂਸ 2020' ਅਤੇ 'ਫਾਰਮਰਜ਼ (ਇੰਪਾਵਰਮੈਂਟ ਅਤੇ ਪ੍ਰੋਟੈਕਸ਼ਨ) ਐਗਰੀਮੈਂਟ ਆਨ ਪ੍ਰਾਈਸ ਐਸ਼ੋਰੈਂਸ ਐਂਡ ਫਾਰਮ ਸਰਵਿਸ ਆਰਡੀਨੈਂਸ 2020 ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਜ਼ਰੂਰੀ ਵਸਤਾਂ ਬਾਰੇ ਕਾਨੂੰਨ, 1955 ਵਿਚ ਸੋਧ ਨੂੰ ਮਨਜ਼ੂਰੀ ਦਿੱਤੀ ਗਈ ਹੈ। ਸਰਕਾਰ ਨੇ ਇਨ੍ਹਾਂ ਵਿਸ਼ਿਆਂ 'ਤੇ ਚਰਚਾ ਕਰਨ ਲਈ



ਪਾਰਲੀਮੈਂਟ ਵਿਚ ਬਹਿਸ ਕਰਾਉਣੀ ਵੀ ਜ਼ਰੂਰੀ ਨਹੀਂ ਸਮਝੀ ਅਤੇ ਆਰਡੀਨੈਂਸਾਂ ਦਾ ਰਾਹ ਅਪਣਾਇਆ ਹੈ। ਸਰਕਾਰ ਨੂੰ ਪਤਾ ਹੈ ਕਿ ਇਸ ਸਮੇਂ ਕਰੋਨਾ ਮਹਾਮਾਰੀ ਕਾਰਨ ਲੌਕਡਾਊਨ ਹੈ ਤੇ ਕਿਸਾਨਾਂ ਸਮੇਤ ਕੋਈ ਧਿਰ ਇਨ੍ਹਾਂ ਧੱਕੇਸ਼ਾਹੀਆਂ ਦਾ ਵਿਰੋਧ ਨਹੀਂ ਕਰ ਸਕਦੀ।

ਇਹ ਆਰਡੀਨੈਂਸ ਅਤੇ ਸੋਧ ਖੇਤੀ ਨੂੰ ਖੁੱਲ੍ਹੀ ਮੰਡੀ ਦੇ ਸਹਾਰੇ ਛੱਡ ਕੇ ਸਰਕਾਰੀ ਹੱਥ ਖਿੱਚ ਲੈਣ ਦਾ ਰਾਹ ਪੱਧਰਾ ਕਰਦੇ ਹਨ। ਇਸ ਨਾਲ ਖੇਤੀ ਖੇਤਰ ਦਾ ਬਚਿਆ-ਖੁਚਿਆ ਸਹਾਰਾ ਖਤਮ ਕਰਨ ਅਤੇ ਸੰਘੀ ਢਾਂਚੇ ਤਹਿਤ ਮਿਲੀਆਂ ਰਾਜਾਂ ਦੀਆਂ ਤਾਕਤਾਂ ਹਥਿਆ ਲੈਣ ਦਾ ਫੈਸਲਾ ਕਰ ਲਿਆ ਗਿਆ ਹੈ। ਜ਼ਰੂਰੀ ਸੇਵਾਵਾਂ ਕਾਨੂੰਨ ਸੋਧ ਨਾਲ ਦਾਲਾਂ, ਤੇਲ, ਬੀਜ, ਪਿਆਜ਼, ਆਲੂ ਆਦਿ ਵਸਤਾਂ ਬਾਹਰ ਨਿਕਲ ਗਈਆਂ ਹਨ ਅਤੇ ਹੁਣ ਕੋਈ ਵੀ ਕੰਪਨੀ ਜਾਂ ਵਿਅਕਤੀ ਇਨ੍ਹਾਂ ਦਾ ਮਰਜ਼ੀ ਅਨੁਸਾਰ ਜ਼ਖੀਰਾ ਰੱਖ ਸਕੇਗਾ। ਸਿਰਫ ਕੁਦਰਤੀ ਆਫਤ ਦੌਰਾਨ ਸਰਕਾਰ ਦਖਲ ਦੇ

*(ਬਾਕੀ ਸਫਾ 6 ਉਤੇ)*

**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine

12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

**WorldWide Travel, Inc**
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ

ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

**Regal Jewels**

2625 W. Devon Ave. Chicago, IL 60659
773-262-4377 773-517-0517
WWW.REGALJEWELS.COM
Open 11am to 8pm Closed on Tuesday

# ਘੱਲੂਘਾਰਾ ਦਿਵਸ: ਗਰਮਖਿਆਲੀਆਂ ਅਤੇ ਪੁਲਿਸ ਵਿਚਾਲੇ ਖਿੱਚ-ਧੂਹ

**ਅੰਮ੍ਰਿਤਸਰ:** ਸਖਤ ਸੁਰੱਖਿਆ ਪ੍ਰਬੰਧਾਂ ਹੇਠ ਸ੍ਰੀ ਅਕਾਲ ਤਖਤ ਉਤੇ ਮਨਾਏ ਗਏ ਘੱਲੂਘਾਰਾ ਦਿਵਸ ਮੌਕੇ ਕੁਝ ਗਰਮ ਖਿਆਲੀਆਂ ਵੱਲੋਂ ਖਾਲਿਸਤਾਨ ਪੱਖੀ ਨਾਅਰੇ ਲਾਏ ਗਏ। ਇਸ ਦੌਰਾਨ ਸਿੱਖ ਕਾਰਕੁਨਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਦਾਖਲ ਹੋਣ ਤੋਂ ਰੋਕਣ 'ਤੇ ਪੁਲਿਸ ਅਤੇ ਸਿੱਖਾਂ ਵਿਚਾਲੇ ਤਿੱਖੀ ਬਹਿਸ ਅਤੇ ਖਿੱਚ-ਧੂਹ ਵੀ ਹੋਈ।



ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਸਮੁੱਚੇ ਆਲੇ-ਦੁਆਲੇ ਦੀ ਬੈਰੀਕੇਡ ਲਾ ਕੇ ਨਾਕਾਬੰਦੀ ਕੀਤੀ ਗਈ ਸੀ ਅਤੇ ਕਿਸੇ ਨੂੰ ਵੀ ਇਸ ਖੇਤਰ ਵਿਚ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਮੀਡੀਆ ਨੂੰ ਵੀ ਸ੍ਰੀ ਅਕਾਲ ਤਖਤ 'ਤੇ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਘੱਲੂਘਾਰਾ ਦਿਵਸ ਸਬੰਧੀ ਸ੍ਰੀ ਅਕਾਲ ਤਖਤ ਉਤੇ ਰੱਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਅਰਦਾਸ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਹੁਕਮਨਾਮਾ ਲਿਆ। ਇਸ ਮੌਕੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਮੂਹ ਸ਼ਹੀਦਾਂ ਨੂੰ ਯਾਦ ਕਰਦਿਆਂ ਆਖਿਆ ਕਿ ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤਾ ਗਿਆ ਫੌਜੀ ਹਮਲਾ ਸਿੱਖ ਮਾਨਸਿਕਤਾ 'ਤੇ ਹਮਲਾ ਸੀ ਜਿਸ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ ਹੈ ਅਤੇ ਇਹ ਦਿਹਾੜਾ ਹਮੇਸ਼ਾ ਮਨਾਇਆ ਜਾਂਦਾ ਰਹੇਗਾ। ਉਨ੍ਹਾਂ ਆਖਿਆ ਕਿ ਸਿੱਖ ਕੌਮ ਨੇ ਉਸ ਵੇਲੇ ਕੁਝ ਟੀਚੇ ਮਿਥੇ ਸਨ। ਇਨ੍ਹਾਂ ਟੀਚਿਆਂ ਬਾਰੇ ਹੁਣ ਤੱਕ ਕੀ ਕੀਤਾ ਗਿਆ ਤੇ ਭਵਿੱਖ ਵਿਚ ਕੀ ਕਰਨਾ ਹੈ, ਇਸ ਲਈ ਸਮੁੱਚੀ ਕੌਮ ਨੂੰ ਸਿਰ ਜੋੜ ਕੇ ਬੈਠਣ ਦੀ ਲੋੜ ਹੈ।

ਟੀਚਿਆਂ ਦੀ ਪ੍ਰਾਪਤੀ ਲਈ ਚੰਗੀ ਨੀਤੀ ਅਤੇ ਚੰਗੀ ਨੀਯਤ ਦੀ ਵੀ ਲੋੜ ਹੈ। ਉਨ੍ਹਾਂ ਸਮੁੱਚੀ ਕੌਮ ਨੂੰ ਆਪਸੀ ਫੁੱਟ ਨੂੰ ਦੂਰ ਰਖਦਿਆਂ ਇਕਜੁੱਟ ਹੋਣ ਅਤੇ ਰਲ-ਮਿਲ ਕੇ ਬੈਠਣ ਦੀ ਅਪੀਲ ਕੀਤੀ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਮਿਲ ਕੇ ਸ਼ਹੀਦਾਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਸ੍ਰੀ ਲੌਂਗੋਵਾਲ ਨੇ ਸਾਕਾ ਨੀਲਾ ਤਾਰਾ ਨੂੰ ਸਮੇਂ ਦੀ ਹਕੂਮਤ ਦਾ ਵਹਿਸ਼ੀ ਕਾਰਾ ਕਰਾਰ ਦਿੱਤਾ। ਜਿਵੇਂ ਹੀ ਇਹ ਸਮਾਗਮ ਖਤਮ ਹੋਇਆ ਤਾਂ ਕੁਝ ਗਰਮਖਿਆਲੀ ਆਗੂਆਂ ਵੱਲੋਂ ਸ਼ਹੀਦੀ ਯਾਦਗਾਰ ਨੇੜੇ ਖਾਲਿਸਤਾਨ ਪੱਖੀ ਨਾਅਰੇ ਲਾਏ ਗਏ ਅਤੇ ਖਾਲਿਸਤਾਨੀ ਝੰਡੇ ਵੀ ਲਹਿਰਾਏ ਗਏ। ਕਰੋਨਾ ਮਹਾਮਾਰੀ ਕਾਰਨ ਸੰਗਤ ਨੂੰ ਪਹਿਲਾਂ ਹੀ ਘਰਾਂ 'ਚ ਰਹਿਣ ਦੀ ਅਪੀਲ ਕੀਤੀ ਗਈ ਸੀ।

ਸਖਤ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਥਾਂ 'ਤੇ ਉਨ੍ਹਾਂ ਦਾ ਬੇਟਾ ਇਮਾਨ ਸਿੰਘ, ਹਰਬੀਰ ਸਿੰਘ ਸੰਧੂ, ਬਲਵੰਤ ਸਿੰਘ ਗੋਪਾਲਾ ਤੇ ਹੋਰ ਸਮਰਥਕ ਇਥੇ ਪੁੱਜੇ ਹੋਏ ਸਨ। ਜਿਵੇਂ ਹੀ ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਦਾਖਲ ਹੋਣ ਦਾ ਯਤਨ ਕੀਤਾ ਤਾਂ ਉਥੇ ਤਾਇਨਾਤ ਪੁਲਿਸ ਨੇ ਉਨ੍ਹਾਂ ਨੂੰ ਰੋਕ ਦਿੱਤਾ। ਸਿੱਟੇ ਵਜੋਂ ਦੋਵਾਂ ਧਿਰਾਂ ਵਿਚਾਲੇ ਤਿੱਖੀ ਤਕਰਾਰ ਵੀ ਹੋਈ ਅਤੇ ਮਗਰੋਂ ਖਿੱਚ-ਧੂਹ ਦੀ ਨੌਬਤ ਵੀ ਆਈ। ਸਮਾਗਮ ਦੌਰਾਨ ਸਰਬੱਤ ਖਾਲਸਾ ਵੱਲੋਂ ਥਾਪੇ ਮੁਤਵਾਜੀ ਜਥੇਦਾਰ ਧਿਆਨ ਸਿੰਘ ਮੰਡ ਵੀ ਪੁੱਜੇ ਹੋਏ ਸਨ ਪਰ ਉਨ੍ਹਾਂ ਇਸ ਵਾਰ ਸ੍ਰੀ ਅਕਾਲ ਤਖਤ 'ਤੇ ਕੋਈ ਸੰਦੇਸ਼ ਨਹੀਂ ਪੜ੍ਹਿਆ। ਸਮਾਗਮ ਦੀ ਸਮਾਪਤੀ ਮਗਰੋਂ ਉਹ ਬਾਹਰ ਆ ਗਏ ਅਤੇ ਆਪਣਾ ਸੰਦੇਸ਼ ਪੜ੍ਹਿਆ ਅਤੇ ਜਾਰੀ ਕੀਤਾ।

### ਖਾਲਿਸਤਾਨ ਪੱਖੀ ਨਾਅਰੇਬਾਜ਼ੀ

**ਅੰਮ੍ਰਿਤਸਰ:** ਸ਼ਹੀਦੀ ਸਮਾਗਮ ਉਪਰੰਤ ਯੂਨਾਈਟਡ ਅਕਾਲੀ ਦਲ ਅਤੇ ਹੋਰਨਾਂ ਆਗੂਆਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਨੇੜੇ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦ ਵਿਚ ਉਸਾਰੀ ਗਈ ਸ਼ਹੀਦੀ ਯਾਦਗਾਰ 'ਤੇ ਮੱਥਾ ਟੇਕਣ ਉਪਰੰਤ ਪੌੜੀਆਂ ਵਿਚ ਖੜ੍ਹੇ ਹੋ ਕੇ ਖਾਲਿਸਤਾਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਪੱਖੀ ਨਾਅਰੇਬਾਜ਼ੀ ਕੀਤੀ ਅਤੇ ਖਾਲਿਸਤਾਨ ਦੇ ਝੰਡੇ ਲਹਿਰਾਏ। ਇਸ ਦੌਰਾਨ ਯੂਨਾਈਟਡ ਅਕਾਲੀ ਦਲ ਦੇ ਜਨਰਲ ਸਕੱਤਰ ਜਸਕਰਨ ਸਿੰਘ ਕਾਹਨਸਿੰਘ ਵਾਲਾ ਵੱਲੋਂ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਸੰਦੇਸ਼ ਪੜ੍ਹਿਆ ਗਿਆ।

### ਹਮਲੇ ਦਾ ਦਰਦ ਰਹਿੰਦੀ ਦੁਨੀਆਂ ਤੱਕ ਰਹੇਗਾ: ਜਥੇਦਾਰ

**ਅੰਮ੍ਰਿਤਸਰ:** ਸੰਗਤ ਨੂੰ ਸੰਬੋਧਨ ਕਰਦਿਆਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜੂਨ 1984 ਵਿਚ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਭਾਰਤੀ ਫੌਜ ਵੱਲੋਂ ਕੀਤਾ ਗਿਆ ਹਮਲਾ ਸਿੱਖ ਮਾਨਸਿਕਤਾ 'ਤੇ ਹਮਲਾ ਸੀ, ਜਿਸ ਦੀ ਪੀੜ ਰਹਿੰਦੀ ਦੁਨੀਆਂ ਤੱਕ ਸਿੱਖ ਮਨਾਂ ਵਿਚ ਬਣੀ ਰਹੇਗੀ। ਉਨ੍ਹਾਂ ਆਖਿਆ ਕਿ ਜੂਨ 1984 'ਚ ਸ੍ਰੀ ਅਕਾਲ ਤਖਤ ਸਾਹਿਬ ਦੀ ਅਜ਼ਮਤ ਖਾਤਰ ਸ਼ਹੀਦ ਹੋਏ ਸਾਡੇ ਕੌਮੀ ਜਰਨੈਲਾਂ ਨੇ ਜਿਨ੍ਹਾਂ ਟੀਚਿਆਂ ਲਈ ਆਪਣੀਆਂ ਜਾਨਾਂ ਵਾਰੀਆਂ ਸਨ, ਅੱਜ ਉਨ੍ਹਾਂ ਟੀਚਿਆਂ ਦੀ ਪ੍ਰਾਪਤੀ ਲਈ ਸਮੁੱਚੀ ਸਿੱਖ ਕੌਮ ਨੂੰ ਰਾਜਨੀਤਕ ਅਤੇ ਜਥੇਬੰਦਕ ਧੜੇਬੰਦੀਆਂ ਤੋਂ ਉੱਪਰ ਉੱਠਦਿਆਂ ਸਿਰ ਜੋੜ ਕੇ ਬੈਠਣ ਅਤੇ ਨੀਤੀ ਤੇ ਨੀਅਤ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਅਜੋਕੇ ਸਮੇਂ ਵਿਚ ਸਾਡੀਆਂ ਸਾਰੀਆਂ ਖੁਆਰੀਆਂ ਅਤੇ ਚੁਣੌਤੀਆਂ ਦਾ ਹੱਲ ਕੌਮੀ ਇੱਕਜੁੱਟਤਾ ਨਾਲ ਹੀ ਸੰਭਵ ਹੈ।

## ਆਈ. ਏ. ਐਸ. ਅਫਸਰਾਂ ਦੇ ਤਬਾਦਲੇ ਨੇ ਛੇੜੀ ਚਰਚਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੀਨੀਅਰ ਆਈ.ਏ.ਐਸ. ਅਧਿਕਾਰੀਆਂ ਦੇ ਤਬਾਦਲੇ ਕਰਕੇ ਸਿਆਸੀ ਤੇ ਪ੍ਰਸ਼ਾਸਕੀ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਤਾਜ਼ਾ ਤਬਾਦਲਿਆਂ ਦਾ ਅਹਿਮ ਪਹਿਲੂ ਇਹ ਹੈ ਕਿ ਮੁੱਖ ਸਕੱਤਰ ਦੀ ਕੁਰਸੀ ਦੇ ਦਾਅਵੇਦਾਰ ਮੰਨੇ ਜਾਂਦੇ ਕਰਨਬੀਰ ਸਿੰਘ ਸਿੱਧੂ ਤੋਂ ਮਾਲ ਵਿਭਾਗ ਦੇ ਵਿਸ਼ੇਸ਼ ਮੁੱਖ ਸਕੱਤਰ ਦਾ ਚਾਰਜ ਵਾਪਸ ਲੈ ਲਿਆ ਗਿਆ ਹੈ। ਸੂਬਾਈ ਸਿਵਲ ਸੇਵਾਵਾਂ ਵਿਚ ਨੌਕਰਸ਼ਾਹੀ ਦੇ ਇਸ ਸਭ ਤੋਂ ਵੱਡੇ ਅਹੁਦੇ ਲਈ ਕਰਨਬੀਰ ਸਿੰਘ ਸਿੱਧੂ, ਵਿੰਨੀ ਮਹਾਜਨ ਅਤੇ ਵਿਸ਼ਵਜੀਤ ਖੰਨਾ ਦਾਅਵੇਦਾਰ ਮੰਨੇ ਜਾਂਦੇ ਹਨ। ਸ੍ਰੀ ਸਿੱਧੂ 'ਮੈਗਸੀਪਾ' ਦੇ ਮੁਖੀ ਵਜੋਂ ਤਾਇਨਾਤ ਹਨ। ਵਧੀਕ ਮੁੱਖ ਸਕੱਤਰ (ਮਾਲ ਤੇ ਮੁੜ ਵਸੇਬਾ) ਦਾ ਕੰਮ ਵਿਸ਼ਵਜੀਤ ਖੰਨਾ ਨੂੰ ਦਿੱਤਾ ਗਿਆ ਹੈ। ਕਿਰਪਾ ਸ਼ੰਕਰ ਸਰੋਜ ਨੂੰ ਵਧੀਕ ਮੁੱਖ ਸਕੱਤਰ ਸਮਾਜਿਕ ਨਿਆਂ ਤੇ ਘੱਟ ਗਿਣਤੀਆਂ ਤੇ ਐਨ.ਆਰ.ਆਈ. ਮਾਮਲਿਆਂ ਦਾ ਵਾਧੂ ਚਾਰਜ, ਅਨਿਰੁੱਧ ਤਿਵਾੜੀ ਨੂੰ ਵਧੀਕ ਮੁੱਖ ਸਕੱਤਰ (ਵਿਕਾਸ) ਤੇ ਫੂਡ ਪ੍ਰੋਸੈਸਿੰਗ, ਬਾਗਬਾਨੀ, ਬਿਜਲੀ ਵਿਭਾਗ ਅਤੇ ਟਰਾਂਸਕੋ ਦੇ ਚੇਅਰਮੈਨ ਤੇ ਗੈਰ ਰਵਾਇਤੀ ਊਰਜਾ ਵਿਭਾਗ ਦਾ ਵਾਧੂ ਚਾਰਜ ਦਿੱਤਾ ਗਿਆ ਹੈ।

ਏ. ਵੇਣੂ ਪ੍ਰਸਾਦ ਨੂੰ ਵਿੱਤ ਕਮਿਸ਼ਨਰ ਕਰ ਤੇ ਆਬਕਾਰੀ ਅਤੇ ਪਾਵਰਕੌਮ ਦੇ ਚੇਅਰਮੈਨ ਦਾ ਚਾਰਜ, ਸਰਵਜੀਤ ਸਿੰਘ ਨੂੰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਨਾਲ ਪ੍ਰਮੁੱਖ ਸਕੱਤਰ-ਜਲ ਸਰੋਤ, ਮਾਈਨਿੰਗ, ਨੋਡਲ ਅਫਸਰ ਜਲ ਸ਼ਕਤੀ ਅਭਿਆਨ ਲਾਇਆ ਗਿਆ ਹੈ। ਕੇ.ਏ.ਪੀ. ਸਿਨਹਾ ਨੂੰ ਪ੍ਰਮੁੱਖ ਸਕੱਤਰ (ਵਿੱਤ), ਕੇ. ਸ਼ਿਵਾ ਪ੍ਰਸਾਦ ਨੂੰ ਪ੍ਰਮੁੱਖ ਸਕੱਤਰ ਖੁਰਾਕ ਤੇ ਸਿਵਲ ਸਪਲਾਈ ਅਤੇ ਟਰਾਂਸਪੋਰਟ ਦਾ ਵਾਧੂ ਚਾਰਜ, ਅਲੋਕ ਸ਼ੇਖਰ ਨੂੰ ਪ੍ਰਮੁੱਖ ਸਕੱਤਰ ਆਮ ਪ੍ਰਸ਼ਾਸਨ, ਸਾਇੰਸ ਟੈਕਨਾਲੋਜੀ, ਪਾਰਲੀਮਾਨੀ ਮਾਮਲੇ, ਅਮਰਪ੍ਰੀਤ ਕੌਰ ਸੰਧੂ ਨੂੰ ਏਡੀਸੀ (ਵਿਕਾਸ) ਮਾਨਸਾ, ਪੀ.ਸੀ.ਐਸ. ਅਫਸਰਾਂ ਵਿਚ ਰਾਜੇਸ਼ ਕੁਮਾਰ ਸ਼ਰਮਾ ਨੂੰ ਮੁੱਖ ਮੰਤਰੀ ਦੇ ਉਪ ਪ੍ਰਮੁੱਖ ਸਕੱਤਰ ਤੇ ਪਟਿਆਲਾ ਦਾ ਕਾਰਜਕਾਰੀ ਮੈਜਿਸਟਰੇਟ ਲਾਇਆ ਹੈ।


Bridging Care Home Health Plus

(IDPH Licensed and Medicare Certified Home Health)

ਸੋਲ ਕੇਅਰ ਸਰਵਿਸਿਜ਼, ਇੰਕ.
Soul Care Services, Inc.
dba
Bridging Care
Home Health Plus

ਬ੍ਰਿਜਿੰਗ ਕੇਅਰ ਹੋਮ ਹੈਲਥ ਪਲੱਸ

(ਆਈ.ਡੀ.ਪੀ.ਐਚ. ਤੋਂ ਲਾਈਲੈਂਸ ਪ੍ਰਾਪਤ ਅਤੇ ਮੈਡੀਕੇਅਰ ਹੋਮ ਹੈਲਥ)

ਤੁਹਾਡੇ ਘਰ ਹੇਠ ਲਿਖੀਆਂ ਸੇਵਾਵਾਂ ਪੁੱਜਦੀਆਂ ਕਰਨ ਦਾ ਮੁਕੰਮਲ ਪ੍ਰਬੰਧ

*ਨਰਸਿੰਗ Nursing
*ਫਿਜ਼ੀਕਲ ਥੈਰੇਪੀ Physical Therapy
*ਆਕਿਊਪੇਸ਼ਨਲ ਥੈਰੇਪੀ Occupational Therapy
*ਸਪੀਚ ਥੈਰੇਪੀ Speech Therapy
*ਹੋਮ ਹੈਲਥ ਏਡ Home Health Aide
*ਸੋਸ਼ਲ ਵਰਕਰ ਸਰਵਿਸਿਜ਼ Social Worker Services

ਡੀ.ਐਮ.ਈ. ਸਪਲਾਈਜ਼ ਦਾ ਪ੍ਰਬੰਧ-ਕੇਨ, ਵਾਕਰ, ਵ੍ਹੀਲਚੇਅਰ, ਡਾਇਪਰਜ਼, ਡਾਇਬਟਿਕ ਸਪਲਾਈਜ਼, ਡਾਇਬਟੀਜ਼ ਸ਼ੂਜ਼, ਫਿਜ਼ੀਸ਼ੀਅਨ ਸੇਵਾਵਾਂ ਦਾ ਪ੍ਰਬੰਧ

ਬਲੱਡ ਟੈਸਟ, ਐਕਸ-ਰੇਅ, 2-ਡੀ ਈਕੋ, ਅਲਟ੍ਰਾਸਾਊਂਡ, ਈ.ਕੇ.ਜੀ., ਡੋਪਲਰ ਟੈਸਟ

ਜੇ ਤੁਸੀਂ ਹਿੰਦੀ ਜਾਂ ਉਰਦੂ ਬੋਲਣ ਵਾਲੇ ਸਪੈਸ਼ਲਿਸਟ ਡਾਕਟਰਾਂ ਜਿਵੇਂ ਦਿਲ ਦੇ ਡਾਕਟਰ, ਹੱਡੀਆਂ ਦੇ ਡਾਕਟਰ, ਦਰਦ ਨਾਲ ਸਬੰਧਤ ਫਿਜ਼ੀਸ਼ੀਅਨ, ਜੋ ਦਰਦ ਤੋਂ ਰਾਹਤ ਲਈ ਤੁਹਾਨੂੰ ਇੰਜੈਕਸ਼ਨ ਰਾਹੀਂ ਦਵਾਈਆਂ ਦੇ ਸਕਦੇ ਹਨ, ਦਾ ਪ੍ਰਬੰਧ ਹੈ।

ਇਹ ਸੇਵਾਵਾਂ ਮੈਡੀਕੇਅਰ, ਇੰਸ਼ੋਰੈਂਸ ਕੰਪਨੀਆਂ ਅਤੇ ਪ੍ਰਾਈਵੇਟ ਪੇਅ ਤਹਿਤ ਕਵਰ ਹਨ।

ਕਿਰਪਾ ਕਰ ਕੇ ਇਸ ਨੰਬਰ 'ਤੇ ਕਾਲ ਕਰੋ: 847-260-5140
www.soulcareservices.com

ਹਿੰਦੀ/ਗੁਜਰਾਤੀ ਵਿਚ ਜਾਣਕਾਰੀ ਲਈ:
ਫੋਨ: 847-372-5423

# ਅਕਲਾ ਤਖਤ ਦੇ ਜਥੇਦਾਰ ਵਲੋਂ ਖਾਲਿਸਤਾਨ ਦੀ ਮੰਗ ਦੀ ਹਮਾਇਤ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਦੀ 36ਵੀਂ ਬਰਸੀ ਮੌਕੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖਾਂ ਵੱਲੋਂ ਵੱਖਰੇ ਰਾਜ ਦੀ ਮੰਗ ਖਾਲਿਸਤਾਨ ਅਤੇ ਇਸ ਸਬੰਧੀ ਨਾਅਰਿਆਂ ਨੂੰ ਜਾਇਜ਼ ਠਹਿਰਾਇਆ ਹੈ। ਉਨ੍ਹਾਂ ਆਖਿਆ ਕਿ ਕੌਮੀ ਟੀਚਿਆਂ ਦੀ ਪ੍ਰਾਪਤੀ ਲਈ ਨੀਤੀ ਤੇ ਨੀਯਤ ਠੀਕ ਹੋਣੀ ਚਾਹੀਦੀ ਹੈ ਅਤੇ ਇਸ ਵਾਸਤੇ ਸਮੁੱਚੀ ਕੌਮ ਸਿਰ ਜੋੜ ਕੇ ਬੈਠੇ।

ਸ੍ਰੀ ਅਕਾਲ ਤਖਤ ਦੇ ਸਕੱਤਰੇਤ 'ਚ ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਜੇਕਰ ਸਿੱਖਾਂ ਨੂੰ ਖਾਲਿਸਤਾਨ ਮਿਲਦਾ ਹੈ ਤਾਂ ਇਸ ਨਾਲੋਂ ਚੰਗਾ ਕੀ ਹੋਵੇਗਾ, 'ਅੰਨ੍ਹਾ ਕੀ ਚਾਹੇ ਦੋ ਅੱਖਾਂ'।

ਉਨ੍ਹਾਂ ਤੋਂ ਜਦੋਂ ਪੁੱਛਿਆ ਗਿਆ ਕਿ ਕੀ ਉਹ ਵੀ ਇਸ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਆਖਿਆ ਕਿ ਹਰ ਸਿੱਖ ਦੀ ਇਹੀ ਮੰਗ ਹੈ। ਸਿੱਖ ਨੌਜਵਾਨਾਂ ਵੱਲੋਂ ਲਾਏ ਜਾਂਦੇ ਖਾਲਿਸਤਾਨ ਪੱਖੀ ਨਾਅਰਿਆਂ ਬਾਰੇ ਉਨ੍ਹਾਂ ਆਖਿਆ ਕਿ ਸਮਾਗਮ ਦੌਰਾਨ ਇਹ ਨਹੀਂ ਲਾਏ ਜਾਣੇ ਚਾਹੀਦੇ ਹਨ। 'ਇਸ ਨਾਲ ਸਮਾਗਮ ਵਿਚ ਵਿਘਨ ਪੈਂਦਾ ਹੈ ਪਰ ਜੇਕਰ ਇਹ ਨਾਅਰੇ ਸਮਾਗਮ ਤੋਂ ਬਾਅਦ ਲਾਏ ਜਾਂਦੇ ਹਨ ਤਾਂ ਇਹ ਨੌਜਵਾਨਾਂ ਦੇ ਜੋਸ਼ ਦਾ ਪ੍ਰਤੀਕ ਹੈ।' ਸਾਕਾ ਨੀਲਾ ਤਾਰਾ ਬਾਰੇ ਇਕ ਪੁਖਤਾ ਦਸਤਾਵੇਜ਼ ਤਿਆਰ ਕਰਨ ਦੀ ਗੱਲ ਕਰਦਿਆਂ ਉਨ੍ਹਾਂ ਸ਼੍ਰੋਮਣੀ



ਕਮੇਟੀ ਨੂੰ ਆਖਿਆ ਕਿ ਉਹ ਸਿੱਖ ਵਿਦਵਾਨਾਂ ਦਾ ਇਕ ਪੈਨਲ ਤਿਆਰ ਕਰੇ, ਜੋ ਇਸ ਸਬੰਧੀ ਦਸਤਾਵੇਜ਼ ਤਿਆਰ ਕਰੇ, ਜਿਸ ਵਿਚ ਉਨ੍ਹਾਂ ਵਿਅਕਤੀਆਂ ਦੇ ਬਿਆਨ ਵੀ ਸ਼ਾਮਲ ਹੋਣ, ਜਿਨ੍ਹਾਂ ਨੇ ਇਸ ਫੌਜੀ ਹਮਲੇ ਨੂੰ ਹੰਢਾਇਆ ਹੈ।

'ਦਸਤਾਵੇਜ਼ ਤਿਆਰ ਹੋਣ ਮਗਰੋਂ ਇਸ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਤਿਆਰ ਕੀਤਾ ਜਾਵੇ ਤਾਂ ਜੋ ਇਹ ਆਉਣ ਵਾਲੀ ਪੀੜ੍ਹੀ ਲਈ ਇਕ ਯਾਦਗਾਰ ਬਣੇ।' ਉਨ੍ਹਾਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸੋਚ ਨੂੰ ਜਿਉਂਦਾ ਰੱਖਣ ਵਾਸਤੇ ਵੀ ਇਸ ਦਸਤਾਵੇਜ਼ ਨੂੰ ਮਦਦਗਾਰ ਦੱਸਿਆ।

### ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲੌਂਗੋਵਾਲ ਵਲੋਂ ਪ੍ਰੋੜਤਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੋਂ ਜਦੋਂ ਖਾਲਿਸਤਾਨ ਦੀ ਮੰਗ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਵੀ ਸਿੰਘ ਸਾਹਿਬ ਦੇ ਬਿਆਨ ਦੀ ਪ੍ਰੋੜ੍ਹਤਾ ਕਰਦਿਆਂ ਕਿਹਾ ਕਿ ਕੋਈ ਸਿੱਖ ਇਸ ਤੋਂ ਇਨਕਾਰ ਨਹੀਂ ਕਰ ਸਕਦਾ। ਜੂਨ 1984 ਦਾ ਘੱਲੂਘਾਰਾ ਦਿਵਸ ਕੌਮ ਰਹਿੰਦੀ ਦੁਨੀਆਂ ਤੱਕ ਮਨਾਉਂਦੀ ਰਹੇਗੀ। ਇਸ ਫੌਜੀ ਹਮਲੇ ਤੋਂ ਬਾਅਦ ਆਜ਼ਾਦ ਭਾਰਤ ਪ੍ਰਤੀ ਸਿੱਖਾਂ ਦਾ ਭਰੋਸਾ ਤਿੜਕ ਗਿਆ ਹੈ ਅਤੇ ਅੱਜ ਤੱਕ ਸਿੱਖ ਆਪਣੇ ਹੀ ਦੇਸ਼ 'ਚ ਬੇਗਾਨਗੀ ਦਾ ਅਹਿਸਾਸ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਘੱਲੂਘਾਰਾ ਦੌਰਾਨ ਹੋਏ ਨੁਕਸਾਨ ਦੀ ਭਰਪਾਈ ਲਈ ਇਕ ਹਜ਼ਾਰ ਕਰੋੜ ਰੁਪਏ ਦੇ ਦਾਅਵੇ ਦਾ ਕੇਸ ਸੁਪਰੀਮ ਕੋਰਟ ਵਿਚ ਦਾਇਰ ਕੀਤਾ ਹੋਇਆ ਹੈ ਤੇ ਆਉਂਦੇ ਦਿਨਾਂ 'ਚ ਇਸ ਦੀ ਸਮੀਖਿਆ ਕੀਤੀ ਜਾਵੇਗੀ।

### ਦਲ ਖਾਲਸਾ ਨੇ ਸਵਾਗਤ ਕੀਤਾ

**ਅੰਮ੍ਰਿਤਸਰ:** ਗਿਆਨੀ ਹਰਪ੍ਰੀਤ ਸਿੰਘ ਵਲੋਂ ਖਾਲਿਸਤਾਨ ਬਾਰੇ ਦਿੱਤੇ ਬਿਆਨ ਸਬੰਧੀ ਦਲ ਖਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਨੇ ਕਿਹਾ ਕਿ ਸਿੰਘ ਸਾਹਿਬ ਵੱਲੋਂ ਦਿੱਤੇ ਬਿਆਨ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਖਾਲਿਸਤਾਨ ਪ੍ਰਤੀ ਦਿੱਤਾ ਬਿਆਨ ਚੇਤੇ ਕਰਵਾ ਦਿੱਤਾ ਹੈ। ਉਨ੍ਹਾਂ ਕਿਹਾ 6 ਜੂਨ ਨੂੰ ਪਹਿਲਾਂ ਹੀ ਖਾਲਿਸਤਾਨ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ, ਜਿਸ 'ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੋਹਰ ਲਗਾ ਦਿੱਤੀ ਹੈ। ਇਸ ਮੌਕੇ ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਸਾਰੇ ਰਸਤਿਆਂ 'ਤੇ ਪੁਲਿਸ ਵਲੋਂ ਕੀਤੀ ਗਈ ਨਾਕਾਬੰਦੀ ਅਤੇ ਸੰਗਤਾਂ ਨੂੰ ਜਾਣ ਤੋਂ ਰੋਕੇ ਜਾਣ ਦੀ ਨਿੰਦਾ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਕ ਸਵਾਲ ਦੇ ਜਵਾਬ ਵਿਚ ਆਖਿਆ ਕਿ ਸਾਕਾ ਨੀਲਾ ਤਾਰਾ ਸਮੇਂ ਹੋਏ ਨੁਕਸਾਨ ਦੀ ਭਰਪਾਈ ਦੇ ਮੁਆਵਜ਼ੇ ਵਜੋਂ ਕੀਤੇ ਗਏ ਸੌ ਕਰੋੜ ਮੁਆਵਜ਼ੇ ਦੇ ਕੇਸ ਵਿਚ ਗੱਲ ਨੂੰ ਅਗਾਂਹ ਤੋਰਨ ਲਈ ਯਤਨ ਕੀਤਾ ਜਾਵੇਗਾ। ਵੇਰਵਿਆਂ ਮੁਤਾਬਕ ਇਸ ਸਬੰਧੀ ਅਦਾਲਤ ਵੱਲੋਂ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੋਵਾਂ ਧਿਰਾਂ ਨੂੰ ਗੱਲਬਾਤ ਨਾਲ ਮਸਲਾ ਹੱਲ ਕਰਨ ਲਈ ਆਖਿਆ ਗਿਆ ਹੈ।

## 'ਇੰਡੀਆ' ਨੂੰ ਭਾਰਤ ਬਣਾਉਣ ਦੀ ਤਜਵੀਜ਼ ਵਿਚਾਰਨ ਦੀ ਹਦਾਇਤ


**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਕਿ ਕੇਂਦਰ ਸਰਕਾਰ ਸਿਖਰਲੀ ਅਦਾਲਤ ਵਿਚ ਦਾਇਰ ਉਸ ਅਰਜ਼ੀ ਨੂੰ ਹੀ ਤਜਵੀਜ਼ ਵਜੋਂ ਲਏ ਜਿਸ ਵਿਚ ਸੰਵਿਧਾਨਕ ਸੋਧ ਰਾਹੀਂ 'ਇੰਡੀਆ' ਸ਼ਬਦ ਨੂੰ 'ਭਾਰਤ ਜਾਂ ਹਿੰਦੁਸਤਾਨ' ਕਰਨ ਦੀ ਮੰਗ ਕੀਤੀ ਗਈ ਹੈ। ਦਿੱਲੀ ਦੇ ਇਕ ਵਿਅਕਤੀ ਨੇ ਸੁਪਰੀਮ ਕੋਰਟ ਵਿਚ ਇਸ ਸਬੰਧੀ ਪਟੀਸ਼ਨ ਦਾਇਰ ਕੀਤੀ ਸੀ ਤੇ ਦਾਅਵਾ ਕੀਤਾ ਸੀ ਕਿ ਇਸ ਸੋਧ ਨਾਲ 'ਭਾਰਤੀ ਨਾਗਰਿਕਾਂ ਨੂੰ ਬਸਤੀਵਾਦੀ ਯੁੱਗ ਨੂੰ ਭੁਲਾਉਣ ਤੇ ਉਸ ਤੋਂ ਅਗਾਂਹ ਸੋਚਣ ਵਿਚ ਮਦਦ ਮਿਲੇਗੀ।' ਇਸ ਤੋਂ ਇਲਾਵਾ 'ਭਾਰਤ ਜਾਂ ਹਿੰਦੁਸਤਾਨ' ਸ਼ਬਦ ਭਾਰਤੀ ਨਾਗਰਿਕਾਂ ਦੇ ਮਨ 'ਚ ਮਾਣ ਦੀ ਭਾਵਨਾ ਵੀ ਪੈਦਾ ਕਰਨਗੇ।

ਹਾਲਾਂਕਿ ਚੀਫ ਜਸਟਿਸ ਐਸ.ਏ. ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਵੀਡੀਓ ਕਾਨਫਰੰਸ ਦੌਰਾਨ ਸੁਣਵਾਈ ਵਿਚ ਪਟੀਸ਼ਨਕਰਤਾ ਦੇ ਵਕੀਲ ਨੂੰ ਕਿਹਾ ਕਿ ਇੰਡੀਆ ਨੂੰ ਪਹਿਲਾਂ ਹੀ ਸੰਵਿਧਾਨ ਵਿਚ 'ਭਾਰਤ' ਕਿਹਾ ਗਿਆ ਹੈ। ਪਟੀਸ਼ਨਕਰਤਾ ਦੇ ਵਕੀਲ ਨੇ ਕਿਹਾ ਕਿ ਉਸ ਨੂੰ ਸਬੰਧਤ ਅਥਾਰਿਟੀ ਕੋਲ ਤਜਵੀਜ਼ ਪੇਸ਼ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਇਸ 'ਤੇ ਸਿਖਰਲੀ ਅਦਾਲਤ ਨੇ ਕਿਹਾ ਕਿ ਇਸ ਪਟੀਸ਼ਨ ਨੂੰ ਹੀ ਸਬੰਧਤ ਅਥਾਰਿਟੀ ਵੱਲੋਂ ਤਜਵੀਜ਼ ਵਜੋਂ ਲਿਆ ਜਾ ਸਕਦਾ ਹੈ।

# ਆਨੰਦਪੁਰ ਸਾਹਿਬ 'ਚ 29 ਕਰੋੜ ਦੇ ਵਿਕਾਸ ਕਾਰਜ ਸ਼ੁਰੂ

**ਸ੍ਰੀ ਆਨੰਦਪੁਰ ਸਾਹਿਬ:** ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੇ ਸੁੰਦਰੀਕਰਨ ਲਈ 29 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਜਾਣ ਵਾਲੇ ਕਈ ਪ੍ਰੋਜੈਕਟਾਂ ਦੀ ਸ਼ੁਰੂਆਤ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੰਵਰਪਾਲ ਸਿੰਘ ਅਤੇ ਸੈਰ ਸਪਾਟਾ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਗੁਰਦੁਆਰਾ ਸੀਸਗੰਜ ਸਾਹਿਬ ਨੇੜੇ ਟੱਕ ਲਾ ਕੇ ਕੀਤੀ। ਇਸ ਤੋਂ ਪਹਿਲਾਂ ਪਾਠੀ ਸਿੰਘ ਨੇ ਇਨ੍ਹਾਂ ਵਿਕਾਸ ਕਾਰਜਾਂ ਦੀ ਅਰੰਭਤਾ ਲਈ ਅਰਦਾਸ ਕੀਤੀ। ਇਸ ਮੌਕੇ ਰਾਣਾ ਕੇਪੀ ਨੇ ਕਿਹਾ ਕਿ ਇਹ ਪ੍ਰੋਜੈਕਟ ਪੰਜਾਬ ਹੈਰੀਟੇਜ ਅਤੇ ਟੂਰੀਜਿਮ ਪ੍ਰੋਮੋਸ਼ਨ ਬੋਰਡ ਵੱਲੋਂ ਮੁਕੰਮਲ ਕਰਵਾਏ ਜਾਣਗੇ। ਹੁਣ 29 ਕਰੋੜ ਰੁਪਏ ਦੇ ਪ੍ਰੋਜੈਕਟ ਸ਼ੁਰੂ ਹੋਏ ਹਨ, ਜਿਨ੍ਹਾਂ ਵਿਚ ਤਖਤ ਕੇਸਗੜ੍ਹ ਸਾਹਿਬ, ਭੋਰਾ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਨੂੰ ਜੋੜਨ ਵਾਲੀਆਂ ਸੜਕਾਂ ਦੇ ਸੁੰਦਰੀਕਰਨ ਉਤੇ 6 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸੇ ਤਰ੍ਹਾਂ ਕਿਲ੍ਹਾ ਆਨੰਦਗੜ੍ਹ ਸਾਹਿਬ ਤੋਂ ਤਖਤ ਕੇਸਗੜ੍ਹ ਸਾਹਿਬ ਤੱਕ ਦੀ ਸੜਕ ਦੀ ਸੁੰਦਰਤਾ ਲਈ 4.50 ਕਰੋੜ ਰੁਪਏ ਖਰਚ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਵਿਚ ਜਿਹੜੇ ਹੋਰ ਪ੍ਰੋਜੈਕਟ ਸ਼ੁਰੂ ਹੋ ਰਹੇ ਹਨ। ਉਨ੍ਹਾਂ ਵਿਚ ਸ੍ਰੀ ਆਨੰਦਪੁਰ ਸਾਹਿਬ ਗੁਰਦੁਆਰਾ ਸਾਹਿਬ ਦਾ ਪਾਸਵੇਅ ਵਿਕਸਿਤ ਕਰਨਾ, ਚੀਮਾ ਪਾਰਕ ਦੀ ਸੁੰਦਰਤਾ ਲਈ 5 ਕਰੋੜ ਰੁਪਏ, ਨੈਣਾ ਦੇਵੀ ਰੋਡ ਨੇੜੇ ਐਸ.ਡੀ.ਐਮ. ਦਫਤਰ ਅਤੇ ਸਿਵਲ ਹਸਪਤਾਲ ਦੇ ਆਲੇ-ਦੁਆਲੇ ਦੀ ਸੁੰਦਰਤਾ ਲਈ 4 ਕਰੋੜ ਰੁਪਏ ਖਰਚ ਹੋਣਗੇ। ਇਥੇ ਆਉਣ ਵਾਲੇ ਸ਼ਰਧਾਲੂਆਂ ਲਈ ਟੂਰਿਸਟ ਫੈਸਲਟੀਏਸ਼ਨ ਸੈਂਟਰ, ਕੈਫਿਟੇਰੀਆ ਅਤੇ ਪਾਰਕਿੰਗ ਲਈ 6 ਕਰੋੜ ਰੁਪਏ ਦੇ ਪ੍ਰੋਜੈਕਟ ਜਲਦ ਹੀ ਮੁਕੰਮਲ ਕਰਕੇ ਲੋਕ ਅਰਪਣ ਕੀਤੇ ਜਾਣਗੇ। ਵਿਰਾਸਤ-ਏ-ਖਾਲਸਾ ਵਿਚ ਪਾਰਕਿੰਗ ਦਾ ਵਿਸਥਾਰ ਕਰਨ ਲਈ 3.50 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸੈਰ ਸਪਾਟਾ ਚਰਨਜੀਤ ਸਿੰਘ ਚੰਨੀ ਨੇ ਇਨ੍ਹਾਂ ਪ੍ਰੋਜੈਕਟਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਚ ਜਲਦੀ ਮੁਕੰਮਲ ਕਰਨ ਲਈ ਵੀ ਅਧਿਕਾਰੀਆਂ ਨੂੰ ਜ਼ਿੰਮੇਵਾਰੀ ਸੌਂਪਦਿਆਂ ਕਿਹਾ ਕਿ 20 ਕਰੋੜ ਦੀ ਲਾਗਤ ਨਾਲ ਉਸਾਰੀ ਜਾ ਰਹੀ ਭਾਈ ਜੈਤਾ ਜੀ ਦੀ ਯਾਦਗਾਰ ਜਲਦ ਹੀ ਸੰਗਤ ਲਈ ਖੋਲ੍ਹੀ ਜਾਵੇਗੀ ਤੇ ਹਲਕੇ ਵਿਚ 12 ਕਰੋੜ ਦੀ ਲਾਗਤ ਨਾਲ ਆਧੁਨਿਕ ਤਕਨੀਕੀ ਸਿੱਖਿਆ ਸੰਸਥਾ ਦਾ ਨਿਰਮਾਣ ਕਰਵਾਇਆ ਜਾਵੇਗਾ।

Madan Khatri

**Want to Buy/Sell Homes, THs, Condos!**

Call Madan Khatri

**Ph: 847-530-1550**

www.PropertyZoo.com

CALL TO BUY / SELL HOME TODAY!

Top Producer at the office in 2011-2013-2014

*****A Broker who can work with you from Beginning to End, Call Now!!!*****

BHHS American Heritage

1010 Rohwing Road, Elk Grove Village, IL

**Grocery Store For Sale!**

*in Greenwood, Indiana*

Bombay Market Indian Grocery Store

2801 Fairview Place Set C, Greenwood, Indiana 46142

Big Indian population in the area. Lots of room to grow. The store currently has room in the back to turn into a kitchen as well.

**Asking price: $25,000.**

Includes: All Inventory, 7 New 3-Door Coolers, 2 Freezers, POS System as well as all the shelving.

The Store is located on a very busy intersection on state route 135 across from LA Fitness and many other shopping plazas like Kroger.

*Please contact:*

Sunny, Ph: 317-987-5602

Aman, Ph: 317-656-7051

23-

Personalized Service-Committed To Quality

Solutions Financial Mortgage Company

**Purchase & Refinance Your Home Loans**



**Cell 312-608-0006**

2700 Patriot Blvd., Suite 110

Glenview IL 60026. Direct 312-608-0006

Office: 847-834-0100, Fax: 847-834-0106

AMRIK P. SINGH

Mortgage Loan Originator

NMLS # 232904

Illinois Residential Mortgage Licensee.

Email: asingh@gosfmc.com

Web: www.gosfmc.com

# ਮੋਦੀ ਦਾ ਰਾਹਤ ਪੈਕੇਜ 20 ਲੱਖ ਕਰੋੜ ਨਹੀਂ ਸਗੋਂ 1.83 ਲੱਖ ਕਰੋੜ ਤੋਂ ਵੀ ਘੱਟ: ਮਨਪ੍ਰੀਤ

**ਬਠਿੰਡਾ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰ ਸਰਕਾਰ ਵੱਲੋਂ ਐਲਾਨੇ 20 ਲੱਖ ਕਰੋੜ ਦੇ ਪੈਕੇਜ ਨੂੰ 1.83 ਲੱਖ ਕਰੋੜ ਤੋਂ ਵੀ ਘੱਟ ਹੋਣ ਦਾ ਖੁਲਾਸਾ ਕਰਦਿਆਂ ਨਵੀਂ ਚਰਚਾ ਦਾ ਮੁੱਢ ਬੰਨ੍ਹ ਦਿੱਤਾ ਹੈ। ਸ੍ਰੀ ਬਾਦਲ ਨੇ ਇਸ ਪੈਕੇਜ ਦੀ ਤੁਲਨਾ 'ਮੁੰਗੇਰੀ ਲਾਲ ਦੇ ਹੁਸੀਨ ਸੁਪਨਿਆਂ' ਨਾਲ ਕਰਦਿਆਂ ਆਖਿਆ ਕਿ ਭਾਜਪਾ ਸਰਕਾਰ ਦੇਸ਼ ਦੀਆਂ ਅਸਲ ਹਕੀਕਤਾਂ ਤੋਂ ਜਾਣਬੁੱਝ ਕੇ ਅਣਜਾਣ ਬਣੀ ਹੋਈ ਹੈ।



ਇਥੇ 'ਡੋਰ-ਟੂ-ਡੋਰ' ਪ੍ਰੋਗਰਾਮ ਤਹਿਤ ਮਹਿਣਾ ਚੌਕ ਬਾਜ਼ਾਰ ਅਤੇ ਨਵੀਂ ਕੱਪੜਾ ਮਾਰਕੀਟ ਵਿਚ ਪੁੱਜੇ ਵਿੱਤ ਮੰਤਰੀ ਨੇ ਦੁਕਾਨਦਾਰਾਂ ਅਤੇ ਵਪਾਰੀਆਂ ਦਾ ਹਾਲ ਪੁੱਛਦਿਆਂ ਇਹ ਵਿਸ਼ੇਸ਼ ਇੰਕਸ਼ਾਫ ਕੀਤਾ। ਉਨ੍ਹਾਂ ਕਿਹਾ ਕਿ ਇਸ ਪੈਕੇਜ ਦਾ ਛੋਟੇ ਵਪਾਰੀਆਂ, ਕਿਸਾਨਾਂ ਅਤੇ ਹੋਰ ਲੋੜਵੰਦ ਵਰਗਾਂ ਨੂੰ ਕੋਈ ਲਾਭ ਨਹੀਂ।

ਸੂਬੇ ਦੇ ਅਰਥਚਾਰੇ ਦੀ ਬਿਹਤਰੀ ਦਾ ਦਮ ਭਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਨੂੰ 26 ਹਜ਼ਾਰ ਕਰੋੜ ਰੁਪਏ ਕਣਕ ਦੀ ਵਿਕਰੀ ਤੋਂ, 4 ਹਜ਼ਾਰ ਕਰੋੜ ਰੁਪਏ ਆਲੂਆਂ ਤੋਂ ਅਤੇ 1 ਹਜ਼ਾਰ ਕਰੋੜ ਰੁਪਏ ਕਿੰਨੂ ਤੋਂ ਪ੍ਰਾਪਤ ਹੋਏ ਹਨ, ਜਿਸ ਨਾਲ ਸੂਬੇ ਦਾ ਅਰਥਚਾਰਾ ਜਲਦੀ ਮੰਦੀ ਦੇ ਦੌਰ ਤੋਂ ਮੁਕਤ ਹੋ ਜਾਵੇਗਾ।

ਕੋਵਿਡ-19 ਬਾਰੇ ਉਨ੍ਹਾਂ ਕਿਹਾ ਕਿ ਪੰਜਾਬੀ ਆਪਣੀ ਦ੍ਰਿੜ੍ਹ ਇੱਛਾ-ਸ਼ਕਤੀ ਨਾਲ ਇਸ 'ਤੇ ਫਤਹਿ ਹਾਸਲ ਕਰਨਗੇ। ਉਨ੍ਹਾਂ ਨੇ ਦੁਕਾਨਦਾਰਾਂ ਨੂੰ ਭਰੋਸਾ ਦਿੱਤਾ ਕਿ ਸਰਕਾਰੀ ਪੱਧਰ 'ਤੇ ਉਨ੍ਹਾਂ ਦੀ ਮਦਦ ਲਈ ਜੋ ਕੁਝ ਵੀ ਹੋ ਸਕੇਗਾ, ਸੂਬਾ ਸਰਕਾਰ ਕਰੇਗੀ। ਉਨ੍ਹਾਂ ਕਿਹਾ ਕਿ ਚਾਲੂ ਮਹੀਨੇ ਦੌਰਾਨ ਕਰੋਨਾ ਆਫਤ ਕਾਰਨ ਲਾਈਆਂ ਬੰਦਸ਼ਾਂ ਘੱਟ ਕੀਤੀਆਂ ਜਾਣਗੀਆਂ। ਵਿੱਤ ਮੰਤਰੀ ਨੇ ਕੱਪੜਾ ਮਾਰਕੀਟ ਵਿਚ ਸਕਿਊਰਟੀ ਗਾਰਡਜ਼ ਅਤੇ ਚਾਹ ਦਾ ਠੇਲ੍ਹਾ ਲਾਉਣ ਵਾਲਿਆਂ ਨੂੰ ਸਨਮਾਨਿਤ ਵੀ ਕੀਤਾ ਅਤੇ ਕੋਵਿਡ ਸੰਕਟ ਦੌਰਾਨ ਲੋਕ ਸੇਵਾ ਖਾਤਰ ਪਾਏ ਜਾ ਰਹੇ ਯੋਗਦਾਨ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਬਾਜ਼ਾਰ ਵਿਚ ਕਾਫੀ ਲੋਕ ਆਪਣੀਆਂ ਮੁਸ਼ਕਲਾਂ ਸਬੰਧੀ ਵਿੱਤ ਮੰਤਰੀ ਬਾਦਲ ਨੂੰ ਮਿਲੇ ਤਾਂ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕਾਰਵਾਈ ਕਰਨ ਲਈ ਕਿਹਾ।

## ਜਨਤਕ ਜਥੇਬੰਦੀਆਂ ਵੱਲੋਂ ਰਾਹਤ ਪੈਕੇਜ ਆਫਤ ਕਰਾਰ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ, ਬਿਜਲੀ ਬੋਰਡ ਤੇ ਠੇਕਾ ਮੁਲਾਜ਼ਮਾਂ, ਸਨਅਤੀ ਮਜ਼ਦੂਰਾਂ ਅਤੇ ਨੌਜਵਾਨ ਵਿਦਿਆਰਥੀਆਂ ਦੀਆਂ ਜਥੇਬੰਦੀਆਂ ਦੇ ਸੱਦੇ ਉਤੇ ਹਜ਼ਾਰਾਂ ਮੁਜ਼ਾਹਰਾਕਾਰੀਆਂ ਵਲੋਂ ਨਰਿੰਦਰ ਮੋਦੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤੇ ਗਏ। ਉਨ੍ਹਾਂ ਰਾਹਤ ਪੈਕੇਜ ਨੂੰ ਆਫਤ ਪੈਕੇਜ ਕਰਾਰ ਦਿੰਦਿਆਂ ਕਿਸਾਨਾਂ ਤੋਂ ਖੇਤੀ ਮੋਟਰਾਂ, ਮਜ਼ਦੂਰਾਂ ਤੋਂ ਘਰੇਲੂ ਬਿਜਲੀ ਬਿੱਲਾਂ ਦੀ ਮੁਆਫੀ ਖੋਹਣ ਤੇ ਠੇਕਾ ਕਾਮਿਆਂ ਦੀ ਛਾਂਟੀ ਕਰਨ ਅਤੇ ਨਿੱਜੀਕਰਨ ਦਾ ਵਿਰੋਧ ਕੀਤਾ। ਆਗੂਆਂ ਨੇ ਕਿਹਾ ਕਿ 20 ਲੱਖ ਕਰੋੜ ਰੁਪਏ ਦੇ ਪੈਕੇਜ 'ਚੋਂ ਲਗਭਗ 12 ਲੱਖ ਕਰੋੜ ਰੁਪਏ ਤਾਂ ਵਿਆਜ ਉਤੇ ਕਰਜ਼ੇ ਦੇਣ ਸਬੰਧੀ ਹਨ। ਕਾਫੀ ਹਿੱਸਾ ਪੁਰਾਣੀਆਂ ਸਕੀਮਾਂ ਨੂੰ ਮੁੜ ਦੁਹਰਾ ਕੇ ਪੂਰਾ ਕੀਤਾ ਗਿਆ ਹੈ। ਜਿਹੜੀ ਨਿਗੂਣੀ ਰਕਮ ਜਾਰੀ ਵੀ ਕੀਤੀ ਗਈ ਹੈ, ਉਸ ਵਿਚੋਂ ਕਿਰਤੀ ਲੋਕਾਂ ਦਾ ਹਿੱਸਾ ਨਾਂਹ ਦੇ ਬਰਾਬਰ ਹੈ, ਜਦਕਿ ਸਰਮਾਏਦਾਰਾਂ ਤੇ ਕਾਰੋਬਾਰੀਆਂ ਲਈ ਵੱਡੀਆਂ ਰਕਮਾਂ ਰੱਖੀਆਂ ਗਈਆਂ ਹਨ।

# ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਰਾਜ ਸਲਾਹਕਾਰ ਬੋਰਡ ਦਾ ਪੁਨਰਗਠਨ

**ਪਟਿਆਲਾ:** ਪੰਜਾਬ ਸਰਕਾਰ ਨੇ ਪੰਜਾਬੀ ਸਾਹਿਤ ਰਤਨ ਅਤੇ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਅਤੇ ਵਿਭਾਗੀ ਵਿਕਾਸ ਸਕੀਮਾਂ ਲਈ ਭਾਸ਼ਾ ਵਿਭਾਗ ਰਾਜ ਸਲਾਹਕਾਰ ਬੋਰਡ ਦਾ ਗਠਨ ਕੀਤਾ ਹੈ। ਇਸ ਸਬੰਧੀ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ ਵੱਲੋਂ ਭੇਜੀ ਤਜਵੀਜ਼ ਨੂੰ ਮੁੱਖ ਮੰਤਰੀ ਨੇ ਪ੍ਰਵਾਨਗੀ ਦੇ ਦਿੱਤੀ ਸੀ।

ਦੱਸਣਯੋਗ ਹੈ ਕਿ ਪਿਛਲੇ ਕਰੀਬ ਦੋ ਸਾਲਾਂ ਤੋਂ ਇਸ ਬੋਰਡ ਦੀ ਮਿਆਦ ਪੁੱਗੀ ਹੋਈ ਸੀ। ਸੂਬੇ ਦੇ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਨਵੇਂ ਸਲਾਹਕਾਰ ਬੋਰਡ ਦੇ ਗਠਨ ਨੂੰ ਵਿਭਾਗ ਲਈ ਸ਼ੁਭ ਸ਼ਗਨ ਦਰਸਾਉਂਦਿਆਂ ਕਿਹਾ ਹੈ ਕਿ ਇਸ ਫੈਸਲੇ ਨਾਲ ਭਾਸ਼ਾ ਵਿਭਾਗ ਦਾ ਕੰਮ ਹੋਰ ਚੁਸਤ-ਦਰੁਸਤ ਹੋਵੇਗਾ। ਇਸ ਬੋਰਡ ਵਿਚ ਪੰਜਾਬੀ, ਹਿੰਦੀ ਅਤੇ ਸੰਸਕ੍ਰਿਤ ਭਾਸ਼ਾਵਾਂ ਦੇ ਮਾਹਿਰਾਂ ਦੇ ਨਾਲ-ਨਾਲ ਸਾਹਿਤ ਅਤੇ ਵੱਖ ਵੱਖ ਕਲਾਵਾਂ ਦੇ ਸਿਰਕੱਢ ਵਿਅਕਤੀ ਸ਼ਾਮਲ ਕੀਤੇ ਗਏ ਹਨ।

ਵਿਭਾਗ ਦੇ ਸਕੱਤਰ ਰਾਹੁਲ ਭੰਡਾਰੀ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਮੁਤਾਬਕ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਪੰਜਾਬ, ਚੇਅਰਪਰਸਨ, ਪ੍ਰਬੰਧਕੀ ਸਕੱਤਰ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਪੰਜਾਬ, ਵਾਈਸ ਚੇਅਰਪਰਸਨ, ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ ਸਭਿਆਚਾਰਕ ਮਾਮਲੇ ਵਿਭਾਗ ਚੰਡੀਗੜ੍ਹ ਮੈਂਬਰ, ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ ਵਿੱਤ ਵਿਭਾਗ ਜਾਂ ਉਨ੍ਹਾਂ ਦਾ ਨੁਮਾਇੰਦਾ ਮੈਂਬਰ, ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਮੈਂਬਰ, ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਮੈਂਬਰ, ਪ੍ਰਧਾਨ/ਜਨਰਲ ਸਕੱਤਰ, ਪੰਜਾਬ ਕਲਾ ਪਰਿਸ਼ਦ, ਸੈਕਟਰ-16 ਬੀ ਚੰਡੀਗੜ੍ਹ-ਮੈਂਬਰ, ਪ੍ਰਧਾਨ/ਜਨਰਲ ਸਕੱਤਰ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ- ਮੈਂਬਰ, ਡਾਇਰੈਕਟਰ, ਪੰਜਾਬੀ ਸਾਹਿਤ ਅਕਾਦਮੀ ਹਰਿਆਣਾ, ਪੰਚਕੂਲਾ-ਮੈਂਬਰ, ਪ੍ਰਧਾਨ/ਜਨਰਲ ਸਕੱਤਰ, ਪੰਜਾਬੀ ਅਕਾਦਮੀ, ਨਵੀਂ ਦਿੱਲੀ-ਮੈਂਬਰ, ਪ੍ਰਧਾਨ/ਜਨਰਲ ਸਕੱਤਰ, ਪੰਜਾਬੀ ਸਾਹਿਤ ਸਭਾ ਦਿੱਲੀ-ਮੈਂਬਰ, ਪ੍ਰਧਾਨ/ਜਨਰਲ ਸਕੱਤਰ, ਕੇਂਦਰੀ ਪੰਜਾਬੀ ਲੇਖਕ ਸਭਾ-ਮੈਂਬਰ, ਪ੍ਰਧਾਨ/ ਜਨਰਲ ਸਕੱਤਰ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਮੈਂਬਰ, ਪ੍ਰਧਾਨ/ਜਨਰਲ ਸਕੱਤਰ, ਕੇਂਦਰੀ ਸਾਹਿਤ ਅਕਾਦਮੀ ਨਵੀਂ ਦਿੱਲੀ-ਮੈਂਬਰ, ਪ੍ਰਧਾਨ/ਜਨਰਲ ਸਕੱਤਰ, ਸੰਗੀਤ ਨਾਟਕ ਅਕਾਦਮੀ, ਨਵੀਂ ਦਿੱਲੀ-ਮੈਂਬਰ ਅਤੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਮੈਂਬਰ/ਕਨਵੀਨਰ ਹੋਣਗੇ।

ਸਲਾਹਕਾਰ ਬੋਰਡ ਵਿਚ ਪੰਜਾਬੀ ਸਾਹਿਤ ਨਾਲ ਸਬੰਧਤ ਨਿਯੁਕਤ ਕੀਤੇ ਗਏ ਗੈਰ ਸਰਕਾਰੀ ਮੈਂਬਰਾਂ ਵਿਚ ਡਾ. ਸੁਰਜੀਤ ਪਾਤਰ, ਨਾਟਕਕਾਰ ਡਾ. ਆਤਮਜੀਤ, ਕਹਾਣੀਕਾਰ ਵਰਿਆਮ ਸੰਧੂ, ਭਾਸ਼ਾ ਵਿਗਿਆਨੀ ਡਾ. ਜੋਗਾ ਸਿੰਘ, ਡਾ. ਨਾਹਰ ਸਿੰਘ, ਡਾ. ਜਸਵਿੰਦਰ ਸਿੰਘ, ਮਨਮੋਹਣ ਬਾਵਾ ਨਾਵਲਕਾਰ ਅਤੇ ਡਾ. ਜਸਬੀਰ ਸਿੰਘ ਸਾਬਰ, ਅੰਮ੍ਰਿਤਸਰ ਸ਼ਾਮਲ ਹਨ। ਇਨ੍ਹਾਂ ਤੋਂ ਬਿਨਾ ਗਾਇਕ ਪਰਮਜੀਤ ਸਿੰਘ (ਪੰਮੀ ਬਾਈ), ਬਲਕਾਰ ਸਿੱਧੂ ਅਤੇ ਸਹਰਦੀਪ ਸਿੰਘ ਪਟਿਆਲਾ ਨੂੰ ਲੋਕ ਗਾਇਕ ਸ਼੍ਰੇਣੀ ਵਿਚ ਮੈਂਬਰ ਨਾਮਜ਼ਦ ਕੀਤਾ ਗਿਆ ਹੈ।


ਹਿੰਦੀ ਭਾਸ਼ਾ ਨਾਲ ਸਬੰਧਤ ਸਾਹਿਤਕਾਰਾਂ ਵਿਚੋਂ ਅਨਿਲ ਧੀਮਾਨ, ਡਾ. ਚਮਨ ਲਾਲ ਪਟਿਆਲਾ ਤੇ ਡਾ. ਮੇਵਾ ਸਿੰਘ ਨੂੰ ਮੈਂਬਰ ਬਣਾਇਆ ਗਿਆ ਹੈ। ਉਰਦੂ ਭਾਸ਼ਾ ਦੇ ਸਾਹਿਤਕਾਰਾਂ 'ਚੋਂ ਡਾ. ਮੁਹੰਮਦ ਜਮੀਲ, ਸਰਦਾਰ ਪੰਛੀ ਤੇ ਅਜ਼ੀਜ਼ ਪਰਿਹਾਰ ਅਤੇ ਸੰਸਕ੍ਰਿਤ ਭਾਸ਼ਾ ਦੇ ਸਾਹਿਤਕਾਰਾਂ ਵਿਚੋਂ ਡਾ. ਵਰਿੰਦਰ ਕੁਮਾਰ, ਮੈਡਮ ਕਮਲਦੀਪ ਕੌਰ, ਡਾ. ਪੁਸ਼ਪਿੰਦਰ ਜੋਸ਼ੀ ਨੂੰ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਬੋਰਡ ਵਿਚ ਅਖ਼ਬਾਰਾਂ/ਟੈਲੀਵਿਜ਼ਨ ਤੇ ਮੀਡੀਆ ਨਾਲ ਸਬੰਧਤ ਹਸਤੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ 'ਚ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਡਾ. ਸਵਰਾਜਬੀਰ ਸਿੰਘ, ਹਰਕੰਵਲਜੀਤ ਸਿੰਘ ਅਤੇ ਨਿਮਰਤ ਕੌਰ ਤੋਂ ਇਲਾਵਾ ਪ੍ਰੋ. ਭੁਪਿੰਦਰ ਸਿੰਘ ਵਿਰਕ, ਉਜਾਗਰ ਸਿੰਘ 'ਪਟਿਆਲਾ', ਕਰਨਲ ਜਸਮੇਰ ਸਿੰਘ ਬਾਲਾ ਮੁਹਾਲੀ, ਡਾ. ਮੇਘਾ ਸਿੰਘ ਮੁਹਾਲੀ, ਡਾ. ਸੁਰਜੀਤ ਲੀ ਤੇ ਚਿੰਤਕ ਡਾ. ਦੀਪਕ ਮਨਮੋਹਨ ਨੂੰ ਬਤੌਰ ਮੈਂਬਰ ਲਿਆ ਗਿਆ ਹੈ।

SERVING
Wisconsin & Illinois State
Residential or Commercial
Buying, Selling, Renting or Investing
Buy thru us Get Best Service
+ Thousands of Dollars cash back.
Buying: Have access to more than 60 websites to find your dream home or future investment!
New constructions homes-Get 60% cash back.
Affordable Listing Commission.
Selling: Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!



For the best deal call:
Jesse Singh (e-PRO, SFR , CIAS)
Broker/Realtor
Cell: 847-606-3664
Email: jsingh@remax.net
Web Site: jsingh.illinoisproperty.com
12 years experience (Full time service)
Sold: #780 Homes and #82 Commercials.
RE/MAX COMMERCIAL RE/MAX PLATINUM CLUB e-PRO SFR SHORT SALES & FORECLOSURE RESOURCE CIAS Certified Investor Agent Specialist

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਜਗਮੀਤ ਬਰਾੜ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਵਿਚ ਸ਼ਾਮਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ 19 ਮੈਂਬਰੀ ਕੋਰ ਕਮੇਟੀ ਐਲਾਨ ਦਿੱਤੀ ਹੈ ਜਿਸ 'ਚ ਨਵੇਂ



ਚਿਹਰੇ ਵਜੋਂ ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਨੂੰ ਥਾਂ ਦਿੱਤੀ ਗਈ ਹੈ। ਬਾਕੀ ਕੋਰ ਕਮੇਟੀ 'ਚ ਪੁਰਾਣੇ ਮੈਂਬਰ ਹੀ ਸ਼ਾਮਲ ਹਨ।

ਟਕਸਾਲੀ ਆਗੂ ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸੇਵਾ ਸਿੰਘ ਸੇਖਵਾਂ ਵੱਲੋਂ ਪਾਰਟੀ ਨੂੰ ਅਲਵਿਦਾ ਆਖੇ ਜਾਣ ਮਗਰੋਂ ਸ਼੍ਰੋਮਣੀ ਅਕਾਲੀ ਦਲ ਨੇ ਖੱਪਾ ਪੂਰਨ ਦਾ ਯਤਨ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਵਿਚ ਗੋਬਿੰਦ ਸਿੰਘ ਲੌਂਗੋਵਾਲ, ਬਲਵਿੰਦਰ ਸਿੰਘ ਭੂੰਦੜ, ਜਥੇਦਾਰ ਤੋਤਾ ਸਿੰਘ, ਚਰਨਜੀਤ ਸਿੰਘ ਅਟਵਾਲ, ਨਿਰਮਲ ਸਿੰਘ ਕਾਹਲੋਂ, ਮਹੇਸ਼ਇੰਦਰ ਸਿੰਘ ਗਰੇਵਾਲ, ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ, ਬੀਬੀ ਜਗੀਰ ਕੌਰ, ਡਾ. ਉਪਿੰਦਰਜੀਤ ਕੌਰ, ਸਿਕੰਦਰ ਸਿੰਘ ਮਲੂਕਾ, ਜਨਮੇਜਾ ਸਿੰਘ ਸੇਖੋਂ, ਬਿਕਰਮ ਸਿੰਘ ਮਜੀਠੀਆ, ਹਰੀ ਸਿੰਘ ਜ਼ੀਰਾ, ਸ਼ਰਨਜੀਤ ਸਿੰਘ ਢਿੱਲੋਂ, ਗੁਲਜ਼ਾਰ ਸਿੰਘ ਰਣੀਕੇ, ਸੁਰਜੀਤ ਸਿੰਘ ਰੱਖੜਾ, ਬਲਦੇਵ ਸਿੰਘ ਮਾਨ ਅਤੇ ਜਗਮੀਤ ਸਿੰਘ ਬਰਾੜ ਨੂੰ ਸ਼ਾਮਲ ਕੀਤਾ ਗਿਆ ਹੈ।

ਪਾਰਟੀ ਵੱਲੋਂ ਜਲਦੀ ਹੀ ਸੀਨੀਅਰ ਮੀਤ ਪ੍ਰਧਾਨਾਂ, ਮੀਤ ਪ੍ਰਧਾਨਾਂ ਅਤੇ ਜਨਰਲ ਸਕੱਤਰਾਂ ਦਾ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਨੇੜਲੇ ਪਰਮਬੰਸ ਸਿੰਘ ਬੰਟੀ ਰੋਮਾਣਾ ਨੂੰ ਯੂਥ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਗਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨੇੜਲੇ ਰਾਜੂ ਖੰਨਾ ਵੀ ਯੂਥ ਅਕਾਲੀ ਦਲ ਦੀ ਪ੍ਰਧਾਨਗੀ ਦੀ ਦੌੜ ਵਿਚ ਸਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਗੁਲਜ਼ਾਰ ਸਿੰਘ ਰਣੀਕੇ ਨੂੰ ਪਾਰਟੀ ਦੇ ਐੱਸਸੀ ਵਿੰਗ ਦਾ ਦੁਬਾਰਾ ਪ੍ਰਧਾਨ ਅਤੇ ਐਨ ਕੇ ਸ਼ਰਮਾ ਨੂੰ ਵਪਾਰ ਮੰਡਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਬੀਬੀ ਜਗੀਰ ਕੌਰ ਅਤੇ ਗੁਲਜ਼ਾਰ ਸਿੰਘ ਰਣੀਕੇ ਨੂੰ ਦੋ-ਦੋ ਅਹੁਦੇ ਮਿਲ ਗਏ ਹਨ। ਲੁਧਿਆਣਾ ਤੋਂ ਹੀਰਾ ਸਿੰਘ ਗਾਬੜੀਆ ਨੂੰ ਪਾਰਟੀ ਵਿਚ ਹਾਲੇ ਕੋਈ ਥਾਂ ਨਹੀਂ ਦਿੱਤੀ ਗਈ ਹੈ।

# ਕਰੋਨਾ ਨੇ ਲੋਕਾਂ ਨੂੰ ਸਾਦੇ ਵਿਆਹਾਂ ਵਲ ਮੋੜਿਆ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਨੇ ਲੋਕਾਂ ਨੂੰ ਸਾਦੇ ਵਿਆਹਾਂ ਵੱਲ ਮੋੜਿਆ ਹੈ। ਪੰਜਾਬ ਵਿਚ ਵਿਆਹਾਂ ਉਤੇ ਬੇਹਿਸਾਬੇ ਖਰਚੇ ਪਿਛਲੇ ਕਈ ਸਾਲਾਂ ਤੋਂ ਚਰਚਾ ਦਾ ਵਿਸ਼ਾ ਬਣੇ ਹੋਏ ਸਨ। ਮਹਿੰਗੇ ਅਤੇ ਆਲੀਸ਼ਾਨ ਕਿਸਮ ਦੇ ਮੈਰਿਜ ਪੈਲੇਸ ਵੱਡੇ ਸ਼ਹਿਰਾਂ ਤੋਂ ਹੁੰਦੇ ਹੋਏ ਛੋਟੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਵੀ ਆ ਵੜੇ ਹਨ। ਜਿਥੇ ਮਹਿੰਗੇ ਵਿਆਹਾਂ ਅਤੇ ਪੈਲੇਸ ਰਿਵਾਜ ਨੇ ਪੇਂਡੂ ਲੋਕਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ।

ਆਰਥਿਕ ਪੱਖੋਂ ਵੀ ਇਸ ਰੁਝਾਨ ਨੇ ਲੋਕਾਂ ਨੂੰ ਕੱਖੋਂ ਹੌਲੇ ਕਰ ਦਿੱਤਾ ਹੈ। ਹੁਣ ਜਦੋਂ ਕਰੋਨਾ ਮਹਾਂਮਾਰੀ ਦੇ ਕਾਰਨ ਪੂਰੀ ਦੁਨੀਆਂ ਦੀ ਅਰਥਵਿਵਸਥਾ ਅਤੇ ਸਮਾਜਿਕ ਤਾਣਾ-ਬਾਣਾ ਪ੍ਰਭਾਵਿਤ ਹੋਇਆ ਹੈ ਤਾਂ ਇਸ ਮਹਾਮਾਰੀ ਦੇ ਡਰ ਦੌਰਾਨ ਸਰਕਾਰ ਦੀ ਤਾਲਾਬੰਦੀ ਨੇ ਜਿਥੇ ਲੋਕਾਂ ਨੂੰ ਸਾਦੇ ਜੀਵਨ ਤੇ ਪੁਰਾਣੀ ਵਿਰਾਸਤ ਦਾ ਚੇਤਾ ਕਰਵਾ ਦਿੱਤਾ, ਉਥੇ ਹੀ ਸਮਾਜ ਵਿਚ ਸਾਦੇ ਵਿਆਹਾਂ ਦਾ ਮੁੜ ਤੋਂ ਮੁੱਢ ਬੱਝਦਾ ਨਜ਼ਰ ਆਉਣ ਲੱਗਾ ਹੈ। ਹਾਲ ਹੀ ਵਿਚ ਕਰਫਿਊ ਦੌਰਾਨ ਸਾਦੇ ਢੰਗ ਤੇ ਸੀਮਤ ਸਾਧਨਾਂ ਰਾਹੀਂ ਨੇਪਰੇ ਚੜੇ ਵਿਆਹ ਕਾਰਜਾਂ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਸੀਮਤ



ਸਮੇਂ ਵਿਚ ਹੀ ਬਣਿਆ ਸਾਦੇ ਵਿਆਹਾਂ ਦਾ ਮਾਹੌਲ ਜਿਥੇ ਹੁਣ ਸਭ ਕੁਝ ਸੰਭਵ ਹੋਣ ਦਾ ਸੁਨੇਹਾ ਦੇਣ ਲੱਗਾ ਹੈ, ਉਥੇ ਹੀ ਮੌਕੇ ਦਾ ਲਾਹਾ ਲੈਂਦੇ ਹੋਏ ਸਾਦੇ ਵਿਆਹਾਂ ਦੀ ਪਿਰਤ ਨੂੰ ਪੱਕਿਆਂ ਕਰਨ ਲਈ ਵੀ ਸਮਾਜ ਸੇਵੀ ਸੰਸਥਾਵਾਂ ਦੇ ਲੋਕ ਆਵਾਜ਼ ਉਠਾਉਣ ਲੱਗੇ ਹਨ।

ਤਾਲਾਬੰਦੀ ਦੌਰਾਨ ਲੱਖਾਂ ਰੁਪਏ ਦੇ ਖਰਚ ਤੋਂ ਉਲਟ ਕਿਸੇ ਸ਼ਹਿਰ ਵਿਚ 38 ਰੁਪਏ ਵਿਚ ਤੇ ਕਿਧਰੇ 437 ਰੁਪਏ ਵਿਚ ਵਿਆਹ ਦਾ ਕਾਰਜ ਨੇਪਰੇ ਚਾੜ੍ਹਨ ਦੀਆਂ ਰਸਮਾਂ ਵੀ ਸਾਹਮਣੇ ਆਈਆਂ ਹਨ। ਲਾੜੇ ਵਲੋਂ ਮੋਟਰਸਾਈਕਲ, ਟਰੈਕਟਰ ਤੇ ਹੋਰ ਵੱਖਰੇ ਸਾਧਨਾਂ ਜ਼ਰੀਏ ਦੁਲਹਨ ਵਿਆਹ ਕੇ ਲਿਆਉਣ ਦੀਆਂ ਖਬਰਾਂ ਵੀ ਆਈਆਂ ਹਨ। ਗਿਣਵੇਂ ਬਰਾਤੀਆਂ ਨਾਲ ਆਪਣੇ ਲੜਕਿਆਂ ਦਾ ਅਨੰਦ ਕਾਰਜ ਕਰਕੇ ਘਰ ਪਰਤੇ ਮਾਪੇ ਜਿਥੇ ਢਿੱਡੋਂ ਸੰਤੁਸ਼ਟ ਦਿੱਸੇ, ਉਥੇ ਕਰਜ਼ ਲੈ ਕੇ ਧੀ ਵਿਆਹੁਣ ਵਾਲੇ ਕਈ ਮਾਪਿਆਂ ਦੇ ਵੀ ਸਾਦੇ ਵਿਆਹਾਂ ਨੇ ਲੱਖਾਂ ਰੁਪਏ ਬਚਾਅ ਦਿੱਤੇ। ਸਾਦੇ ਵਿਆਹ ਕਰਕੇ ਲੱਖਾਂ ਰੁਪਏ ਬਚਾਉਣ ਵਾਲੇ ਮਾਪਿਆਂ ਨੇ ਕਰੋਨਾ ਮਹਾਂਮਾਰੀ ਤੋਂ ਬਚਣ ਲਈ ਕਈ ਥਾਈਂ ਮਾਸਕ, ਸੈਨੇਟਾਈਜ਼ਰ ਤੇ ਲੋੜਵੰਦਾਂ ਲਈ ਰਾਸ਼ਨ ਵੰਡਣ ਦੀਆਂ ਕਈ ਉਦਾਹਰਨਾਂ ਵੀ ਪੇਸ਼ ਕੀਤੀਆਂ ਹਨ। ਹੁਣ ਜਦੋਂ ਤਾਲਾਬੰਦੀ ਦੌਰਾਨ ਸਾਦੇ ਵਿਆਹਾਂ ਦਾ ਮਜਬੂਰਨ ਰੁਝਾਨ ਵਧਣ ਲੱਗਾ ਹੈ ਤਾਂ ਇਸ ਨੂੰ ਦੇਖਦੇ ਹੋਏ ਬਹੁਤੇ ਮਾਪਿਆਂ ਨੇ ਸਮੇਂ ਦਾ ਲਾਹਾ ਲੈਣ ਦੀ ਤਾਕ 'ਚ ਆਪਣੇ ਧੀਆਂ-ਪੁੱਤਰਾਂ ਲਈ ਰਿਸ਼ਤੇ ਲੱਭਣੇ ਸ਼ੁਰੂ ਕਰ ਦਿੱਤੇ ਹਨ। ਤਾਲਾਬੰਦੀ ਦੌਰਾਨ ਹੀ ਵਿਆਹ ਦਾ ਕਾਰਜ ਸਿਰੇ ਚਾੜ੍ਹਨ ਦੀ ਇੱਛਾ ਕਾਰਨ ਰਿਸ਼ਤਿਆਂ ਦੀ ਵੀ ਮੰਗ ਵਧੀ ਹੈ। ਤਾਲਾਬੰਦੀ ਤੋਂ ਪਹਿਲਾਂ ਤੋਂ ਤੈਅ ਵਿਆਹ ਕਾਰਜਾਂ ਤੋਂ ਇਲਾਵਾ ਕਈ ਲੋਕਾਂ ਵਲੋਂ ਤਾਲਾਬੰਦੀ ਦੌਰਾਨ ਹੀ ਰਿਸ਼ਤੇ ਕਰਨ ਤੋਂ ਇਲਾਵਾ ਵਿਆਹ ਕਾਰਜ ਵੀ ਨੇਪਰੇ ਚਾੜ ਦਿੱਤੇ ਗਏ ਹਨ।

ਲੋਕਾਂ 'ਚ ਇਹ ਚਰਚਾ ਆਮ ਛਿੜ ਪਈ ਹੈ ਕਿ ਤਾਲਾਬੰਦੀ ਦੌਰਾਨ ਸਰਕਾਰ ਦੀਆਂ ਹਦਾਇਤਾਂ ਦਾ ਪਾਲਣ ਕਰਦੇ ਹੋਏ ਵਿਆਹ ਕਾਰਜ ਨਿਪਟਾਉਣ ਲਈ ਲੱਖਾਂ ਰੁਪਏ ਦੇ ਬੇਲੋੜੇ ਖਰਚ ਤੋਂ ਆਸਾਨੀ ਨਾਲ ਬਚਿਆ ਜਾ ਸਕਦਾ ਹੈ। ਸਰਕਾਰ ਵਲੋਂ ਤਾਲਾਬੰਦੀ ਦੇ ਜਾਰੀ ਨਵੇਂ ਹੁਕਮਾਂ 'ਚ ਭਾਵੇਂ ਵਿਆਹ ਕਾਰਜਾਂ 'ਚ ਸ਼ਾਮਲ ਹੋਣ ਵਾਲੇ ਮੈਂਬਰਾਂ ਦੀ ਗਿਣਤੀ 50 ਤੱਕ ਕਰ ਦਿੱਤੀ ਗਈ ਹੈ ਪਰ ਪਿਛਲੇ ਹਫਤਿਆਂ 'ਚ ਵਿਆਹ ਕਾਰਜਾਂ 'ਚ ਸਿਰਫ 10 ਵਿਅਕਤੀਆਂ ਦੀ ਸ਼ਰਤ ਹੋਣ ਕਾਰਨ ਘਰਾਂ ਵਿਚ ਹੀ ਵਿਆਹ ਕਾਰਜ ਨੇਪਰੇ ਚੜ੍ਹ ਗਏ।

# ਸ਼੍ਰੋਮਣੀ ਕਮੇਟੀ ਨੇ ਲਾਈ ਅਹਿਮ ਫੈਸਲਿਆਂ 'ਤੇ ਮੋਹਰ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਗੁਰਦੁਆਰਾ ਸ੍ਰੀ ਕਲਗੀਧਰ ਨਿਵਾਸ ਵਿਖੇ ਹੋਈ ਇਕੱਤਰਤਾ ਮਗਰੋਂ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ, ਵਿੱਦਿਅਕ ਅਦਾਰਿਆਂ ਅਤੇ ਸੰਸਥਾ ਨਾਲ ਸਬੰਧਤ ਹੋਰ ਸ਼ਾਖਾਵਾਂ ਦੇ 30 ਸਤੰਬਰ 2020 ਤੱਕ ਦੇ ਹੋਣ ਵਾਲੇ ਖਰਚਿਆਂ ਨੂੰ ਪ੍ਰਵਾਨਗੀ ਦਿੱਤੀ ਗਈ। ਸ਼੍ਰੋਮਣੀ ਕਮੇਟੀ ਦਾ ਬਜਟ ਇਜਲਾਸ ਨਾ ਹੋ ਸਕਣ ਕਾਰਨ 1 ਜੁਲਾਈ ਤੋਂ 30 ਸਤੰਬਰ ਤੱਕ ਦੇ ਖ਼ਰਚਿਆਂ ਨੂੰ ਪ੍ਰਵਾਨਗੀ ਦਿੱਤੀ ਗਈ।

ਇਸ ਮੌਕੇ ਸ੍ਰੀ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ 100 ਸਾਲਾ ਸਥਾਪਨਾ ਦਿਵਸ ਸਬੰਧੀ 15 ਨਵੰਬਰ ਨੂੰ ਅਕਾਲ ਤਖਤ ਅਤੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮੁੱਖ ਸਮਾਗਮ ਕੀਤੇ ਜਾਣਗੇ। ਸ਼੍ਰੋਮਣੀ ਕਮੇਟੀ ਦੇ ਇਤਿਹਾਸਕ ਪਿਛੋਕੜ, ਵਿਕਾਸ, ਯੋਗਦਾਨ ਅਤੇ ਪ੍ਰਾਪਤੀਆਂ ਬਾਰੇ ਦਸਤਾਵੇਜ਼ੀ ਫਿਲਮ ਤੇ ਪੁਸਤਕਾਂ ਛਾਪਣ ਤੋਂ ਇਲਾਵਾ ਸੈਮੀਨਾਰ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਪਹਿਲੀ ਸ਼ਤਾਬਦੀ ਕੌਮਾਂਤਰੀ ਪੱਧਰ 'ਤੇ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ ਹੈ। ਇਸੇ ਤਰ੍ਹਾਂ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦਾ 400 ਸਾਲਾਂ ਪ੍ਰਕਾਸ਼ ਪੁਰਬ ਵੀ ਵੱਡੇ ਪੱਧਰ ਉਤੇ ਮਨਾਇਆ ਜਾਵੇਗਾ, ਜਿਸ ਸਬੰਧੀ ਮੁੱਖ ਸਮਾਗਮ ਅੰਮ੍ਰਿਤਸਰ ਵਿਚ 1 ਮਈ 2021 ਨੂੰ ਹੋਵੇਗਾ।

ਸ਼ਤਾਬਦੀਆਂ ਲਈ ਉੱਚ ਤਾਕਤੀ ਸਬ-ਕਮੇਟੀਆਂ ਜਲਦੀ ਬਣਾਈਆਂ ਜਾਣਗੀਆਂ। ਇਸ ਮੌਕੇ ਫੈਸਲਾ ਹੋਇਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਿਆਂ 'ਚ ਇਕ-ਇਕ ਏਕੜ 'ਚ ਵਿਰਾਸਤੀ ਦਰਖਤ ਲਾਏ ਜਾਣਗੇ।

## ਤਖਤ ਸ੍ਰੀ ਹਜ਼ੂਰ ਸਾਹਿਬ ਬੋਰਡ ਦਾ ਬਜਟ ਪਾਸ

**ਅੰਮ੍ਰਿਤਸਰ:** ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਮੀਟਿੰਗ ਵਿਚ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਕੀ ਬੋਰਡ ਦਾ 125 ਕਰੋੜ 88 ਲੱਖ ਰੁਪਏ ਦਾ ਬਜਟ ਪਾਸ ਕੀਤਾ ਗਿਆ ਹੈ। ਇਹ ਬਜਟ ਮੀਟਿੰਗ ਬੋਰਡ ਦੇ ਪ੍ਰਧਾਨ ਭੁਪਿੰਦਰ ਸਿੰਘ ਮਿਨਹਾਸ ਦੀ ਅਗਵਾਈ ਹੇਠ ਹੋਈ। ਇਸ ਬਾਰੇ ਜਾਰੀ ਇਕ ਬਿਆਨ ਰਾਹੀਂ ਪ੍ਰਧਾਨ ਮਿਨਹਾਸ ਨੇ ਦੱਸਿਆ ਕਿ ਬੋਰਡ ਵਲੋਂ ਪਾਠੀ ਸਿੰਘਾਂ ਦੀ ਭੇਟਾ ਵਿਚ ਵਾਧਾ ਕੀਤਾ ਗਿਆ ਹੈ।

ਬਜਟ ਮੀਟਿੰਗ ਵਿਚ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਗ੍ਰੰਥੀ ਦੀ ਆਸਾਮੀ ਵਾਸਤੇ ਗੁਰਮੀਤ ਸਿੰਘ ਤੇ ਸੁਰਜੀਤ ਸਿੰਘ ਪੁਜਾਰੀ ਨੂੰ ਤਰੱਕੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਰੋਨਾ ਸੰਕਟ ਦੌਰਾਨ ਲੋੜਵੰਦ ਪਰਿਵਾਰਾਂ ਨੂੰ ਲਗਭਗ 28 ਲੱਖ ਰੁਪਏ ਮੁੱਲ ਦੇ 3 ਹਜ਼ਾਰ ਰਾਸ਼ਨ ਦੇ ਪੈਕੇਟ ਵੰਡੇ ਗਏ ਹਨ।




The Law Firm Of Fatima Johnson

3737 N. Meridian St., Ste 106, Indianapolis, IN 46208

vitalvisa
THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

We are experienced in.

•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

Licensed to Practice Immigration Law in all 50 States.

Ph: 317-252-0013
info@vitalvisa.com
*This is an attorney advertisement*






For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store

MIDWAY Business Broker
We Build Your Dreams

MIDWAY REALTY GROUP
We Build Your Dreams

MIDWAY REALTY GROUP
For all your Residential Real Estate Needs
Join our team, we are hiring real estate agents.

We help you to
▸ Home Selling ▸ New Construction
▸ Home Buying ▸ Foreclosed / Short Sale
▸ Rental / Lease ▸ REO'S / HUD Property

WE WILL ASSIST YOU TO PROVIDE FUNDING FROM $25K TO 500K IN 48HRS

List your business at WWW.MBBBIZ.COM
AJEET SINGH : 847-529-9778
NICK VERMA : 630-664-1435

**Punjab Times**
**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਕੁਵੈਤ 'ਚ ਪੰਜਾਬੀਆਂ ਵਲੋਂ ਵਤਨ ਵਾਪਸੀ ਲਈ ਤਰਲਾ

**ਚੰਡੀਗੜ੍ਹ:** ਕਰੋਨਾ ਕਾਰਨ ਕੁਵੈਤ ਵਿਚ ਪੰਜਾਬ ਦੇ ਤਕਰੀਬਨ 600 ਤੋਂ ਵੱਧ ਨੌਜਵਾਨ ਫਸ ਗਏ ਹਨ। ਉਨ੍ਹਾਂ ਵਲੋਂ ਪਿਛਲੇ ਕਈ ਦਿਨਾਂ ਤੋਂ ਸੋਸ਼ਲ ਮੀਡੀਆ ਰਾਹੀਂ ਕੇਂਦਰ ਤੇ ਪੰਜਾਬ ਸਰਕਾਰ ਤੋਂ ਇਲਾਵਾ ਸਿਆਸੀ ਆਗੂਆਂ ਨੂੰ ਵਤਨ ਵਾਪਸੀ ਦੀ ਅਪੀਲ ਕੀਤੀ ਗਈ ਪਰ ਅਜੇ ਤੱਕ ਕਿਸੇ ਨੇ ਵੀ ਉਨ੍ਹਾਂ ਦੀ ਸਾਰ ਨਾ ਲਈ।

ਲੁਧਿਆਣਾ ਜ਼ਿਲ੍ਹੇ ਦੇ ਨੌਜਵਾਨ ਮਨਪ੍ਰੀਤ ਸਿੰਘ ਵਾਸੀ ਭੱਟੀਆਂ ਨੇ ਦੱਸਿਆ ਕਿ ਕੁਵੈਤ ਦੇ ਕਸਬਾ ਫਰਮਾਨੀਆਂ 'ਚ ਕਾਫੀ ਤਦਾਦ 'ਚ ਪੰਜਾਬੀ ਵਿਅਕਤੀ ਏ.ਜੀ.ਐਲ. ਕੰਪਨੀ 'ਚ ਡਰਾਈਵਰੀ ਦਾ ਕੰਮ ਕਰਦੇ ਹਨ। ਮਹਾਮਾਰੀ ਕਾਰਨ ਪਿਛਲੇ 3 ਦਿਨਾਂ ਤੋਂ ਸਾਰਾ ਕੰਮ ਠੱਪ ਪਿਆ ਹੈ ਅਤੇ ਕੰਪਨੀ ਵਲੋਂ ਉਨ੍ਹਾਂ ਨੂੰ ਪਿਛਲੇ 3 ਮਹੀਨਿਆਂ ਤੋਂ ਨਾ ਤਨਖਾਹ ਦਿੱਤੀ ਅਤੇ ਨਾ ਹੀ ਵਾਪਸ ਭਾਰਤ ਭੇਜਿਆ ਜਾ ਰਿਹਾ ਹੈ। ਉਸ ਨੇ ਦੱਸਿਆ ਕਿ ਕੁਵੈਤ ਦੀਆਂ ਵੱਖ-ਵੱਖ ਕੰਪਨੀਆਂ 'ਚ ਕਰੀਬ 600 ਤੋਂ ਵੱਧ ਪੰਜਾਬੀ ਹਨ। ਕੁਵੈਤ 'ਚ ਫਸੇ ਪੰਜਾਬੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਪਾਸਪੋਰਟ ਕੰਪਨੀ ਕੋਲ ਹਨ ਤੇ ਨਾ ਉਨ੍ਹਾਂ ਨੂੰ ਪਾਸਪੋਰਟ ਵਾਪਸ ਕੀਤੇ ਜਾ ਰਹੇ ਹਨ ਅਤੇ ਨਾ ਹੀ ਯੋਗ ਖਾਣਾ ਦਿੱਤਾ ਜਾ ਰਿਹਾ ਹੈ। ਇਨ੍ਹਾਂ ਕੋਲ ਪੈਸੇ ਮੁੱਕ ਗਏ ਹਨ।

## ਉਘੇ ਫਿਲਮ ਨਿਰਦੇਸ਼ਕ ਬਾਸੂ ਚੈਟਰਜੀ ਦਾ ਦੇਹਾਂਤ

**ਮੁੰਬਈ:** ਉਘੇ ਫਿਲਮ ਨਿਰਦੇਸ਼ਕ ਬਾਸੂ ਚੈਟਰਜੀ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੇ ਰਜਨੀਗੰਧਾ, ਚਿਤਚੋਰ, ਛੋਟੀ ਸੀ ਬਾਤ, ਬਾਤੋਂ ਬਾਤੋਂ ਮੇਂ, ਏਕ ਰੁਕਾ ਹੂਆ ਫੈਸਲਾ, ਤੇ ਚਮਲੀ ਕੀ ਸ਼ਾਦੀ ਵਰਗੀਆਂ ਸਫਲ ਫਿਲਮਾਂ ਦਾ ਨਿਰਦੇਸ਼ਨ ਕੀਤਾ ਸੀ।

ਬਾਸੂ ਚੈਟਰਜੀ 93 ਸਾਲ ਦੇ ਸਨ ਤੇ ਬੁਢਾਪੇ ਨਾਲ ਸਬੰਧਤ ਬਿਮਾਰੀਆਂ ਤੋਂ ਪੀੜਤ ਸਨ। ਉਨ੍ਹਾਂ ਨੇ ਹਿੰਦੀ ਦੇ ਨਾਲ ਬੰਗਾਲੀ ਫਿਲਮਾਂ ਵੀ ਬਣਾਈਆਂ।

# ਦਰਬਾਰ ਸਾਹਿਬ ਸਮੂਹ ਦੀਆਂ ਬਿਜਲੀ ਦਰਾਂ 'ਚ ਵਾਧਾ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਸਮੂਹ ਦੀਆਂ ਬਿਜਲੀ ਦਰਾਂ ਵਿਚ ਸਰਕਾਰ ਵਲੋਂ ਵਾਧਾ ਕਰ ਦਿੱਤਾ ਗਿਆ ਹੈ, ਜਿਸ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਸਰਕਾਰ ਨੂੰ ਕਿਹਾ ਹੈ ਕਿ ਉਹ ਇਸ ਫੈਸਲੇ 'ਤੇ ਮੁੜ ਵਿਚਾਰ ਕਰੇ।

ਪਾਵਰਕੌਮ ਵਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੀਆਂ ਬਿਜਲੀ ਦਰਾਂ ਵਿਚ ਪਹਿਲਾਂ 12 ਪੈਸੇ ਪ੍ਰਤੀ ਯੂਨਿਟ ਵਾਧਾ ਕੀਤਾ ਗਿਆ ਸੀ ਅਤੇ ਹੁਣ ਅਪਰੈਲ ਤੋਂ ਬਾਅਦ ਮੁੜ 5 ਪੈਸੇ ਪ੍ਰਤੀ ਯੂਨਿਟ ਦਾ ਵਾਧਾ ਕੀਤਾ ਗਿਆ ਹੈ। ਬਿਜਲੀ ਦਰਾਂ ਵਿਚ ਕੀਤੇ ਗਏ ਵਾਧੇ ਨਾਲ ਗੁਰੂ ਘਰ ਦੀ ਗੋਲਕ 'ਤੇ ਲਗਭਗ ਦਸ ਲੱਖ ਰੁਪਏ ਸਾਲਾਨਾ ਵਾਧੂ ਬੋਝ ਪੈਣ ਦਾ ਅਨੁਮਾਨ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਲਗਭਗ ਦਸ ਲੱਖ ਯੂਨਿਟ ਪ੍ਰਤੀ ਮਹੀਨਾ ਬਿਜਲੀ ਖਪਤ ਹੁੰਦੀ ਹੈ। ਪਿਛਲੇ ਵਰ੍ਹੇ ਮਈ ਵਿਚ ਬਿਜਲੀ ਦਰਾਂ 5 ਰੁਪਏ 94 ਪੈਸੇ ਪ੍ਰਤੀ ਯੂਨਿਟ ਸਨ ਪਰ ਪਾਵਰਕੌਮ ਵਲੋਂ ਇਨ੍ਹਾਂ ਦਰਾਂ ਵਿਚ 12 ਪੈਸੇ ਪ੍ਰਤੀ ਯੂਨਿਟ ਵਾਧਾ ਕਰਕੇ ਪ੍ਰਤੀ ਯੂਨਿਟ ਰੇਟ 6 ਰੁਪਏ 6 ਪੈਸੇ ਕਰ ਦਿੱਤਾ ਗਿਆ ਸੀ। ਹੁਣ ਮੁੜ 5 ਪੈਸੇ ਪ੍ਰਤੀ ਯੂਨਿਟ ਰੇਟ ਵਿਚ ਵਾਧਾ ਕਰ ਦਿੱਤਾ ਗਿਆ ਹੈ।

# ਵਿਭਾਗਾਂ ਨੂੰ ਸਰਫਾ ਮੁਹਿੰਮ ਦਾ ਹੋਕਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਰੇ ਵਿਭਾਗਾਂ ਨੂੰ ਆਪੋ ਆਪਣੇ ਖਰਚੇ ਤਰਕਸੰਗਤ ਕਰਨ ਦੀ ਹਦਾਇਤ ਕੀਤੀ ਹੈ ਤਾਂ ਜੋ ਕੋਵਿਡ-19 ਖਿਲਾਫ ਜੰਗ ਲਈ ਵਿੱਤੀ ਵਸੀਲੇ ਜੁਟਾਏ ਜਾ ਸਕਣ। ਮੁੱਖ ਮੰਤਰੀ ਨੇ ਪੰਜਾਬ ਦੀ ਵਿੱਤੀ ਸਥਿਤੀ ਦੀ ਸਮੀਖਿਆ ਕੀਤੀ ਅਤੇ ਕੋਵਿਡ ਖਿਲਾਫ ਜੰਗ ਲਈ ਵਿੱਤੀ ਫੰਡਾਂ ਦੀ ਕੋਈ ਕਮੀ ਨਾ ਆਉਣ ਦੇਣ ਦਾ ਅਹਿਦ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਇੰਨੇ ਸੰਕਟ ਦੇ ਬਾਵਜੂਦ ਸਿਹਤ ਸਿੱਖਿਆ ਤੇ ਬੁਨਿਆਦੀ ਢਾਂਚੇ ਜਿਹੇ ਅਹਿਮ ਖੇਤਰਾਂ ਦੇ ਪੂੰਜੀਗਤ ਖਰਚੇ ਦੇ ਪੰਜ ਹਜ਼ਾਰ ਕਰੋੜ ਬਰਕਰਾਰ ਰੱਖੇ ਜਾ ਰਹੇ ਹਨ। ਹਾਲਾਂਕਿ ਚਾਲੂ ਮਾਲੀ ਵਰ੍ਹੇ ਦੌਰਾਨ ਮਾਲੀਆ 30% ਘਟਣ ਦਾ ਅਨੁਮਾਨ ਹੈ। ਪੰਜਾਬ ਨੂੰ ਮੌਜੂਦਾ ਵਿੱਤੀ ਸਾਲ 2020-21 'ਚ ਕੁੱਲ 62,246 ਕਰੋੜ ਰੁਪਏ ਦਾ ਮਾਲੀਆ ਮਿਲਣ ਦੀ ਆਸ ਸੀ ਪਰ ਹੁਣ ਇਸ ਵਿਚ 25758 ਕਰੋੜ ਰੁਪਏ ਦੇ ਕਰੀਬ ਗਿਰਾਵਟ ਆ ਰਹੀ ਹੈ ਜੋ ਕਿ ਕੁੱਲ ਮਾਲੀਆ ਪ੍ਰਾਪਤੀ ਦਾ 29.26 ਫੀਸਦੀ ਬਣਦਾ ਹੈ। ਮੁੱਖ ਮੰਤਰੀ ਨੇ ਦੁਹਰਾਇਆ ਕਿ ਭਾਵੇਂ ਕਰਜ਼ ਲੈਣਾ ਸੂਬੇ ਦੀ ਲੋੜ ਹੈ ਪਰ ਕਿਸਾਨਾਂ ਲਈ ਬਿਜਲੀ ਸਬਸਿਡੀ ਜਾਰੀ ਰਹੇਗੀ ਅਤੇ ਸਬਸਿਡੀ ਦੇ ਕਿਸੇ ਬਦਲ ਨੂੰ ਪ੍ਰਵਾਨ ਨਹੀਂ ਕੀਤਾ ਜਾਵੇਗਾ।

## ਕਰੋਨਾ ਦਾ ਪਤਾ ਲਾਉਣ ਵਾਲੀ ਸਸਤੀ ਕਿੱਟ ਤਿਆਰ

**ਨਵੀਂ ਦਿੱਲੀ:** ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ.ਆਈ.ਟੀ.) ਹੈਦਰਾਬਾਦ ਦੇ ਖੋਜੀਆਂ ਦੀ ਟੀਮ ਨੇ ਕੋਵਿਡ-19 ਦੀ ਟੈਸਟ ਕਿੱਟ ਤਿਆਰ ਕਰਨ ਦਾ ਦਾਅਵਾ ਕੀਤਾ ਹੈ ਜੋ 20 ਮਿੰਟਾਂ 'ਚ ਰਿਪੋਰਟ ਦੇਵੇਗੀ। ਖੋਜੀਆਂ ਨੇ ਕਿਹਾ ਕਿ ਟੈਸਟ ਕਿੱਟ 550 ਰੁਪਏ ਦੀ ਹੈ ਅਤੇ ਇਸ ਦੇ ਵੱਡੇ ਪੱਧਰ 'ਤੇ ਉਤਪਾਦਨ ਮਗਰੋਂ ਮੁੱਲ ਘਟਾ ਕੇ 350 ਰੁਪਏ ਕੀਤਾ ਜਾ ਸਕਦਾ ਹੈ। ਟੀਮ ਨੇ ਟੈਸਟ ਕਿੱਟ ਲਈ ਪੇਟੈਂਟ ਦਾਖਲ ਕਰਦਿਆਂ ਆਈ.ਸੀ.ਐਮ.ਆਰ. ਤੋਂ ਇਸ ਦੀ ਪ੍ਰਵਾਨਗੀ ਮੰਗੀ ਹੈ। ਆਈ.ਆਈ.ਟੀ. ਹੈਦਰਾਬਾਦ ਦੇ ਪ੍ਰੋਫੈਸਰ ਸ਼ਿਵ ਗੋਵਿੰਦ ਸਿੰਘ ਨੇ ਕਿਹਾ ਕਿ ਟੈਸਟ ਕਿਟ ਰਿਵਰਸ ਟਰਾਂਸਕ੍ਰਿਪਸ਼ਨ ਪੋਲੀਮਰਜ਼ ਚੇਨ ਰਿਐਕਸ਼ਨ ਤੋਂ ਬਿਨਾਂ ਕੰਮ ਕਰਦੀ ਹੈ।

## ਅਡਾਨੀ ਗ੍ਰੀਨ ਨੂੰ 45 ਹਜ਼ਾਰ ਕਰੋੜ ਦਾ ਠੇਕਾ

**ਨਵੀਂ ਦਿੱਲੀ:** ਅਡਾਨੀ ਗ੍ਰੀਨ ਐਨਰਜੀ ਨੇ ਕਿਹਾ ਹੈ ਕਿ ਉਸ ਨੂੰ ਅੱਠ ਗੀਗਾਵਾਟ ਬਿਜਲੀ ਉਤਪਾਦਨ ਸਮਰੱਥਾ ਨੂੰ ਵਿਕਸਤ ਕਰਨ ਅਤੇ ਦੇਸ਼ ਵਿਚ ਦੋ ਗੀਗਾਵਾਟ ਸਮਰੱਥਾ ਉਪਕਰਣ ਨਿਰਮਾਣ ਪਲਾਂਟ ਸਥਾਪਤ ਕਰਨ ਲਈ ਐਸ.ਈ.ਸੀ.ਆਈ. ਤੋਂ 45,000 ਕਰੋੜ ਰੁਪਏ ਦਾ ਠੇਕਾ ਮਿਲਿਆ ਹੈ।

ਕੰਪਨੀ ਨੇ ਕਿਹਾ ਕਿ ਇਸ ਸਮਝੌਤੇ ਨਾਲ ਕੰਪਨੀ 2025 ਤੱਕ 25 ਗੀਗਾਵਾਟ ਉਤਪਾਦਨ ਸਮਰੱਥਾ ਬਣਾਉਣ ਦੇ ਆਪਣੇ ਟੀਚੇ 'ਤੇ ਪਹੁੰਚ ਜਾਵੇਗੀ। ਇਸ ਲਈ ਕੰਪਨੀ ਨੇ ਅਗਲੇ ਪੰਜ ਸਾਲਾਂ ਵਿਚ ਨਵੀਨੀਕਰਨ ਊਰਜਾ ਦੇ ਖੇਤਰ ਵਿੱਚ 1,12,000 ਕਰੋੜ ਰੁਪਏ ਦਾ ਨਿਵੇਸ਼ ਕਰਨ ਦੀ ਯੋਜਨਾ ਬਣਾਈ ਹੈ।

ਕੰਪਨੀ ਦੇ ਬਿਆਨ ਅਨੁਸਾਰ, "ਅਡਾਨੀ ਗ੍ਰੀਨ ਐਨਰਜੀ ਲਿਮਟਿਡ (ਏ.ਜੀ.ਈ.ਐਲ.) ਨੇ ਭਾਰਤੀ ਸੌਰ ਊਰਜਾ ਨਿਗਮ (ਐਸ. ਈ. ਸੀ. ਆਈ.) ਤੋਂ ਸੌਰ ਊਰਜਾ ਪ੍ਰੋਜੈਕਟ ਹਾਸਲ ਕੀਤਾ ਹੈ। ਕੰਪਨੀ ਨੇ ਕਿਹਾ ਕਿ ਇਹ ਦੁਨੀਆਂ ਵਿਚ ਆਪਣੀ ਕਿਸਮ ਦਾ ਸਭ ਤੋਂ ਵੱਡਾ ਠੇਕਾ ਹੈ ਅਤੇ ਇਸ ਲਈ 45,000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇਗਾ।

## ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਲਈ ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਬਣੇ ਬਿਡਨ

**ਵਾਸ਼ਿੰਗਟਨ:** ਅਮਰੀਕਾ ਦੇ ਸਾਬਕਾ ਉਪ-ਰਾਸ਼ਟਰਪਤੀ ਜੋਅ ਬਿਡਨ ਰਸਮੀ ਤੌਰ 'ਤੇ ਰਾਸ਼ਟਰਪਤੀ ਅਹੁਦੇ ਲਈ ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਬਣ ਗਏ ਹਨ। ਇਸ ਵਰ੍ਹੇ 3 ਨਵੰਬਰ ਨੂੰ ਹੋਣ ਵਾਲੀ ਰਾਸ਼ਟਰਪਤੀ ਚੋਣ ਵਿਚ ਜੋਅ ਬਿਡਨ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ, ਜੋ ਦੂਜੀ ਵਾਰ ਰਾਸ਼ਟਰਪਤੀ ਅਹੁਦੇ ਲਈ ਮੈਦਾਨ ਵਿਚ ਹਨ, ਨੂੰ ਚੁਣੌਤੀ ਦੇਣਗੇ।

77 ਵਰ੍ਹਿਆਂ ਦੇ ਬਿਡਨ ਕੁੱਲ 3,979 ਡੈਲੀਗੇਟਾਂ ਵਿਚੋਂ ਅੱਧੇ ਤੋਂ ਵੱਧ 1,991 ਡੈਲੀਗੇਟਾਂ ਦਾ ਸਮਰਥਨ ਹਾਸਲ ਕਰਕੇ ਡੈਮੋਕ੍ਰੈਟਿਕ ਪਾਰਟੀ ਦੀ ਰਾਸ਼ਟਰਪਤੀ ਦੇ ਉਮੀਦਵਾਰ ਲਈ ਨਾਮਜ਼ਦਗੀ ਜਿੱਤ ਗਏ ਹਨ।

ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ (2009 ਤੋਂ 2017) ਦੌਰਾਨ ਉਪ-ਰਾਸ਼ਟਰਪਤੀ ਰਹੇ ਬਿਡਨ ਨੂੰ ਅਗਸਤ ਵਿਚ ਵਿਸਕੋਨਸਿਨ ਵਿਚ ਹੋਣ ਵਾਲੀ ਡੈਮੋਕ੍ਰੈਟਿਕ ਨੈਸ਼ਨਲ ਕਨਵੈਨਸ਼ਨ ਮੌਕੇ ਰਸਮੀ ਤੌਰ 'ਤੇ ਨਾਮਜ਼ਦ ਕੀਤਾ ਜਾਵੇਗਾ।

# ਜਥੇਦਾਰ ਦੇ ਬਿਆਨ ਨਾਲ ਸਿਆਸਤ ਅੰਦਰ ਹਲਚਲ

*(ਸਫਾ ਇਕ ਦੀ ਬਾਕੀ)*

ਲੌਂਗੋਵਾਲ ਨੇ ਵੀ ਇਸ ਦੀ ਪ੍ਰੋੜ੍ਹਤਾ ਕਰ ਦਿੱਤੀ। ਹੁਣ ਸਵਾਲ ਇਹ ਹੈ ਕਿ ਜਥੇਦਾਰ ਦਾ ਇਹ ਐਲਾਨ ਪਹਿਲਾਂ ਤੋਂ ਹੀ ਤੈਅ ਰਣਨੀਤੀ ਮੁਤਾਬਕ ਸੀ?

ਚੇਤੇ ਰਹੇ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲ ਤਖਤ ਦਾ ਕਾਰਜਕਾਰੀ ਜਥੇਦਾਰ ਬਣਨ ਪਿੱਛੋਂ ਜਿਸ ਤਰ੍ਹਾਂ ਵੱਖ-ਵੱਖ ਮਾਮਲਿਆਂ ਬਾਰੇ ਪਹੁੰਚ ਅਪਣਾਈ, ਉਸ ਨੇ ਸਿੱਖ ਮਸਲਿਆਂ ਦੇ ਹੱਲ ਬਾਰੇ ਵੱਡੀਆਂ ਆਸਾਂ ਜਗਾਈਆਂ ਸਨ। ਘੱਟ ਗਿਣਤੀ ਨਾਲ ਧੱਕੇਸ਼ਾਹੀ, ਖਾਸ ਕਰਕੇ ਜੰਮੂ ਕਸ਼ਮੀਰ ਵਿਚ ਧਾਰਾ 270 ਖਤਮ ਕਰਨ, ਕਰਤਾਰਪੁਰ ਲਾਂਘੇ ਨੂੰ ਅਤਿਵਾਦ ਨਾਲ ਜੋੜਨ, ਆਰ. ਐਸ. ਐਸ. ਦੀਆਂ ਫਿਰਕੂ ਰਣਨੀਤੀ ਦੇ ਮਸਲੇ ਅੱਗੇ ਉਹ (ਜਥੇਦਾਰ) ਡਟ ਕੇ ਖੜ੍ਹੇ ਹੋਏ। ਹੁਣ ਤਾਜ਼ਾ ਬਿਆਨ ਨੇ ਕੌਮ ਵਿਚ ਭੰਬਲਭੂਸੇ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ। ਜਥੇਦਾਰ ਬਾਅਦ ਵਿਚ ਆਪਣੇ ਇਸ ਬਿਆਨ ਬਾਰੇ ਕੋਈ ਸਪਸ਼ਟੀਕਰਨ ਦੇਣ ਦੀ ਥਾਂ ਚੁੱਪ ਹੀ ਵੱਟ ਗਏ। ਇਥੋਂ ਤੱਕ ਕਿ ਜਥੇਦਾਰ ਦੀ 'ਹਾਂ ਵਿਚ ਹਾਂ' ਮਿਲਾਉਣ ਵਾਲੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੀ ਹੁਣ ਇਸ ਮਸਲੇ ਬਾਰੇ ਕੁਝ ਬੋਲਣ ਤੋਂ ਟਾਲਾ ਵੱਟ ਰਹੇ ਹਨ। ਯਾਦ ਰਹੇ ਕਿ ਸਾਕਾ 84 ਦੀ 36ਵੀਂ ਬਰਸੀ ਦੇ ਮੌਕੇ 'ਤੇ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਨਾ ਸਿਰਫ ਖਾਲਿਸਤਾਨ ਦੀ ਮੰਗ ਦੀ ਹਮਾਇਤ ਕੀਤੀ ਸਗੋਂ ਇਹ ਵੀ ਆਖ ਦਿੱਤਾ ਕਿ 'ਜੇਕਰ ਭਾਰਤ ਸਰਕਾਰ ਸਿੱਖਾਂ ਨੂੰ ਖਾਲਿਸਤਾਨ ਦੇ ਦਿੰਦੀ ਹੈ ਤਾਂ ਉਹ ਇਸ ਨੂੰ ਲੈ ਲੈਣਗੇ, ਇਸ ਤੋਂ ਵੱਡੀ ਖੁਸ਼ੀ ਦੀ ਕੋਈ ਗੱਲ ਹੋ ਹੀ ਨਹੀਂ ਸਕਦੀ। ਦੁਨੀਆਂ ਦਾ ਹਰ ਸਿੱਖ ਖਾਲਿਸਤਾਨ ਚਾਹੁੰਦਾ ਹੈ।' ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸਵਾਲ ਇਹ ਵੀ ਕੀਤਾ ਜਾ ਰਿਹਾ ਹੈ ਕਿ ਕੇਂਦਰ ਵਿਚ ਆਪਣੇ ਆਪ ਨੂੰ ਪੰਥਕ ਪਾਰਟੀ ਅਖਵਾਉਣ ਵਾਲੇ ਅਕਾਲੀ ਦਲ ਬਾਦਲ ਦੇ ਭਾਈਵਾਲਾਂ ਦੀ ਸਰਕਾਰ ਹੈ ਤੇ ਹਰਸਿਮਰਤ ਕੌਰ ਬਾਦਲ ਕੇਂਦਰੀ ਮੰਤਰੀ ਹੈ, ਫਿਰ ਇਸ ਮੰਗ (ਖਾਲਿਸਤਾਨ) ਬਾਰੇ ਸਰਕਾਰ ਕੋਲ ਸਿੱਧੀ ਪਹੁੰਚ ਕਰਨ ਵਿਚ ਕੀ ਹਰਜ ਸੀ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਇਸ ਬਾਰੇ ਆਖਿਆ ਹੈ ਕਿ ਜਥੇਦਾਰ ਨੇ ਖਾਲਿਸਤਾਨ ਦੀ ਮੰਗ ਸਬੰਧੀ ਬਿਆਨ ਤਾਂ ਬਹੁਤ ਵੱਡਾ ਦੇ ਦਿੱਤਾ ਹੈ ਜਦਕਿ ਇਸ ਦੇ ਰਾਜਨੀਤਕ ਸਿੱਟਿਆਂ ਬਾਰੇ ਚਿੰਤਨ ਨਹੀਂ ਕੀਤਾ; ਇਸ ਲਈ ਉਹ ਇਹ ਸਪਸ਼ਟ ਕਰਨ ਕਿ ਖਾਲਿਸਤਾਨ ਬਣਨ ਦੀ ਸੂਰਤ ਵਿਚ ਇਕ ਪਾਸੇ ਪਾਕਿਸਤਾਨ ਅਤੇ ਦੂਜੇ ਪਾਸੇ ਹਿੰਦੁਸਤਾਨ ਤੋਂ ਸੁਰੱਖਿਆ ਕਿਵੇਂ ਕੀਤੀ ਜਾਵੇਗੀ? ਇਸ ਸਮੇਂ ਪੰਜਾਬ 'ਚ ਰਹਿੰਦੇ ਗੈਰ-ਸਿੱਖ ਸ਼ਹਿਰੀਆਂ ਦਾ ਖਾਲਿਸਤਾਨ ਵਿਚ ਕੀ ਸਟੇਟਸ ਹੋਵੇਗਾ ਤੇ ਪੰਜਾਬ ਵਿਚ ਵਹਿੰਦੇ ਦਰਿਆਈ ਪਾਣੀ, ਭਾਖੜਾ ਤੇ ਪੌਂਗ ਡੈਮ ਤੇ ਸ੍ਰੀ ਆਨੰਦਪੁਰ ਸਾਹਿਬ, ਖਾਲਿਸਤਾਨ ਵਿਚ ਹੋਣਗੇ ਜਾਂ ਬਾਹਰ? ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ, ਪੰਜਾਬ ਪੁਨਰਗਠਨ ਐਕਟ 1966 ਦੇ ਸੈਕਸ਼ਨ 72 ਤਹਿਤ ਆਪਣੇ ਸਿੱਖ ਭਾਈਚਾਰੇ ਨੂੰ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਣ ਲਈ ਤਿਆਰ ਨਹੀਂ ਹੈ ਜਦਕਿ ਉਹ ਭਾਰਤ ਸਰਕਾਰ ਤੋਂ ਖਾਲਿਸਤਾਨ ਦੀ ਮੰਗ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਅੱਜ ਤੱਕ ਪੰਜਾਬ ਲਈ ਚੰਡੀਗੜ੍ਹ ਦੀ ਬਤੌਰ ਰਾਜਧਾਨੀ ਮੰਗ ਨਹੀਂ ਕੀਤੀ ਤੇ ਖਾਲਿਸਤਾਨ ਦੀ ਮੰਗ ਪ੍ਰਤੀ ਉਹ ਸੱਚਮੁੱਚ 'ਚ ਗੰਭੀਰ ਹਨ ਜਾਂ ਕੋਈ ਸੁਪਨਾ ਵੇਖ ਰਹੇ ਹਨ?

# ਮੋਦੀ ਸਰਕਾਰ ਦਾ ਸੂਬਿਆਂ ਦੇ ਹੱਕਾਂ 'ਤੇ ਡਾਕਾ

*(ਸਫਾ ਇਕ ਦੀ ਬਾਕੀ)*

ਸਕੇਗੀ। ਬਾਕੀ ਮਾਮਲਿਆਂ ਵਿਚ ਸਭ ਕੁੱਝ ਵੱਡੇ ਵਪਾਰੀ ਉਤੇ ਛੱਡ ਦਿੱਤਾ ਗਿਆ ਹੈ। ਸੰਵਿਧਾਨਕ ਤੌਰ 'ਤੇ ਰਾਜਾਂ ਦਾ ਅੰਦਰੂਨੀ ਖੇਤੀ ਮੰਡੀਆਂ ਉਤੇ ਅਧਿਕਾਰ ਹੈ। ਇਹ ਰਾਜ ਸੂਚੀ ਦਾ ਵਿਸ਼ਾ ਹੈ। ਕੇਂਦਰੀ ਆਰਡੀਨੈਂਸ ਨਾਲ ਰਾਜਾਂ ਦੇ ਅਧਿਕਾਰ ਕਾਗਜ਼ੀ ਬਣ ਕੇ ਰਹਿ ਜਾਣਗੇ। ਇਸ ਤੋਂ ਸੰਕੇਤ ਮਿਲੇ ਹੈ ਕਿ ਵੱਡੀਆਂ ਕੰਪਨੀਆਂ ਬਾਹਰੀ ਮੰਡੀਆਂ ਤੋਂ ਕਿਸਾਨਾਂ ਦੀ ਜਿਣਸ ਖਰੀਦ ਲੈਣਗੀਆਂ ਅਤੇ ਅੱਗੋਂ ਤੋਂ ਐਫ. ਸੀ. ਆਈ. ਕਣਕ ਤੇ ਝੋਨੇ ਦੀ ਖਰੀਦ ਤੋਂ ਹੱਥ ਖਿੱਚ ਲਵੇਗੀ।

ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਤਿੰਨੇ ਕਾਨੂੰਨ ਅਸਲ ਵਿਚ ਵਪਾਰੀਆਂ ਦੇ ਪੱਖ ਵਿਚ ਸੋਧੇ ਜਾ ਰਹੇ ਹਨ। ਅਮਰੀਕਾ ਅਤੇ ਯੂਰਪ ਵਿਚ ਇਹ ਪਹਿਲਾਂ ਹੀ ਲਾਗੂ ਹਨ ਅਤੇ ਫੇਲ੍ਹ ਸਾਬਤ ਹੋਏ ਹਨ। ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ ਹੀ ਆਮਦਨ ਦਾ ਜ਼ਰੀਆ ਹੈ ਅਤੇ ਇਨ੍ਹਾਂ ਨਾਲ ਉਹ ਵੀ ਖਤਮ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।

ਪੰਜਾਬ ਅਤੇ ਹਰਿਆਣਾ ਨੂੰ ਇਨ੍ਹਾਂ ਕਾਨੂੰਨਾਂ ਨਾਲ ਸਭ ਤੋਂ ਵੱਧ ਨੁਕਸਾਨ ਹੋਣਾ ਹੈ ਕਿਉਂਕਿ ਕਣਕ-ਝੋਨੇ ਦੀ ਘੱਟੋ ਘੱਟ ਸਮਰਥਨ ਮੁੱਲ ਅਤੇ ਖਰੀਦ ਦੀ ਗਾਰੰਟੀ ਇਨ੍ਹਾਂ ਹੀ ਰਾਜਾਂ ਵਿਚ ਹੈ। ਇਨ੍ਹਾਂ ਕਾਨੂੰਨਾਂ ਨਾਲ ਅਸਲ ਵਿਚ ਸ਼ਾਂਤਾ ਕੁਮਾਰ ਕਮੇਟੀ ਦੀਆਂ ਸਿਫਾਰਸ਼ਾਂ ਮੰਨ ਲਈਆਂ ਗਈਆਂ ਹਨ, ਜਿਨ੍ਹਾਂ ਅਨੁਸਾਰ ਸਿਰਫ ਜਨਤਕ ਵੰਡ ਪ੍ਰਣਾਲੀ ਲਈ ਲੋੜੀਂਦੀ ਕਣਕ-ਝੋਨੇ ਦੀ ਖਰੀਦ ਹੀ ਐਫ. ਸੀ. ਆਈ. ਕਰੇਗੀ। ਇਸ ਤੋਂ ਵਾਧੂ ਅਨਾਜ ਖੁੱਲ੍ਹੀ ਮੰਡੀ ਵਿਚ ਵੇਚਿਆ ਜਾਣਾ ਚਾਹੀਦਾ ਹੈ। ਖੇਤੀ ਮਾਹਿਰ ਅਤੇ ਅਰਥ ਸ਼ਾਸਤਰੀ ਕਾਨੂੰਨੀ ਸੋਧਾਂ ਨੂੰ ਪੰਜਾਬ ਦੇ ਮੰਡੀਕਰਨ ਨੂੰ ਤੋੜ ਕੇ ਨਿੱਜੀਕਰਨ ਵਲ ਲਿਜਾਣ ਅਤੇ ਘੱਟੋ ਘੱਟ ਸਮਰਥਨ ਮੁੱਲ ਉਤੇ ਕਣਕ-ਝੋਨੇ ਦੀ ਖਰੀਦ ਤੋਂ ਖਹਿੜਾ ਛੁਡਾਉਣ ਵਲ ਕਦਮ ਕਰਾਰ ਦੇ ਰਹੇ ਹਨ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਵਲੋਂ ਅਰਵਿੰਦਰਜੀਤ ਦੇ ਪਰਿਵਾਰ ਨੂੰ ਇਕ ਲੱਖ ਰੁਪਏ ਦੀ ਮਦਦ

**ਸ਼ਿਕਾਗੋ (ਬਿਊਰੋ):** ਸਥਾਨਕ ਖੇਡ ਅਤੇ ਸਭਿਆਚਾਰਕ ਸੰਸਥਾ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਨੇ ਕੌਮਾਂਤਰੀ ਕਬੱਡੀ ਖਿਡਾਰੀ ਮਰਹੂਮ ਅਰਵਿੰਦਰਜੀਤ ਸਿੰਘ ਉਰਫ ਪੱਡਾ ਪਹਿਲਵਾਨ ਦੇ ਪਰਿਵਾਰ ਨੂੰ ਇਕ ਲੱਖ ਰੁਪਏ ਦੀ ਮਾਲੀ ਮਦਦ ਭੇਜੀ ਹੈ। ਜ਼ਿਕਰਯੋਗ ਹੈ ਕਿ ਪਿੰਡ ਲੱਖਣ ਕੇ ਪੱਡਾ ਦੇ ਅਰਵਿੰਦਰਜੀਤ ਸਿੰਘ ਦਾ ਬੀਤੇ ਦਿਨੀਂ ਇਕ ਪੁਲਿਸ ਅਫਸਰ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ।

ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਸਾਬਕਾ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ ਨੇ ਦੱਸਿਆ ਕਿ ਅਰਵਿੰਦਰਜੀਤ ਸਿੰਘ ਦੇ ਪਰਿਵਾਰ ਦੀ ਆਰਥਕ ਮਦਦ ਕਰਨ ਦੇ ਮਨਸੇ ਨਾਲ ਉਨ੍ਹਾਂ (ਜਸਕਰਨ ਧਾਲੀਵਾਲ) ਅਤੇ ਕਲੱਬ ਦੇ ਹੋਰ ਅਹੁਦੇਦਾਰਾਂ-ਲਖਵੀਰ ਸਿੰਘ (ਲੱਕੀ) ਸਹੋਤਾ, ਹੈਪੀ ਹੀਰ, ਡਾ. ਹਰਜਿੰਦਰ ਸਿੰਘ ਖਹਿਰਾ ਤੇ ਅੰਮ੍ਰਿਤਪਾਲ ਸਿੰਘ ਸੰਘਾ ਨੇ ਆਪਣੇ ਤੌਰ 'ਤੇ ਉਪਰਲਾ ਕਰਦਿਆਂ ਪਰਿਵਾਰ ਨੂੰ ਇਕ ਲੱਖ ਰੁਪਏ ਦੀ ਆਰਥਕ ਮਦਦ ਭੇਜੀ ਹੈ। ਉਨ੍ਹਾਂ ਦੱਸਿਆ ਕਿ ਭੇਜੀ ਗਈ ਰਕਮ ਕਬੱਡੀ ਕੁਮੈਂਟੇਟਰ ਮੱਖਣ ਅਲੀ



ਅਰਵਿੰਦਰਜੀਤ ਸਿੰਘ

ਰਾਹੀਂ ਪਰਿਵਾਰ ਨੂੰ ਸੌਂਪੀ ਗਈ ਹੈ। ਇਸ ਮੌਕੇ ਸ਼ਰਨਜੀਤ ਸਿੰਘ ਪੱਡਾ ਨੇ ਆਰਥਕ ਮਦਦ ਭੇਜਣ ਲਈ ਉਕਤ ਕਲੱਬ ਮੈਂਬਰਾਂ ਦਾ ਧੰਨਵਾਦ ਕੀਤਾ ਹੈ।

# ਅਕਾਲੀ ਦਲ ਨੇ ਕੀਤੇ ਕਾਂਗਰਸ 'ਤੇ ਤਿੱਖੇ ਹਮਲੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੂਨ 1984 ਤੇ ਅਕਤੂਬਰ-ਨਵੰਬਰ ਦੌਰਾਨ ਵਾਪਰੀਆਂ ਦਰਦਨਾਕ ਘਟਨਾਵਾਂ ਕੇਂਦਰ ਤੇ ਪੰਜਾਬ ਵਿਚ ਸਮੇਂ-ਸਮੇਂ ਦੀਆਂ ਕਾਂਗਰਸ ਸਰਕਾਰਾਂ ਵੱਲੋਂ ਅਪਣਾਈਆਂ ਬੇਰਹਿਮ ਤੇ ਨਫਰਤ ਭਰੀਆਂ ਸਿੱਖ ਵਿਰੋਧੀ ਨੀਤੀਆਂ ਤੇ ਲਏ ਗਏ ਫੈਸਲਿਆਂ ਦਾ ਪ੍ਰਤੀਕ ਹਨ।

ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਤੋਂ ਮਗਰੋਂ ਦੁਨੀਆਂ ਨੇ ਉਹ ਡਰਾਉਣੀ ਹਕੀਕਤ ਵੇਖੀ ਜਿਸ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਸੀ ਕਿ ਹਜ਼ਾਰਾਂ ਹੀ ਸਿੱਖਾਂ ਦੇ ਕਾਤਲਾਂ ਨੂੰ ਸਜ਼ਾਵਾਂ ਦੇਣ ਦੀ ਥਾਂ ਕਾਂਗਰਸ ਨੇ ਕਥਿਤ ਕਾਤਲਾਂ ਨੂੰ ਕੈਬਨਿਟ ਮੰਤਰੀ ਦੇ ਅਹੁਦਿਆਂ ਸਮੇਤ ਸੱਤਾ ਤੇ ਮਾਣ ਸਤਿਕਾਰ ਤੇ ਹੋਰ ਪੁਰਸਕਾਰ ਦੇ ਕੇ ਨਿਵਾਜਿਆ।

ਉਨ੍ਹਾਂ ਕਾਂਗਰਸ ਵਿਚਲੇ ਸਿੱਖ ਆਗੂਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੀ ਅੰਤਰ ਆਤਮਾ 'ਤੇ ਝਾਤ ਮਾਰਨ। ਉਨ੍ਹਾਂ ਅਨੁਸਾਰ ਸਿੱਖ ਭਾਈਚਾਰੇ, ਪੰਜਾਬ ਅਤੇ ਦੇਸ਼ ਦੇ ਹੋਰ ਲੋਕਾਂ ਨੂੰ ਕਾਂਗਰਸੀ ਨੇਤਾਵਾਂ ਦੇ ਸੌੜੇ ਸਿਆਸੀ ਹਿੱਤਾਂ ਵਾਸਤੇ ਭਾਰੀ ਕੀਮਤ ਤਾਰਨੀ ਪਈ ਪਰ ਸਿੱਖ, ਬਹੁਗਿਣਤੀ ਭਾਈਚਾਰੇ ਦੇ ਮੈਂਬਰਾਂ ਜਿਨ੍ਹਾਂ 'ਚ ਬੁੱਧੀਜੀਵੀ, ਪੱਤਰਕਾਰ, ਜੱਜ, ਲੇਖਕ, ਮਨੁਖੀ ਤੇ ਸਮਾਜਿਕ ਅਧਿਕਾਰ ਕਾਰਕੁਨ ਤੇ ਸੰਸਥਾਵਾਂ ਸ਼ਾਮਲ ਸਨ, ਦੇ ਧੰਨਵਾਦੀ ਰਹਿਣਗੇ ਜਿਨ੍ਹਾਂ ਦੀ ਬਦੌਲਤ ਕਤਲੇਆਮ-84 'ਚ ਸੱਜਣ ਕੁਮਾਰ ਵਰਗਿਆਂ ਨੂੰ ਸਜ਼ਾ ਮਿਲਣੀ ਯਕੀਨੀ ਬਣੀ।

# ਪੰਚਾਇਤੀ ਆਮਦਨ 'ਚ ਹੋਵੇਗੀ ਤੀਹ ਫੀਸਦੀ ਕਟੌਤੀ

**ਮੁਹਾਲੀ:** ਪੰਚਾਇਤਾਂ ਦੀਆਂ ਸ਼ਾਮਲਾਤ ਜ਼ਮੀਨਾਂ, ਪੰਚਾਇਤੀ ਟੋਭਿਆਂ, ਦਰਖਤਾਂ ਆਦਿ ਤੋਂ ਇਕੱਤਰ ਹੋਣ ਵਾਲੀ ਰਾਸ਼ੀ ਵਿਚੋਂ ਹੁਣ ਪੰਚਾਇਤਾਂ ਨੂੰ ਤੀਹ ਫੀਸਦੀ ਰਾਸ਼ੀ ਪੰਚਾਇਤ ਸਮਿਤੀਆਂ ਨੂੰ ਦੇਣੀ ਪਵੇਗੀ। ਪਹਿਲਾਂ ਪੰਚਾਇਤਾਂ ਕੋਲੋਂ ਵੀਹ ਫੀਸਦੀ ਰਾਸ਼ੀ ਜਮ੍ਹਾਂ ਕਰਾਈ ਜਾਂਦੀ ਸੀ। ਇਸ ਵਰ੍ਹੇ ਤੋਂ ਇਸ ਵਿਚ ਸਿੱਧਾ ਦਸ ਫੀਸਦੀ ਵਾਧਾ ਕਰ ਦਿੱਤਾ ਗਿਆ ਹੈ ਤੇ ਪੰਚਾਇਤ ਸਮਿਤੀਆਂ ਦੇ ਕਾਰਜ ਸਾਧਕ ਅਫਸਰਾਂ ਨੂੰ 2019-20 ਦੀ ਪੰਚਾਇਤੀ ਛੱਪੜਾਂ ਅਤੇ ਦਰਖਤਾਂ ਤੋਂ ਪ੍ਰਾਪਤ ਆਮਦਨ ਦੀ ਵੀ ਤੀਹ ਫੀਸਦੀ ਵਸੂਲੀ ਕਰਨ ਲਈ ਕਿਹਾ ਗਿਆ ਹੈ।

ਪੰਚਾਇਤ ਵਿਭਾਗ ਦੇ ਡਾਇਰੈਕਟਰ ਵੱਲੋਂ ਜਾਰੀ ਨਿਰਦੇਸ਼ਾਂ ਅਧੀਨ ਆਖਿਆ ਗਿਆ ਹੈ ਕਿ ਪੰਚਾਇਤ ਸਕੱਤਰਾਂ ਅਤੇ ਸਮਿਤੀਆਂ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਹੋਰ ਉਜਰਤਾਂ ਦੇ ਬਕਾਏ ਦੇਣ ਲਈ ਪੰਚਾਇਤੀ ਆਮਦਨ ਵਿਚੋਂ ਤੀਹ ਫੀਸਦੀ ਰਾਸ਼ੀ ਜਮ੍ਹਾਂ ਕਰਾਈ ਜਾਵੇ।

ਡਾਇਰੈਕਟਰ ਨੇ ਪੰਚਾਇਤ ਸਮਿਤੀਆਂ ਦੇ ਕਾਰਜ ਸਾਧਕ ਅਫਸਰਾਂ ਨੂੰ ਲਿਖੇ ਪੱਤਰ ਵਿਚ ਆਖਿਆ ਕਿ ਵਿਧਾਨ ਸਭਾ ਦੀ ਪੰਚਾਇਤੀ ਰਾਜ ਇਕਾਈਆਂ ਕਮੇਟੀ ਨੇ 14-1-2020 ਨੂੰ ਕੀਤੀ ਮੀਟਿੰਗ ਵਿਚ ਪੰਚਾਇਤਾਂ ਕੋਲੋਂ 30 ਫੀਸਦੀ ਰਿਕਵਰੀ ਕਰਨ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਨਿਰਦੇਸ਼ਾਂ ਦੇ ਬਾਵਜੂਦ ਹਾਲੇ ਤੱਕ ਬਹੁਤੀਆਂ ਪੰਚਾਇਤਾਂ ਕੋਲੋਂ ਤੀਹ ਫੀਸਦੀ ਵਸੂਲੀ ਨਹੀਂ ਕੀਤੀ ਗਈ, ਜਿਹੜੀ ਕਿ ਤੁਰਤ ਕਰਾਈ ਜਾਵੇ ਤਾਂ ਕਿ ਕਰਮਚਾਰੀਆਂ ਦੀਆਂ ਤਨਖਾਹਾਂ ਦੀ ਸਮੇਂ ਸਿਰ ਅਦਾਇਗੀ ਹੋ ਸਕੇ।

ਪਿੰਡਾਂ ਦੇ ਸਰਪੰਚਾਂ ਵੱਲੋਂ ਵਿਭਾਗ ਦੇ ਇਸ ਫੈਸਲੇ ਦਾ ਵਿਰੋਧ ਕੀਤਾ ਜਾ ਰਿਹਾ ਹੈ। ਕਈ ਸਰਪੰਚਾਂ ਨੇ ਦੱਸਿਆ ਕਿ ਪੰਚਾਇਤਾਂ ਨੂੰ ਪਹਿਲਾਂ ਹੀ ਵੀਹ ਫੀਸਦੀ ਦੇ ਨਾਲ ਨਾਲ ਪੰਚਾਇਤੀ ਜ਼ਮੀਨਾਂ ਦੀ ਆਮਦਨ 'ਚੋਂ ਇਕ ਫੀਸਦੀ ਕੈਂਸਰ ਸੈੱਸ ਅਤੇ ਇਕ ਫੀਸਦੀ ਦਫਤਰੀ ਖਰਚੇ ਵੀ ਅਦਾ ਕਰਨੇ ਪੈਂਦੇ ਸਨ।

ਉਨ੍ਹਾਂ ਕਿਹਾ ਕਿ ਪਹਿਲਾਂ 22 ਫੀਸਦੀ ਆਮਦਨ ਜਮ੍ਹਾਂ ਕਰਾਉਣੀ ਪੈਂਦੀ ਸੀ ਤੇ ਹੁਣ 32 ਫੀਸਦੀ ਜਮ੍ਹਾਂ ਕਰਾਉਣ ਦੇ ਫੈਸਲੇ ਤੋਂ ਬਾਅਦ ਪੰਚਾਇਤਾਂ ਕੋਲ ਪਿੰਡਾਂ ਦੇ ਵਿਕਾਸ ਲਈ ਬੇਹੱਦ ਘੱਟ ਰਾਸ਼ੀ ਬਚੇਗੀ। ਸਰਪੰਚਾਂ ਨੇ ਵਿਭਾਗ ਦੇ ਦਸ ਫੀਸਦੀ ਰਾਸ਼ੀ ਵਧਾਉਣ ਦੇ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕਰਦਿਆਂ ਪੰਚਾਇਤੀ ਸੰਸਥਾਵਾਂ ਦੇ ਮੁਲਾਜ਼ਮਾਂ ਦੀ ਤਨਖਾਹ ਸਰਕਾਰੀ ਫੰਡਾਂ 'ਚੋਂ ਦੇਣ ਦੀ ਮੰਗ ਕੀਤੀ।

# Matrimonials

## ਲੜਕੀ ਦੀ ਲੋੜ ਹੈ

Gursikh (Sardar/Prajapat), 34 yrs, American born and raised boy, looking for life partner. Graduate from UC Berkeley, currently working in tech seeking educated, western raised family girl. Caste not important. Please contact, Ph: 925-360-0609 24-27

Looking for a beautiful citizen/green card holder girl in USA for handsome Nandha Sikh Boy (clean shaven), 26 yrs, 5'-8", living in San Francisco and working as a Software Engineer in top IT firm. MS in computer science. Cast no bar. Pl. Contact, Ph: 925-378-8025 21-24

Looking for a suitable girl for Sehajdhari Sikh boy, 32 yrs, tee-totter, born in New York, US MD. Doctor preferred. Family is vegetarian. Contact, Ph: 321-888-5109 or E-mail: billsinghtech@gmail.com 21-24

Wanted a beautiful, educated and cultured girl for a Lubana Sikh boy, 29 yrs, 5'-10", B.Tech. (Mech), MBA (Finance) working as lead analyst in a MNC in Gurgaon, handsome salary, Father retired PCS officer, mother advocate, sister elder and married. Cast no bar. Simple marriage. Interested may contact, Ph: +91-98144-02444 18-

## ਲੜਕੇ ਦੀ ਲੋੜ ਹੈ

Wanted suitable match in USA Born or raised and we consider student visa also for good looking Punjabi Brahmin girl, 28 yrs, 5'-4", well educated BBA, working as a HR Manager in multinational company. Please contact Hindu family only. Please email: pk-1960@hotmail.com, Ph: 216-288-1676 21-24

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 8-11

Moderate Babbar-Koshal family seeks US citizen or green card holder girl for their non veg, manglik son, 31 yrs, 5'-8", B. A., Business man, living in Jalandhar (PB); father business man, One brother settled in USA & two sisters locally married. Call, Ph: 718-709-1908 17-20

**Punjab Times**
Punjabtimes1@gmail.com
Ph: 847-359-0746
punjabtimesusa.com


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways



Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Wanted Workers
Need workers for Restaurant and Gas stations In Eureka, CA.
Housing and food provide.
ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਮੁਫਤ
Call, Gurpreet Singh Sohal
Ph: 707-498-9325
redwoodpetroleum@gmail.com
20-23

Shan Grill Indian Restaurant
1910 N. Rand Rd., Palatine, IL 60074
ਭਾਰਤੀ ਤੇ ਪਾਕਿਸਤਾਨੀ ਸਵਾਦੀ ਖਾਣਿਆਂ ਲਈ ਪਧਾਰੋ
ਸਾਡੀ ਸਪੈਸ਼ਲਟੀ ਚਿਕਨ ਸੀਖ ਕਬਾਬ
Our speciality: Chicken Seekh Kabob
Special Catering offer $10 package
Minimum 25 people
Ph: 847-358-1900
9-

ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ: 317-888-2040

Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਮੋਦੀ ਸਰਕਾਰ ਵਲੋਂ ਹੁਣ ਲੌਕਡਾਊਨ ਵਿਚੋਂ ਨਿਕਲਣ ਲਈ ਅਜ਼ਮਾਇਸ਼ਾਂ

**ਨਵੀਂ ਦਿੱਲੀ:** ਭਾਰਤ ਨੇ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਸ਼ਾਪਿੰਗ ਮਾਲਜ਼, ਧਾਰਮਿਕ ਸਥਾਨ ਤੇ ਦਫਤਰ ਖੋਲ੍ਹ ਕੇ 75 ਦਿਨ ਦੇ 'ਲੌਕਡਾਊਨ' ਵਿਚੋਂ ਬਾਹਰ ਨਿਕਲਣ ਦੀ ਅਹਿਮ ਅਜ਼ਮਾਇਸ਼ ਆਰੰਭ ਦਿੱਤੀ ਹੈ। ਹਾਲਾਂਕਿ ਇਸ ਦੌਰਾਨ ਸਖਤ ਸ਼ਰਤਾਂ ਲਾਗੂ ਹਨ। ਲੋਕਾਂ ਦਾ ਦਾਖਲਾ ਸੀਮਤ ਕੀਤਾ ਗਿਆ ਤੇ ਸੈਨੇਟਾਈਜ਼ੇਸ਼ਨ ਅਤੇ ਸਾਫ-ਸਫਾਈ ਦਾ ਖਾਸ ਖਿਆਲ ਰੱਖਿਆ ਜਾ ਰਿਹਾ ਹੈ। ਕੋਵਿਡ-19 ਨਾਲ ਨਜਿੱਠ ਰਹੇ ਲੋਕਾਂ ਲਈ ਸ਼ਾਪਿੰਗ, ਕੰਮਕਾਰ ਤੇ ਪੂਜਾ-ਅਰਦਾਸ ਕਰਨ ਦਾ ਇਹ ਆਪਣੀ ਤਰ੍ਹਾਂ ਦਾ ਬਿਲਕੁਲ ਨਵਾਂ ਤਜਰਬਾ ਹੋ ਨਿੱਬੜਿਆ।

ਕਈ ਥਾਵਾਂ ਉਤੇ ਸੈਨੇਟਾਈਜ਼ੇਸ਼ਨ ਟਨਲ ਲਾਈ ਗਈ, ਸਾਰੀਆਂ ਥਾਵਾਂ ਉਤੇ ਤਾਪਮਾਨ ਜਾਂਚਿਆ ਗਿਆ, ਟੋਕਨ ਦੇ ਆਧਾਰ ਉਤੇ ਦਾਖਲਾ ਯਕੀਨੀ ਬਣਾਇਆ ਗਿਆ। ਧਾਰਮਿਕ ਥਾਵਾਂ ਉਤੇ ਪ੍ਰਸ਼ਾਦ ਨਹੀਂ ਵੰਡਿਆ ਗਿਆ, ਨਾ ਹੀ ਖਰੀਦਦਾਰੀ ਵੇਲੇ ਕੱਪੜੇ ਪਹਿਨ ਕੇ ਦੇਖਣ ਦੀ ਇਜਾਜ਼ਤ ਦਿੱਤੀ ਗਈ। ਗੈਰ ਕੰਟੇਨਮੈਂਟ ਜ਼ੋਨਾਂ ਵਿਚ ਬਹੁਤ ਸਾਰੇ ਮਾਲਜ਼ 'ਚ ਦੁਕਾਨਾਂ ਦੇ ਸ਼ਟਰ 25 ਮਾਰਚ ਮਗਰੋਂ ਪਹਿਲੀ ਵਾਰ ਖੁੱਲ੍ਹੇ, ਪਰ ਜ਼ਿਆਦਾਤਰ ਰਿਟੇਲ ਕਾਰੋਬਾਰੀ ਥਾਵਾਂ ਸੁੰਨੀਆਂ ਹੀ ਰਹੀਆਂ। ਲੋਕ ਮਾਲਜ਼ ਵਿਚ ਘੱਟ ਹੀ ਨਜ਼ਰ ਆਏ। ਰੈਸਤਰਾਂ 'ਚ ਵੇਟਰ ਫੇਸ ਸ਼ੀਲਡ ਪਹਿਨੇ ਤੇ ਗਾਹਕ ਮਾਸਕ ਪਾ ਕੇ ਸੁਰੱਖਿਅਤ ਦੂਰੀ ਬਣਾ ਕੇ ਬੈਠੇ ਨਜ਼ਰ ਆਏ। ਦੁਕਾਨਾਂ ਤੇ ਰੈਸਤਰਾਂ ਉਤੇ ਡਿਜੀਟਲ ਤਕਨੀਕ ਨੂੰ ਤਰਜੀਹ ਦਿੱਤੀ ਗਈ ਤੇ ਸਰੀਰਕ ਸੰਪਰਕ ਘੱਟ ਤੋਂ ਘੱਟ ਰੱਖਣ ਦਾ ਯਤਨ ਕੀਤਾ ਗਿਆ।

## ਸ਼ਾਪਿੰਗ ਮਾਲ ਤੇ ਧਾਰਮਿਕ ਸਥਾਨ ਵੀ ਖੋਲ੍ਹੇ



ਸਭਿਆਚਾਰਕ ਮਾਮਲਿਆਂ ਬਾਰੇ ਮੰਤਰਾਲੇ ਨੇ 820 ਸਮਾਰਕ ਖੋਲ੍ਹਣ ਦੀ ਮਨਜ਼ੂਰੀ ਵੀ ਦਿੱਤੀ ਸੀ। ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਤੇ ਗਿਰਜਾ ਘਰਾਂ ਨੇ ਵੀ ਦਿੱਲੀ, ਪੱਛਮੀ ਬੰਗਾਲ ਤੇ ਕਰਨਾਟਕ ਸਣੇ ਕਈ ਸੂਬਿਆਂ ਵਿਚ ਲੋਕਾਂ ਲਈ ਬੂਹੇ ਖੋਲ੍ਹ ਦਿੱਤੇ।

ਦਿੱਲੀ ਦਾ ਛਤਰਪੁਰ ਮੰਦਰ ਕੰਪਲੈਕਸ, ਹੈਦਰਾਬਾਦ ਦਾ ਭਗਵਾਨ ਵੈਂਕਟੇਸ਼ਵਰ ਮੰਦਰ, ਪਟਨਾ ਦਾ ਮਹਾਵੀਰ ਮੰਦਰ, ਭੱਦਰਚਲਮ ਦਾ ਸ੍ਰੀ ਰਾਮ ਮੰਦਰ ਤੇ ਉਡੁਪੀ ਦਾ ਮੂਕੰਬਿਕਾ ਮੰਦਰ ਅੱਜ ਲੋਕਾਂ ਲਈ ਖੋਲ੍ਹ ਦਿੱਤੇ ਗਏ। ਦਿੱਲੀ ਦੀ ਜਾਮਾ ਮਸਜਿਦ ਤੇ ਅੰਮ੍ਰਿਤਸਰ 'ਚ ਹਰਿਮੰਦਰ ਸਾਹਿਬ ਵਿਚ ਵੀ ਲੋਕਾਂ ਦਾ ਸਵਾਗਤ ਕੀਤਾ ਗਿਆ। ਹਰ ਥਾਂ ਨੇਮਾਂ ਦੀ ਪਾਲਣਾ ਯਕੀਨੀ ਬਣਾਈ ਗਈ। ਅਯੁੱਧਿਆ ਸਥਿਤ ਰਾਮ ਜਨਮਭੂਮੀ ਮੰਦਰ ਵੀ ਲੋਕਾਂ ਲਈ ਖੋਲ੍ਹ ਦਿੱਤਾ ਗਿਆ। ਮਾਸਕ ਪਹਿਨਣ ਤੇ ਫਾਸਲਾ ਬਰਕਰਾਰ ਰੱਖਣ ਦਾ ਖਾਸ ਖਿਆਲ ਰੱਖਿਆ ਗਿਆ। ਦਿੱਲੀ ਸਥਿਤ ਛਤਰਪੁਰ ਮੰਦਰ ਸਵੇਰੇ 8.45 ਉਤੇ ਖੁੱਲ੍ਹਿਆ ਤੇ ਕਰੀਬ 300 ਸ਼ਰਧਾਲੂ ਪਹਿਲੇ ਹੀ ਘੰਟੇ ਨਤਮਸਤਕ ਹੋਏ। ਗੁਰਦੁਆਰਿਆਂ ਦੇ ਦੁਆਰ ਖੁੱਲ੍ਹੇ ਪਰ ਪਹਿਲਾਂ ਵਰਗੀ ਰੌਣਕ ਨਹੀਂ ਸੀ। ਦਿੱਲੀ ਦੇ ਬੰਗਲਾ ਸਾਹਿਬ ਗੁਰਦੁਆਰੇ 'ਚ ਬਹੁਤ ਘੱਟ ਲੋਕ ਨਜ਼ਰ ਆਏ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਯਕੀਨੀ ਬਣਾਇਆ ਕਿ ਲੋਕ ਜ਼ਿਆਦਾ ਸਮਾਂ ਗੁਰਦੁਆਰੇ ਅੰਦਰ ਨਾ ਬਿਤਾਉਣ। ਕਈ ਮਸਜਿਦਾਂ ਨੇ ਨਮਾਜ਼ ਮੈਟ ਮੁਹੱਈਆ ਨਹੀਂ ਕਰਵਾਏ ਤੇ ਲੋਕਾਂ ਨੂੰ ਘਰੋਂ ਹੀ ਨਮਾਜ਼ ਅਦਾ ਕਰਨ ਲਈ ਕਿਹਾ ਗਿਆ।

## ਧਾਰਮਿਕ ਸਥਾਨਾਂ 'ਚ ਘੱਟ ਰਹੀ ਸ਼ਰਧਾਲੂਆਂ ਦੀ ਆਮਦ

**ਅੰਮ੍ਰਿਤਸਰ:** ਤਾਲਾਬੰਦੀ ਖੋਲ੍ਹਣ ਦੇ ਪਹਿਲੇ ਪੜਾਅ ਹੇਠ ਧਾਰਮਿਕ ਸਥਾਨਾਂ ਦੇ ਦਰਵਾਜ਼ੇ ਸੰਗਤ ਲਈ ਖੋਲ੍ਹ ਦਿੱਤੇ ਗਏ ਹਨ। ਹਾਲਾਂਕਿ ਸ਼ਰਧਾਲੂਆਂ ਦੀ ਆਮਦ ਘੱਟ ਰਹੀ। ਇਸ ਤਹਿਤ ਸ੍ਰੀ ਹਰਿਮੰਦਰ ਸਾਹਿਬ ਪੁੱਜੀ ਸੰਗਤ ਨੇ ਬਿਨਾਂ ਰੋਕ-ਟੋਕ ਮੱਥਾ ਟੇਕਿਆ। ਇਥੇ ਪ੍ਰਵੇਸ਼ ਦੁਆਰ ਨੇੜੇ ਸਿਹਤ ਵਿਭਾਗ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਗੁਰੂ ਰਾਮਦਾਸ ਹਸਪਤਾਲ ਦਾ ਅਮਲਾ ਤਾਇਨਾਤ ਕੀਤਾ ਗਿਆ ਹੈ। ਪਰਿਕਰਮਾ ਵਿਚ ਦਾਖਲ ਹੋਣ ਤੋਂ ਪਹਿਲਾਂ ਤਾਇਨਾਤ ਸੇਵਾਦਾਰਾਂ ਵੱਲੋਂ ਹੱਥ ਸੈਨੇਟਾਈਜ਼ ਕਰਨ ਜਾਂ ਸਾਬਣ ਨਾਲ ਧੋਣ ਵਾਸਤੇ ਆਖਿਆ ਜਾ ਰਿਹਾ ਹੈ। ਇਸੇ ਤਰ੍ਹਾਂ ਸ਼ਰਧਾਲੂਆਂ ਨੂੰ ਦੂਰੀ ਬਣਾ ਕੇ ਰੱਖਣ ਲਈ ਕਹਿਣ ਅਤੇ ਸਿਹਤ ਵਿਭਾਗ ਦੇ ਬਾਕੀ ਨਿਯਮਾਂ ਨੂੰ ਲਾਗੂ ਕਰਵਾਉਣ ਲਈ ਇਥੇ ਲਗਭਗ 100 ਤੋਂ ਵੱਧ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਸਰਕਾਰ ਵੱਲੋਂ ਲੰਗਰ ਘਰ ਜਾਂ ਪ੍ਰਸ਼ਾਦ ਵਾਸਤੇ ਭਾਵੇਂ ਮਨ੍ਹਾ ਕੀਤਾ ਗਿਆ ਪਰ ਸਿੱਖ ਗੁਰਧਾਮਾਂ ਵਿਚ ਇਹ ਦੋਵੇਂ ਗੁਰਦੁਆਰਾ ਰਵਾਇਤ ਦਾ ਹਿੱਸਾ ਹਨ ਅਤੇ ਇਸੇ ਤਹਿਤ ਇਥੇ ਵੀ ਇਹ ਦੋਵੇਂ ਰਵਾਇਤਾਂ ਬਾਦਸਤੂਰ ਜਾਰੀ ਰਹੀਆਂ।

## ਲੌਂਗੋਵਾਲ ਨੇ ਮੋਦੀ ਨੂੰ ਪੱਤਰ ਲਿਖਿਆ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਗੁਰੂ ਘਰਾਂ ਵਿਚ ਪ੍ਰਸ਼ਾਦ ਅਤੇ ਲੰਗਰ ਵਰਤਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ ਅਤੇ ਇਨ੍ਹਾਂ ਨੂੰ ਕੋਵਿਡ ਪ੍ਰੋਟੋਕੋਲ ਦੇ ਦਾਇਰੇ ਵਿਚੋਂ ਬਾਹਰ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਪ੍ਰਸ਼ਾਦ ਅਤੇ ਲੰਗਰ ਵਰਤਾਉਣਾ ਸਿੱਖ ਮਰਿਯਾਦਾ ਦਾ ਹਿੱਸਾ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਗੁਰਦੁਆਰਾ ਸ੍ਰੀ ਕਲਗੀਧਰ ਨਿਵਾਸ ਵਿਖੇ ਹੋਈ ਇਕੱਤਰਤਾ ਮਗਰੋਂ ਸ੍ਰੀ ਲੌਂਗੋਵਾਲ ਨੇ ਕਿਹਾ ਕਿ ਉਹ ਕੇਂਦਰ ਦੇ ਹੁੰਗਾਰੇ ਦੀ ਉਡੀਕ ਕਰਨਗੇ।

# ਸਰਕਾਰੀ ਅੰਕੜਿਆਂ ਤੋਂ ਕਿਤੇ ਵੱਧ ਭਿਆਨਕ ਹੈ ਕਿਰਤੀਆਂ ਦੀ ਹੋਣੀ

**ਨਵੀਂ ਦਿੱਲੀ:** ਪਰਵਾਸੀ ਮਜ਼ਦੂਰਾਂ ਦੇ ਦੁੱਖਾਂ ਦੀ ਕਹਾਣੀ ਲੰਮੀ ਹੁੰਦੀ ਜਾ ਰਹੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੁਣ ਤੱਕ ਦੇ ਇਤਿਹਾਸ ਦੀ ਇਹ ਇਕ ਇਕਲੌਤੀ ਅਜਿਹੀ ਹਿਜਰਤ ਹੈ। 5 ਜੂਨ ਨੂੰ ਸੁਪਰੀਮ ਕੋਰਟ ਵਿਚ ਹੋਈ ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਪੇਸ਼ ਹੋ ਰਹੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਦੱਸਿਆ ਕਿ ਸਰਕਾਰ ਦੁਆਰਾ ਚਲਾਈਆਂ ਗਈਆਂ ਸ਼੍ਰਮਿਕ ਸਪੈਸ਼ਲ ਰੇਲ ਗੱਡੀਆਂ ਰਾਹੀਂ ਲਗਭਗ 57 ਲੱਖ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਇਆ ਗਿਆ ਹੈ ਜਦੋਂਕਿ 41 ਲੱਖ ਪਰਵਾਸੀ ਕਿਰਤੀ ਸੜਕ ਦੇ ਰਸਤੇ ਘਰ ਪਹੁੰਚੇ।

ਇਸ ਸੁਣਵਾਈ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਕਿ ਨਾ ਤਾਂ ਸੂਬਾ ਸਰਕਾਰਾਂ ਪਰਵਾਸੀ ਮਜ਼ਦੂਰਾਂ ਦੇ ਹਾਲਾਤ ਵੱਲ ਧਿਆਨ ਦੇ ਰਹੀਆਂ ਹਨ ਅਤੇ ਨਾ ਹੀ ਉਹ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਪ੍ਰਤੀਬੱਧ ਦਿਖਾਈ ਦਿੰਦੀਆਂ ਹਨ। ਕਈ ਸੂਬਾ ਸਰਕਾਰਾਂ ਦੁਆਰਾ ਦਿੱਤੇ ਗਏ ਅੰਕੜੇ ਤੱਥਾਂ ਤੋਂ ਬਹੁਤ ਦੂਰ ਲੱਗਦੇ ਹਨ। ਉਦਾਹਰਨ ਦੇ ਤੌਰ 'ਤੇ ਮਹਾਰਾਸ਼ਟਰ ਸਰਕਾਰ ਨੇ ਕਿਹਾ ਕਿ 11 ਲੱਖ ਪਰਵਾਸੀ ਸੂਬੇ ਵਿਚੋਂ ਜਾ ਚੁੱਕੇ ਹਨ ਅਤੇ ਸਿਰਫ 38 ਹਜ਼ਾਰ ਹੀ ਬਾਕੀ ਹਨ। ਐਡਵੋਕੇਟ ਕੋਲਿਨ ਗੋਂਸਾਲਵਜ਼ ਨੇ ਸਰਬਉੱਚ ਅਦਾਲਤ ਸਾਹਮਣੇ ਸ਼ਿਕਾਇਤ ਕੀਤੀ ਕਿ ਪਰਵਾਸੀ ਮਜ਼ਦੂਰਾਂ ਦੀ ਰਜਿਸਟਰੇਸ਼ਨ ਕਰਵਾਉਣ ਸਬੰਧੀ ਪ੍ਰਬੰਧ ਤਸੱਲੀਬਖਸ਼ ਨਹੀਂ ਅਤੇ ਦੋ ਹਾਈ ਕੋਰਟਾਂ ਨੇ ਇਸ ਸਬੰਧੀ ਸਖਤ ਟਿੱਪਣੀਆਂ ਵੀ ਕੀਤੀਆਂ ਹਨ। ਸੁਪਰੀਮ ਕੋਰਟ ਨੇ ਕੇਂਦਰੀ ਅਤੇ ਸੂਬਾ ਸਰਕਾਰਾਂ ਨੂੰ ਆਦੇਸ਼ ਦਿੱਤੇ ਕਿ ਅਗਲੇ 15 ਦਿਨਾਂ ਦੇ ਵਿਚ ਘਰ ਵਾਪਸ ਪਰਤਣ ਦੇ ਚਾਹਵਾਨ ਸਾਰੇ ਪਰਵਾਸੀ ਮਜ਼ਦੂਰਾਂ ਨੂੰ ਘਰਾਂ ਤਕ ਪਹੁੰਚਾਉਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

ਇਸ ਸੁਣਵਾਈ ਦੌਰਾਨ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਸਾਲਿਸਟਰ ਜਨਰਲ ਦਾ ਇਹ ਮੰਨਣਾ ਸੀ ਕਿ 41 ਲੱਖ ਪਰਵਾਸੀ ਮਜ਼ਦੂਰ ਸੜਕ ਦੇ ਰਸਤੇ ਘਰ ਪਹੁੰਚੇ। ਸਰਕਾਰ ਦੇ ਇਸੇ ਨੁਮਾਇੰਦੇ ਨੇ 31 ਮਾਰਚ ਨੂੰ ਸੁਪਰੀਮ ਕੋਰਟ ਵਿਚ ਕੇਂਦਰੀ ਗ੍ਰਹਿ ਸਕੱਤਰ ਦੇ ਹਵਾਲੇ ਨਾਲ ਕਿਹਾ ਸੀ ਕਿ ਕੋਈ ਪਰਵਾਸੀ ਮਜ਼ਦੂਰ ਸੜਕਾਂ 'ਤੇ ਪੈਦਲ ਤੁਰ ਕੇ ਆਪਣੇ ਘਰ ਵਾਪਸ ਨਹੀਂ ਜਾ ਰਿਹਾ। ਮਹਾਰਾਸ਼ਟਰ ਸਰਕਾਰ ਵੱਲੋਂ ਸਿਰਫ ਇਕ ਹੋਰ ਸ਼੍ਰਮਿਕ ਰੇਲ ਗੱਡੀ ਦੀ ਮੰਗ ਕਰਨਾ ਇਕ ਹੋਰ ਹੈਰਾਨ ਕਰਨ ਵਾਲਾ ਤੱਥ ਸੀ। ਕਈ ਸੂਬਾ ਸਰਕਾਰਾਂ ਨੇ ਇਹ ਕਹਿਣ ਦਾ ਯਤਨ ਵੀ ਕੀਤਾ ਹੈ ਕਿ ਬਹੁਤ ਸਾਰੇ ਪਰਵਾਸੀ ਮਜ਼ਦੂਰ ਘਰਾਂ ਨੂੰ ਵਾਪਸ ਨਹੀਂ ਜਾਣਾ ਚਾਹੁੰਦੇ। ਪਿਛਲੇ ਦਿਨੀਂ 1000 ਤੋਂ ਵੱਧ ਪਰਵਾਸੀ ਮਜ਼ਦੂਰਾਂ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਦਫਤਰ ਸਾਹਮਣੇ ਮੁਜ਼ਾਹਰਾ ਕਰਕੇ ਉਨ੍ਹਾਂ ਨੂੰ ਘਰ ਵਾਪਸ ਪਹੁੰਚਾਏ ਜਾਣ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ।

ਪਿਛਲੇ ਦੋ ਮਹੀਨਿਆਂ ਤੋਂ ਜ਼ਿਆਦਾ ਸਮੇਂ ਤੋਂ ਦੇਸ਼ ਭਰ ਤੋਂ ਲੱਖਾਂ ਪਰਵਾਸੀ ਮਜ਼ਦੂਰ ਆਪਣੀ ਕਰਮ ਭੂਮੀ ਨੂੰ ਛੱਡ ਕੇ ਆਪਣੇ ਪਿੱਤਰੀ ਰਾਜਾਂ, ਜਿਵੇਂ ਬਿਹਾਰ, ਉਤਰ ਪ੍ਰਦੇਸ਼, ਛੱਤੀਸਗੜ੍ਹ ਆਦਿ ਵਿਚ ਜਾਣ ਦੇ ਲਈ ਕਾਫਲਿਆਂ ਦੇ ਰੂਪ ਵਿਚ ਸੜਕਾਂ ਉਤੇ ਭਟਕ ਰਹੇ ਹਨ। ਇਸ ਪੀੜਾਦਾਇਕ ਯਾਤਰਾ ਦੇ ਦੌਰਾਨ ਸੈਂਕੜੇ ਲੋਕ ਮੌਤ ਦੇ ਮੂੰਹ ਵਿਚ ਵੀ ਜਾ ਪਏ। ਰੇਲ ਦੁਰਘਟਾਨਵਾਂ ਵਿਚ ਹੀ ਇਕ ਸੌ ਤੋਂ ਵਧੇਰੇ ਲੋਕ ਮਾਰੇ ਗਏ। ਇਨ੍ਹਾਂ ਦੀ ਪੀੜਾ ਦਾ ਖੁਲਾਸਾ ਸੋਲਿਸਟਰ ਜਨਰਲ ਦੇ ਇਸ ਇਕ ਕਥਨ ਨਾਲ ਹੀ ਹੋ ਜਾਂਦਾ ਹੈ ਕਿ ਲਗਭਗ 41 ਲੱਖ ਲੋਕ ਸੈਂਕੜੇ ਕਿਲੋਮੀਟਰ ਤੱਕ ਨੰਗੇ ਪੈਰੀਂ ਪੈਦਲ ਚੱਲ ਕੇ ਆਪਣੀ ਮੰਜ਼ਲ 'ਤੇ ਅੱਪੜੇ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੁਣ ਤੱਕ ਦੇ ਇਤਿਹਾਸ ਦੀ ਇਹ ਇਕ ਇਕਲੌਤੀ ਅਜਿਹੀ ਹਿਜਰਤ ਹੈ। ਇਨ੍ਹਾਂ ਲੋਕਾਂ ਦੀ ਪੀੜਾ ਦਾ ਇਕ ਕਾਰਨ ਇਹ ਵੀ ਸੀ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਪੈਸੇ ਧੇਲੇ ਤੋਂ ਵਾਂਝੇ ਸਨ ਅਤੇ ਰੇਲ ਗੱਡੀਆਂ ਅਤੇ ਬੱਸਾਂ ਵਿਚ ਇਨ੍ਹਾਂ ਤੋਂ ਕਿਰਾਏ ਦੀ ਮੰਗ ਕੀਤੀ ਜਾਂਦੀ ਰਹੀ।

ਬੇਸ਼ੱਕ ਨਿੱਜੀ ਪੱਧਰ 'ਤੇ ਕਈ ਲੋਕ ਅਤੇ ਸਮਾਜ ਸੇਵੀ ਸੰਸਥਾਵਾਂ ਇਨ੍ਹਾਂ ਦੀ ਸਹਾਇਤਾ ਲਈ ਅੱਗੇ ਆਉਂਦੀਆਂ ਰਹੀਆਂ ਪਰ ਇਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਅਤੇ ਸੰਕਟ ਏਨਾ ਵੱਡਾ ਸੀ ਕਿ ਇਹ ਸਹਾਇਤਾ ਊਠ ਦੇ ਮੂੰਹ ਵਿਚ ਜੀਰਾ ਸਿੱਧ ਹੋਈ।




## ਅਰਥਚਾਰਾ ਤਬਾਹ ਕਰ ਰਹੀ ਹੈ ਸਰਕਾਰ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਸਰਕਾਰ ਕਰੋਨਾ ਵਾਇਰਸ ਦੇ ਸੰਕਟ ਸਮੇਂ ਲੋਕਾਂ ਅਤੇ ਸੂਖਮ, ਲਘੂ ਤੇ ਦਰਮਿਆਨੀ ਸਨਅਤੀ (ਐਮ.ਐਸ.ਐਮ.ਈ.) ਇਕਾਈਆਂ ਨੂੰ ਨਗਦ ਸਹਿਯੋਗ ਨਾ ਦੇ ਕੇ ਅਰਥਚਾਰਾ ਬਰਬਾਦ ਕਰ ਰਹੀ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਸਰਕਾਰ ਦਾ ਇਹ ਵਤੀਰਾ 'ਨੋਟਬੰਦੀ 2.0' ਹੈ। ਸ੍ਰੀ ਗਾਂਧੀ ਨੇ ਇਕ ਖਬਰ ਸਾਂਝੀ ਕਰਦਿਆਂ ਟਵੀਟ ਕੀਤਾ, 'ਸਰਕਾਰ ਲੋਕਾਂ ਤੇ ਐਮ.ਐਸ.ਐਮ.ਈ. ਨੂੰ ਨਗਦ ਸਹਿਯੋਗ ਦੇਣ ਤੋਂ ਇਨਕਾਰ ਕਰਕੇ ਸਾਡੇ ਅਰਥਚਾਰੇ ਨੂੰ ਤਬਾਹ ਕਰ ਰਹੀ ਹੈ। ਇਹ ਨੋਟਬੰਦੀ 2.0 ਹੈ'।

## ਅਕਸ਼ੈ ਕੁਮਾਰ ਸਭ ਤੋਂ ਕਮਾਊ ਸ਼ਖਸੀਅਤਾਂ 'ਚ ਸ਼ੁਮਾਰ

**ਮੁੰਬਈ:** ਫਿਲਮ ਅਦਾਕਾਰ ਅਕਸ਼ੈ ਕੁਮਾਰ ਨੂੰ ਫੋਰਬਸ ਵੱਲੋਂ 2020 ਦੀਆਂ ਸਭ ਤੋਂ ਕਮਾਊ 100 ਸ਼ਖਸੀਅਤਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਅਕਸ਼ੈ ਕੁਮਾਰ ਨੇ ਅਨੁਮਾਨਤ ਤੌਰ ਉਤੇ 4.85 ਕਰੋੜ ਡਾਲਰ ਦੀ ਕਮਾਈ ਕੀਤੀ ਹੈ। ਫੋਰਬਸ ਵੱਲੋਂ ਪਿਛਲੇ ਸਾਲ ਜਾਰੀ ਸੂਚੀ ਵਿੱਚ ਅਕਸ਼ੈ ਕੁਮਾਰ ਨੇ ਸਥਾਨ ਹਾਸਲ ਕੀਤਾ ਸੀ। ਫੋਰਬਸ ਦੀ ਰਿਪੋਰਟ ਅਨੁਸਾਰ ਕ੍ਰਿਸਟੀਆਨੋ ਰੋਨਾਲਡੋ ਅਰਬਪਤੀ ਬਣਨ ਵਾਲਾ ਦੁਨੀਆਂ ਦਾ ਪਹਿਲਾ ਫੁਟਬਾਲਰ ਬਣ ਗਿਆ ਹੈ। ਉਹ ਆਪਣੇ ਵਿਰੋਧੀ ਖਿਡਾਰੀ ਤੇ ਅਰਜਨਟੀਨਾ ਦੇ ਸਟਾਰ ਲਿਓਨਲ ਮੈੱਸੀ ਤੋਂ ਇਕ ਕਦਮ ਅੱਗੇ ਹੈ। ਟਾਈਗਰ ਵੁੱਡਜ਼ ਤੇ ਫਲਾਇਡ ਮੇਅਵੇਦਰ ਤੋਂ ਬਾਅਦ ਰੋਨਾਲਡੋ ਦੁਨੀਆਂ ਦਾ ਤੀਜਾ ਖਿਡਾਰੀ ਹੈ ਜੋ ਇਸ ਮੁਕਾਮ ਉਤੇ ਪਹੁੰਚਿਆ ਹੈ। ਰੋਨਾਲਡੋ ਦੀ ਕਮਾਈ 6.5 ਅਰਬ ਡਾਲਰ ਹੋ ਗਈ ਤੇ ਇਸ 'ਤੇ 2022 ਤੱਕ 7.65 ਅਰਬ ਡਾਲਰ ਤੱਕ ਪਹੁੰਚ ਜਾਣ ਦਾ ਅਨੁਮਾਨ ਹੈ।



## ਸ਼ੋਪੀਆਂ ਮੁਕਾਬਲੇ 'ਚ ਹਿਜ਼ਬੁਲ ਦੇ ਕਮਾਂਡਰ ਸਣੇ 5 ਅਤਿਵਾਦੀ ਹਲਾਕ

**ਸ੍ਰੀਨਗਰ:** ਦੱਖਣੀ ਕਸ਼ਮੀਰ ਦੇ ਜ਼ਿਲ੍ਹਾ ਸ਼ੋਪੀਆਂ 'ਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਦੌਰਾਨ ਹਿਜ਼ਬੁਲ ਦੇ ਜ਼ਿਲ੍ਹਾ ਕਮਾਂਡਰ ਸਮੇਤ 5 ਅਤਿਵਾਦੀਆਂ ਨੂੰ ਹਲਾਕ ਕਰ ਦਿੱਤਾ ਗਿਆ। ਜ਼ਿਲ੍ਹਾ ਸ਼ੋਪੀਆਂ ਅਤੇ ਕੁਲਗਾਮ 'ਚ ਤਣਾਅ ਅਤੇ ਹਿੰਸਾ ਨੂੰ ਰੋਕਣ ਲਈ ਇੰਟਰਨੈੱਟ ਸੇਵਾ ਨੂੰ ਮੁਅੱਤਲ ਕਰ ਦਿੱਤਾ ਗਿਆ।

ਕਸ਼ਮੀਰ ਰੇਂਜ ਦੇ ਆਈ.ਜੀ.ਪੀ. ਵਿਜੇ ਕੁਮਾਰ ਨੇ 5 ਅਤਿਵਾਦੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕਰਦੇ ਆਪ੍ਰੇਸ਼ਨ ਨੂੰ ਇਸ ਵੇਲੇ ਤੱਕ ਸਾਲ 2020 ਦਾ ਸਭ ਤੋਂ ਵੱਡਾ ਅਤਿਵਾਦ ਵਿਰੋਧੀ ਆਪ੍ਰੇਸ਼ਨ ਦੱਸਦੇ ਹੋਏ ਸੁਰੱਖਿਆ ਬਲਾਂ ਲਈ ਇਕ ਭਾਰੀ ਸਫਲਤਾ ਦੱਸੀ। ਸੂਤਰਾਂ ਅਨੁਸਾਰ ਜ਼ੇਨਾਪੋਰਾ (ਸ਼ੋਪੀਆਂ) ਇਲਾਕੇ ਦੇ ਰੈਬਨ ਪਿੰਡ 'ਚ ਹਿਜ਼ਬੁਲ ਦੇ ਅਤਿਵਾਦੀ ਗਰੁੱਪ ਦੇ ਮੌਜੂਦ ਹੋਣ ਦੀ ਸੂਚਨਾ 'ਤੇ ਸਾਂਝਾ ਆਪ੍ਰੇਸ਼ਨ ਛੇੜਿਆ। ਤਲਾਸ਼ੀ ਦੇ ਚਲਦੇ ਸਵੇਰੇ 4 ਵਜੇ ਜਦ ਸੁਰੱਖਿਆ ਬਲ ਇਕ ਘਰ ਨੇੜੇ ਪਹੁੰਚੇ ਤਾਂ ਉਥੇ ਮਕਾਨ 'ਚ ਲੁਕੇ ਅਤਿਵਾਦੀਆਂ ਨੇ ਸੁਰੱਖਿਆ ਬਲਾਂ ਨੂੰ ਆਪਣੇ ਵੱਲ ਆਉਂਦੇ ਦੇਖ ਫਾਇਰਿੰਗ ਕਰਦੇ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਪਰ ਸੁਰੱਖਿਆ ਬਲਾਂ ਨੇ ਗੋਲੀਬਾਰੀ ਦਾ ਜਵਾਬ ਦਿੰਦੇ ਹੋਏ ਇਨ੍ਹਾਂ ਦੇ ਫਰਾਰ ਹੋਣ ਦੀ ਕੋਸ਼ਿਸ਼ ਨਾਕਾਮ ਕਰ ਦਿੱਤੀ।

## ਕਰੋਨਾ ਕਾਰਨ 26.5 ਕਰੋੜ ਲੋਕਾਂ ਦੇ ਸਾਹਮਣੇ ਭੁੱਖਮਰੀ ਦਾ ਖਤਰਾ

**ਨਵੀਂ ਦਿੱਲੀ:** ਕਰੋਨਾ ਮਹਾਂਮਾਰੀ ਕਾਰਨ ਵਿਸ਼ਵ ਭਰ 'ਚ 26.5 ਕਰੋੜ ਲੋਕਾਂ ਦੇ ਸਾਹਮਣੇ ਭੁੱਖਮਰੀ ਦਾ ਖਤਰਾ ਪੈਦਾ ਹੋ ਗਿਆ ਹੈ। ਭਾਰਤ 'ਚ ਵੀ ਲਗਭਗ 1 ਕਰੋੜ 20 ਲੱਖ ਲੋਕਾਂ ਸਾਹਮਣੇ ਇਹੋ ਸਥਿਤੀ ਪੈਦਾ ਹੋ ਗਈ ਹੈ। ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨਮੈਂਟ (ਸੀ.ਐਸ.ਈ.) ਵਲੋਂ ਪ੍ਰਕਾਸ਼ਿਤ 'ਸਟੇਟ ਆਫ ਇੰਡੀਆਜ਼ ਇਨਵਾਇਰਨਮੈਂਟ ਇਨ ਫਿਗਰਜ਼ 2020' ਰਿਪੋਰਟ ਅਨੁਸਾਰ ਵਿਸ਼ਵ ਪੱਧਰ 'ਤੇ ਗਰੀਬੀ ਦਰ ਵਿਚ 22 ਸਾਲਾਂ 'ਚ ਪਹਿਲੀ ਵਾਰ ਵਾਧਾ ਹੋਵੇਗਾ।

ਦੁਨੀਆਂ ਦੀ ਆਬਾਦੀ ਦਾ 50 ਫੀਸਦੀ ਤਾਲਾਬੰਦੀ 'ਚ ਹੈ, ਜਿਨ੍ਹਾਂ ਦੀ ਆਮਦਨ ਜਾਂ ਤਾਂ ਬਹੁਤ ਘੱਟ ਹੈ ਜਾਂ ਉਨ੍ਹਾਂ ਕੋਲ ਆਮਦਨ ਦਾ ਕੋਈ ਸਾਧਨ ਨਹੀਂ। ਆਮਦਨ ਦੇ ਸਾਧਨ ਸਮਾਪਤ ਹੋਣ ਨਾਲ 4 ਤੋਂ 6 ਕਰੋੜ ਲੋਕ ਆਉਣ ਵਾਲੇ ਮਹੀਨਿਆਂ 'ਚ ਗਰੀਬੀ ਵਿਚ ਜੀਵਨ ਬਤੀਤ ਕਰਨਗੇ। ਰਿਪੋਰਟ ਅਨੁਸਾਰ ਭਾਰਤ ਦੀ ਗਰੀਬ ਆਬਾਦੀ 'ਚ 1 ਕਰੋੜ 20 ਲੱਖ ਲੋਕ ਹੋਰ ਜੁੜ ਜਾਣਗੇ, ਜੋ ਦੁਨੀਆਂ 'ਚ ਸਭ ਤੋਂ ਜ਼ਿਆਦਾ ਹੈ। ਸੀ.ਐਸ.ਈ. ਦੇ ਮਹਾ-ਨਿਰਦੇਸ਼ਕ ਸੁਨੀਤਾ ਨਾਰਾਇਣ ਨੇ ਕਿਹਾ ਕਿ ਪਿਛਲੇ 4 ਸਾਲਾਂ 'ਚ ਵਾਪਰੀਆਂ ਮੌਸਮ ਦੀਆਂ ਘਟਨਾਵਾਂ ਦੁਨੀਆਂ ਭਰ ਦੇ ਆਰਥਿਕ ਜੋਖਮਾਂ 'ਚ ਸਭ ਤੋਂ ਅੱਗੇ ਹਨ ਅਤੇ ਸਾਡੀਆਂ ਇਕਤਰਫਾ ਤੇ ਖਰਾਬ ਵਿਕਾਸ ਰਣਨੀਤੀਆਂ ਨਾਲ ਇਸ ਦਾ ਅਸਰ ਭਾਰਤ ਦੇ ਗਰੀਬਾਂ 'ਤੇ ਜ਼ਿਆਦਾ ਹੋਇਆ ਹੈ ਤੇ ਕਰੋਨਾ ਦਾ ਪ੍ਰਭਾਵ ਵੀ ਹੁਣ ਇਸ ਦੇ ਨਾਲ ਜੁੜ ਗਿਆ ਹੈ।



# ਪੰਜਾਬੀ ਲਿਖਾਰੀ ਸਭਾ ਸਿਆਟਲ ਨੇ ਸਜਾਇਆ ਜ਼ੂਮ ਐਪ ਰਾਹੀਂ ਕਵੀ ਦਰਬਾਰ

**ਸਿਆਟਲ (ਬਿਊਰੋ):** ਕਰੋਨਾ ਮਹਾਮਾਰੀ ਦੇ ਫੈਲਾਅ ਨੂੰ ਰੋਕਣ ਲਈ ਸਮਾਜਕ-ਦੂਰੀ ਬਣਾ ਕੇ ਰੱਖਦਿਆਂ ਆਪਣੇ ਮਿਲਣ-ਮਿਲਾਉਣ ਦੀ ਤਮੰਨਾ ਨੂੰ ਪੂਰਾ ਕਰਨ ਲਈ 'ਜ਼ੂਮ-ਯੂ. ਐਸ.' ਤਕਨੀਕ ਰਾਹੀਂ ਸਥਾਨਕ ਪੰਜਾਬੀ ਲਿਖਾਰੀ ਸਭਾ ਨੇ ਲੰਘੇ ਸਨਿਚਰਵਾਰ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਭਾਰਤ, ਪਾਕਿਸਤਾਨ ਦੇਸ਼ਾਂ ਦੇ ਸਾਹਿਤਕਾਰਾਂ ਨੂੰ ਇਕ ਦੂਜੇ ਦੇ ਰੂਬਰੂ ਕਰਦਿਆਂ ਕੋਈ ਤਿੰਨ ਘੰਟਿਆਂ ਤੱਕ ਸਾਹਿਤਕ ਮਿਲਣੀ ਅਤੇ ਕੌਮਾਂਤਰੀ ਕਵੀ ਦਰਬਾਰ ਕੀਤਾ। ਲਿਖਾਰੀ ਸਭਾ ਦੇ ਫੇਸਬੁੱਕ ਪੇਜ ਉਤੇ ਸਮਾਗਮ ਦਾ ਸਿੱਧਾ ਪ੍ਰਸਾਰਣ ਵੀ ਕੀਤਾ ਗਿਆ, ਜੋ ਹੁਣ ਵੀ ਵੇਖਿਆ ਜਾ ਸਕਦਾ ਹੈ।

ਸਭਾ ਦੇ ਪ੍ਰਧਾਨ ਡਾ. ਜੇ. ਬੀ. ਸਿੰਘ ਤੇ ਜਨਰਲ ਸਕੱਤਰ ਬਲਿਹਾਰ ਸਿੰਘ ਲੇਹਲ ਨੇ ਸਿਆਟਲ 'ਚ ਬੈਠਿਆਂ ਕਾਰਵਾਈ ਚਲਾਈ ਅਤੇ ਇੰਡੀਆ 'ਚ ਬਠਿੰਡਾ ਤੋਂ ਮੰਗਤ ਕੁਲਜਿੰਦ ਨੇ ਉਨ੍ਹਾਂ ਨੂੰ ਸਹਿਯੋਗ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਭਾ ਦੇ ਪ੍ਰਧਾਨ ਨੇ ਜੂਨ ਚੌਰਾਸੀ ਅਤੇ ਹਾਲ ਹੀ ਵਿਚ ਅਮਰੀਕਾ ਵਿਚ ਵਾਪਰੀਆਂ ਨਸਲੀ ਵਿਤਕਰੇ ਦੀਆਂ ਘਟਨਾਵਾਂ ਉਤੇ ਚਿੰਤਾ ਪ੍ਰਗਟ ਕੀਤੀ। ਸੰਸਾਰ 'ਚ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਅਰਦਾਸ ਕੀਤੀ ਗਈ।

ਪ੍ਰੋਗਰਾਮ ਵਿਚ ਖਾਸ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕਰ ਰਹੇ ਕਈ ਕਿਤਾਬਾਂ ਦੇ ਰਚੈਤਾ ਵੁਲਵਰਹੈਂਪਟਨ, ਇੰਗਲੈਂਡ ਤੋਂ ਡਾ. ਮਹਿੰਦਰ ਗਿੱਲ ਨੇ ਕੁਝ ਦਿਨ ਪਹਿਲਾਂ ਦੁਨੀਆਂ ਨੂੰ ਅਲਵਿਦਾ ਕਹਿ ਗਏ ਇੰਗਲੈਂਡ ਵੱਸਦੇ ਪੰਜਾਬੀ ਹਾਸਰਸ ਅਤੇ ਵਿਅੰਗ ਦੇ ਸਿਰਤਾਜ ਇੰਦਰਜੀਤ ਸਿੰਘ ਜੀਤ (ਸੰਪਾਦਕ 'ਮੀਰਜ਼ਾਦਾ', ਹਾਸ ਵਿਅੰਗ ਮੈਗਜ਼ੀਨ) ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਆਪਣੀਆਂ ਕਾਵਿ ਰਚਨਾਵਾਂ ਦਾ ਪਾਠ ਕੀਤਾ। ਆਸਟ੍ਰੇਲੀਆ ਤੋਂ ਅਮਰਦੀਪ ਸਿੰਘ ਨੇ 'ਬੜਾ ਕੁਝ ਹੋਰ ਬਾਕੀ ਐ' ਗਜ਼ਲ ਦੇ ਸ਼ੇਅਰਾਂ ਨਾਲ ਰੰਗ ਬੰਨਿਆ।

ਇਸਲਾਮਾਬਾਦ, ਪਾਕਿਸਤਾਨ ਤੋਂ ਖਾਸ ਮਹਿਮਾਨ ਅਜ਼ਮ ਮਲਿਕ ਨੇ ਜਦੋਂ 'ਕੈਦੀਆਂ ਵਾਂਗੂੰ ਉਮਰ ਹੰਢਾਈ ਜਾਂਦੇ ਹਾਂ, ਆਪਣੇ ਘਰ ਨੂੰ ਜੇਲ੍ਹ ਬਣਾਈ ਜਾਂਦੇ ਹਾਂ' ਖੂਬਸੂਰਤ ਸ਼ੇਅਰ ਉਚਰੇ ਤਾਂ ਵਾਹ ਵਾਹ ਦਾ ਦੌਰ ਚੱਲ ਪਿਆ। ਬਰੈਂਪਟਨ, ਕੈਨੇਡਾ ਤੋਂ ਭੁਪਿੰਦਰ ਦੂਲੇ ਨੇ 'ਅਜੇ ਤਾਂ ਦੂਰ ਕਾਫੀ ਹੈ ਸਵੇਰਾ, ਅਜੇ ਤਾਂ ਜਲਜਲੇ ਵੀ ਆ ਰਹੇ' ਆਦਿ ਸ਼ੇਅਰਾਂ ਨਾਲ ਮਹਿਕ ਖਿਲਾਰੀ। ਬੈਲਵਿਊ, ਅਮਰੀਕਾ ਤੋਂ ਰਾਹੁਲ ਉਪਾਧਿਆਇ ਭਾਵੇਂ ਲਿਖਦੇ ਹਿੰਦੀ ਵਿਚ ਹਨ, ਪਰ ਪੰਜਾਬੀ ਦੇ ਬੜੇ ਪ੍ਰਸ਼ੰਸਕ ਹਨ, ਉਨ੍ਹਾਂ ਨੇ ਧਰਤੀ ਦੇ ਕੋਨੇ ਕੋਨੇ ਨੂੰ ਢੂੰਡਣ ਵਾਲੀ ਤਕਨੀਕ ਜੀ. ਪੀ. ਐਸ ਨੂੰ ਨਵੇਂ ਢੰਗ ਨਾਲ ਪੇਸ਼ ਕਰਕੇ ਸੱਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ।

ਚੰਡੀਗੜ੍ਹ ਦੇ ਦੂਰਦਰਸ਼ਨ ਦੇ ਮੁਸ਼ਾਇਰਿਆਂ ਦਾ ਸ਼ਿੰਗਾਰ ਬਣਦੇ ਰਾਜਬੀਰ ਸਿੰਘ ਰਾਜ ਨੇ 'ਹਮਨੇ ਬਹੁਤ ਸੰਭਾਲ ਕਰ ਰੱਖਾ ਥਾ ਫਾਸਲਾ, ਤੁਮ ਰੂਬਰੂ ਹੂਏ ਤੋ ਇਰਾਦੇ ਬਦਲ ਗਏ' ਵਰਗੇ ਸ਼ੇਅਰ ਪੇਸ਼ ਕਰ ਕੇ ਸਭ ਦਾ ਦਿਲ ਜਿੱਤ ਲਿਆ। ਸਦੀਆਂ ਤੋਂ ਸਰਕਾਰਾਂ ਦੀਆਂ ਕੋਝੀਆਂ ਹਰਕਤਾਂ ਨਾਲ ਲਹੂ-ਲੁਹਾਨ ਹੋ ਰਹੀ ਮਾਨਵਤਾ ਦੀ ਗੱਲ ਪਾਉਂਦੀ ਸੀ ਹਰਦਿਆਲ ਸਿੰਘ ਚੀਮਾ ਦੀ ਕਵਿਤਾ, 'ਰਾਜੇ ਸੀਂਹ ਮੁਕੱਦਮ ਕੁੱਤੇ।' ਸਭਾ ਦੇ ਜੁਆਇੰਟ ਸਕੱਤਰ ਸਾਧੂ ਸਿੰਘ ਝੱਜ ਨੇ ਆਪਣੀ ਨਜ਼ਮ ਰਾਹੀਂ ਉਪਰ ਵਾਲੇ ਦੀਆਂ ਰਹਿਮਤਾਂ ਨੂੰ ਮਾਨਵਤਾ ਲਈ ਬਖਸ਼ਿਸ਼ ਮੰਨਦਿਆਂ ਉਸ ਦੇ ਭਾਣੇ 'ਚ ਰਹਿਣ ਦੀ ਅਰਜ਼ ਕੀਤੀ। ਗੁਰੂ ਅਰਜਨ ਦੇਵ ਜੀ ਦਾ ਤੱਤੀ ਤਵੀ 'ਤੇ ਬੈਠ ਧਰਮ ਕੌਮ ਲਈ ਸ਼ਹੀਦ ਹੋਣਾ ਅੱਜ ਵੀ ਸਾਡੇ ਮਨਾਂ ਨੂੰ ਟੁੰਬਦਾ ਹੈ, ਜਦੋਂ ਸ਼ਿੰਗਾਰ ਸਿੰਘ ਸਿੱਧੂ ਨੇ ਇਸ ਨੂੰ ਆਪਣੇ ਗੀਤ ਰਾਹੀਂ ਪੇਸ਼ ਕੀਤਾ ਤਾਂ ਸਭ ਦਾ ਸਿਰ ਸ਼ਰਧਾ ਨਾਲ ਝੁਕ ਗਿਆ।

ਕਰੋਨਾ ਤੋਂ ਛੁਟਕਾਰਾ ਪਾਉਣ ਲਈ 'ਡਾ. ਪਰੇਮ ਕੁਮਾਰ ਨੇ ਆਪਣੀ ਨਜ਼ਮ 'ਰੱਬਾ ਰੱਬਾ ਮੀਂਹ ਵਰਸਾ ਦੇ, ਉਸ ਵਿਚ ਸੈਨੇਟਾਈਜ਼ਰ ਪਾ ਦੇ' ਰਾਹੀਂ ਬੱਚਾ ਬਣ ਕੇ ਰੱਬ ਨੂੰ ਅਰਜ਼ ਕੀਤੀ। ਸੈਕਰਾਮੈਂਟੋਂ ਤੋਂ ਮਕਸੂਦ ਅਲੀ ਦੀ ਕਵਿਤਾ 'ਸੋਹਣੀ ਮਲੂਕ ਤੇ ਪਿਆਰੀ ਜ਼ਿੰਦੜੀ, ਉਹਦੇ ਉਤੋਂ ਵਾਰੀ ਜ਼ਿੰਦੜੀ' ਨੇ ਸਭ ਨੂੰ ਸ਼ਸ਼ੋਪੰਜ ਵਿਚ ਪਾ ਦਿੱਤਾ ਕਿ ਉਹ ਕੌਣ ਹੈ? ਸਭਾ ਦੇ ਮੀਤ ਪ੍ਰਧਾਨ ਹਰਪਾਲ ਸਿੱਧੂ ਨੇ ਖੁੱਲੀ ਕਵਿਤਾ 'ਭਾਲ' ਰਾਹੀਂ ਆਪਣੇ ਜਜ਼ਬਾਤ ਸਾਂਝੇ ਕੀਤੇ। ਟਰਾਂਸਪੋਰਟ ਦੀ ਦੁਨੀਆਂ ਵਿਚ ਵਿਚਰਦਿਆਂ ਵੀ ਲਖਵੀਰ ਲੱਕੀ ਨੇ ਆਪਣੀ ਘਰ ਵਾਲੀ ਦੀ ਮੁਹੱਬਤ, ਘਾਲਣਾ, ਕੁਰਬਾਨੀ ਅਤੇ ਉਸ ਦੀ ਮਿਹਨਤ ਨੂੰ ਕਵਿਤਾ ਰਾਹੀਂ ਬੜੀ ਹੀ ਸ਼ਿੱਦਤ ਨਾਲ ਯਾਦ ਕੀਤਾ। ਕਰੋਨਾ ਦੌਰ ਵਿਚ ਫਰੰਟ ਲਾਈਨ 'ਤੇ ਲੜਾਈ ਲੜ ਰਹੇ ਡਾ. ਸੁਖਬੀਰ ਸਿੰਘ ਬੀਹਲਾ ਨੇ 'ਡੌਲ ਹਾਊਸ' ਕਵਿਤਾ ਰਾਹੀਂ ਆਦਮੀ ਦੇ ਮਨ ਦੀਆਂ ਪਰਤਾਂ ਦੀ ਫਰੋਲਾ-ਫਰਾਲੀ ਕੀਤੀ।

ਸੁਖਵਿੰਦਰ ਬੋਦਲਾਂਵਾਲਾਂ ਨੇ ਹਕੂਮਤਾਂ ਦੀਆਂ ਕਮੀਨਗੀਆਂ ਅਤੇ ਲਾਲਚੀ ਨੀਤਾਂ ਦੇ ਮਾਲਕ ਨੇਤਾਵਾਂ ਉਪਰ ਆਪਣੀ ਕਵਿਤਾ ਰਾਹੀਂ ਵਿਅੰਗ ਬਾਣਾਂ ਦੀ ਵਰਖਾ ਕੀਤੀ। ਕਵਿੱਤਰੀ ਸੁਖਵਿੰਦਰ ਆਹੀ ਨੇ ਆਪਣੀ ਮਿੱਠੀ ਤਰੰਨਮ ਭਰੀ ਅਵਾਜ਼ 'ਚ 'ਜਿਨ੍ਹਾਂ ਦੀਆਂ ਤਿੜਕੀਆਂ ਕੰਧਾਂ, ਉਨ੍ਹਾਂ ਦੇ ਘਰ ਨਹੀਂ ਹੁੰਦੇ, ਜਿਹੜੇ ਅਸਮਾਨੋਂ ਡਿੱਗਦੇ ਉਨ੍ਹਾਂ ਦੇ ਪਰ ਨਹੀਂ ਹੁੰਦੇ' ਗਜ਼ਲ ਸੁਣਾ ਕੇ ਮਾਹੌਲ ਨੂੰ ਸੁਰਮਈ ਬਣਾ ਦਿੱਤਾ। ਜਯੋਤੀ ਪਾਲ ਨੇ ਹਾਰਮੋਨੀਅਮ ਦੀਆਂ ਸੁਰਾਂ ਦੇ ਸਾਥ ਨਾਲ ਆਪਣੀ ਸੁਰੀਲੀ ਅਵਾਜ਼ 'ਚ ਸੂਫੀ ਰੰਗ ਦੀ ਨਜ਼ਮ ਪੇਸ਼ ਕੀਤੀ।

ਬਠਿੰਡਾ ਬੈਠੇ ਸਭਾ ਦੇ ਮੈਂਬਰ ਮੰਗਤ ਕੁਲਜਿੰਦ ਨੇ ਆਪਣੀ ਨਵੀਂ ਲਿਖੀ ਗਜ਼ਲ 'ਪਸ਼ੂ-ਪੰਛੀਆਂ ਆਜ਼ਾਦ ਫਿਜ਼ਾ ਦਾ, ਹੁਣ ਹੈ ਅਨੰਦ ਮਨਾਇਆ, ਮਾਨਵ ਦੇ ਜਦ ਰੂਪ ਸਾਰੇ, ਚਾਰ ਦੀਵਾਰੀਂ ਤੜ ਗਏ' ਪੇਸ਼ ਕਰਦਿਆਂ ਕਰੋਨਾ ਮਹਾਮਾਰੀ ਦੇ ਚਿਰ-ਸਥਾਈ ਪ੍ਰਭਾਵਾਂ ਦੀ ਨਕਸ਼ਾਨਵੀਸੀ ਕੀਤੀ। ਸਭਾ ਦੇ ਪ੍ਰਧਾਨ ਡਾ. ਜੇ. ਬੀ. ਸਿੰਘ ਨੇ 'ਅਨੁਸ਼ਾਸ਼ਨ' ਕਵਿਤਾ ਰਾਹੀਂ ਆਪਣੀ ਜ਼ਿੰਦਗੀ ਦੇ ਤਜਰਬਿਆਂ 'ਚੋਂ ਕਸ਼ੀਦੇ ਵਿਚਾਰ ਪੇਸ਼ ਕੀਤੇ।

ਸਭਾ ਦੇ ਜਨਰਲ ਸਕੱਤਰ ਬਲਿਹਾਰ ਸਿੰਘ ਲੇਹਲ ਨੇ ਕਾਵਿ ਦੇ ਵੱਗ ਰਹੇ ਵਹਾਅ ਨੂੰ ਆਪਣੀ ਮਿੰਨੀ ਕਹਾਣੀ 'ਅਹੁ ਗਈ, ਅਹੁ ਗਈ' ਰਾਹੀਂ ਠੱਲ ਪਾਈ। ਕਹਾਣੀ ਦੇ ਹਾਸਰਸੀ ਕਥਾਨਕ ਨੇ ਸਭ ਦੇ ਚੇਹਰਿਆਂ ਤੇ ਹਾਸੇ ਦੀਆਂ ਲਕੀਰਾਂ ਵਾਹ ਦਿੱਤੀਆਂ। ਪ੍ਰੋਗਰਾਮ ਦੇ ਅਖੀਰ ਵਿਚ ਸਕੱਤਰ ਨੇ ਸਾਰੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ। ਹੋਰ ਜਾਣਕਾਰੀ ਲਈ ਫੋਨ: 206-244-4663 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਵੈਬੀਨਾਰ ਰਾਹੀਂ ਕਰੋਨਾ ਬਾਰੇ ਸੰਗਤ ਨੂੰ ਜਾਗਰੂਕ ਕੀਤਾ

**ਸ਼ਿਕਾਗੋ (ਬਿਊਰੋ):** ਸਿੱਖ ਰਿਸੋਰਸ ਸੁਸਾਇਟੀ ਨੇ 18 ਮਈ ਅਤੇ ਪਹਿਲੀ ਜੂਨ ਨੂੰ 'ਕੋਵਿਡ-19: ਕੱਲ੍ਹ, ਅੱਜ ਤੇ ਭਲਕ' ਤਹਿਤ ਦੋ ਵੈਬੀਨਾਰ ਕਰਵਾਏ। ਕੋਰਸ ਡਾਇਰੈਕਟਰ ਡਾ. ਜਸਵਿੰਦਰ ਸਿੰਘ ਚਾਵਲਾ ਨੇ ਇਨ੍ਹਾਂ ਵੈਬੀਨਾਰਾਂ ਦਾ ਪ੍ਰਬੰਧ ਕੀਤਾ ਤਾਂ ਕਿ ਸੰਗਤ ਨੂੰ ਕਰੋਨਾ ਵਾਇਰਸ ਦੀ ਬਿਮਾਰੀ (ਕੋਵਿਡ-19) ਤੋਂ ਬਚਾਓ ਬਾਰੇ ਜਾਗਰੂਕ ਕੀਤਾ ਜਾ ਸਕੇ। ਇਨ੍ਹਾਂ ਦੋਹਾਂ ਵੈਬੀਨਾਰਾਂ ਨੂੰ ਸੰਗਤ ਨੇ ਭਰਪੂਰ ਹੁੰਗਾਰਾ ਭਰਿਆ।

ਇਨ੍ਹਾਂ ਵੈਬੀਨਾਰਾਂ ਵਿਚ ਅੱਠ ਬੁਲਾਰਿਆਂ ਨੇ ਹਿੱਸਾ ਲਿਆ। ਸਭ ਤੋਂ ਪਹਿਲਾਂ ਡਾ. ਜਸਵਿੰਦਰ ਸਿੰਘ ਚਾਵਲਾ, ਜੋ ਲੌਇਲਾ ਯੂਨੀਵਰਸਿਟੀ ਮੈਡੀਕਲ ਸੈਂਟਰ ਵਿਚ ਨਿਊਰੋਲੋਜੀ ਦੇ ਪ੍ਰੋਫੈਸਰ ਹਨ, ਨੇ ਕੋਵਿਡ-19 ਦੇ ਮੈਡੀਕਲ ਪਿਛੋਕੜ, ਇਸ ਤੋਂ ਸੁਰੱਖਿਆ ਅਤੇ ਇਲਾਜ ਬਾਰੇ ਚਰਚਾ ਕੀਤੀ। ਮਨਜੀਤ ਕੌਰ, ਆਰ. ਐਨ. ਨੇ ਘਰ ਵਿਚ ਅਤੇ ਹਸਪਤਾਲ ਵਿਚੋਂ ਛੁੱਟੀ ਹੋਣ ਪਿੱਛੋਂ ਕੋਵਿਡ-19 ਬਾਰੇ ਚੌਕਸੀ ਰੱਖਣ ਬਾਰੇ ਦੱਸਿਆ। ਡਾ. ਹਰਜਿੰਦਰ ਸਿੰਘ ਖਹਿਰਾ ਨੇ ਕੋਵਿਡ-19 ਦੌਰਾਨ ਦੰਦਾਂ ਦੀ ਸਾਂਭ-ਸੰਭਾਲ ਬਾਰੇ ਜਾਣਕਾਰੀ ਸਾਂਝੀ ਕੀਤੀ। ਮਨੋ ਚਿਕਿਤਸਕ ਡਾ. ਰਿਤੂ ਤਲਵਾਰ ਨੇ ਕੋਵਿਡ ਦੌਰਾਨ ਮਾਨਸਿਕ ਸਿਹਤ ਦੀਆਂ ਲੋੜਾਂ ਬਾਰੇ ਦੱਸਿਆ।


ਡਾ. ਜਸਵਿੰਦਰ ਸਿੰਘ ਚਾਵਲਾ

ਇਸੇ ਤਰ੍ਹਾਂ ਜੌਬ ਕੋਚ ਮਨਮੀਤ ਕੌਰ ਨੇ ਇਸ ਮਹਾਮਾਰੀ ਦੌਰਾਨ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਉਤੇ ਆਨਲਾਈਨ ਪੜ੍ਹਾਈ ਦੇ ਪਏ ਪ੍ਰਭਾਵਾਂ ਬਾਰੇ ਵਿਚਾਰ ਸਾਂਝੇ ਕੀਤੇ। ਸੀ. ਪੀ. ਏ. ਰੋਜਰ ਚਾਵਲਾ ਨੇ ਪੇਅ-ਰੋਲ ਪ੍ਰੋਟੈਕਸ਼ਨ ਪ੍ਰੋਗਰਾਮ ਅਤੇ ਆਰਥਕ ਰਾਹਤ ਲੋਨ ਬਾਰੇ ਦੱਸਿਆ। ਵਿਤੀ ਸਲਾਹਕਾਰ ਗੁਰਪ੍ਰੀਤ ਸਿੰਘ ਨੇ ਸੇਵਾਮੁਕਤੀ ਦੀਆਂ ਯੋਜਨਾਵਾਂ ਅਤੇ ਹੋਰ ਵਿੱਤੀ ਨੁਕਤਿਆਂ ਬਾਰੇ ਗੱਲ ਕੀਤੀ। ਟੀ. ਪਾਲ ਚਾਵਲਾ ਨੇ ਕੋਵਿਡ ਦੇ ਦੌਰ ਵਿਚ ਕਾਰੋਬਾਰੀ ਅਤੇ ਕਾਨੂੰਨੀ ਨੁਕਤਾ-ਨਿਗ੍ਹਾ ਤੋਂ ਵਿਚਾਰ ਸਾਂਝੇ ਕੀਤੇ।

ਇਨ੍ਹਾਂ ਵਿਚਾਰਾਂ ਤੋਂ ਬਾਅਦ ਵੱਖ-ਵੱਖ ਬੁਲਾਰਿਆਂ ਨੇ ਇਨ੍ਹਾਂ ਵੈਬੀਨਾਰਾਂ ਵਿਚ ਹਿੱਸਾ ਲੈਣ ਵਾਲਿਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਇਨ੍ਹਾਂ ਵੈਬੀਨਾਰਾਂ ਵਿਚ 150 ਤੋਂ ਉਪਰ ਲੋਕਾਂ ਨੇ ਹਿੱਸਾ ਲਿਆ ਅਤੇ ਆਸ ਪ੍ਰਗਟਾਈ ਕਿ ਸੰਗਤ ਲਈ ਵੱਖ-ਵੱਖ ਮੁੱਦਿਆਂ 'ਤੇ ਅਜਿਹੇ ਹੋਰ ਵੈਬੀਨਾਰ ਵੀ ਕਰਵਾਏ ਜਾਣਗੇ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



*We do all type of Home and Commercial Loan. Same day loan approval...*

# ਚੀਨ ਤੇ ਭਾਰਤ ਵਿਚਲੇ ਫੌਜੀ ਟਕਰਾਓ ਦਾ ਆਲਮੀ ਪ੍ਰਸੰਗ

***ਚੀਨੀ ਫੌਜਾਂ ਦੇ ਲੱਦਾਖ ਵਿਚ ਜਬਰੀ ਦਖਲ-ਅੰਦਾਜ਼ੀ ਕਰਨ ਦੇ ਅਪਨਾਏ ਹਮਲਾਵਰ ਰੁਖ ਨਾਲ ਨਵਾਂ ਰੇੜਕਾ ਖੜਾ ਹੋ ਗਿਆ ਹੈ। ਧਾਰਾ-370 ਦੇ ਪ੍ਰਸੰਗ ਵਿਚ ਅਤੇ ਕਰੋਨਾ ਮਹਾਮਾਰੀ ਪਿਛੋਂ ਚੀਨ ਤੇ ਅਮਰੀਕਾ ਦਰਮਿਆਨ ਵਧੇ ਤਣਾਓ ਦੌਰਾਨ ਭਾਰਤ ਦੇ ਅਮਰੀਕਾ ਪੱਖੀ ਹੋਣ ਦੇ ਸੰਦਰਭ ਵਿਚ ਇਹ ਚਰਚਾ ਹੈ ਕਿ ਚੀਨ ਦੀ ਇਹ ਕਾਰਵਾਈ ਭਾਰਤੀ ਸਾਮਰਾਜੀਆਂ ਨੂੰ ਜਮੀਨੀ ਹਕੀਕਤ ਦਾ ਅਹਿਸਾਸ ਕਰਵਾਉਣ ਲਈ ਹੀ ਹੈ। ਇਸ ਨਾਲ ਨਾ ਸਿਰਫ ਭਾਰਤੀ ਫੌਜ, ਸਗੋਂ ਆਰ. ਐਸ. ਐਸ. ਸਮੇਤ ਮੋਦੀ ਸਰਕਾਰ ਨੂੰ ਵੀ ਸੰਸਾਰ ਭਰ ਵਿਚ ਜਲੀਲ ਹੋਣਾ ਪਿਆ ਹੈ। ਉਘੇ ਚਿੰਤਕ ਗੁਰਬਚਨ ਸਿੰਘ ਨੇ ਵੱਖ ਵੱਖ ਅਖਬਾਰਾਂ ਦੇ ਹਵਾਲੇ ਨਾਲ ਅਤੇ ਚੀਨ ਤੇ ਭਾਰਤ ਵਿਚਲੇ ਫੌਜੀ ਟਕਰਾਓ ਦਾ ਪ੍ਰਸੰਗ ਆਲਮੀ ਸਰਗਰਮੀਆਂ ਨਾਲ ਜੋੜਦਿਆਂ ਕੁਝ ਨੁਕਤੇ ਉਠਾਏ ਹਨ। -ਸੰਪਾਦਕ***

8 ਜੂਨ ਦੀ ਅੰਗਰੇਜ਼ੀ ਟ੍ਰਿਬਿਊਨ ਦੇ ਪਹਿਲੇ ਸਫੇ ਉਤੇ ਪੱਤਰਕਾਰ ਅਜੈ ਬੈਨਰਜੀ ਨੇ ਕੌਮੀ ਸੁਰਖਿਆ ਸਲਾਹਕਾਰ ਬੋਰਡ ਦੇ ਮੈਂਬਰ ਸਾਬਕਾ ਲੈਫਟੀਨੈਂਟ ਜਨਰਲ ਨਰਸਿੰਮਨ ਦੇ ਹਵਾਲੇ ਨਾਲ ਇਹ ਜਾਣਕਾਰੀ ਦਿਤੀ ਹੈ ਕਿ ਅਜੇ ਤਕ ਭਾਰਤ ਸਰਕਾਰ ਦਾ ਸਾਰਾ ਸੁਰੱਖਿਆ ਮਹਿਕਮਾ ਇਹ ਫੈਸਲਾ ਨਹੀਂ ਕਰ ਸਕਿਆ ਕਿ ਅਚਨਚੇਤੀ ਚੀਨੀ ਫੌਜ ਦੀ ਲੱਦਾਖ ਖੇਤਰ ਵਿਚ ਕੀਤੀ ਗਈ ਦਖਲ-ਅੰਦਾਜ਼ੀ ਅਤੇ ਅਪਨਾਏ ਗਏ ਹਮਲਾਵਰ ਰੁਖ ਦਾ ਕਾਰਨ ਤੇ ਮੰਤਵ ਕੀ ਹੈ? ਸਰਕਾਰੀ ਹਵਾਲੇ ਨਾਲ ਇਹ ਵੀ ਦਸਿਆ ਗਿਆ ਹੈ ਕਿ ਫੌਜ, ਹਥਿਆਰਾਂ ਅਤੇ ਤੋਪਾਂ ਦੀ ਗਿਣਤੀ ਪੱਖੋਂ ਪਿਛਲੇ 53 ਸਾਲ ਵਿਚ ਅਜਿਹਾ ਕੋਈ ਮੌਕਾ ਨਹੀਂ ਆਇਆ, ਜਦੋਂ ਚੀਨੀ ਫੌਜ ਨੇ ਭਾਰਤੀ ਇਲਾਕੇ ਵਿਚ ਇਸ ਤਰ੍ਹਾਂ ਦੀ ਜਬਰੀ ਘੁਸਪੈਠ ਕੀਤੀ ਹੋਵੇ। ਲੈਫਟੀਨੈਂਟ ਜਨਰਲ ਦੇ ਹਵਾਲੇ ਨਾਲ ਇਹ ਵੀ ਦਸਿਆ ਗਿਆ

**ਗੁਰਬਚਨ ਸਿੰਘ**
**ਫੋਨ: 91-98156-98451**

ਹੈ ਕਿ ਭਾਰਤੀ ਸੁਰਖਿਆ ਅਦਾਰੇ ਸੋਚਦੇ ਹਨ ਕਿ ਸਾਧਨਾਂ ਪੱਖੋਂ ਚੀਨ ਉਕਤ ਇਲਾਕੇ ਵਿਚ ਬਣਿਆ ਆਪਣਾ ਦਬਾਓ ਲੰਬਾ ਸਮਾਂ ਕਾਇਮ ਰਖ ਸਕਦਾ ਹੈ, ਪਰ ਵੱਡਾ ਸੁਆਲ ਇਹ ਹੈ ਕਿ ਕੀ ਉਹ ਇੰਜ ਕਰੇਗਾ?

ਅਖਬਾਰਾਂ ਨੇ ਇਹ ਜਾਣਕਾਰੀ ਵੀ ਦਿੱਤੀ ਹੈ ਕਿ 6 ਜੂਨ ਨੂੰ ਦੋਹਾਂ ਦੇਸਾਂ ਦੀ ਲੈਫਟੀਨੈਂਟ ਜਨਰਲ ਪੱਧਰ ਦੀ ਹੋਈ ਫੌਜੀ ਮੀਟਿੰਗ ਵਿਚ ਚੀਨ ਨੇ ਇਕ ਇੰਚ ਵੀ ਪਿੱਛੇ ਹਟਣ ਤੋਂ ਇਨਕਾਰ ਕਰ ਦਿੱਤਾ ਹੈ। ਇਸੇ ਲਈ ਮੀਟਿੰਗ ਪਿਛੋਂ ਜਾਰੀ ਕੀਤੇ ਗਏ ਬਿਆਨ ਵਿਚ ਸਿਰਫ ਏਨਾ ਹੀ ਕਿਹਾ ਗਿਆ ਹੈ ਕਿ ਦੋਵੇਂ ਦੇਸ਼ ਗੱਲਬਾਤ ਨਾਲ ਮਸਲਾ ਹੱਲ ਕਰਨ ਲਈ ਸਹਿਮਤ ਹੋ ਗਏ ਹਨ, ਪਰ ਕੀ ਚੀਨੀ ਫੌਜ ਇਕ ਅਪਰੈਲ ਵਾਲੀ ਪਹਿਲੀ ਪੁਜੀਸ਼ਨ ਉਤੇ ਵਾਪਸ ਜਾਏਗੀ? ਇਸ ਬਾਰੇ ਕੁਝ ਨਹੀਂ ਦੱਸਿਆ ਗਿਆ। ਸਾਬਕਾ ਲੈਫਟੀਨੈਂਟ ਜਨਰਲ ਐਚ. ਐਸ. ਪਨਾਂਗ ਦੀ ਦਿੱਤੀ ਗਈ ਜਾਣਕਾਰੀ ਅਨੁਸਾਰ ਚੀਨੀ ਫੌਜ 8 ਕਿਲੋਮੀਟਰ ਭਾਰਤੀ ਇਲਾਕੇ ਅੰਦਰ ਘੁਸ ਆਈ ਹੈ। ਹੋਰਨਾਂ ਜਾਣਕਾਰ ਸੂਤਰਾਂ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ।

ਦਿਲਚਸਪ ਗੱਲ ਇਹ ਹੈ ਕਿ 'ਦੇਸ਼ ਭਗਤ' ਮੀਡੀਆ ਇਸ ਚੀਨੀ ਘੁਸਪੈਠ ਨੂੰ ਵੀ ਪਾਕਿਸਤਾਨ ਦੀ ਤਰਜ ਉਤੇ ਚੀਨ ਨੂੰ ਗਾਲ੍ਹਾਂ ਕੱਢਣ ਲਈ ਵਰਤ ਰਿਹਾ ਹੈ। 27 ਮਈ ਦੀ ਪੰਜਾਬੀ ਅਖਬਾਰ 'ਜੱਗਬਾਣੀ' ਦੀ ਸੁਰਖੀ ਹੈ, 'ਚੀਨ ਜੰਗ ਲਈ ਤਿਆਰ, ਭਾਰਤ ਵੀ ਪਿਛੇ ਨਹੀਂ ਹਟੇਗਾ।' ਇਸ ਖਬਰ ਦੀ ਸ਼ੁਰੂਆਤ ਵੀ ਬੜੀ ਦਿਲਚਸਪ ਹੈ। ਖਬਰ ਅਨੁਸਾਰ ਭਾਵੇਂ ਕਿ ਚੀਨੀ ਫੌਜ ਖੁਦ ਬਾਰੇ ਬੜੀ ਅਸੂਲੀ ਹੋਣ ਦਾ ਦਾਅਵਾ ਕਰਦੀ ਹੈ, ਪਰ ਚੀਨੀ ਫੌਜੀਆਂ ਦੀ ਨੀਚ ਹਰਕਤ ਅਤੇ ਗੁੰਡਾਗਰਦੀ ਦਾ ਸਬੂਤ ਸਾਹਮਣੇ ਆਇਆ ਹੈ। ਖਬਰ ਵਿਚ ਇਹ ਜਾਣਕਾਰੀ ਦਿਤੀ ਗਈ ਹੈ ਕਿ ਪੂਰਬੀ ਲੱਦਾਖ ਦੇ ਪੈਨਗੋਗ ਤਸੋ ਝੀਲ ਖੇਤਰ ਵਿਚ ਚੀਨੀ ਫੌਜੀਆਂ ਨੇ ਭਾਰਤੀ ਫੌਜੀ ਬਲਾਂ ਨੂੰ ਕੁੱਟਣ ਲਈ ਡੰਡਿਆਂ, ਕੰਡਿਆਲੀ ਤਾਰ ਵਾਲੇ ਡੰਡਿਆਂ ਅਤੇ ਪੱਥਰਾਂ ਦੀ ਵਰਤੋਂ ਕੀਤੀ ਹੈ। ਸਰਕਾਰੀ ਖਬਰ ਏਜੰਸੀ ਏ. ਐਨ. ਆਈ. ਦੇ ਹਵਾਲੇ ਨਾਲ ਇਹ ਵੀ ਦੱਸਿਆ ਗਿਆ ਹੈ ਕਿ ਚੀਨੀ ਫੌਜੀਆਂ ਦਾ ਵਰਤਾਓ ਪਾਕਿਸਤਾਨ ਹਮਾਇਤੀ ਪੱਥਰਬਾਜਾਂ ਵਾਂਗ ਰਿਹਾ, ਜੋ ਕਸ਼ਮੀਰ ਵਿਚ ਭਾਰਤੀ ਫੌਜੀ ਬਲਾਂ ਨੂੰ ਨਿਸ਼ਾਨਾ ਬਣਾਉਣ ਲਈ ਪੱਥਰਾਂ ਅਤੇ ਡੰਡਿਆਂ ਦੀ ਵਰਤੋਂ ਕਰਦੇ ਹਨ। ਖਬਰ ਏਜੰਸੀ ਨੇ ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਇਹ ਵੀ ਦਸਿਆ ਹੈ ਕਿ ਚੀਨੀ ਫੌਜੀਆਂ ਦੀ ਗਿਣਤੀ ਵੱਧ ਹੋਣ ਕਰ ਕੇ ਅਤੇ ਗੁੰਡਿਆਂ ਜਿਹਾ ਹਮਲਾਵਰ ਰੁਖ ਅਪਨਾਉਣ ਕਰ ਕੇ ਉਹ ਭਾਰਤੀ ਫੌਜੀਆਂ ਨੂੰ ਜਖਮੀ ਕਰਨ ਵਿਚ ਸਫਲ ਹੋ ਗਏ। ਅਨੇਕ ਭਾਰਤੀ ਫੌਜੀਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਉਣਾ ਪਿਆ।

ਕੁਝ ਅਖਬਾਰਾਂ ਨੇ ਸਰਕਾਰੀ ਹਵਾਲਿਆਂ ਨਾਲ ਇਹ ਵੀ ਦਸਿਆ ਹੈ ਕਿ ਚੀਨੀ ਫੌਜਾਂ ਨੇ ਕੁਝ ਸਮੇਂ ਲਈ ਭਾਰਤੀ ਫੌਜੀਆਂ ਨੂੰ ਆਪਣੀ ਹਿਰਾਸਤ ਵਿਚ ਵੀ ਰਖਿਆ। ਅਖਬਾਰ ਅਨੁਸਾਰ ਚੀਨ ਭਾਰਤ ਨਾਲ ਜੰਗ ਲਈ ਤਿਆਰ ਹੈ ਅਤੇ ਭਾਰਤ ਨੇ ਵੀ ਪਲਟਵਾਰ ਕਰਦਿਆਂ ਕਿਹਾ ਹੈ ਕਿ ਅਸੀਂ ਪਿੱਛੇ ਨਹੀਂ ਹਟਾਂਗੇ। ਗੋਦੀ ਮੀਡੀਆ ਆਪਣੇ ਰਾਤ ਦਿਨ ਦੇ ਪ੍ਰਚਾਰ ਵਿਚ ਪਤਾ ਨਹੀਂ ਕਿੰਨੀ ਵਾਰ ਭਾਰਤੀ ਫੌਜਾਂ ਵਲੋਂ ਚੀਨੀ ਫੌਜਾਂ ਨੂੰ ਇਸ ਇਲਾਕੇ ਵਿਚੋਂ ਖਦੇੜ ਦੇਣ ਦੇ ਦਾਅਵੇ ਕਰ ਚੁਕਾ ਹੈ; ਜਦੋਂ ਕਿ ਸੱਚਾਈ ਇਹ ਹੈ ਕਿ ਚੀਨ ਨੇ ਇਸ ਖੇਤਰ ਵਿਚੋਂ ਇਕ ਇੰਚ ਵੀ ਪਿੱਛੇ ਹਟਣ ਤੋਂ ਇਨਕਾਰ ਕਰ ਦਿੱਤਾ ਹੈ।






ਲੱਦਾਖ ਵਿਚ ਚੀਨ ਦੀ ਇਸ ਫੌਜੀ ਕਾਰਵਾਈ ਨੇ ਸਾਬਤ ਕਰ ਦਿਤਾ ਹੈ ਕਿ ਜੰਗ ਬਿਨਾ ਲੜਿਆਂ ਵੀ ਜਿੱਤੀ ਜਾ ਸਕਦੀ ਹੈ। ਭਾਰਤੀ ਫੌਜੀਆਂ ਦੀ ਹੋਈ ਇਸ ਡੰਡਾ-ਕੁੱਟ ਨੇ ਨਾ ਸਿਰਫ ਭਾਰਤੀ ਫੌਜ, ਸਗੋਂ ਆਰ. ਐਸ. ਐਸ. ਸਮੇਤ ਮੋਦੀ ਸਰਕਾਰ ਨੂੰ ਵੀ ਸੰਸਾਰ ਭਰ ਵਿਚ ਜਲੀਲ ਕੀਤਾ ਹੈ। ਭਾਜਪਾ ਦੇ ਕੌਮੀ ਜਨਰਲ ਸਕੱਤਰ ਅਤੇ ਵਿਦੇਸ਼ ਨੀਤੀ ਦੇ ਕਥਿਤ ਮਾਹਿਰ ਰਾਮ ਮਾਧਵ ਦਾ ਕਹਿਣਾ ਹੈ ਕਿ ਡੋਕਲਾਮ ਵਾਂਗ ਇਹ ਮਸਲਾ ਵੀ ਰਾਜਦੂਤਕ ਢੰਗ ਨਾਲ ਹੱਲ ਕਰ ਲਿਆ ਜਾਏਗਾ, ਪਰ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਭਾਰਤੀ ਫੌਜਾਂ ਦੀ ਹੋਈ ਇਸ ਜਲਾਲਤ ਦਾ ਬਦਲਾ ਕਿਵੇਂ ਲਿਆ ਜਾਏਗਾ? ਫਿਰ ਡੋਕਲਾਮ ਵਿਚ ਵੀ ਚੀਨੀ ਫੌਜ ਨੇ ਜਿਥੋਂ ਤਕ ਪੇਸ਼ਕਦਮੀ ਕਰ ਲਈ ਸੀ, ਉਹ ਉਸ ਤੋਂ ਪਿਛੇ ਨਹੀਂ ਹਟੀ। ਲੱਦਾਖ ਵਿਚ ਵੀ ਉਹ ਇਸ ਪੇਸ਼ਕਦਮੀ ਤੋਂ ਪਿਛੇ ਹਟਣ ਤੋਂ ਸਾਫ ਇਨਕਾਰ ਕਰ ਰਹੀ ਹੈ।

ਸਰਹੱਦੀ ਮਸਲਿਆ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਵਲੋਂ ਲੱਦਾਖ ਖੇਤਰ ਨੂੰ ਕਸ਼ਮੀਰ ਨਾਲੋਂ ਵੱਖ ਕਰਨਾ ਚੀਨ ਦੇ ਹੱਕ ਵਿਚ ਭੁਗਤਿਆ ਹੈ, ਕਿਉਂਕਿ ਕਸ਼ਮੀਰ ਦਾ ਮਸਲਾ ਯੂਨਾਈਟਿਡ ਨੇਸ਼ਨਜ਼ ਵਿਚ ਹੋਣ ਕਰਕੇ ਚੀਨ ਇਸ ਇਲਾਕੇ ਉਤੇ ਆਪਣੇ ਦਾਅਵੇ ਨੂੰ ਜੋਰਦਾਰ ਢੰਗ ਨਾਲ ਪੇਸ਼ ਨਹੀਂ ਸੀ ਕਰ ਸਕਦਾ, ਪਰ ਹੁਣ ਜਦੋਂ ਕਿ ਮੋਦੀ ਸਰਕਾਰ ਨੇ ਖੁਦ ਹੀ ਲੱਦਾਖ ਨੂੰ ਕਸ਼ਮੀਰ ਨਾਲੋਂ ਵੱਖ ਕਰ ਦਿੱਤਾ ਹੈ, ਤਾਂ ਚੀਨ ਸਰਕਾਰ ਦੇ ਇਸ ਇਲਾਕੇ ਉਤੇ ਦਾਅਵਾ ਕਰਨ ਨੂੰ ਯੂਨਾਈਟਿਡ ਨੇਸ਼ਨਜ਼ ਵਿਚ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਚੀਨ ਦੀ ਇਸ ਇਕੋ ਕਾਰਵਾਈ ਨੇ ਮੋਦੀ ਸਰਕਾਰ ਦੇ ਪੈਰਾਂ ਹੇਠੋਂ ਜਮੀਨ ਖਿਚ ਲਈ ਹੈ। ਨਾ ਸਿਰਫ ਏਸ਼ੀਆ, ਸਗੋਂ ਸਾਰੇ ਸੰਸਾਰ ਦੇ ਚੌਧਰੀ ਬਣਨ ਦੀਆਂ ਉਸ ਦੀਆਂ ਸਾਮਰਾਜੀ ਇੱਛਾਵਾਂ ਉਤੇ ਪਾਣੀ ਫਿਰ ਗਿਆ ਹੈ।

ਚੀਨ ਦੀ ਸਰਕਾਰੀ ਅਖਬਾਰ 'ਗਲੋਬਲ ਟਾਈਮਜ਼' ਨੇ ਮੋਦੀ ਸਰਕਾਰ ਨੂੰ ਬੜੀ ਸਪਸ਼ਟ ਚਿਤਾਵਨੀ ਦਿੱਤੀ ਹੈ ਕਿ ਜਾਂ ਤਾਂ ਕਰੋਨਾ ਵਾਇਰਸ ਦੀ ਮਹਾਮਾਰੀ ਪਿਛੋਂ ਬਣਨ ਵਾਲੇ ਨਵੇਂ ਸੰਸਾਰ ਪ੍ਰਬੰਧ ਵਿਚ ਉਹ ਚੀਨ ਦੀ ਚੌਧਰ ਕਬੂਲ ਕਰੇ, ਨਹੀਂ ਤੇ ਡੁਬ ਰਹੇ ਅਮਰੀਕੀ ਸਾਮਰਾਜ ਦੇ ਬੇੜੇ ਵਿਚ ਸੁਆਰ ਹੋ ਕੇ ਉਸ ਦੇ ਨਾਲ ਡੁੱਬਣ ਲਈ ਤਿਆਰ ਰਹੇ। ਚੀਨ ਦੇ ਰਾਸ਼ਟਰਪਤੀ ਸ਼ੀ-ਜਿਨਪਿੰਗ ਵਲੋਂ ਚੀਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਇਜਲਾਸ ਦੇ ਆਖਰੀ ਦਿਨ ਆਪਣੇ ਭਾਸ਼ਣ ਵਿਚ ਚੀਨੀ ਫੌਜ ਨੂੰ ਖਤਰਨਾਕ ਤੋਂ ਖਤਰਨਾਕ ਜੰਗ ਲੜਨ ਲਈ ਤਿਆਰ ਰਹਿਣ ਦਾ ਦਿੱਤਾ ਗਿਆ ਸੱਦਾ ਇਸੇ ਧਮਕੀ ਦੀ ਪੁਸ਼ਟੀ ਕਰਦਾ ਹੈ।



ਚੀਨ ਦੀ ਇਹ ਫੌਜੀ ਕਾਰਵਾਈ ਮੋਦੀ ਸਰਕਾਰ ਵਲੋਂ ਆਜ਼ਾਦ ਕਸ਼ਮੀਰ ਵਿਚ ਕਿਸੇ ਵੀ ਕਿਸਮ ਦੀ ਮਾਅਰਕੇਬਾਜੀ ਕਰਨ ਵਿਚ ਵੀ ਵੱਡੀ ਰੁਕਾਵਟ ਬਣ ਗਈ ਹੈ। ਆਜ਼ਾਦ ਕਸ਼ਮੀਰ ਦੇ ਕੋਲ ਬੈਠੀ ਚੀਨੀ ਫੌਜ ਮੋਦੀ ਸਰਕਾਰ ਦੀ ਇਸ ਕਿਸਮ ਦੀ ਕਿਸੇ ਵੀ ਹਰਕਤ ਵਿਚ ਸੌਖਿਆਂ ਹੀ ਦਖਲ-ਅੰਦਾਜ਼ੀ ਕਰਨ ਦੀ ਹਾਲਤ ਵਿਚ ਹੋ ਗਈ ਹੈ। ਇਸ ਕਾਰਵਾਈ ਨੇ ਪਾਕਿਸਤਾਨ ਦੇ ਚਾਰ ਟੁਕੜੇ ਕਰਨ ਦਾ ਭਰਮ ਪਾਲ ਰਹੀ ਭਾਰਤੀ ਫੌਜ ਅਤੇ ਆਰ. ਐਸ. ਐਸ. ਦੇ ਵੀ ਹੱਥ ਬੰਨ ਦਿੱਤੇ ਹਨ। ਇਸ ਕਾਰਵਾਈ ਨਾਲ ਮੋਦੀ ਸਰਕਾਰ ਨੂੰ ਸਪਸ਼ਟ ਸੰਕੇਤ ਪਹੁੰਚ ਗਿਆ ਹੈ ਕਿ ਪਾਕਿਸਤਾਨ ਉਤੇ ਕੀਤੇ ਗਏ ਕਿਸੇ ਵੀ ਹਮਲੇ ਨੂੰ ਚੀਨੀ ਫੌਜ ਦਰਸ਼ਕ ਬਣ ਕੇ ਨਹੀਂ ਵੇਖੇਗੀ। ਫਿਰ ਨੇਪਾਲ ਕੋਲੋਂ ਇਸ ਖਿੱਤੇ ਵਿਚ ਭਾਰਤੀ ਚੌਧਰ ਨੂੰ ਚੁਣੌਤੀ ਦਿਵਾ ਕੇ ਚੀਨ ਨੇ ਸਾਰੇ ਸੰਸਾਰ ਨੂੰ ਇਹ ਵੀ ਵਿਖਾ ਦਿੱਤਾ ਹੈ ਕਿ ਨਾ ਸਿਰਫ ਪਾਕਿਸਤਾਨ, ਸਗੋਂ ਇਸ ਖਿਤੇ ਵਿਚਲੇ ਸਾਰੇ ਗੁਆਂਢੀ ਮੁਲਕ ਹੀ ਮੋਦੀ ਸਰਕਾਰ ਦੀਆਂ ਸਾਮਰਾਜੀ ਨੀਤੀਆਂ ਤੋਂ ਪ੍ਰੇਸ਼ਾਨ ਹਨ।

ਭਾਰਤੀ ਜਨਤਾ ਪਾਰਟੀ ਦੇ ਰਾਜ ਸਭਾ ਮੈਂਬਰ ਅਤੇ ਮੂੰਹਫਟ ਆਗੂ ਸੁਬਰਾਮਨੀਅਮ ਸੁਆਮੀ ਨੇ ਇਸ ਹਕੀਕਤ ਦੀ ਪੁਸ਼ਟੀ ਇਹ ਕਹਿ ਕੇ ਕੀਤੀ ਹੈ ਕਿ ਮੋਦੀ ਸਰਕਾਰ ਦੀਆਂ ਆਰਥਕ ਨੀਤੀਆਂ ਵਾਂਗ ਉਸ ਦੀ ਵਿਦੇਸ਼ ਨੀਤੀ ਵੀ ਫੇਲ੍ਹ ਸਾਬਤ ਹੋਈ ਹੈ। ਇਸ ਇਕ ਘਟਨਾ ਨੇ ਮੋਦੀ ਸਰਕਾਰ ਦੀ ਮੁਸਲਿਮ ਵਿਰੋਧੀ ਰਾਜਨੀਤੀ ਦੀ ਵੀ ਫੂਕ ਕੱਢ ਦਿੱਤੀ ਹੈ। ਦੇਸ਼ ਵਿਚਲੇ ਮੁਸਲਮਾਨਾਂ ਨੂੰ ਡਰਾ-ਧਮਕਾ ਕੇ ਬ੍ਰਾਹਮਣ-ਬਾਣੀਆ ਵੋਟ ਇਕੱਠੀ ਕਰਨ ਦਾ ਰਾਹ ਮੁਸਲਿਮ ਮੁਲਕਾਂ ਵਿਚ ਪਨਪ ਰਹੇ ਭਾਰਤ ਵਿਰੋਧੀ ਰੋਹ ਨੇ ਰੋਕ ਦਿਤਾ ਹੈ ਅਤੇ ਪਾਕਿਸਤਾਨ ਵਿਰੋਧੀ ਪ੍ਰਚਾਰ ਕਰਨਾ ਹੁਣ ਮਹਿੰਗਾ ਪੈ ਸਕਦਾ ਹੈ, ਕਿਉਂਕਿ ਇਸ ਕਿਸਮ ਦੇ ਪ੍ਰਚਾਰ ਨਾਲ ਜਦੋਂ ਹੀ ਪਾਕਿਸਤਾਨ ਵਿਰੁੱਧ ਕੋਈ ਕਾਰਵਾਈ ਕਰਨ ਦਾ ਦਬਾਓ ਬਣਿਆ, ਉਦੋਂ ਹੀ ਚੀਨੀ ਫੌਜ ਦੀ ਇਹ ਕਾਰਵਾਈ ਮੋਦੀ ਸਰਕਾਰ ਦੀ ਯੁੱਧਨੀਤੀ ਵਿਚ ਰੁਕਾਵਟ ਬਣੇਗੀ। ਇਸ ਤੋਂ ਪਹਿਲਾਂ ਕਿ ਕਰੋਨਾ ਵਾਇਰਸ ਦੀ ਮਹਾਮਾਰੀ ਨਾਲ ਨਜਿੱਠਣ ਵਿਚ ਨਾਕਾਮ ਰਹੀ ਮੋਦੀ-ਸਰਕਾਰ ਲੋਕਾਂ ਨੂੰ ਗੁੰਮਰਾਹ ਕਰਨ ਲਈ ਪਾਕਿਸਤਾਨ ਦੇ ਕਬਜੇ ਹੇਠਲੇ ਕਸ਼ਮੀਰ ਵਿਚ ਕੋਈ ਕਾਰਵਾਈ ਕਰੇ, ਚੀਨ ਨੇ ਭਾਰਤ ਨੂੰ ਲੱਦਾਖ ਵਿਚ ਉਲਝਾ ਲਿਆ ਹੈ।

ਮੁਸਲਿਮ ਦੇਸ਼ਾਂ ਵਿਚ ਮੋਦੀ ਸਰਕਾਰ ਪ੍ਰਤੀ ਨਫਰਤ ਦਾ ਅੰਦਾਜ਼ਾ ਇਸ ਇਕ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਕਤਰ ਜਿਹੇ ਇਕ ਛੋਟੇ ਮੁਲਕ ਨੇ ਆਪਣੇ ਸ਼ਹਿਰੀਆਂ ਨੂੰ ਲੈਣ ਗਏ ਏਅਰ ਇੰਡੀਆ ਦੇ ਜਹਾਜ ਨੂੰ ਆਪਣੇ ਹਵਾਈ ਅੱਡੇ ਉਤੇ ਉਤਰਨ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਕੇ ਉਸ ਨੂੰ ਅਸਮਾਨ ਵਿਚੋਂ ਹੀ ਵਾਪਸ ਮੋੜ ਦਿੱਤਾ; ਹਾਲਾਂ ਕਿ ਜਹਾਜ ਨੇ ਦੋਹਾ ਹਵਾਈ ਅੱਡੇ ਉਤੇ ਉਤਰਨ ਦੀ ਇਜਾਜ਼ਤ ਪਹਿਲਾਂ ਹੀ ਲੈ ਰਖੀ ਸੀ। ਕਤਰ ਸਰਕਾਰ ਨੇ ਮੋਦੀ ਸਰਕਾਰ ਨੂੰ ਹੋਰ ਜਲੀਲ ਕਰਨ ਲਈ ਇਹ ਬਿਆਨ ਵੀ ਜਾਰੀ ਕੀਤਾ ਕਿ ਏਅਰ ਇੰਡੀਆ ਨੇ ਦੋਹਾ ਹਵਾਈ ਅੱਡੇ ਉਤੇ ਉਤਰਣ ਦੀ ਇਜਾਜ਼ਤ ਇਹ ਕਹਿ ਕੇ ਲਈ ਸੀ ਕਿ ਉਹ ਆਪਣੇ ਸ਼ਹਿਰੀਆਂ ਨੂੰ ਮੁਫਤ ਲਿਜਾ ਰਿਹਾ ਹੈ, ਪਰ ਜਦੋਂ ਹੀ ਸਾਨੂੰ ਪਤਾ ਲੱਗਾ ਕਿ ਉਹ ਆਪਣੇ ਹਰੇਕ ਸ਼ਹਿਰੀ ਕੋਲੋ ਮੋਟੀ ਰਕਮ ਕਿਰਾਏ ਵਜੋਂ ਲੈ ਰਿਹਾ ਹੈ ਤਾਂ ਅਸੀਂ ਦੋਹਾ ਹਵਾਈ ਅੱਡੇ ਉਤੇ ਜਹਾਜ ਨੂੰ ਉਤਰਨ ਦੀ ਮੁਫਤ ਦਿਤੀ ਇਜਾਜ਼ਤ ਵਾਪਿਸ ਲੈ ਲਈ। ਕਤਰ ਦੀ ਇਸ ਨਿੱਕੀ ਜਿਹੀ ਕਾਰਵਾਈ ਨੇ ਮੋਦੀ ਸਰਕਾਰ ਨੂੰ ਜਿਥੇ ਉਸ ਦੀ ਔਕਾਤ ਵਿਖਾ ਦਿੱਤੀ ਹੈ, ਉਥੇ ਸੰਸਾਰ ਭਰ ਦੇ ਲੋਕਾਂ ਸਾਹਮਣੇ ਇਹ ਵੀ ਨਸ਼ਰ ਕਰ ਦਿੱਤਾ ਹੈ ਕਿ ਨਿਰੋਲ ਵਪਾਰਕ ਸੋਚ ਵਾਲੇ ਆਪਣੇ ਹੀ ਲੋਕਾਂ ਦੇ ਸੰਤਾਪ ਦੀ ਕੀਮਤ ਵੱਟ ਰਹੇ ਹਨ।

ਸੁਆਲ ਪੈਦਾ ਹੁੰਦਾ ਹੈ ਕਿ ਚੀਨ ਨੇ ਲੱਦਾਖ ਵਿਚ ਫੌਜੀ ਕਾਰਵਾਈ ਕਰਨ ਦਾ ਇਹ ਕਦਮ ਹੁਣ ਹੀ ਕਿਉਂ ਚੁਕਿਆ ਹੈ? ਇਸ ਸੁਆਲ ਦਾ ਜੁਆਬ 31 ਮਈ ਦੀ ਰੈਡਿਫ ਡਾਟ ਕਾਮ ਵਿਚ ਕਲਾਉਡ ਐਰਪੀ ਦੀ ਛਪੀ ਇਕ ਲੰਬੀ ਲਿਖਤ ਵਿਚ ਦਿੱਤਾ ਗਿਆ ਹੈ। ਲਿਖਤ ਅਨੁਸਾਰ ਕਰੋਨਾ ਵਾਇਰਸ ਨਾਲ ਨਜਿਠਣ ਸਮੇਂ ਅਮਰੀਕਾ ਸਮੇਤ ਵੱਖ ਵੱਖ ਦੇਸ਼ਾਂ ਦੀਆਂ ਚੀਨ ਵਿਰੋਧੀ ਹਰਕਤਾਂ ਤੋਂ ਚੀਨ ਨੇ ਫੈਸਲਾ ਕਰ ਲਿਆ ਹੈ ਕਿ ਉਸ ਨੂੰ ਆਪਣੀ ਆਲਮੀ ਚੜ੍ਹਤ ਨੂੰ ਕਾਇਮ ਰੱਖਣ ਲਈ ਅਮਰੀਕਾ ਨੂੰ ਆਖਰੀ ਟੱਕਰ ਦੇਣੀ ਹੀ ਪੈਣੀ ਹੈ। ਇਹ ਸੋਚ ਕੇ ਹੀ ਉਸ ਨੇ ਇਹ ਹਮਲਾਵਰ ਰੁਖ ਅਪਨਾਇਆ ਹੈ।

ਇਹ ਹਮਲਾ ਉਸ ਨੇ ਸਿਰਫ ਭਾਰਤ ਉਤੇ ਹੀ ਨਹੀਂ ਕੀਤਾ, ਸਗੋਂ ਕਿਸੇ ਹੋਰ ਰੂਪ ਵਿਚ ਆਸਟ੍ਰੇਲੀਆ ਉਤੇ ਵੀ ਕੀਤਾ ਹੈ। ਉਸ ਨੇ ਆਸਟ੍ਰੇਲੀਆ ਨੂੰ ਅਮਰੀਕੀ ਸਾਮਰਾਜ ਦਾ ਕੁੱਤਾ ਕਹਿ ਕੇ ਮੁਖਾਤਿਬ ਕੀਤਾ ਹੈ। ਆਸਟ੍ਰੇਲੀਆ ਨੂੰ ਸਬਕ ਸਿਖਾਉਣ ਲਈ ਉਸ ਨੇ ਉਸ ਨਾਲ ਕੀਤੇ ਜਾ ਰਹੇ ਵਪਾਰ ਉਤੇ ਵੀ ਰੋਕਾਂ ਲਾ ਦਿੱਤੀਆਂ ਹਨ। ਚੀਨ ਤੇ ਆਸਟ੍ਰੇਲੀਆ ਦਾ ਵਪਾਰ 60 ਅਰਬ ਡਾਲਰ ਆਸਟ੍ਰੇਲੀਆ ਦੇ ਪੱਖ ਵਿਚ ਹੈ। ਹੁਣ ਜਦੋਂ ਕਿ ਆਸਟ੍ਰੇਲੀਆ ਦੀ ਆਰਥਕਤਾ ਬੜੀ ਡਾਂਵਾਡੋਲ ਹੈ ਤਾਂ 60 ਅਰਬ ਡਾਲਰ ਦੀ ਰਕਮ ਦਾ ਘਾਟਾ ਪੂਰਾ ਕਰਨਾ ਉਸ ਲਈ ਜੋਖਮ ਭਰਿਆ ਹੈ।

ਆਰ. ਐਸ. ਐਸ. ਦੀ ਕਲਪਿਤ ਬ੍ਰਾਹਮਣੀ ਸੋਚ ਵਿਚ ਢਲੀ ਮੋਦੀ ਸਰਕਾਰ, ਜੋ ਅਮਰੀਕਾ, ਜਪਾਨ ਤੇ ਆਸਟ੍ਰੇਲੀਆ ਨਾਲ ਮਿਲ ਕੇ ਚੀਨ ਨੂੰ ਘੇਰਨ ਦੇ ਦਿਨੇ ਹੀ ਸੁਪਨੇ ਵੇਖ ਰਹੀ ਸੀ, ਹੁਣ ਸੁੰਨ ਹੈ। ਭਾਜਪਾ ਦੇ ਕੌਮੀ ਜਨਰਲ ਸਕੱਤਰ ਅਤੇ ਵਿਦੇਸ਼ ਨੀਤੀ ਦੇ ਕਥਿਤ ਮਾਹਿਰ ਰਾਮ ਮਾਧਵ ਨੇ 30 ਅਪਰੈਲ 2020 ਦੀ 'ਇੰਡੀਅਨ ਐਕਸਪ੍ਰੈਸ' ਵਿਚ ਛਪੀ ਆਪਣੀ ਇਕ ਲਿਖਤ ਅੰਦਰ ਇਹ ਦਾਅਵਾ ਕੀਤਾ ਸੀ ਕਿ ਅਮਰੀਕਾ ਅਤੇ ਜਰਮਨੀ ਨਾਲ ਰਲ ਕੇ ਭਾਰਤ ਕਰੋਨਾ ਵਾਇਰਸ ਪਿਛੋਂ ਬਣਨ ਵਾਲੇ ਨਵੇਂ ਸੰਸਾਰ ਪ੍ਰਬੰਧ ਦੀ ਅਗਵਾਈ ਕਰੇਗਾ। ਵਿਸ਼ਵ ਗੁਰੂ ਤਾਂ ਮੋਦੀ ਸਰਕਾਰ ਆਪਣੇ ਆਪ ਨੂੰ ਪਹਿਲਾਂ ਹੀ ਸਮਝਦੀ ਹੈ। ਮੋਦੀ ਸਰਕਾਰ ਇਸ ਪੱਖੋਂ ਉਕਾ ਹੀ ਅਣਜਾਣ ਹੈ ਕਿ ਜਪਾਨ ਚੀਨ ਦੇ ਘੜੇ ਦੀ ਮੱਛੀ ਹੈ। ਉਸ ਨੂੰ ਉਹ ਕਿਸੇ ਵੇਲੇ ਵੀ ਸਬਕ ਸਿਖਾ ਸਕਦਾ ਹੈ, ਕਿਉਂਕਿ ਜਪਾਨ ਫੌਜੀ ਸ਼ਕਤੀ ਪੱਖੋਂ ਪੂਰੀ ਤਰ੍ਹਾਂ ਅਮਰੀਕਾ ਉਤੇ ਨਿਰਭਰ ਹੈ। ਬਾਕੀ ਰਹਿੰਦੇ ਦੋ ਦੇਸ਼ਾਂ-ਭਾਰਤ ਅਤੇ ਆਸਟ੍ਰੇਲੀਆ ਨਾਲ ਚੀਨ ਨੇ ਸਿੱਧਾ ਨਜਿੱਠਣ ਦਾ ਮਨ ਬਣਾ ਲਿਆ ਹੈ। ਦਿਲਚਸਪ ਗੱਲ ਇਹ ਕਿ ਜਿਸ ਦਿਨ ਭਾਰਤੀ ਫੌਜ 'ਦੇਸ਼ ਭਗਤ' ਮੀਡੀਏ ਨੂੰ ਇਹ ਅਪੀਲਾਂ ਕਰ ਰਹੀ ਸੀ ਕਿ ਉਹ ਲੱਦਾਖ ਵਿਚ ਭਾਰਤੀ ਫੌਜ ਦੀ ਹੋਈ ਡੰਡਾ ਕੁੱਟ ਦੀਆਂ ਵੀਡੀਓ ਨਾ ਵਿਖਾਵੇ, ਉਸੇ ਦਿਨ (31 ਮਈ) ਚੀਨ ਦੀ ਸਰਕਾਰੀ ਅਖਬਾਰ 'ਗਲੋਬਲ ਟਾਈਮਜ਼' ਨੇ ਆਪਣੀ ਇਕ ਖਾਸ ਲਿਖਤ ਵਿਚ ਭਾਰਤ ਨੂੰ ਬੜੀ ਚਿਤਾਵਨੀ ਭਰੀ ਭਾਸ਼ਾ ਵਿਚ ਸੁਝਾਅ ਦਿੱਤਾ ਹੈ ਕਿ ਉਹ ਚੀਨ ਅਤੇ ਅਮਰੀਕਾ ਵਿਚਲੇ ਟਕਰਾਅ ਵਿਚ ਨਾ ਫਸੇ।

ਲਿਖਤ ਵਿਚ ਵਰਤੀ ਗਈ ਭਾਸ਼ਾ ਏਨੀ ਹਮਲਾਵਰ ਹੈ ਕਿ ਸਿਆਣਾ ਮਨੁੱਖ ਉਸ ਤੋਂ ਇਹ ਅੰਦਾਜ਼ਾ ਲਾ ਸਕਦਾ ਹੈ ਕਿ ਮੋਦੀ ਸਰਕਾਰ ਨੇ ਦੇਸ਼ ਨੂੰ ਕਿਹੋ ਜਿਹੀ ਕਸੂਤੀ ਹਾਲਤ ਵਿਚ ਲਿਆ ਫਸਾਇਆ ਹੈ। ਲਿਖਤ ਦੇ ਸ਼ੁਰੂ ਵਿਚ ਹੀ ਕਿਹਾ ਗਿਆ ਹੈ ਕਿ ਹੁਣ ਜਦੋਂ ਕਿ ਅਮਰੀਕਾ ਅਤੇ ਚੀਨ ਵਿਚਲਾ ਟਕਰਾਅ ਸਾਰੇ ਪੱਖਾਂ ਵਿਚ ਵਧ ਗਿਆ ਹੈ ਅਤੇ ਕੁਝ ਲੋਕ ਇਹ ਕਿਆਸ ਕਰ ਰਹੇ ਹਨ ਕਿ ਸੰਸਾਰ ਦੇ ਸਭ ਤੋਂ ਵੱਡੇ ਦੋ ਅਰਥਚਾਰੇ ਨਵੀਂ ਸ਼ੀਤ ਜੰਗ ਵਿਚ ਦਾਖਲ ਹੋ ਰਹੇ ਹਨ ਤਾਂ ਇਸ ਅਹਿਮ ਮੋੜ ਉਤੇ ਭਾਰਤ ਨੂੰ ਇਹ ਖਾਸ ਖਿਆਲ ਰੱਖਣ ਦੀ ਲੋੜ ਹੈ ਕਿ ਉਹ ਅਮਰੀਕਾ-ਚੀਨ ਦੁਸ਼ਮਣੀ ਵਿਚ ਨਾ ਫਸੇ। ਫਿਰ ਇਸ ਚਿਤਾਵਨੀ ਦੀ ਵਿਆਖਿਆ ਕਰਦਿਆਂ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਅੰਦਰ ਕੌਮੀ ਜਜ਼ਬੇ ਦੇ ਉਭਾਰ ਕਾਰਨ ਕੁਝ ਲੋਕ ਭਾਰਤ ਸਰਕਾਰ ਨੂੰ ਇਸ ਨਵੀਂ ਸ਼ੀਤ ਜੰਗ ਵਿਚ ਦਖਲ ਦੇਣ ਅਤੇ ਇਸ ਦਾ ਲਾਭ ਉਠਾਉਣ ਲਈ ਕਹਿ ਰਹੇ ਹਨ। ਅਜਿਹੀਆਂ ਅਵਾਜ਼ਾਂ ਗੁੰਮਰਾਹਕੁਨ ਅਤੇ ਤਰਕਹੀਣ ਹਨ। ਇਹ ਕਦੇ ਵੀ ਮੁਖ ਧਾਰਾ ਦੀਆਂ ਅਵਾਜ਼ਾਂ ਨਹੀਂ ਬਣਨੀਆਂ ਚਾਹੀਦੀਆਂ, ਜੋ ਭਾਰਤ ਸਰਕਾਰ ਦੇ ਫੈਸਲੇ ਨੂੰ ਪ੍ਰਭਾਵਿਤ ਕਰਨ। ਲਿਖਤ ਅਨੁਸਾਰ ਭਾਰਤ ਨੂੰ ਦੋ ਟੁਕ ਸ਼ਬਦਾਂ ਵਿਚ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਚੀਨ-ਅਮਰੀਕਾ ਟਕਰਾਓ ਵਿਚ ਫਸ ਕੇ ਉਸ ਦਾ ਫਾਇਦੇ ਨਾਲੋਂ ਨੁਕਸਾਨ

*(ਬਾਕੀ ਅਗਲੇ ਸਫੇ 'ਤੇ)*

# ਕਰੋਨਾ ਦਾ ਸ਼ਿਕੰਜਾ ਤੇ ਵਿਧਾਨ ਸਭਾ ਚੋਣਾਂ ਦੀ ਮੋਰਚਾਬੰਦੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਰੋਨਾ ਵਾਇਰਸ ਦੀ ਬਿਮਾਰੀ ਰੋਕਣ ਲਈ ਲਾਏ ਲੌਕਡਾਊਨ ਤੇ ਕਰਫਿਊ ਦੀਆਂ ਪਾਬੰਦੀਆਂ ਤੋਂ ਭਾਰਤ ਥੋੜ੍ਹਾ-ਥੋੜ੍ਹਾ ਨਿਕਲਣਾ ਸ਼ੁਰੂ ਹੋ ਚੁਕਾ ਹੈ। ਕੁਝ ਕੰਮ ਕਰਨ ਦੀ ਖੁੱਲ੍ਹ ਮਿਲ ਗਈ ਅਤੇ ਇਨ੍ਹਾਂ ਦੇ ਅਸਰ ਦੀ ਉਡੀਕ ਇਸ ਲਈ ਹੋ ਰਹੀ ਹੈ ਕਿ ਕੁਝ ਹੋਰ ਕੰਮ ਇਸ ਪਿਛੋਂ ਚਾਲੂ ਕੀਤੇ ਜਾ ਸਕਣ। ਸਥਿਤੀ ਦਾ ਦੂਜਾ ਪੱਖ ਵੇਖਿਆਂ ਇਹ ਜਾਪਦਾ ਹੈ ਕਿ ਇਹ ਸਾਰੀ ਢਿੱਲ ਵੇਲੇ ਤੋਂ ਪਹਿਲਾਂ ਦਿੱਤੀ ਜਾ ਰਹੀ ਹੈ। ਮਾਰਚ ਵਿਚ ਇਹ ਪਾਬੰਦੀਆਂ ਲਾਏ ਜਾਣ ਦੇ ਵਕਤ ਤੱਕ ਭਾਰਤ ਵਿਚ ਇਸ ਬਿਮਾਰੀ ਦਾ ਬਹੁਤਾ ਅਸਰ ਨਹੀਂ ਸੀ ਦਿਖਾਈ ਦਿੰਦਾ। ਅੱਜ ਕਰੋਨਾ ਦੇ ਕੇਸਾਂ ਦੀ ਵਧੀ ਗਿਣਤੀ ਵਾਲੇ ਪੱਖ ਤੋਂ ਸੰਸਾਰ ਵਿਚ ਭਾਰਤ ਛੇਵੇਂ ਥਾਂ ਲਿਖਿਆ ਪਿਆ ਹੈ ਤੇ ਅਗਲੇ ਹਫਤੇ ਤੱਕ ਚੌਥੇ ਥਾਂ ਆਉਣ ਦੇ ਆਸਾਰ ਜਾਪਦੇ ਹਨ। ਮੌਤਾਂ ਦੇ ਪੱਖ ਤੋਂ ਭਾਰਤ ਇਸ ਵੇਲੇ ਗਿਆਰਵੇਂ ਥਾਂ ਹੈ, ਪਰ ਜੇ ਮਹਾਰਾਸ਼ਟਰ ਤੇ ਗੁਜਰਾਤ ਵਿਚ ਮੌਤਾਂ ਦਾ ਸਿਲਸਿਲਾ ਏਦਾਂ ਹੀ ਜਾਰੀ ਰਿਹਾ ਤਾਂ ਭਾਰਤ ਇਸ ਪੱਖੋਂ ਵੀ ਦੂਜਿਆਂ ਨੂੰ ਪਿੱਛੇ ਛੱਡ ਸਕਦਾ ਹੈ। ਭਾਰਤੀ ਪਰੰਪਰਾ ਵਿਚ ਕੁਦਰਤੀ ਕਹਿਰ ਨਾਲ ਇੱਕ ਵੀ ਮੌਤ ਹੋਣ ਦਾ ਡਾਢਾ ਅਫਸੋਸ ਕੀਤਾ ਜਾਂਦਾ ਹੈ, ਹਰ ਕਿਸੇ ਦੀ ਸੁੱਖ ਮੰਗਣ ਵਾਲੀ ਏਸੇ ਰਵਾਇਤ ਦੇ ਮੁਤਾਬਕ ਅਸੀਂ ਸੁੱਖ ਮੰਗਾਂਗੇ ਕਿ ਮੌਤਾਂ ਦੀ ਗਿਣਤੀ ਹੋਰ ਨਾ ਵਧੇ, ਪਰ ਆਸਾਰ ਹਾਲੇ ਰੁਕਣ ਵਾਲੇ ਨਹੀਂ ਦਿੱਸਦੇ।

ਐਨ ਉਦੋਂ, ਜਦੋਂ ਦੇਸ਼ ਹਾਲੇ ਇਸ ਮਹਾਮਾਰੀ ਦੇ ਸ਼ਿਕੰਜੇ ਵਿਚੋਂ ਨਹੀਂ ਨਿਕਲਿਆ, ਭਾਰਤ ਦੀ ਰਾਜਨੀਤੀ ਆਪਣੇ ਚੋਣਾਂ ਲੜਨ ਦੇ ਕੁਚੱਜੇ ਸ਼ੌਕ ਵੱਲ ਤੇਜ਼ੀ ਨਾਲ ਮੋੜਾ ਕੱਟਣ ਲੱਗ ਪਈ ਹੈ। ਬਿਹਾਰ ਦੀਆਂ ਚੋਣਾਂ ਹੋਰ ਚਾਰ ਮਹੀਨਿਆਂ ਤੱਕ ਹੋਣੀਆਂ ਬਣਦੀਆਂ ਹਨ ਅਤੇ ਲੱਗਦਾ ਨਹੀਂ ਕਿ ਅੱਗੇ ਪਾਈਆਂ ਜਾਣਗੀਆਂ, ਕਿਉਂਕਿ ਲੀਡਰਾਂ ਨੂੰ ਕਰੋਨਾ ਨਾਲੋਂ ਚੋਣਾਂ ਵੱਧ ਖਿੱਚ ਪਾਉਂਦੀਆਂ ਹਨ ਅਤੇ ਛੇ ਮਹੀਨਿਆਂ ਨੂੰ ਅਗਲਾ ਸਾਲ ਚੜ੍ਹਦੇ ਸਾਰ ਪੱਛਮੀ ਬੰਗਾਲ, ਕੇਰਲਾ, ਤਾਮਿਲਨਾਡੂ, ਅਸਾਮ ਤੇ ਪਾਂਡੀਚੇਰੀ ਦੀਆਂ ਚੋਣਾਂ ਪਹਿਲੇ ਪੰਜ ਮਹੀਨਿਆਂ ਵਿਚ ਹੋਣੀਆਂ ਬਣਦੀਆਂ ਹਨ। ਭਲਵਾਨ ਢੋਲ ਉਤੇ ਸੱਟ ਪਈ ਸੁਣਨ ਪਿਛੋਂ ਅਖਾੜੇ ਵਿਚ ਕੁੱਦਦੇ ਹਨ। ਸਿਆਸੀ ਆਗੂ ਅਗੇਤੇ ਹੀ ਮੈਦਾਨ ਵਿਚ ਨਿਕਲ ਤੁਰਦੇ ਹਨ।

ਸਾਡੇ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਲਈ ਹਾਲੇ ਇੱਕੀ ਮਹੀਨੇ ਰਹਿੰਦੇ ਹਨ, ਪਰ ਇਥੇ ਵੀ ਚੋਣਾਂ ਵਾਲੀ ਚਰਚਾ ਇਸ ਹਫਤੇ ਚੱਲ ਪਈ ਹੈ। ਇਸ ਵਾਰੀ ਚਰਚਾ ਇਸ ਖਬਰ ਤੋਂ ਚੱਲੀ ਹੈ ਕਿ ਕਾਂਗਰਸ ਦੇ ਰੁੱਸੇ ਹੋਏ ਵਿਧਾਇਕ ਨਵਜੋਤ ਸਿੰਘ ਸਿੱਧੂ ਦੇ ਆਮ ਆਦਮੀ ਪਾਰਟੀ ਵਿਚ ਜਾਣ ਦੀ ਸੰਭਾਵਨਾ ਹੈ। ਖਬਰ ਕਹਿੰਦੀ ਹੈ ਕਿ ਕੋਈ 'ਪੀ. ਕੇ.' ਨਾਂ ਦਾ ਬੰਦਾ ਉਸ ਦਾ ਦੂਤ ਬਣ ਕੇ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ ਮਿਲਿਆ ਅਤੇ ਇਸ ਬਾਰੇ ਗੱਲ ਚਲਾਈ ਹੈ। ਕੇਜਰੀਵਾਲ ਨੇ ਇਸ ਮਿਲਣੀ ਦੀ ਪੁਸ਼ਟੀ ਕੀਤੇ ਬਿਨਾ ਇਹ ਆਖ ਛੱਡਿਆ ਹੈ ਕਿ ਨਵਜੋਤ ਸਿੰਘ ਸਿੱਧੂ ਸਾਡੇ ਨਾਲ ਆਵੇ ਤਾਂ ਅਸੀਂ ਸਵਾਗਤ ਕਰਾਂਗੇ, ਪਰ ਪੰਜਾਬ ਦੀ ਪਾਰਟੀ ਦੇ ਆਗੂਆਂ ਦਾ ਇਹ ਕਹਿਣਾ ਹੈ ਕਿ ਕੋਈ ਬੰਦਾ ਮਿਲਣ ਜ਼ਰੂਰ ਗਿਆ ਸੀ, ਕੇਜਰੀਵਾਲ ਨੇ ਹੁੰਗਾਰਾ ਭਰਨ ਦੀ ਥਾਂ ਪੰਜਾਬ ਦੀ ਲੀਡਰਸ਼ਿਪ ਨੂੰ ਮਿਲਣ ਲਈ ਕਹਿ ਕੇ ਤੋਰ ਦਿੱਤਾ ਹੈ।

ਨਵਜੋਤ ਸਿੰਘ ਸਿੱਧੂ ਆਪ ਅਜੇ ਇਸ ਬਾਰੇ ਬੋਲਿਆ ਨਹੀਂ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਸਿੱਧੂ ਸਾਡਾ ਹੈ, ਸਾਡੇ ਨਾਲ ਹੀ ਰਹੇਗਾ। ਫਿਰ ਵੀ ਇਹ ਚਰਚਾ ਰੁਕਦੀ ਨਹੀਂ ਕਿ ਨਵਜੋਤ ਸਿੰਘ ਸਿੱਧੂ ਆਮ ਆਦਮੀ ਪਾਰਟੀ ਵਿਚ ਜਾਵੇਗਾ ਕਿ ਕਾਂਗਰਸ ਵਿਚ ਰਹੇਗਾ! ਇੱਕ ਖਬਰ ਇਹ ਵੀ ਕਿਸੇ ਪਾਸੇ ਤੋਂ ਚੱਲੀ ਹੈ ਕਿ ਸਿੱਧੂ ਨੇ ਕਾਂਗਰਸ ਦੇ ਨਾਲ ਰਹਿਣਾ ਨਹੀਂ, ਆਮ ਆਦਮੀ ਪਾਰਟੀ ਵੱਲ ਵੀ ਜਾਣਾ ਨਹੀਂ, ਸਗੋਂ ਉਹ ਭਾਜਪਾ ਨਾਲ ਪੁਰਾਣੀ ਸਾਂਝ ਦੀਆਂ ਕੜੀਆਂ ਜੋੜਨ ਲੱਗਾ ਹੈ ਤੇ ਓਧਰ ਜਾ ਸਕਦਾ ਹੈ। ਸ਼ਾਇਦ ਇਹ ਵੱਡੀ ਗੱਪ ਮਾਰੀ ਗਈ ਹੈ।

ਜਿਵੇਂ ਅਸੀਂ ਦੱਸਿਆ ਹੈ ਕਿ ਚਰਚਾ ਵਿਚ ਕਿਸੇ 'ਪੀ. ਕੇ.' ਦਾ ਨਾਂ ਵੱਜ ਰਿਹਾ ਹੈ ਕਿ ਉਹ ਨਵਜੋਤ ਸਿੰਘ ਸਿੱਧੂ ਵੱਲੋਂ ਅਰਵਿੰਦ ਕੇਜਰੀਵਾਲ ਨੂੰ ਮਿਲਣ ਲਈ ਗਿਆ ਸੀ, ਇਸ ਕਾਰਨ ਫਿਰ 'ਪੀ. ਕੇ.' ਬਾਰੇ ਵੀ ਕੁਝ ਚਰਚਾ ਚੱਲ ਪਈ ਹੈ। ਉਸ ਦੇ ਪਿਛੋਕੜ ਵਿਚ ਕਿਸੇ ਦੀ ਦਿਲਚਸਪੀ ਨਹੀਂ, ਪਰ ਇਹ ਗੱਲ ਸਭ ਨੂੰ ਪਤਾ ਹੈ ਕਿ ਨਰਿੰਦਰ ਮੋਦੀ ਨੇ ਜਦੋਂ ਦਿੱਲੀ ਵਾਲੀ ਵੱਡੀ ਕੁਰਸੀ ਵੱਲ ਦੌੜ ਲਾਉਣੀ ਸੀ, ਉਸ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਪ੍ਰਚਾਰ ਮੁਹਿੰਮ ਇੱਕ ਪ੍ਰਸ਼ਾਂਤ ਕਿਸ਼ੋਰ ਨੂੰ ਸੌਂਪੀ ਗਈ ਸੀ, ਜਿਸ ਨੂੰ ਨਾਂ ਦੇ ਮੁੱਢਲੇ ਅੱਖਰਾਂ ਮੁਤਾਬਕ 'ਪੀ. ਕੇ.' ਕਿਹਾ ਜਾਂਦਾ ਹੈ। ਅਗਲੇ ਮੌਕਿਆਂ 'ਤੇ ਉਹ ਬਿਹਾਰ ਦੇ ਨਿਤੀਸ਼ ਕੁਮਾਰ ਲਈ ਵੀ ਕਿਰਾਏ ਦਾ ਕਾਰਿੰਦਾ ਬਣਿਆ ਸੀ, ਪੰਜਾਬ ਵਿਚ ਕਾਂਗਰਸ ਲਈ ਵੀ ਉਸ ਨੇ ਤਿੰਨ ਸਾਲ ਪਹਿਲਾਂ ਕੰਮ ਕੀਤਾ ਸੀ ਤੇ ਹਾਲੇ ਚਾਰ ਮਹੀਨੇ ਪਹਿਲਾਂ ਅਰਵਿੰਦ ਕੇਜਰੀਵਾਲ ਦੀ ਚੋਣ ਮੁਹਿੰਮ ਦੀ ਕਮਾਨ ਵੀ ਸੰਭਾਲ ਚੁਕਾ ਹੈ। ਜਿੱਤਣ ਵਾਲੀ ਧਿਰ ਦਾ ਅਗੇਤਾ ਅੰਦਾਜ਼ਾ ਲਾ ਕੇ ਉਸ ਨਾਲ ਜੁੜਨ ਦਾ ਮਾਹਰ 'ਪੀ. ਕੇ.' ਕਦੋਂ ਕਿਸੇ ਨਾਲ ਜੁੜ ਸਕਦਾ ਤੇ ਕਿਸ ਨੂੰ ਛੱਡ ਸਕਦਾ ਹੈ, ਕਿਸੇ ਨੂੰ ਪਤਾ ਨਹੀਂ। ਅਰਵਿੰਦ ਕੇਜਰੀਵਾਲ ਦੇ ਨਾਲ ਉਸ ਦੇ ਸਿੱਧੇ ਸਬੰਧ ਹੋਣ ਕਰ ਕੇ ਇਹ ਗੱਲ ਲੋਕਾਂ ਵਿਚ ਚਲੀ ਗਈ ਕਿ ਨਵਜੋਤ ਸਿੰਘ ਸਿੱਧੂ ਬਾਰੇ ਗੱਲ ਕਰਨ ਲਈ ਉਹੀ ਕੇਜਰੀਵਾਲ ਨੂੰ ਮਿਲਣ ਗਿਆ ਹੋਵੇਗਾ, ਪਰ ਇਸ ਚੱਕਰ ਵਿਚ ਇਸ ਵਾਰੀ ਇੱਕ ਹੋਰ 'ਪੀ. ਕੇ.' ਦਾ ਨਾਂ ਵੱਜਦਾ ਸੁਣਨ ਨੂੰ ਮਿਲਿਆ ਹੈ। ਇਹ ਦੂਜਾ 'ਪੀ. ਕੇ.' ਕੋਈ ਗੈਰ-ਸਿਆਸੀ ਬੰਦਾ ਦੱਸਿਆ ਜਾਂਦਾ ਹੈ। ਰਾਜੀਵ ਗਾਂਧੀ ਦੇ ਵਕਤ ਤੋਂ ਕਈ ਵਾਰੀ ਪੱਤਰਕਾਰ ਅਤੇ ਗੈਰ-ਸਿਆਸੀ ਲੋਕ ਜਾਂ ਸਾਧ-ਸੰਤ ਇਹੋ ਜਿਹੇ ਵਕਤ ਰਾਜਨੀਤੀ ਵਿਚ ਦਖਲ ਦਿੰਦੇ ਤੇ ਏਦਾਂ ਸਿਆਸੀ ਸਮਝੌਤਾ ਕਰਵਾ ਕੇ ਆਪਣਾ ਹਲਵਾ-ਮੰਡਾ ਕਰਦੇ ਰਹੇ ਹਨ। ਇਸ ਵਾਰੀ ਇਹ ਨਵਾਂ 'ਪੀ. ਕੇ.' ਪੰਜਾਬ ਦੀ ਸਿਆਸਤ ਵਿਚ ਲੱਤ ਅੜਾਉਂਦਾ ਸੁਣਿਆ ਜਾ ਰਿਹਾ ਹੈ। ਉਹ ਹੈ ਕੌਣ ਅਤੇ ਕਿਸ ਦੇ ਕਹਿਣ 'ਤੇ ਏਦਾਂ ਦਾ ਬੀੜਾ ਚੁੱਕ ਤੁਰਿਆ ਹੈ, ਇਹ ਤਾਂ ਪਤਾ ਨਹੀਂ, ਪਰ ਉਸ ਦੀ ਸਰਗਰਮੀ ਨੇ ਪੰਜਾਬ ਦੀਆਂ ਚੋਣਾਂ ਲਈ ਚੱਕਾ ਵਾਹਵਾ ਅਗੇਤਾ ਗੇੜ ਦਿੱਤਾ ਹੈ।

ਜਦੋਂ ਹਾਲੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ ਇੱਕੀ ਮਹੀਨੇ ਬਾਕੀ ਹਨ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰੈੱਸ ਕਾਨਫਰੰਸ ਵਿਚ ਐਲਾਨ ਕਰ ਦਿੱਤਾ ਹੈ ਕਿ ਉਹ ਅਗਲੀਆਂ ਵਿਧਾਨ ਸਭਾ ਚੋਣਾਂ ਲੜਨ ਲਈ ਤਿਆਰ ਹਨ ਤੇ ਅਗਵਾਈ ਕਰਨਗੇ। ਇਹੀ ਨਹੀਂ, ਅਗਲੀ ਗੱਲ ਇਹ ਕਿ ਕੇਂਦਰ ਦੀ ਕਾਂਗਰਸ ਲੀਡਰਸ਼ਿਪ ਬਿਨਾ ਸ਼ੱਕ ਪ੍ਰਸ਼ਾਂਤ ਕਿਸ਼ੋਰ, ਪੀ. ਕੇ., ਨਾਲ ਖੁਸ਼ ਨਹੀਂ ਦੱਸੀ ਜਾਂਦੀ, ਕੈਪਟਨ ਅਮਰਿੰਦਰ ਸਿੰਘ ਨੇ ਅਗਲੀਆਂ ਚੋਣਾਂ ਵਾਸਤੇ ਫਿਰ ਉਸ ਦੀ ਸੇਵਾਵਾਂ ਲੈਣ ਦਾ ਵੀ ਇਸ਼ਾਰਾ ਕਰ ਦਿੱਤਾ ਹੈ। ਇਸ ਤੋਂ ਕਈ ਲੋਕ ਇਹ ਸੋਚ ਰਹੇ ਹਨ ਕਿ 'ਪੀ. ਕੇ.' ਦੋਵੀਂ ਹੱਥੂ ਲੱਡੂ ਫੜੀ ਬੈਠਾ ਹੈ, ਚੋਣਾਂ ਨੇੜੇ ਜਾ ਕੇ ਵੇਖੇਗਾ, ਜੇ ਕਾਂਗਰਸ ਦੇ ਤਿਲਾਂ ਵਿਚ ਤੇਲ ਦਿੱਸ ਪਿਆ ਤਾਂ ਇਸ ਨਾਲ ਜੁੜਨ ਦਾ ਰਾਹ ਖੁੱਲ੍ਹਾ ਹੈ ਤੇ ਜੇ ਏਧਰ ਗੱਲ ਨਾ ਬਣੀ ਤਾਂ ਆਮ ਆਦਮੀ ਪਾਰਟੀ ਨਾਲ ਕੁੰਡੀ ਪਾਈ ਹੋਈ ਹੈ। ਅੰਦਰੋਂ ਉਸ ਦੇ ਭਾਜਪਾ ਨਾਲ ਪੁਰਾਣੀ ਤਾਰ ਮੁੜ ਜੋੜਨ ਦੇ ਵੀ ਚਰਚੇ ਹਨ, ਪਰ ਉਹ ਖੁਦ ਕੁਝ ਨਹੀਂ ਬੋਲਦਾ, ਇਸ ਲਈ ਹਰ ਕਿਸੇ ਨੂੰ ਅੰਦਾਜ਼ੇ ਲਾਉਣ ਦੀ ਖੁੱਲ੍ਹ ਹੈ। ਕਾਂਗਰਸ ਦੇ ਅੰਦਰਲਾ ਇੱਕ ਬਾਗੀ ਗਰੁੱਪ ਇਸ ਵਕਤ ਹਾਈ ਕਮਾਨ ਦੇ ਆਸ਼ੀਰਵਾਦ ਨਾਲ ਪੰਜਾਬ ਦੇ ਮੁੱਖ ਮੰਤਰੀ ਨੂੰ ਅਗਲੀਆਂ ਚੋਣਾਂ ਤੋਂ ਪਹਿਲਾਂ ਕੋਈ ਝਟਕਾ ਦੇਣ ਲਈ ਵੀ ਸਰਗਰਮ ਹੋਇਆ ਪਿਆ ਹੈ।

ਦੂਜੇ ਪਾਸੇ ਅਕਾਲੀ ਦਲ ਇਸ ਲਈ ਕੁਝ ਮੁਸ਼ਕਿਲ ਵਿਚ ਹੈ ਕਿ ਕੇਂਦਰ ਸਰਕਾਰ ਦੀ ਇੱਕ ਵਜ਼ੀਰੀ ਦੇ ਲਿਹਾਜ਼ ਕਾਰਨ ਉਹ ਬੋਲਣ ਜੋਗੇ ਨਹੀਂ ਤੇ ਕੇਂਦਰ ਸਰਕਾਰ ਪੰਜਾਬ ਤੇ ਅਕਾਲੀਆਂ ਦਾ ਆਧਾਰ ਗਿਣੇ ਜਾਂਦੇ ਕਿਸਾਨ ਭਾਈਚਾਰੇ ਦੇ ਖਿਲਾਫ ਇੱਕ ਪਿੱਛੋਂ ਦੂਜਾ ਕਦਮ ਚੁੱਕੀ ਜਾਂਦੀ ਹੈ। ਪਿਛਲੇ ਦਿਨੀਂ ਜੋ ਫੈਸਲਾ ਹਰ ਰਾਜ ਦੀ ਮੰਡੀ ਵਿਚ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਦੀ ਖੁੱਲ੍ਹ ਦੇਣ ਵਾਲਾ ਕਿਹਾ ਗਿਆ ਸੀ, ਉਸ ਨਾਲ ਪੰਜਾਬ ਦੇ ਕਿਸਾਨਾਂ ਵਿਚ ਚੋਖੀ ਨਾਰਾਜ਼ਗੀ ਹੈ, ਕਿਉਂਕਿ ਕਿਸਾਨ ਕਿਸੇ ਹੋਰ ਰਾਜ ਵਿਚ ਜਾ ਕੇ ਫਸਲ ਵੇਚਣ ਜੋਗੇ ਕਦੇ ਹੁੰਦੇ ਨਹੀਂ ਤੇ ਮੰਡੀਆਂ ਵਾਲਾ ਅਜੋਕਾ ਪ੍ਰਬੰਧ ਵੀ ਉਨ੍ਹਾਂ ਦੀ ਪਹੁੰਚ ਤੋਂ ਨਿਕਲ ਸਕਦਾ ਹੈ। ਸਭ ਕਿਸਾਨ ਜਥੇਬੰਦੀਆਂ ਨੇ ਜਦੋਂ ਇਸ ਦਾ ਵਿਰੋਧ ਕੀਤਾ ਤਾਂ ਇਸ ਵਿਰੋਧ ਨੂੰ ਵੇਖ ਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਖੁਦ ਮੀਡੀਆ ਸਾਹਮਣੇ ਜਾ ਕੇ ਇਹ ਗੱਲ ਕਹਿਣੀ ਪਈ ਹੈ ਕਿ ਉਹ ਕਿਸਾਨ-ਹਿੱਤਾਂ ਲਈ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਹਨ। ਉਹ ਪਹਿਲਾਂ ਚਾਰ ਦਿਨ ਤੱਕ ਬੋਲੇ ਨਹੀਂ ਸਨ ਤੇ ਹਰ ਪਾਸੇ ਅਕਾਲੀ ਦਲ ਦੀ ਨੁਕਤਾਚੀਨੀ ਹੁੰਦੀ ਵੇਖਣ ਪਿਛੋਂ ਕੁਰਬਾਨੀਆਂ ਦੀ ਕਹਾਣੀ ਇਸ ਲਈ ਪਾਉਣੀ ਪਈ ਹੈ ਕਿ ਆਮ ਲੋਕਾਂ ਵਿਚ ਜਾਣਾ ਔਖਾ ਮਹਿਸੂਸ ਜਾਪਦਾ ਸੀ। ਫਿਰ ਵੀ ਉਹ ਅਜੋਕੇ ਹਾਲਾਤ ਨੂੰ ਚੰਗੀ ਤਰ੍ਹਾਂ ਵੇਖਦੇ ਹੋਏ ਭਾਜਪਾ ਦੇ ਆਸਰੇ ਬਿਨਾ ਖੁਦ ਕਿਸੇ ਚੋਣ ਵਿਚ ਕੁੱਦਣ ਜੋਗੇ ਨਾ ਹੋਣ ਕਰ ਕੇ ਇਥੇ ਬਿਆਨ ਜਿਹੋ ਜਿਹੇ ਵੀ ਦੇ ਲੈਣ, ਕੇਂਦਰ ਵਿਚ ਨਰਿੰਦਰ ਮੋਦੀ ਸਰਕਾਰ ਦੇ ਕਿਸੇ ਫੈਸਲੇ ਦਾ ਸਿੱਧਾ ਵਿਰੋਧ ਕਰਨ ਦੀ ਹਿੰਮਤ ਨਹੀਂ ਕਰ ਸਕਦੇ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਲੋਕ ਜਦੋਂ ਸਵੇਰੇ ਉੱਠ ਕੇ ਰੋਜ਼ ਇਹ ਖਬਰਾਂ ਧਿਆਨ ਨਾਲ ਪੜ੍ਹਦੇ ਹਨ ਕਿ ਦੇਸ਼ ਵਿਚ ਕੇਸ ਕਿੰਨੇ ਕੁ ਹੋਰ ਵਧ ਗਏ ਹਨ ਤੇ ਮੌਤਾਂ ਕਿੱਥੇ ਕਿੰਨੀਆਂ ਹੋਰ ਹੋਈਆਂ ਹਨ, ਸਿਆਸੀ ਆਗੂ ਇੱਕੀ ਮਹੀਨੇ ਦੂਰ ਦੀਆਂ ਚੋਣਾਂ ਬਾਰੇ ਕਮਰਕੱਸੇ ਕਰੀ ਫਿਰਦੇ ਹਨ। ਸਿਆਸਤ ਦੇ ਅਸਲੀ ਜੀਨ ਦਾ ਪਤਾ ਇਥੋਂ ਹੀ ਲੱਗਦਾ ਹੈ। ਇਹ ਵਕਤ ਅਜੇ ਭਾਰਤ ਤੇ ਪੰਜਾਬ ਨੂੰ ਕਰੋਨਾ ਤੋਂ ਬਚਾਉਣ ਦਾ ਹੈ। ਲੀਡਰਾਂ ਨੂੰ ਇਸ ਵੇਲੇ ਵੀ ਚੋਣਾਂ ਦੀ ਕਾਹਲੀ ਪਈ ਹੈ।

# ਚੀਨ ਤੇ ਭਾਰਤ ਵਿਚਲੇ ਫੌਜੀ ਟਕਰਾਓ ਦਾ ਆਲਮੀ ਪ੍ਰਸੰਗ

*(ਪਿਛਲੇ ਸਫੇ ਦੀ ਬਾਕੀ)*

ਵੱਧ ਹੋਵੇਗਾ। ਇਸ ਲਈ ਮੋਦੀ ਸਰਕਾਰ ਨਵੀਂ ਭੂਗੋਲਿਕ ਰਾਜਨੀਤੀ ਨਾਲ ਨਜਿੱਠਣ ਵੇਲੇ ਖਾਸ ਤੌਰ 'ਤੇ ਸੁਚੇਤ ਰਹੇ। ਇਉਂ ਨਾ ਕਰਨ ਦੀ ਸੂਰਤ ਵਿਚ ਭਾਰਤ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਜੇ ਉਹ ਅਮਰੀਕਾ ਵਲ ਝੁਕਿਆ ਜਾਂ ਚੀਨ ਉਤੇ ਹਮਲਾ ਕਰਨ ਲਈ ਅਮਰੀਕਾ ਦਾ ਪਿਠੂ ਬਣਿਆ ਤਾਂ ਦੋ ਏਸ਼ੀਅਨ ਗੁਆਂਢੀ ਦੇਸ਼ਾਂ ਦੇ ਵਪਾਰਕ ਸਬੰਧ ਤੇ ਅਰਥਚਾਰੇ ਤਬਾਹ ਹੋ ਜਾਣਗੇ ਅਤੇ ਮੌਜੂਦਾ ਪੜਾਅ ਉਤੇ ਭਾਰਤੀ ਅਰਥਚਾਰਾ ਇਹ ਤਬਾਹੀ ਸਹਿ ਨਹੀਂ ਸਕਦਾ; ਕਿਉਂਕਿ ਲੌਕਡਾਊਨ ਨਾਲ ਜਾਮ ਹੋਇਆ ਭਾਰਤੀ ਅਰਥਚਾਰਾ ਇਕ ਹੋਰ ਸਦਮਾ ਸਹਿਣ ਦੀ ਹਾਲਤ ਵਿਚ ਨਹੀਂ ਹੈ।

ਭਾਰਤ ਅਤੇ ਚੀਨ ਦੇ ਇਸ ਵਧ ਰਹੇ ਟਕਰਾਓ ਨੂੰ ਸਮੁੱਚੇ ਆਲਮੀ ਪ੍ਰਸੰਗ ਵਿਚ ਵੇਖਣ ਦੀ ਲੋੜ ਹੈ। ਅਜੋਕੇ ਸੰਸਾਰ ਪ੍ਰਬੰਧ ਨੂੰ ਤਿੰਨ ਮੁਖ ਵਰਤਾਰੇ ਗਤੀ ਦੇ ਰਹੇ ਹਨ। ਪਹਿਲਾ ਵਰਤਾਰਾ ਮੁਨਾਫੇ ਦੇ ਰੂਪ ਵਿਚ ਵੱਧ ਤੋਂ ਵੱਧ ਪੂੰਜੀ ਇਕੱਠੀ ਕਰਨ ਦੀ ਧੁਸ (ਹਵਸ) ਹੈ। ਦੂਜਾ ਵਰਤਾਰਾ ਹਰੇਕ ਦੂਜੇ ਪੂੰਜੀਪਤੀ ਤੋਂ ਹੋਰ ਵਧੇਰੇ ਪੂੰਜੀ ਇਕੱਠੀ ਕਰਨ ਅਤੇ ਇਕ-ਦੂਜੇ ਕੋਲੋਂ ਪੂੰਜੀ ਖੋਹਣ ਲਈ ਪੂੰਜੀਪਤੀਆਂ ਵਿਚਾਲੇ ਚੱਲ ਰਿਹਾ ਮੁਕਾਬਲਾ ਹੈ। ਤੀਜਾ ਵਰਤਾਰਾ ਇਨ੍ਹਾਂ ਦੋਹਾਂ ਵਰਤਾਰਿਆਂ ਦੇ ਫਲਸਰੂਪ ਪੈਦਾ ਹੋ ਰਹੀ ਅਨਾਰਕੀ ਭਾਵ ਗੜਬੜਚੌਥ ਹੈ, ਜਿਸ ਦਾ ਸਮਾਜੀ ਅਤੇ ਰਾਜਸੀ ਪ੍ਰਗਟਾਵਾ ਅਮਰੀਕਾ ਸਮੇਤ ਸਮੁੱਚੇ ਸੰਸਾਰ ਦੇ ਦੇਸ਼ਾਂ ਵਿਚ ਲੋਕ ਮਨਾਂ ਵਿਚ ਫੈਲ ਰਹੀ ਬਦਜਨੀ ਦੇ ਰੂਪ ਵਿਚ ਹੋ ਰਿਹਾ ਹੈ। ਸਾਮਰਾਜੀ ਦੌਰ ਵਿਚ ਆ ਕੇ ਪੂੰਜੀਪਤੀਆਂ ਵਿਚਲੀ ਟੱਕਰ ਸਾਮਰਾਜੀ ਦੇਸ਼ਾਂ ਵਿਚਾਲੇ ਟੱਕਰ ਦਾ ਰੂਪ ਧਾਰ ਗਈ ਹੈ। ਇਸ ਵੇਲੇ ਸੰਸਾਰ ਭਰ ਦੀਆਂ ਹੋਰਨਾਂ ਬਾਕੀ ਸਾਰੀਆਂ ਵਿਰੋਧਤਾਈਆਂ ਨੂੰ ਗਤੀ ਦੇ ਰਹੀ ਮੁੱਖ ਵਿਰੋਧਤਾਈ ਅਮਰੀਕੀ ਸਾਮਰਾਜ ਅਤੇ ਚੀਨੀ ਸਾਮਰਾਜ ਵਿਚਲੀ ਵਿਰੋਧਤਾਈ ਹੈ। ਸੰਸਾਰ ਦੇ ਪਿੜ ਵਿਚ ਚੀਨ ਦੇ ਇਕ ਮਹਾਸ਼ਕਤੀ ਵਜੋਂ ਪ੍ਰਗਟ ਹੋਣ ਤੋਂ ਪਹਿਲਾਂ ਅਮਰੀਕਾ ਇਕੋ-ਇਕ ਮਹਾਸ਼ਕਤੀ ਸੀ, ਜੋ ਆਪਣੀਆਂ ਮਨਮਾਨੀਆਂ ਕਰ ਰਹੀ ਸੀ। ਅਫਗਾਨਿਸਤਾਨ ਤੋਂ ਲੈ ਕੇ ਇਰਾਕ, ਸੀਰੀਆ, ਲਿਬੀਆ ਤੇ ਅਨੇਕ ਅਫਰੀਕੀ ਮੁਲਕ ਇਨ੍ਹਾਂ ਮਨਮਾਨੀਆਂ ਕਾਰਨ ਤਬਾਹ ਹੋ ਗਏ। ਰੂਸ ਭਾਵੇਂ ਅਮਰੀਕੀ ਮਨਮਾਨੀਆਂ ਤੋਂ ਦੁਖੀ ਸੀ, ਪਰ ਪ੍ਰਮਾਣੂ ਹਥਿਆਰਾਂ ਨੂੰ ਛੱਡ ਕੇ ਬਾਕੀ ਫੌਜੀ ਅਤੇ ਆਰਥਕ ਪੱਖੋਂ ਉਹ ਇਕੱਲਾ ਅਮਰੀਕਾ ਦਾ ਮੁਕਾਬਲਾ ਕਰਨ ਦੇ ਸਮਰਥ ਨਹੀਂ ਸੀ। ਪਿਛਲੇ ਕੁਝ ਸਾਲਾਂ ਵਿਚ ਚੀਨ ਦੇ ਇਕ ਆਰਥਕ ਅਤੇ ਫੌਜੀ ਪੱਖੋਂ ਮਹਾਸ਼ਕਤੀ ਵਜੋਂ ਉਭਰਨ ਕਾਰਨ ਉਸ ਦਾ ਹੌਸਲਾ ਵਧਿਆ ਹੈ। ਇਨ੍ਹਾਂ ਦੋਹਾਂ ਦੇਸ਼ਾਂ ਵਿਚਾਲੇ ਹੋਏ ਯੁਧਨੀਤਕ ਸਮਝੌਤੇ ਪਿਛੋਂ ਰੂਸ ਅਤੇ ਚੀਨ ਰਲ ਕੇ ਹਰ ਪੱਖੋਂ ਅਮਰੀਕੀ ਮਹਾਸ਼ਕਤੀ ਨੂੰ ਮਾਤ ਦੇਣ ਦੇ ਯੋਗ ਹੋ ਗਏ ਹਨ। ਇਸ ਹਾਲਤ ਵਿਚ ਸੰਸਾਰ ਦੀ ਸਾਮਰਾਜੀ ਚੌਧਰ ਹਾਸਲ ਕਰਨ ਲਈ ਅਮਰੀਕਾ ਅਤੇ ਚੀਨ ਵਿਚਾਲੇ ਚੱਲ ਰਿਹਾ ਟਕਰਾਓ ਹੁਣ ਆਪਣੇ ਉਚਤਮ ਪੜਾਅ ਉਤੇ ਪਹੁੰਚ ਗਿਆ ਹੈ। ਅਮਰੀਕਾ ਹਰੇਕ ਹਰਬਾ ਵਰਤ ਕੇ ਚੀਨ ਨੂੰ ਰਾਜਸੀ ਤੌਰ 'ਤੇ ਨਿਖੇੜਨ ਦੇ ਯਤਨ ਕਰ ਰਿਹਾ ਹੈ। ਇਸ ਲਈ ਉਸ ਨੇ ਪੂਰਾ ਤਾਣ ਲਾਇਆ ਹੋਇਆ ਹੈ ਕਿ ਚੀਨ ਦੇ ਵਿਰੁਧ ਭਾਰਤ ਨੂੰ ਆਪਣੇ ਨਾਲ ਖੜਾ ਕਰੇ। ਪੱਛਮੀ ਸੋਚ ਦੀ ਗੁਲਾਮ ਹੋਣ ਕਰਕੇ ਭਾਰਤੀ ਸਾਮਰਾਜੀਆਂ ਦੀ ਵੱਡੀ ਧਿਰ ਅਮਰੀਕਾ ਦੇ ਡੁੱਬਦੇ ਬੇੜੇ ਵਿਚ ਸੁਆਰ ਹੋਣ ਨੂੰ ਤਿਆਰ ਬੈਠੀ ਹੈ। ਭਾਵੇਂ ਕਿ ਜਮੀਨੀ ਹਕੀਕਤ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੀ, ਪਰ ਇਸ ਖਿਤੇ ਦੇ ਚੌਧਰੀ ਬਣਨ ਦੀ ਲਾਲਸਾ ਉਸ ਨੂੰ ਏਧਰ ਧੱਕੀ ਆਉਂਦੀ ਹੈ। ਚੀਨ ਨੇ ਭਾਰਤੀ ਸਾਮਰਾਜੀਆਂ ਨੂੰ ਇਸ ਜਮੀਨੀ ਹਕੀਕਤ ਦਾ ਅਹਿਸਾਸ ਕਰਵਾਉਣ ਲਈ ਹੀ ਲੱਦਾਖ ਵਿਚ ਜਬਰੀ ਦਖਲ-ਅੰਦਾਜ਼ੀ ਕਰਨ ਦਾ ਇਹ ਹਮਲਾਵਰ ਰੁਖ ਅਪਨਾਇਆ ਹੈ।

# ਸਿੱਧੂ ਦੇ 'ਆਪ' ਵਿਚ ਜਾਣ ਬਾਰੇ ਫਿਰ ਚਰਚਾ

**ਨਵੀਂ ਦਿੱਲੀ:** ਪੰਜਾਬ ਦੇ ਅੰਮ੍ਰਿਤਸਰ (ਪੂਰਬੀ) ਹਲਕੇ ਤੋਂ ਕਾਂਗਰਸੀ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਮੁੜ ਚਰਚਾ ਵਿਚ ਹਨ। ਆਮ ਆਦਮੀ ਪਾਰਟੀ (ਆਪ) ਵੱਲੋਂ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸੀ ਵਿਧਾਇਕ ਤੇ ਸਾਬਕਾ ਮੰਤਰੀ ਨਵਜੋਤ ਸਿੱਧੂ ਨੂੰ ਪਾਰਟੀ 'ਚ ਸ਼ਾਮਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। 'ਆਪ' ਦੀ ਪੰਜਾਬ ਇਕਾਈ ਦੇ ਇੰਚਾਰਜ ਜਰਨੈਲ ਸਿੰਘ ਨੇ ਕਿਹਾ ਹਾਲਾਂਕਿ ਸ੍ਰੀ ਸਿੱਧੂ ਨੂੰ ਭੇਜੇ ਗਏ ਸੰਦੇਸ਼ਾਂ ਦਾ ਉਨ੍ਹਾਂ ਨੇ ਕੋਈ ਜਵਾਬ ਨਹੀਂ ਦਿੱਤਾ ਹੈ। ਪਰ ਜੋ ਇਮਾਨਦਾਰੀ ਦੀ ਭਾਵਨਾ ਨਾਲ ਪਾਰਟੀ 'ਚ ਸ਼ਾਮਲ ਹੋਣਾ ਚਾਹੁੰਦੇ ਹਨ, ਉਨ੍ਹਾਂ ਦਾ ਸਵਾਗਤ ਹੈ।



ਇਹ ਸਿੱਧੂ ਵੀ ਹੋ ਸਕਦੇ ਹਨ, ਪਰ ਉਹ ਇਸ ਗੱਲੋਂ ਅਣਜਾਣ ਹਨ ਕਿ ਕਾਂਗਰਸੀ ਆਗੂ ਨਾਲ ਗੱਲਬਾਤ ਕੌਣ ਕਰ ਰਿਹਾ ਹੈ। ਸੂਤਰਾਂ ਮੁਤਾਬਕ ਸਿੱਧੂ ਨੂੰ 'ਆਪ' ਵਿਚ ਸ਼ਾਮਲ ਕਰਵਾਉਣ ਲਈ ਵਿਚੋਲੇ ਦੀ ਭੂਮਿਕਾ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਵੱਲੋਂ ਨਿਭਾਈ ਜਾ ਰਹੀ ਹੈ। ਸ੍ਰੀ ਸਿੱਧੂ ਦੇ ਕਰੀਬੀ ਸੂਤਰਾਂ ਅਨੁਸਾਰ ਸਿੱਧੂ ਵੱਲੋਂ ਕਿਸ਼ੋਰ ਨਾਲ ਵੱਟਸਐਪ 'ਤੇ 'ਆਪ' ਸ਼ਾਮਲ ਸਬੰਧੀ ਸ਼ਰਤਾਂ ਬਾਰੇ ਗੱਲਬਾਤ ਕੀਤੀ ਗਈ ਹੈ। ਸੂਤਰਾਂ ਮੁਤਾਬਕ ਸਿੱਧੂ ਨੇ ਕਿਸ਼ੋਰ ਨੂੰ ਪਾਰਟੀ 'ਚ ਉਨ੍ਹਾਂ ਦੀ ਭੂਮਿਕਾ ਅਤੇ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਏ ਜਾਣ ਸਬੰਧੀ ਸਥਿਤੀ ਸਪਸ਼ਟ ਕਰਨ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਦਾ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵਿਚਾਰਕ ਮਤਭੇਦ ਚੱਲ ਰਹੇ ਹਨ ਅਤੇ ਪਿਛਲੇ ਵਰ੍ਹੇ ਉਨ੍ਹਾਂ ਨੇ ਪੰਜਾਬ ਕੈਬਨਿਟ ਤੋਂ ਅਸਤੀਫਾ ਦੇ ਦਿੱਤਾ ਸੀ। ਇਸੇ ਦੌਰਾਨ ਕਾਂਗਰਸ ਦੇ ਕੁਝ ਸੂਤਰਾਂ ਨੇ ਦੱਸਿਆ ਕਿ ਮੁੱਖ ਅਮਰਿੰਦਰ ਸਿੰਘ ਵੀ 2022 ਦੀਆਂ ਅਸੈਂਬਲੀ ਚੋਣਾਂ ਵਾਸਤੇ ਪ੍ਰਚਾਰ ਲਈ ਇਸ ਸਾਲ ਜਨਵਰੀ ਮਹੀਨੇ ਪ੍ਰਸ਼ਾਂਤ ਕਿਸ਼ੋਰ ਤੱਕ ਪਹੁੰਚ ਕਰ ਚੁੱਕੇ ਹਨ। ਜਦਕਿ ਦੂਜੇ ਪਾਸੇ ਪ੍ਰਸ਼ਾਂਤ ਕਿਸ਼ੋਰ ਦਿੱਲੀ ਤੇ ਪੰਜਾਬ ਵਿਚ 'ਆਪ' ਦੀ ਮੁਹਿੰਮ ਲਈ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਗੱਲਬਾਤ ਹੋਣ ਕਾਰਨ ਪੰਜਾਬ ਕਾਂਗਰਸ ਦੀ ਪੇਸ਼ਕਸ਼ ਸਵੀਕਾਰ ਕਰਨ ਲਈ ਇਛੁੱਕ ਨਹੀਂ ਹਨ।

## ਕੈਪਟਨ ਨੇ ਪ੍ਰਸ਼ਾਂਤ ਕਿਸ਼ੋਰ ਸਬੰਧੀ ਰਿਪੋਰਟਾਂ ਨਕਾਰੀਆਂ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਲ 2022 ਵਿਚ ਕਾਂਗਰਸ ਦੀ ਚੋਣ ਮੁਹਿੰਮ ਘੜਨ ਲਈ ਪ੍ਰਸ਼ਾਂਤ ਕਿਸ਼ੋਰ ਨੂੰ ਸ਼ਾਮਲ ਕਰਨ ਦੇ ਸਵਾਲ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਕਿਸ਼ੋਰ ਨੇ ਉਨ੍ਹਾਂ ਦੀ ਅਪੀਲ ਪ੍ਰਤੀ ਸਕਾਰਾਤਮਕ ਹੁੰਗਾਰਾ ਭਰਿਆ ਹੈ। ਕੈਪਟਨ ਨੇ ਕਿਹਾ ਕਿ ਪੰਜਾਬ ਕਾਂਗਰਸ ਨੂੰ ਸਹਿਯੋਗ ਕਰਨ ਲਈ ਰਜ਼ਾਮੰਦੀ ਜ਼ਾਹਰ ਕਰਦਿਆਂ ਸ੍ਰੀ ਕਿਸ਼ੋਰ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਨਵਜੋਤ ਸਿੱਧੂ ਜਾਂ ਆਮ ਆਦਮੀ ਪਾਰਟੀ (ਆਪ) ਨਾਲ ਕਿਸੇ ਤਰ੍ਹਾਂ ਦੀ ਗੱਲਬਾਤ ਚੱਲਣ ਤੋਂ ਇਨਕਾਰ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਕਿਸ਼ੋਰ ਨੇ ਸਿੱਧੂ ਜਾਂ 'ਆਪ' ਨਾਲ ਕਿਸੇ ਤਰ੍ਹਾਂ ਦੀ ਸਾਂਝ ਨੂੰ ਰੱਦ ਕੀਤਾ ਹੈ।

## ਸਿੱਧੂ ਦਾ 'ਆਪ' ਵਿਚ ਸਵਾਗਤ ਹੈ: ਕੇਜਰੀਵਾਲ

**ਨਵੀਂ ਦਿੱਲੀ:** ਪੰਜਾਬ ਦੇ ਅੰਮ੍ਰਿਤਸਰ (ਪੂਰਬੀ) ਹਲਕੇ ਤੋਂ ਕਾਂਗਰਸੀ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨਾਲ ਬੀਤੇ ਦਿਨੀਂ 'ਆਪ' ਦੇ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਵੱਲੋਂ ਰਾਬਤਾ ਬਣਾਉਣ ਦੀਆਂ ਖਬਰਾਂ



ਆਉਣ ਦੇ ਮੱਦੇਨਜ਼ਰ ਦਿੱਲੀ ਦੇ ਮੁੱਖ ਮੰਤਰੀ ਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਸ੍ਰੀ ਸਿੱਧੂ ਦਾ 'ਆਪ' ਵਿਚ ਸਵਾਗਤ ਹੈ। ਇਸ ਟਿੱਪਣੀ ਨਾਲ ਸਿੱਧੂ ਮੁੜ ਚਰਚਾ ਦਾ ਕੇਂਦਰ ਬਣ ਗਏ ਹਨ। ਇਕ ਚੈਨਲ ਨਾਲ ਗੱਲਬਾਤ ਦੌਰਾਨ ਸ੍ਰੀ ਕੇਜਰੀਵਾਲ ਨੇ ਨਵਜੋਤ ਸਿੱਧੂ ਬਾਰੇ ਕਿਹਾ ਕਿ ਉਹ ਉਨ੍ਹਾਂ ਦਾ ਸਵਾਗਤ ਕਰਦੇ ਹਨ ਪਰ 'ਆਪ' ਵੱਲੋਂ ਸਿੱਧੂ ਨਾਲ ਪਾਰਟੀ ਦੇ ਕਿਸੇ ਵਿਅਕਤੀ ਰਾਹੀਂ ਗੱਲਬਾਤ ਕੀਤੇ ਜਾਣ ਬਾਰੇ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 13 ਜੂਨ 2020

# ਸਿਆਸਤ ਅਤੇ ਸਿੱਖ ਸਿਆਸਤ

ਪਿਛਲੇ ਕੁਝ ਸਮੇਂ ਤੋਂ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੁਝ ਮਸਲਿਆਂ ਬਾਰੇ ਵੇਲੇ ਸਿਰ ਪਹਿਲਕਦਮੀ ਕਰਕੇ ਚੰਗੀ ਭੱਲ ਬਣਾਈ ਹੈ। ਅਸਲ ਵਿਚ ਜਦੋਂ ਤੋਂ ਬਾਦਲ ਪਰਿਵਾਰ ਸਿੱਖਾਂ ਦੀ ਇਸ ਸਿਰਮੌਰ ਸੰਸਥਾ ਉਤੇ ਕਾਬਜ਼ ਹੋਇਆ ਹੈ ਅਤੇ ਇਸ ਨੇ ਜਿਸ ਢੰਗ ਨਾਲ ਇਸ ਸੰਸਥਾ ਨੂੰ ਆਪਣੇ ਨਿੱਜੀ ਮੁਫਾਦ ਲਈ ਵਰਤਿਆ ਹੈ, ਉਸ ਨੇ ਸਿੱਖ ਹਲਕਿਆਂ ਅੰਦਰ ਨਿਰਾਸ਼ਾ ਅਤੇ ਅੱਧੋਗਤੀ ਵਾਲਾ ਆਲਮ ਤਾਰੀ ਕਰ ਦਿੱਤਾ ਸੀ। ਇਸ ਸੰਸਥਾ ਉਤੇ ਬਾਦਲਾਂ ਦਾ ਸਿਆਸੀ ਕਬਜ਼ਾ ਤੁੜਵਾਉਣ ਦੀ ਕਵਾਇਦ ਵਜੋਂ ਹੀ ਸਰਬੱਤ ਖਾਲਸਾ ਹੋਂਦ ਵਿਚ ਆਇਆ ਸੀ ਅਤੇ ਉਸ ਵਕਤ ਸੰਗਤ ਦੀ ਹਾਜ਼ਰੀ ਵਿਚ ਜਗਤਾਰ ਸਿੰਘ ਹਵਾਰਾ ਨੂੰ ਅਕਾਲ ਤਖਤ ਦਾ ਜਥੇਦਾਰ ਥਾਪ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਗੱਲ ਬਹੁਤੀ ਅਗਾਂਹ ਤਾਂ ਨਹੀਂ ਤੁਰ ਸਕੀ, ਪਰ ਜਦੋਂ ਤੋਂ ਗਿਆਨੀ ਗਰਪ੍ਰੀਤ ਸਿੰਘ ਨੇ ਅਕਾਲ ਤਖਤ ਦੇ ਜਥੇਦਾਰ ਦਾ ਕਾਰਜਕਾਰੀ ਪਦ-ਭਾਰ ਸੰਭਾਲਿਆ ਹੈ, ਉਨ੍ਹਾਂ ਦੀਆਂ ਕੀਤੀਆਂ ਕਈ ਪਹਿਲਕਦਮੀਆਂ ਨੂੰ ਭਰਪੂਰ ਹੁੰਗਾਰਾ ਮਿਲਿਆ। ਕੁਝ ਸਿੱਖ ਹਲਕੇ ਤਾਂ ਇਸ ਗੱਲੋਂ ਹੈਰਾਨ ਸਨ ਕਿ ਜਥੇਦਾਰ, ਜਿਸ ਨੂੰ ਬਾਦਲਾਂ ਦੀ ਕਬਜ਼ੇ ਹੇਠਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾਮਜ਼ਦ ਕੀਤਾ ਹੈ, ਅਜਿਹੇ ਐਲਾਨ ਕਿਸ ਤਰ੍ਹਾਂ ਕਰ ਰਹੇ ਹਨ! ਕੁਝ ਮਾਮਲਿਆਂ ਵਿਚ ਜਥੇਦਾਰ ਨੇ ਬਾਦਲਾਂ ਨੂੰ ਕਸੂਤੀ ਹਾਲਤ ਵਿਚ ਵੀ ਫਸਾਇਆ। ਕਈ ਵਾਰ ਜਥੇਦਾਰ ਨੂੰ ਇਸ ਅਹੁਦੇ ਤੋਂ ਲਾਂਭੇ ਕਰ ਦਿੱਤੇ ਜਾਣ ਬਾਰੇ ਵੀ ਚਰਚਾ ਛਿੜੀ, ਪਰ ਜਾਪਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਪਾਰਟੀ ਅੰਦਰਲੀ ਟੁੱਟ-ਭੱਜ ਅਤੇ ਬੇਅਦਬੀ ਕਾਂਡ ਕਾਰਨ ਹੋਈ ਬਦਨਾਮੀ ਕਾਰਨ ਇਸ ਕਦਰ ਨਿਢਾਲ ਹੋਈ ਪਈ ਹੈ ਕਿ ਇਸ ਨੇ ਮਸਲੇ ਨੂੰ ਹੋਰ ਵਧਾਉਣਾ ਸ਼ਾਇਦ ਠੀਕ ਨਾ ਸਮਝਿਆ ਹੋਵੇ। ਉਧਰ, ਸਿੱਖਾਂ ਦੇ ਤੱਤੇ ਆਖੇ ਜਾਂਦੇ ਹਿੱਸੇ ਵਲੋਂ ਜਥੇਦਾਰ ਨੂੰ ਗਾਹੇ-ਬਗਾਹੇ ਹਮਾਇਤ ਮਿਲਦੀ ਰਹੀ, ਜਿਸ ਦੇ ਸਿੱਟੇ ਵਜੋਂ ਸਿੱਖਾਂ ਦੇ ਕਰੀਬ ਸਾਰੇ ਹਲਕਿਆਂ ਵਿਚ ਗਿਆਨੀ ਹਰਪ੍ਰੀਤ ਸਿੰਘ ਨੇ ਇਕ ਖਾਸ ਜਗ੍ਹਾ ਬਣਾ ਲਈ। ਅਜਿਹਾ ਇਸ ਕਰਕੇ ਹੀ ਵਾਪਰ ਸਕਿਆ, ਕਿਉਂਕਿ ਉਹ ਸਿੱਖਾਂ ਦੇ ਵੱਖ-ਵੱਖ ਹਲਕਿਆਂ ਨਾਲ ਆਪਣੇ ਪੱਧਰ 'ਤੇ ਰਾਬਤਾ ਰੱਖਦੇ ਆ ਰਹੇ ਹਨ।

ਜੂਨ ਮਹੀਨਾ ਸੰਸਾਰ ਭਰ ਦੇ ਸਿੱਖਾਂ ਲਈ ਅੰਤਾਂ ਦਾ ਦਰਦ ਲੈ ਕੇ ਆਉਂਦਾ ਹੈ। ਕਰੀਬ ਸਾਢੇ ਤਿੰਨ ਦਹਾਕੇ ਪਹਿਲਾਂ ਇੰਦਰਾ ਸਰਕਾਰ ਨੇ ਅਕਾਲ ਤਖਤ 'ਤੇ ਹਮਲਾ ਕਰਕੇ ਜਿਸ ਤਰ੍ਹਾਂ ਸਿੱਖ ਹਿਰਦਿਆਂ ਨੂੰ ਵਲੂੰਧਰ ਸੁੱਟਿਆ ਸੀ, ਉਹ ਜ਼ਖਮ ਅਜੇ ਵੀ ਰਿਸ ਰਹੇ ਹਨ। ਸ਼ਰਧਾਲੂ ਸਿੱਖ ਹਿਰਦਿਆਂ ਦੇ ਇਸ ਦਰਦ ਅਤੇ ਫਿਰ ਪੁਲਿਸ ਦੀਆਂ ਜ਼ਿਆਦਤੀਆਂ ਨੇ ਪੰਜਾਬ ਅੰਦਰ ਉਹ ਸਮਾਂ ਵੀ ਲਿਆਂਦਾ, ਜਿਸ ਵਿਚ ਕਤਲੋਗਾਰਤ ਹਰ ਸੀਮਾ ਪਾਰ ਕਰ ਗਈ, ਤੇ ਘਰਾਂ ਦੇ ਘਰ ਉਜੜ ਗਏ। ਇਹੀ ਉਹ ਮਸਾਂ ਸੀ, ਜਿਸ ਨੇ ਪੰਜਾਬ ਦੇ ਹਰ ਮਰਹੱਲੇ ਉਤੇ ਆਪਣਾ ਅਸਰ ਛੱਡਿਆ। ਉਸ ਵਕਤ ਬੇਕਿਰਕ ਸਿਆਸਤ ਨੇ ਲੋਕਾਂ ਦਾ ਭਰੋਸਾ ਤੋੜ ਸੁੱਟਿਆ। ਖੈਰ! ਉਹ ਸਮਾਂ ਵੀ ਲੰਘਿਆ ਅਤੇ ਅੱਜ ਸਿੱਖ, ਸੰਸਾਰ ਦੇ ਵੱਖ-ਵੱਖ ਹਿੱਸਿਆਂ ਅੰਦਰ ਆਪਣੋ-ਆਪਣੇ ਢੰਗ ਨਾਲ ਵਿਚਰ ਰਹੇ ਹਨ ਅਤੇ ਉਸ ਦੌਰ ਦੀਆਂ ਘਟਨਾਵਾਂ-ਦੁਰਘਟਨਾਵਾਂ ਨੂੰ ਯਾਦ ਕਰਦੇ ਹਨ। ਅਜਿਹੇ ਹਾਲਾਤ ਦੌਰਾਨ ਜਿਸ ਤਰ੍ਹਾਂ ਦਾ ਬਿਆਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਿੱਤਾ ਹੈ, ਉਸ ਨੇ ਉਨ੍ਹਾਂ ਦੀ ਭੂਤ ਤੇ ਭਵਿੱਖ ਦੀ ਪਹੁੰਚ ਬਾਰੇ ਸ਼ੰਕੇ ਖੜ੍ਹੇ ਕਰ ਦਿੱਤੇ ਹਨ। ਬੇਸ਼ੱਕ, ਖਾਲਿਸਤਾਨ ਜਾਂ ਸਿੱਖਾਂ ਨਾਲ ਜੁੜੀਆਂ ਅਜਿਹੀਆਂ ਹੋਰ ਮੰਗਾਂ ਹਰ ਕਿਸੇ ਦਾ ਬੁਨਿਆਦੀ ਹੱਕ ਹੈ, ਪਰ ਅੱਜ ਸਿੱਖ ਜਗਤ ਜਿਨ੍ਹਾਂ ਸਮੱਸਿਆਵਾਂ ਤੇ ਮੁਸੀਬਤਾਂ ਨਾਲ ਦੋ-ਚਾਰ ਹੋ ਰਿਹਾ ਹੈ, ਖਾਲਿਸਤਾਨ ਦੀ ਮੰਗ ਬਾਰੇ ਬਿਆਨ ਕੀ ਉਨ੍ਹਾਂ ਵਿਚੋਂ ਸਭ ਤੋਂ ਅਹਿਮ ਹੈ? ਸਿੱਖ ਸਮਾਜ ਦੀ ਅਧੋਗਤੀ ਅੱਜ ਕਿਸੇ ਤੋਂ ਲੁਕੀ ਹੋਈ ਨਹੀਂ। ਇਸ ਦਾ ਸਭ ਤੋਂ ਵੱਡਾ ਕਾਰਨ ਸਿੱਖਾਂ ਦੀ ਲੀਡਰਸ਼ਿਪ ਹੈ। ਦੂਜੇ ਬੰਨੇ, ਮੋਦੀ ਸਰਕਾਰ ਦੀ ਆਮਦ ਪਿਛੋਂ ਘੱਟ ਗਿਣਤੀਆਂ ਨਾਲ ਜਿਸ ਤਰ੍ਹਾਂ ਦਾ ਵਿਹਾਰ ਸਾਹਮਣੇ ਆਇਆ ਹੈ, ਉਸ ਪ੍ਰਸੰਗ ਵਿਚ ਜਥੇਦਾਰ ਦੇ ਇਸ ਬਿਆਨ ਦੇ ਕੀ ਮਾਇਨੇ ਬਣਦੇ ਹਨ?

ਕੁਝ ਸਿੱਖ ਹਲਕਿਆਂ ਨੇ ਜਥੇਦਾਰ ਦੇ ਇਸ ਬਿਆਨ ਨੂੰ ਕੁਵੇਲੇ ਦਿੱਤਾ ਅਤੇ ਭੰਬਲਭੂਸਾ ਪਾਉਣ ਵਾਲਾ ਕਰਾਰ ਦਿੱਤਾ ਹੈ। ਪਹਿਲਾਂ ਵੀ ਅਜਿਹੇ ਮੌਕੇ ਆਏ ਹਨ, ਜਦੋਂ ਸਿੱਖ ਲੀਡਰਸ਼ਿਪ ਤੋਂ ਆਸ ਕੀਤੀ ਜਾ ਰਹੀ ਸੀ ਕਿ ਉਹ ਹਾਲਾਤ ਨੂੰ ਹੰਘਾਲ ਕੇ ਦਖਲ ਦੇਵੇਗੀ, ਪਰ ਸੌੜੀ ਸਿਆਸਤ ਦੀਆਂ ਸੀਮਾਵਾਂ ਕਾਰਨ ਅਜਿਹਾ ਸੰਭਵ ਨਹੀਂ ਹੋ ਸਕਿਆ। ਸਿੱਟੇ ਵਜੋਂ ਸਿੱਖਾਂ ਨੂੰ ਖਾਸ ਕਰਕੇ ਅਤੇ ਪੰਜਾਬੀਆਂ ਨੂੰ ਆਮ ਕਰਕੇ ਬਲਦੀ ਦੇ ਬੁੱਥੇ ਪੈਣਾ ਪਿਆ। ਇਸੇ ਕਰਕੇ ਆਸ ਕੀਤੀ ਜਾਂਦੀ ਹੈ ਕਿ ਅਜਿਹੇ ਸੰਜੀਦਾ ਮਸਲਿਆਂ ਬਾਰੇ ਚਲੰਤ ਬਿਆਨਾਂ ਤੋਂ ਪਰਹੇਜ਼ ਕੀਤਾ ਜਾਵੇ। ਇਹ ਅਸਲ ਵਿਚ ਵੱਡੇ ਮਸਲੇ ਹਨ, ਜਿਨ੍ਹਾਂ ਨੂੰ ਬਿਆਨਾਂ ਰਾਹੀ ਸੰਬੋਧਨ ਨਹੀਂ ਹੋਇਆ ਜਾ ਸਕਦਾ। ਅਜਿਹੇ ਕਾਰਜਾਂ ਲਈ ਸਿਰ ਜੋੜਨੇ ਪੈਂਦੇ ਹਨ ਤੇ ਸਿਰ ਜੋੜ ਕੇ ਬੈਠਣ ਲਈ ਅਜਿਹਾ ਮਾਹੌਲ ਤਿਆਰ ਕਰਨਾ ਪੈਂਦਾ ਹੈ, ਜਿਸ 'ਚ ਹਰ ਸ਼ਖਸ ਆਪਣੀ ਗੱਲ ਨਿਰਭੈ ਹੋ ਕੇ ਰੱਖ ਸਕੇ। ਜਦੋਂ ਤੱਕ ਅਜਿਹਾ ਮਾਹੌਲ ਨਹੀਂ ਬਣ ਜਾਂਦਾ, ਉਦੋਂ ਤਕ ਅਜਿਹੇ ਬਿਆਨ ਸਿੱਖ ਮਨਾਂ 'ਚ ਭੰਬਲਭੂਸਾ ਪੈਦਾ ਕਰਦੇ ਰਹਿਣਗੇ ਅਤੇ ਵੱਖ-ਵੱਖ ਰੰਗ ਦੀ ਲੀਡਰਸ਼ਿਪ ਸੰਗਤ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੀ ਰਹੇਗੀ। ਕੇਂਦਰੀ ਸੱਤਾ ਸਦਾ ਇਹੀ ਚਾਹੁੰਦੀ ਹੈ ਕਿ ਲੋਕਾਂ ਨੂੰ ਭੰਬਲਭੂਸਿਆਂ ਅੰਦਰ ਲਪੇਟ ਕੇ ਆਪਣੇ ਸਾਰੇ ਕਾਰਜ ਸਿੱਧ ਕੀਤੇ ਜਾਣ। ਕਰੋਨਾ ਸੰਕਟ ਨੂੰ ਸੱਤਾ ਜਿਸ ਤਰੀਕੇ ਨਾਲ ਵਰਤ ਰਹੀ ਹੈ, ਜੇ ਉਸ ਨੂੰ ਸਮਝੇ ਬਿਨਾ ਕੋਈ ਅਜਿਹੇ ਬਿਆਨ ਦਾਗਦਾ ਹੈ ਤਾਂ ਆਪੇ ਫਾਥੜੀ ਨੂੰ ਛੁਡਾਉਣ ਵਾਲਾ ਸ਼ਾਇਦ ਕੋਈ ਵੀ ਨਹੀਂ ਹੋ ਸਕਦਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਰੋਨਾ ਨੇ ਹੱਥ ਖੜ੍ਹੇ ਕਰਾਏ?

'ਪੀ. ਐਮ.' ਨੇ ਆਖ'ਤਾ 'ਸੀ. ਐਮ.' ਹੁਣਾਂ ਨੂੰ,
ਸੁਣੋ! ਹੋਰ ਕੋਈ ਰੱਖਿਓ ਉਡੀਕ ਨਾ 'ਐਲਾਨ' ਦੀ।
'ਸੀ. ਐਮ.' ਆਦੇਸ਼ ਝੱਟ ਡੀਸੀਆਂ ਨੂੰ ਕੀਤਾ ਏਦਾਂ,
ਖਿੱਚੀ ਰੱਖੋ ਤੰਦ ਬਈ 'ਕਰੋਨਾ' ਦੇ ਕਮਾਨ ਦੀ।
ਐਸ. ਡੀ. ਓ., ਬੀ. ਡੀ. ਓ. ਤੇ ਐਸ. ਪੀ. ਬੁਲਾਏ ਡੀ. ਸੀ.,
ਰੀਤ ਹੀ ਨਿਭਾਈ ਉਹਨੇ 'ਹੁਕਮ ਵਜਾਉਣ' ਦੀ।
ਥੱਲੇ ਦੇ ਮੁਲਾਜ਼ਮਾਂ ਨੂੰ ਡਿਊਟੀ ਇਹ ਸੰਭਾਲ ਦਿੱਤੀ,
ਦੇਸ਼ ਵਾਸੀਆਂ ਦੇ ਤਾਂਈਂ 'ਪੱਟੀਆਂ ਪੜ੍ਹਾਉਣ' ਦੀ।
ਕਰੂਗੀ ਮੁਕਾਬਲਾ ਇਹ ਮਹਾਮਾਰੀ ਨਾਲ ਏਦਾਂ,
'ਸੇਵਾ ਸਰਕਾਰੀ' ਸਾਡੇ 'ਭਾਰਤ ਮਹਾਨ' ਦੀ!

# ਭਾਰਤ ਲੀਡਰਾਂ ਦੇ ਮੱਕੜ ਜਾਲ ਵਿਚੋਂ ਕਿਵੇਂ ਨਿਕਲੇ?

***ਸਾਡੇ ਕੋਲ ਅਮਰੀਕਾ ਦੀ ਮਿਸਾਲ ਹੈ ਜਿਥੇ ਦੂਜੀ ਆਲਮੀ ਜੰਗ ਦੌਰਾਨ ਰਾਸ਼ਟਰਪਤੀ ਫਰੈਂਕਲਿਨ ਰੂਜ਼ਵੈਲਟ ਵਲੋਂ ਕਾਂਗਰਸ ਦੇ ਦੋਵੇਂ ਸਦਨਾਂ ਦੇ ਸਾਂਝੇ ਇਜਲਾਸ ਵਿਚ ਦਿੱਤੇ ਭਾਸ਼ਣ ਤੇ ਏਕਤਾ ਦੀ ਕੀਤੀ ਅਪੀਲ ਦੇ ਨਾਲ ਹੀ ਅਤੇ ਜੰਗ ਨੂੰ ਸਫਲਤਾਪੂਰਬਕ ਜਿੱਤਣ ਤੱਕ ਰਾਸ਼ਟਰਪਤੀ, ਕਾਂਗਰਸ, ਸੈਨੇਟ ਅਤੇ ਸਮੁੱਚਾ ਮੁਲਕ ਇਕਮੁੱਠ ਹੋ ਕੇ ਡਟੇ ਰਹੇ। ਅਮਰੀਕੀ ਸਿਸਟਮ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਵਜੋਂ ਅਜਿਹੇ ਲੋਕਾਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਹੜੇ ਕਾਂਗਰਸ ਦੇ ਕਿਸੇ ਸਦਨ ਦੇ ਮੈਂਬਰ ਨਾ ਹੋਣ। ਇਸ ਕਾਰਨ ਵਿਭਾਗਾਂ ਦੇ ਮੁਖੀ ਮੁੱਖ ਤੌਰ 'ਤੇ ਸਨਅਤਾਂ ਤੇ ਯੂਨੀਵਰਸਿਟੀਆਂ ਵਿਚੋਂ ਲਏ ਜਾਂਦੇ ਹਨ ਅਤੇ ਆਪਣੇ ਅਹੁਦੇ ਦੀ ਮਿਆਦ ਪੂਰੀ ਹੋ ਜਾਣ 'ਤੇ ਉਹ ਦੁਬਾਰਾ ਆਪਣੇ ਕਾਰੋਬਾਰ ਜਾਂ ਅਧਿਆਪਨ ਕਾਰਜ ਵਿਚ ਚਲੇ ਜਾਂਦੇ ਹਨ। ਇਹ ਮਾਡਲ ਲਈ ਵਧੀਆ ਸਾਬਤ ਹੋਇਆ ਹੈ।***

ਕੁਝ ਸਾਲਾਂ ਤੋਂ ਭਾਰਤ ਦੇ ਚੌਗਿਰਦੇ ਵਿਚ ਕਾਲੇ ਬੱਦਲ ਛਾਏ ਹਨ। ਕੁਝ ਸਮਾਂ ਪਹਿਲਾਂ ਤੱਕ ਇਹ ਇੰਨੇ ਸਿਆਹ ਨਹੀਂ ਸਨ ਕਿ ਇਨ੍ਹਾਂ ਦਾ ਬਹੁਤਾ ਫਿਕਰ ਕੀਤਾ ਜਾਂਦਾ। ਬੀਤੇ ਸਾਲ ਤੋਂ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ ਅਤੇ ਭਾਰਤ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵਾਪਰ ਰਹੀਆਂ ਘਟਨਾਵਾਂ ਸਾਨੂੰ ਪਛਾੜਦੀਆਂ ਜਾਂਦੀਆਂ ਜਾਪਦੀਆਂ ਹਨ। ਅੱਜ ਸਾਡਾ ਅਰਥਚਾਰਾ ਮੂਧੇ ਮੂੰਹ ਡਿੱਗਾ ਹੈ। ਕੋਵਿਡ-19 ਅਤੇ ਬੇਕਾਬੂ ਹਿਜਰਤ ਨੇ ਦੇਸ਼ ਦਾ ਮੰਦਾ ਹਾਲ ਕੀਤਾ ਹੋਇਆ ਹੈ। ਇਹ ਸਾਰਾ ਕੁਝ ਚੱਲ ਹੀ ਰਿਹਾ ਸੀ ਕਿ ਚੀਨ ਨੇ ਲੱਦਾਖ ਵਿਚ ਭਾਰੀ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ। ਇਸੇ ਤਰ੍ਹਾਂ ਕਸ਼ਮੀਰ ਵਿਚ ਪਾਕਿਸਤਾਨੀ ਸ਼ਹਿ ਵਾਲੀ ਦਹਿਸ਼ਤਗਰਦੀ ਦੀ ਸਮੱਸਿਆ ਹੈ ਅਤੇ ਨੇਪਾਲ ਵਲੋਂ ਸਾਡੇ ਕੁਝ ਇਲਾਕਿਆਂ ਉੱਤੇ ਦਾਅਵੇ ਕੀਤੇ ਜਾ ਰਹੇ ਹਨ। ਦੇਸ਼ ਦੇ ਅੰਦਰ ਵੀ ਕੁਝ ਸੂਬੇ ਕੇਂਦਰ ਤੋਂ ਨਾਖੁਸ਼

ਗੁਰਬਚਨ ਜਗਤ

ਜਾਪਦੇ ਹਨ, ਖਾਸਕਰ ਆਰਥਿਕ ਮਾਮਲਿਆਂ 'ਤੇ। ਇਹ ਸਾਰੀਆਂ ਸਮੱਸਿਆਵਾਂ ਮਿਲ ਕੇ ਦੇਸ਼ ਲਈ ਭਾਰੀ ਚੁਣੌਤੀ ਪੈਦਾ ਕਰ ਰਹੀਆਂ ਹਨ ਜਿਸ ਲਈ ਕੌਮੀ ਪੱਧਰ ਦੀ ਪ੍ਰਤੀਕਿਰਿਆ ਦੀ ਲੋੜ ਹੈ। ਭਾਰਤ ਸਰਕਾਰ ਭਾਵੇਂ ਇਨ੍ਹਾਂ ਵੰਗਾਰਾਂ ਦੇ ਟਾਕਰੇ ਲਈ ਪੂਰੀ ਵਾਹ ਲਾ ਰਹੀ ਹੈ, ਪਰ ਇਸ ਕੌਮੀ ਸੰਕਟ ਲਈ ਕੌਮੀ ਪ੍ਰਤੀਕਿਰਿਆ ਜ਼ਰੂਰੀ ਹੈ।

ਭਾਰਤ ਸਰਕਾਰ ਕੋਲ ਵੱਖੋ-ਵੱਖ ਮਾਮਲਿਆਂ ਨਾਲ ਸਿੱਝਣ ਲਈ ਵੱਖ-ਵੱਖ ਵਿਭਾਗਾਂ ਦਾ ਵਿਸ਼ਾਲ ਢਾਂਚਾ ਹੈ। ਇਸ ਵਿਚ ਮੰਤਰੀ ਅਤੇ ਵੱਖੋ-ਵੱਖ ਪੱਧਰਾਂ ਦੇ ਅਫਸਰ ਸ਼ਾਮਲ ਹਨ ਅਤੇ ਇਹ ਸਾਰਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਆਪਸੀ ਮਿਲਵਰਤਣ ਦੇ ਨਾਲ-ਨਾਲ ਇਸ ਗੱਲ ਦੀ ਜ਼ਰੂਰਤ ਹੁੰਦੀ ਹੈ ਕਿ ਹਰ ਕੋਈ (ਮੰਤਰੀ/ਅਫਸਰ) ਆਪੋ-ਆਪਣੀ ਰਾਇ ਵੀ ਦੇਵੇ। ਮੈਂ ਸਰਕਾਰ ਦੇ ਕੰਮ-ਢੰਗ ਦੀਆਂ ਬਾਰੀਕੀਆਂ ਵਿਚ ਤਾਂ ਨਹੀਂ ਜਾਵਾਂਗਾ, ਪਰ ਵੱਖ-ਵੱਖ ਵਿਭਾਗਾਂ ਦੇ ਸਿਆਸੀ ਮੁਖੀਆਂ ਬਾਰੇ ਚਰਚਾ ਜ਼ਰੂਰ ਕਰਾਂਗਾ। ਭਾਰਤ ਵਿਚ ਸੰਸਦੀ ਲੋਕਤੰਤਰ ਹੈ ਅਤੇ ਸੰਸਦੀ ਚੋਣਾਂ ਲਈ ਸਿਆਸੀ ਪਾਰਟੀਆਂ ਵੱਲੋਂ ਉਮੀਦਵਾਰ ਨਾਮਜ਼ਦ ਕੀਤੇ ਜਾਂਦੇ ਹਨ ਪਰ ਉਮੀਦਵਾਰਾਂ ਦੀ ਚੋਣ ਕਰਦੇ ਸਮੇਂ ਯੋਗਤਾ ਵਜੋਂ ਉਨ੍ਹਾਂ ਦੇ ਗੁਣਾਂ ਅਤੇ ਵਿੱਦਿਅਕ ਪਿਛੋਕੜ ਨੂੰ ਸਭ ਤੋਂ ਘੱਟ ਤਵੱਜੋ ਦਿੱਤੀ ਜਾਂਦੀ ਹੈ। ਸਭ ਤੋਂ ਵੱਧ ਤਰਜੀਹ 'ਜਿੱਤਣ ਦੀ ਸਮਰੱਥਾ' ਨੂੰ ਮਿਲਦੀ ਹੈ ਜਿਸ ਵਿਚ ਸਭ ਤੋਂ ਅਹਿਮ ਹੁੰਦੇ ਹਨ: ਪੈਸੇ ਦੀ ਤਾਕਤ, ਬਾਹੂਬਲ ਅਤੇ ਉਮੀਦਵਾਰਾਂ ਦੇ ਧਰਮ ਤੇ ਜਾਤ ਆਦਿ। ਅਫਸੋਸ, ਬਹੁਤ ਸਾਰੇ ਅਪਰਾਧੀਆਂ ਅਤੇ ਹੋਰ ਮਾੜੇ ਅਨਸਰਾਂ ਕੋਲ ਇਹ ਯੋਗਤਾਵਾਂ ਹੁੰਦੀਆਂ ਹਨ ਜਿਸ ਕਾਰਨ ਉਨ੍ਹਾਂ ਵਿਚੋਂ ਬਹੁਤ ਸਾਰੇ ਚੋਣਾਂ ਲੜਨ ਲਈ ਪਾਰਟੀਆਂ ਦੀਆਂ ਟਿਕਟਾਂ ਲੈ ਕੇ ਚੋਣ ਜਿੱਤ ਵੀ ਜਾਂਦੇ ਹਨ। ਇਸ ਨਾਲ ਸਿਆਸੀ ਮੈਦਾਨ ਵਿਚ ਆਉਣ ਲਈ ਵਧੀਆ ਪੜ੍ਹੇ-ਲਿਖੇ ਤੇ ਚੰਗੇ ਇਨਸਾਨਾਂ ਲਈ ਬਹੁਤੀ ਥਾਂ ਨਹੀਂ ਬਚਦੀ। ਇੰਝ ਮੰਤਰੀਆਂ ਦੀ ਚੋਣ ਦਾ ਕੰਮ ਬਹੁਤ ਔਖਾ ਹੋ ਜਾਂਦਾ ਹੈ ਅਤੇ ਇਸ ਸਮੱਸਿਆ ਵਿਚ ਇਹ ਤੱਥ ਹੋਰ ਵਾਧਾ ਕਰਦਾ ਹੈ ਕਿ ਸਾਡੇ ਦੇਸ਼ ਵਿਚ ਵਿਰੋਧੀ ਪਾਰਟੀਆਂ ਵੱਲੋਂ 'ਸ਼ੈਡੋ ਕੈਬਨਿਟ' (ਇਸ ਵਿਚ ਮੁੱਖ ਵਿਰੋਧੀ ਪਾਰਟੀ ਵੱਲੋਂ ਆਪਣੇ ਸੀਨੀਅਰ ਆਗੂਆਂ ਵਿਚ ਵਿਭਾਗਾਂ ਦੀ ਵੰਡ ਕੀਤੀ ਜਾਂਦੀ ਹੈ, ਜਿਵੇਂ ਇਸ ਵੇਲੇ ਦੀ ਮੁੱਖ ਵਿਰੋਧੀ ਪਾਰਟੀ ਆਪਣੇ ਸਾਬਕਾ ਵਿੱਤ ਮੰਤਰੀ ਜਾਂ ਕਿਸੇ ਆਰਥਿਕ ਮਾਹਿਰ ਨੂੰ ਸ਼ੈਡੋ ਵਿੱਤ ਮੰਤਰੀ ਅਤੇ ਇਸੇ ਤਰ੍ਹਾਂ ਹੋਰ ਵਿਭਾਗਾਂ ਦੇ 'ਮੰਤਰੀ' ਨਾਮਜ਼ਦ ਕਰੇ) ਬਣਾਉਣ ਦੀ ਰਵਾਇਤ ਨਹੀਂ ਹੈ ਤੇ ਇਸ ਕਾਰਨ ਸਾਡੇ ਕੋਲ ਵੱਖੋ-ਵੱਖ ਖੇਤਰਾਂ ਦੀ ਮੁਹਾਰਤ ਵਾਲੇ ਐਮ.ਪੀ. ਘੱਟ ਹੀ ਹੁੰਦੇ ਹਨ। ਸਿੱਟਾ ਇਹ ਨਿਕਲਦਾ ਹੈ ਕਿ ਅਜਿਹੇ ਐਮ.ਪੀ. ਉਸ ਵਿਭਾਗ ਦੇ ਮੰਤਰੀ ਬਣ ਬੈਠਦੇ ਹਨ ਜਿਸ ਬਾਰੇ ਉਨ੍ਹਾਂ ਨੂੰ ਕੁਝ ਵੀ ਪਤਾ ਨਹੀਂ ਹੁੰਦਾ। ਵਜ਼ਾਰਤ ਕਾਇਮ ਕਰਨ ਦੀ ਪ੍ਰਕਿਰਿਆ



ਵਿਚ ਵੱਖੋ-ਵੱਖ ਗਰੁੱਪਾਂ, ਧਰਮਾਂ, ਜਾਤਾਂ ਆਦਿ ਨੂੰ ਨੁਮਾਇੰਦਗੀ ਦੇਣਾ ਵੀ ਜ਼ਰੂਰੀ ਹੁੰਦਾ ਹੈ।

ਸਾਰ ਇਹ ਹੈ ਕਿ ਸਾਡੇ ਕੋਲ ਗਿਣਤੀ ਦੇ ਹੀ ਅਜਿਹੇ ਮੰਤਰੀ ਹੁੰਦੇ ਹਨ ਜਿਨ੍ਹਾਂ ਨੂੰ ਆਪੋ-ਆਪਣੇ ਵਿਭਾਗਾਂ ਬਾਰੇ ਜਾਣਕਾਰੀ ਤੇ ਤਜਰਬਾ ਹੋਵੇ ਅਤੇ ਇਸ ਕਾਰਨ ਮੰਤਰੀਆਂ ਨੂੰ ਅਫਸਰਸ਼ਾਹੀ ਉੱਤੇ ਨਿਰਭਰ ਰਹਿਣਾ ਪੈਂਦਾ ਹੈ। ਅਫਸਰਸ਼ਾਹੀ ਵਿਚ ਵੀ ਜ਼ਿਆਦਾਤਰ ਉਹ ਲੋਕ ਹੁੰਦੇ ਹਨ ਜਿਨ੍ਹਾਂ ਨੂੰ ਮੁੱਖ ਤੌਰ 'ਤੇ ਆਮ ਪ੍ਰਸ਼ਾਸਨ ਦਾ ਹੀ ਤਜਰਬਾ ਹੁੰਦਾ ਹੈ। ਜੇ ਸਰਕਾਰ ਦੀ ਵਾਗਡੋਰ ਕਿਸੇ ਵੱਡੇ ਆਗੂ ਹੱਥ ਹੋਵੇ ਤਾਂ ਹਰ ਕੋਈ ਬੱਸ ਉਸੇ ਦੇ ਇਸ਼ਾਰੇ ਦੀ ਉਡੀਕ ਵਿਚ ਰਹਿੰਦਾ ਹੈ, ਕਿ ਜਿਸ ਪਾਸੇ ਦੀ ਹਵਾ ਵਗ ਰਹੀ ਹੋਵੇ, ਪੌਣ-ਕੁੱਕੜ ਵਾਂਗ ਉੱਧਰ ਨੂੰ ਘੁੰਮ ਜਾਈਏ। ਮੈਂ ਵੱਖੋ-ਵੱਖ ਪੱਧਰਾਂ 'ਤੇ ਬਥੇਰੀਆਂ ਮੀਟਿੰਗਾਂ ਵਿਚ ਹਾਜ਼ਰ ਹੋਇਆ ਹਾਂ ਤੇ ਕਦੇ ਹੀ ਕੋਈ ਬੰਦਾ ਅਜਿਹੇ ਆਗੂ ਦੀ ਗੱਲ ਕੱਟਣ ਦੀ ਜੁਰਅਤ ਕਰਦਾ ਹੈ।

ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਵਧੀਆ ਨਤੀਜੇ ਸਿਰਫ ਮਿਲ ਕੇ ਟੀਮ ਵਾਂਗ ਕੰਮ ਕਰਨ ਨਾਲ ਹੀ ਮਿਲ ਸਕਦੇ ਹਨ, ਭਾਵੇਂ ਇਹ ਕੋਈ ਖੇਡ ਹੋਵੇ ਜਾਂ ਸਰਕਾਰ ਦਾ ਕੰਮ-ਕਾਜ। ਕੌਮੀ ਪੱਧਰ 'ਤੇ ਟੀਮ ਵਾਲੇ ਮਿਲਵਰਤਣ ਲਈ ਜ਼ਰੂਰੀ ਹੈ ਕਿ ਇਸ ਟੀਮ ਦੇ ਸਾਰੇ ਮੈਂਬਰ ਸਮਰੱਥ, ਸਮਝਦਾਰ, ਜੁਗਤੀ ਅਤੇ ਦਿਆਨਤਦਾਰ ਹੋਣ। ਕੀ ਸਾਡੀ ਸਰਕਾਰ ਵਿਚ ਅਜਿਹੇ ਲੋੜੀਂਦੇ ਬੰਦੇ ਹਨ? ਜਾਂ ਫਿਰ ਕਿਸੇ ਇਕ ਆਦਮੀ ਨੂੰ ਹੀ ਕਈਆਂ ਦਾ ਵਜ਼ਨ ਚੁੱਕਣਾ ਪੈ ਰਿਹਾ ਹੈ? ਸਾਡੇ ਕੋਲ ਅਜਿਹੇ ਕਾਫੀ ਬੰਦੇ ਬਿਲਕੁਲ ਨਹੀਂ ਹਨ। ਜ਼ਰੂਰੀ ਹੈ ਕਿ ਸਾਡੀ ਸਿਆਸਤ ਇਸ ਹਾਲਾਤ ਦੀ ਇਜਾਜ਼ਤ ਨਾ ਦੇਵੇ। ਭਾਰਤ ਵਰਗੇ ਵੱਡੇ ਮੁਲਕ ਵਿਚ ਸਰਕਾਰੀ ਪ੍ਰਬੰਧ ਚਲਾਉਣਾ ਬਹੁਤ ਗੁੰਝਲਦਾਰ ਤਕਨੀਕੀ ਮਾਮਲਾ ਬਣ ਚੁੱਕਾ ਹੈ ਅਤੇ ਮੁਕਾਬਲਾ ਦੂਜੇ ਮੁਲਕਾਂ ਦੇ ਬਿਹਤਰੀਨ ਆਗੂਆਂ ਤੇ ਪ੍ਰਸ਼ਾਸਕਾਂ ਨਾਲ ਹੈ। ਇਨ੍ਹਾਂ ਗੰਭੀਰ ਹਾਲਾਤ ਤੇ ਸਮੱਸਿਆਵਾਂ ਕਾਰਨ ਸਾਨੂੰ ਬਿਹਤਰੀਨ ਪ੍ਰਸ਼ਾਸਕਾਂ ਦੀ ਲੋੜ ਹੈ। ਅਜਿਹੇ ਆਰਥਿਕ ਮਾਹਿਰਾਂ ਦੀ ਲੋੜ ਹੈ ਜਿਹੜੇ ਆਲਮੀ ਪ੍ਰਸੰਗ ਵਿਚ ਆਧੁਨਿਕ ਅਰਥਚਾਰੇ ਦੀਆਂ ਗੁੰਝਲਾਂ ਨੂੰ ਸਮਝ ਸਕਣ; ਰੱਖਿਆ ਮਾਹਿਰਾਂ ਤੇ ਵਿਸ਼ਲੇਸ਼ਕਾਂ ਦੀ ਲੋੜ ਹੈ ਜਿਹੜੇ ਮੁਲਕ ਨੂੰ ਦਰਪੇਸ਼ ਖਤਰਿਆਂ ਨੂੰ ਸਮਝ ਤੇ ਉਨ੍ਹਾਂ ਦੇ ਟਾਕਰੇ ਲਈ ਰਣਨੀਤੀ ਘੜ ਸਕਣ; ਸਾਨੂੰ ਵਿਦੇਸ਼ ਮਾਮਲਿਆਂ, ਸਨਅਤ ਤੇ ਆਈ.ਟੀ. ਆਦਿ ਲਈ ਵੀ ਮਾਹਿਰਾਂ ਦੀ ਲੋੜ ਹੈ। ਦੇਸ਼ ਦੀਆਂ ਅੰਦਰੂਨੀ ਸਮੱਸਿਆਵਾਂ ਨਾਲ ਸਿੱਝਣ ਲਈ ਸਾਨੂੰ ਬਹੁਤ ਹੀ ਲਾਸਾਨੀ ਪ੍ਰਸ਼ਾਸਕ ਚਾਹੀਦੇ ਹਨ; ਦੂਰਅੰਦੇਸ਼ੀ ਤੇ ਢੁਕਵੀਂ ਕਾਰਵਾਈ ਕਰਨ ਦੇ ਸਮਰੱਥ ਵਿਅਕਤੀ ਲੋੜੀਂਦੇ ਹਨ।

ਸਾਡੇ ਦੇਸ਼ ਕੋਲ ਅਜਿਹੇ ਲੋਕਾਂ - ਮਰਦਾਂ ਤੇ ਔਰਤਾਂ ਦੀ ਕਮੀ ਨਹੀਂ ਜਿਹੜੇ ਕਿਸੇ ਵੀ ਵੇਲੇ, ਬਿਨਾਂ ਕੋਈ ਪ੍ਰਵਾਹ ਕੀਤੇ ਆਪਣੀ ਮਾਤਭੂਮੀ ਲਈ ਕੁਝ ਵੀ ਕਰ ਸਕਦੇ ਹਨ। ਅਜਿਹੇ ਲੋਕ ਕਿੱਥੋਂ ਮਿਲਣਗੇ? ਅਜਿਹੇ ਮਾਹਿਰ ਯੂਨੀਵਰਸਿਟੀਆਂ, ਨਿੱਜੀ ਖੇਤਰ, ਪਰਵਾਸੀ ਭਾਰਤੀਆਂ, ਮੌਜੂਦਾ ਅਫਸਰਸ਼ਾਹਾਂ ਤੇ ਸਫੀਰਾਂ, ਅਰਥ ਸ਼ਾਸਤਰੀਆਂ, ਵੱਖੋ-ਵੱਖ ਵਿਚਾਰ ਮੰਚਾਂ ਨਾਲ ਸਬੰਧਤ ਰੱਖਿਆ ਨੀਤੀਘਾੜਿਆਂ, ਉੱਦਮੀਆਂ, ਆਈ.ਟੀ. ਮਾਹਿਰਾਂ, ਖੋਜਕਾਰਾਂ, ਪੁਲਾੜ ਵਿਗਿਆਨੀਆਂ ਆਦਿ ਵਿਚੋਂ ਹੀ ਨਹੀਂ ਸਗੋਂ ਹੋਰ ਸਿਆਸੀ ਪਾਰਟੀਆਂ ਵਿਚੋਂ ਵੀ ਮਿਲ ਸਕਦੇ ਹਨ। ਸਾਡੇ ਕੋਲ ਮਨੁੱਖੀ ਵਸੀਲਿਆਂ ਦੀ ਕਮੀ ਨਹੀਂ - ਪਰ ਉਨ੍ਹਾਂ ਨੂੰ ਸਰਕਾਰ ਵਿਚ ਕਿਵੇਂ ਵਰਤਿਆ ਜਾਵੇ? ਸਾਡੇ ਕੋਲ ਬਰਤਾਨੀਆ ਦੀ ਵਧੀਆ ਮਿਸਾਲ ਹੈ ਜਿਸ ਨੇ 1931-1945 ਦਰਮਿਆਨ 'ਕੌਮੀ ਸਰਕਾਰ' ਦਾ ਪ੍ਰਬੰਧ ਈਜ਼ਾਦ ਕੀਤਾ ਤਾਂ ਕਿ ਮਹਾਂਮੰਦੀ ਅਤੇ ਆਲਮੀ ਜੰਗਾਂ ਕਾਰਨ ਹੋਈ ਭਾਰੀ ਤਬਾਹੀ ਦੀ ਸਮੱਸਿਆ ਨਾਲ ਨਜਿੱਠਿਆ ਜਾ ਸਕੇ। ਇਸ ਕੌਮੀ ਸਰਕਾਰ ਵਿਚ ਸਾਰੀਆਂ ਪ੍ਰਮੁੱਖ ਪਾਰਟੀਆਂ ਜਾਂ ਪ੍ਰਮੁੱਖ ਪਾਰਟੀਆਂ ਦੇ ਗੱਠਜੋੜ ਸ਼ਾਮਲ ਸਨ। ਸਾਡੇ ਕੋਲ ਅਮਰੀਕਾ ਦੀ ਵੀ ਮਿਸਾਲ ਹੈ ਜਿੱਥੇ ਦੂਜੀ ਆਲਮੀ ਜੰਗ ਦੌਰਾਨ ਮੁਲਕ ਦੇ ਰਾਸ਼ਟਰਪਤੀ ਫਰੈਂਕਲਿਨ ਡੀ. ਰੂਜ਼ਵੈਲਟ ਵੱਲੋਂ ਕਾਂਗਰਸ ਦੇ ਦੋਵੇਂ ਸਦਨਾਂ ਦੇ ਸਾਂਝੇ ਇਜਲਾਸ ਵਿਚ ਦਿੱਤੇ ਭਾਸ਼ਣ ਤੇ ਏਕਤਾ ਦੀ ਕੀਤੀ ਅਪੀਲ ਦੇ ਨਾਲ ਹੀ ਅਤੇ ਜੰਗ ਨੂੰ ਸਫਲਤਾਪੂਰਬਕ ਜਿੱਤਣ ਤੱਕ ਰਾਸ਼ਟਰਪਤੀ, ਕਾਂਗਰਸ, ਸੈਨੇਟ ਅਤੇ ਸਮੁੱਚਾ ਮੁਲਕ ਇਕਮੁੱਠ ਹੋ ਕੇ ਡਟੇ ਰਹੇ। ਅਮਰੀਕੀ ਸਿਸਟਮ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਵਜੋਂ ਅਜਿਹੇ ਲੋਕਾਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਹੜੇ ਕਾਂਗਰਸ ਦੇ ਕਿਸੇ ਸਦਨ (ਸੈਨੇਟ ਜਾਂ ਪ੍ਰਤੀਨਿਧ ਸਭਾ) ਦੇ ਮੈਂਬਰ ਨਾ ਹੋਣ। ਇਸ ਕਾਰਨ ਵਿਭਾਗਾਂ ਦੇ ਮੁਖੀ ਮੁੱਖ ਤੌਰ 'ਤੇ ਸਨਅਤਾਂ ਤੇ ਯੂਨੀਵਰਸਿਟੀਆਂ ਵਿਚੋਂ ਲਏ ਜਾਂਦੇ ਹਨ ਅਤੇ ਆਪਣੇ ਅਹੁਦੇ ਦੀ ਮਿਆਦ ਪੂਰੀ ਹੋ ਜਾਣ 'ਤੇ ਉਹ ਦੁਬਾਰਾ ਆਪਣੇ ਕਾਰੋਬਾਰ ਜਾਂ ਅਧਿਆਪਨ ਕਾਰਜ ਵਿਚ ਚਲੇ ਜਾਂਦੇ ਹਨ। ਇਹ ਦੋਵੇਂ ਮਾਡਲ ਇਨ੍ਹਾਂ ਮੁਲਕਾਂ ਲਈ ਵਧੀਆ ਸਾਬਤ ਹੋਏ ਹਨ।

ਇਹ ਉਨ੍ਹਾਂ ਲੋਕਾਂ ਦਾ ਕੰਮ ਹੈ ਜਿਹੜੇ ਇਸ ਮਹਾਨ ਮੁਲਕ ਦੀ ਅਗਵਾਈ ਕਰ ਰਹੇ ਹਨ ਕਿ ਉਹ ਨਵੀਂ ਲੀਹ ਪਾਉਣ ਜਾਂ ਮੌਜੂਦਾ ਪ੍ਰਬੰਧ ਵਿਚ ਵੱਡੇ ਪੱਧਰ 'ਤੇ ਦਰੁਸਤੀਆਂ ਕਰਨ। ਸਾਡੀ ਇਕੋ ਮੰਗ ਹੈ ਕਿ ਸਾਡਾ ਸਰਕਾਰੀ ਢਾਂਚਾ ਵਧੀਆ ਤਰੀਕੇ ਨਾਲ ਚੱਲੇ ਅਤੇ ਸਾਡੀ ਅਗਵਾਈ ਕਰਨ ਵਾਲੇ ਲੋਕ ਵਧੀਆ ਸੋਚ ਵਾਲੇ ਤੇ ਦੂਰਅੰਦੇਸ਼, ਇਮਾਨਦਾਰੀ, ਦਿਆਨਤਦਾਰੀ ਅਤੇ ਸਮਰਪਣ ਦੀਆਂ ਭਾਵਨਾਵਾਂ ਨਾਲ ਲੈਸ ਹੋਣ। ਸਾਨੂੰ ਅਜਿਹੇ ਵਿਅਕਤੀਆਂ ਦੀ ਲੋੜ ਹੈ ਜਿਹੜੇ ਗਰੀਬਾਂ ਪ੍ਰਤੀ ਰਹਿਮਦਿਲ ਤੇ ਉਨ੍ਹਾਂ ਦੀ ਹਰ ਮਦਦ ਲਈ ਤਿਆਰ ਹੋਣ ਤਾਂ ਕਿ ਕੋਈ ਦੇਸ਼ ਵਾਸੀ ਖੁਦ ਨੂੰ ਬੇਗੌਰਾ ਨਾ ਸਮਝੇ, ਕਿਸੇ ਨੂੰ ਵੀ ਸੜਕ ਕੰਢੇ ਮੰਦਹਾਲੀ ਵਿਚ ਨਾ ਰਹਿਣਾ ਪਵੇ ਅਤੇ ਕਿਸੇ ਭਾਰਤ ਵਾਸੀ ਨੂੰ ਉਹੋ ਜਿਹੇ ਹਾਲਾਤ ਦਾ ਸਾਹਮਣਾ ਨਾ ਕਰਨਾ ਪਵੇ ਜਿਨ੍ਹਾਂ ਦਾ ਹਾਲ ਹੀ ਵਿਚ ਲੱਖਾਂ ਬਦਕਿਸਮਤ ਭਾਰਤੀਆਂ ਨੂੰ ਕਰਨਾ ਪਿਆ। ਜ਼ਰੂਰੀ ਹੈ ਕਿ ਅਸੀਂ ਬਿਹਤਰੀਨ ਪ੍ਰਤਿਭਾਵਾਨ ਦੇਸ਼ ਵਾਸੀ ਮਰਦਾਂ-ਔਰਤਾਂ ਨੂੰ ਅੱਗੇ ਲਿਆਈਏ ਤੇ ਉਨ੍ਹਾਂ ਨੂੰ ਉਸ ਕੰਮ 'ਤੇ ਲਾਈਏ ਜਿਨ੍ਹਾਂ ਦੀ ਉਨ੍ਹਾਂ ਨੂੰ ਮੁਹਾਰਤ ਹੈ। ਉਨ੍ਹਾਂ ਨੂੰ ਇਸ ਲਾਇਕ ਬਣਾਈਏ ਕਿ ਉਹ ਸਾਨੂੰ ਅਜਿਹਾ ਭਵਿੱਖ ਦੇ ਸਕਣ ਜਿਸ ਦੇ ਅਸੀਂ ਹੱਕਦਾਰ ਹਾਂ। ਸਾਰੀਆਂ ਅੰਦਰੂਨੀ ਤੇ ਬਾਹਰੀ ਵੰਗਾਰਾਂ ਨਾਲ ਉਸੇ ਤਰ੍ਹਾਂ ਸਿੱਝਿਆ ਜਾਣਾ ਚਾਹੀਦਾ ਹੈ, ਜਿਵੇਂ ਉਨ੍ਹਾਂ ਨਾਲ ਸਿੱਝਣਾ ਜ਼ਰੂਰੀ ਹੈ। ਆਓ, ਅਸੀਂ ਅੱਜ ਹੀ ਇਸ ਮੰਜ਼ਲ ਵੱਲ ਕਦਮ ਵਧਾਈਏ ਤਾਂ ਕਿ ਸਾਡੇ ਆਗੂ ਸਾਨੂੰ ਰਾਹ ਦਿਖਾ ਸਕਣ ਤੇ ਉਹ ਤਬਦੀਲੀ ਦੇ ਸਮਰੱਥ ਲੋਕਾਂ ਨੂੰ ਅੱਗੇ ਲਿਆ ਸਕਣ। ਅਸੀਂ, ਭਾਰਤ ਦੇ ਲੋਕ ਇਸ ਚੁਣੌਤੀ ਲਈ ਤਿਆਰ ਹਾਂ, ਪਰ ਕੀ ਸਾਡੇ ਆਗੂ ਤਿਆਰ ਹਨ?

*ਹੁਣ ਜਦੋਂ ਪੁਲਿਸ ਦੀ ਨਸਲਵਾਦੀ ਹਿੰਸਾ ਵਿਰੁਧ ਰੋਸ ਮੁਜਾਹਰੇ ਜ਼ੋਰਾਂ 'ਤੇ ਹਨ, ਵ੍ਹਾਈਟ ਹਾਊਸ ਵਿਚ ਫਾਸ਼ੀਵਾਦ ਦੀ ਪੂਰੀ ਚੜ੍ਹਾਈ ਹੈ ਅਤੇ ਕੋਵਿਡ-19 ਅਜੇ ਵੀ ਬਜ਼ਿੱਦ ਹੈ ਤਾਂ ਮੁਲਕ ਲਈ ਇਹ ਫੈਸਲਾਕੁਨ ਘੜੀ ਹੈ। ਇਤਿਹਾਸ ਦੇ ਇਸ ਵਿਸਫੋਟਕ ਮੋੜ ਬਾਰੇ ਪ੍ਰੋਫੈਸਰ ਜੌਰਜ ਯੈਂਸੀ ਨੇ ਆਧੁਨਿਕ ਭਾਸ਼ਾ ਵਿਗਿਆਨ ਦੇ ਪਿਤਾਮਾ ਨੋਮ ਚੌਮਸਕੀ ਨਾਲ ਗੱਲਬਾਤ ਕੀਤੀ ਹੈ। ਚੌਮਸਕੀ ਦੁਨੀਆਂ ਦੇ ਉਘੇ ਬੁੱਧੀਜੀਵੀਆਂ ਵਿਚੋਂ ਹਨ। ਇਸ ਗੱਲਬਾਤ ਵਿਚ ਚੌਮਸਕੀ ਦੱਸਦੇ ਹਨ ਕਿ ਮੌਜੂਦਾ ਚੁਣੌਤੀ ਦਾ ਅਸੀਂ ਬਿਹਤਰੀਨ ਮੁਕਾਬਲਾ ਕਿਵੇਂ ਕਰ ਸਕਦੇ ਹਾਂ ਅਤੇ ਭਵਿਖ ਲਈ ਕਿਵੇਂ ਤਿਆਰ ਹੋ ਸਕਦੇ ਹਾਂ। ਇਸ ਵਾਰ ਇਸ ਗੱਲਬਾਤ ਦਾ ਪਹਿਲਾ ਹਿੱਸਾ ਛਾਪਿਆ ਜਾ ਰਿਹਾ ਹੈ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

# ਗੱਦੀ ਲਈ ਟਰੰਪ ਨੇ 'ਜੈ ਮੌਤ' ਵਾਲੀ ਪਹੁੰਚ ਅਪਨਾਈ

**ਜੌਰਜ ਯੈਂਸੀ: ਇਸ ਤੋਂ ਪਹਿਲਾਂ ਕਿ ਕੋਵਿਡ-19 ਬਾਰੇ ਸਵਾਲ ਕਰਾਂ, ਮੈਂ ਜੌਰਜ ਫਲਾਇਡ ਦੇ ਹੌਲਨਾਕ ਕਤਲ ਅਤੇ ਇਸ ਬਾਰੇ ਤੁਹਾਡੇ ਵਿਚਾਰ ਜਾਨਣ ਤੋਂ ਸ਼ੁਰੂ ਕਰਨਾ ਚਾਹਾਂਗਾ ਕਿ ਅਮਰੀਕਾ ਅਤੇ ਦੁਨੀਆਂ ਭਰ ਵਿਚ ਹੋ ਰਹੇ ਰੋਸ ਮੁਜ਼ਾਹਰਿਆਂ ਨੂੰ ਤੁਸੀਂ ਕਿਵੇਂ ਦੇਖਦੇ ਹੋ। ਮੇਰੀ ਦਿਲਚਸਪੀ ਖਾਸ ਤੌਰ 'ਤੇ ਕਥਿਤ ਬਗਾਵਤ ਨੂੰ ਕੁਚਲਣ ਲਈ ਟਰੰਪ ਦੀ ਫੌਜ ਲਾਉਣ ਦੀ ਲੱਫਾਜ਼ੀ ਬਾਰੇ ਤੁਹਾਡੇ ਹੁੰਗਾਰੇ ਵਿਚ ਹੈ।**

**ਨੋਮ ਚੌਮਸਕੀ:** 'ਹੌਲਨਾਕ ਕਤਲ' ਤਾਂ ਸਹੀ ਹੈ। ਲੇਕਿਨ ਹੁਣ ਜੋ ਕਾਲੇ ਅਮਰੀਕਨਾਂ ਦੇ ਕਤਲ ਹੋ ਰਹੇ ਹਨ, ਉਨ੍ਹਾਂ ਬਾਰੇ ਅਸੀਂ ਸਪਸ਼ਟ ਰਹੀਏ। ਮਿਨੀਆਪੋਲਸ ਵਿਚ ਕੁਝ ਨਸਲਵਾਦੀ ਪੁਲਸੀਆਂ ਦੀ ਵਹਿਸ਼ਤ ਤਾਂ ਅਸਲ ਜੁਰਮ ਦਾ ਬਹੁਤ ਨਿੱਕਾ ਜਿਹਾ ਹਿੱਸਾ ਹੈ। ਇਹ ਦੇਖਿਆ ਗਿਆ ਹੈ ਕਿ ਮਹਾਮਾਰੀ ਨਾਲ ਮੌਤਾਂ ਦੀ ਦਰ ਸਿਆਹਫਾਮ ਲੋਕਾਂ ਵਿਚ ਕਿਤੇ ਜ਼ਿਆਦਾ ਹੈ। ਇਕ ਹਾਲੀਆ ਅਧਿਐਨ ਵਿਚ ਖੁਲਾਸਾ ਹੋਇਆ ਕਿ "ਔਸਤ ਤੋਂ ਜ਼ਿਆਦਾ ਗੋਰੀ ਵਸੋਂ ਵਾਲੀਆਂ ਕਾਊਂਟੀਆਂ ਦੇ ਮੁਕਾਬਲੇ ਔਸਤ ਤੋਂ ਜ਼ਿਆਦਾ ਸਿਆਹਫਾਮ ਵਸੋਂ ਵਾਲੀਆਂ ਕਾਊਂਟੀਆਂ ਵਿਚ ਕਰੋਨਾਵਾਇਰਸ ਨਾਲ ਮੌਤਾਂ ਹੋਣ ਦੀ ਸੰਭਾਵਨਾ ਤਿੰਨ ਗੁਣਾਂ ਜ਼ਿਆਦਾ ਹੈ। ਸਿਆਹਫਾਮ ਲੋਕਾਂ ਦੇ ਇਹ ਕਤਲ ਅੰਸ਼ਕ ਤੌਰ 'ਤੇ ਇਸ ਤੱਥ ਦਾ ਨਤੀਜਾ ਹਨ ਕਿ ਸੰਕਟ ਨਾਲ ਨਜਿੱਠਣ ਲਈ ਜ਼ਿਆਦਾਤਰ "ਗੋਰਿਆਂ ਅਤੇ ਵਧੇਰੇ ਸਰਦੇ-ਪੁੱਜਦੇ ਲੋਕਾਂ ਦੇ ਇਲਾਕਿਆਂ ਵਿਚ" ਵਸੀਲਿਆਂ ਦੀ ਵਰਤੋਂ ਕਿਵੇਂ ਕੀਤੀ ਗਈ; ਲੇਕਿਨ ਇਸ ਦੀ ਵਧੇਰੇ ਡੂੰਘੀ ਜੜ੍ਹ ਦੁਸ਼ਟ ਨਸਲਵਾਦ ਦੇ ਚਾਰ ਸਦੀਆਂ ਦੇ ਲੁਕਵੇਂ ਰਿਕਾਰਡ ਵਿਚ ਪਈ ਹੈ। ਮਨੁੱਖੀ ਇਤਿਹਾਸ ਵਿਚ ਗੁਲਾਮੀ ਦੀ ਸਿਰੇ ਦੀ ਕਰੂਰ ਵਿਵਸਥਾ ਸ਼ੁਰੂ ਹੋਣ ਦੇ ਸਮੇਂ ਤੋਂ ਹੀ ਪਲੇਗ ਵੱਖੋ-ਵੱਖਰੀਆਂ ਸ਼ਕਲਾਂ ਅਖਤਿਆਰ ਕਰਦੀ ਆਈ ਹੈ (ਜੋ ਮੁਲਕ ਦੀ ਸਨਅਤ, ਵਿਤ, ਵਣਜ ਅਤੇ ਆਮ ਖੁਸ਼ਹਾਲੀ ਮੂਲ ਅਧਾਰ ਸੀ), ਲੇਕਿਨ ਉਸ ਦਾ ਅਸਰ ਤਾਂ ਘਟਾ ਦਿੱਤਾ ਗਿਆ, ਕਦੇ ਉਸ ਦਾ ਇਲਾਜ ਨਹੀਂ ਕੀਤਾ ਗਿਆ।

ਅਮਰੀਕਨ ਗੁਲਾਮਦਾਰੀ ਆਪਣੀ ਕਰੂਰਤਾ ਕਾਰਨ ਹੀ ਨਹੀਂ ਸਗੋਂ ਚਮੜੀ ਦੇ ਰੰਗ ਨਾਲ ਜੁੜੀ ਹੋਣ ਕਾਰਨ ਵੀ ਵਿਲੱਖਣ ਸੀ। ਇਸ ਵਿਵਸਥਾ ਦੇ ਅੰਦਰ, ਹਰ ਸਿਆਹਫਾਮ ਚਿਹਰੇ ਦੀ ਨਿਸ਼ਾਨਦੇਹੀ ਇਸ ਤਰ੍ਹਾਂ ਕਰ ਦਿੱਤੀ ਗਈ- 'ਤੁਹਾਡੀ ਫਿਤਰਤ ਹੀ ਗੁਲਾਮ ਹੋਣ ਦੀ ਹੈ।'

ਹੋਰ ਹਿੱਸਿਆਂ ਨਾਲ ਵੀ ਕਠੋਰ ਸਲੂਕ ਕੀਤਾ ਗਿਆ ਹੈ। ਇਕ ਸਦੀ ਪਹਿਲਾਂ ਯਹੂਦੀ ਅਤੇ ਇਤਾਲਵੀ ਲੋਕ ਐਨੇ ਖੌਫਜ਼ਦਾ ਅਤੇ ਦੁਰਕਾਰੇ ਹੋਏ ਸਨ ਕਿ 1924 ਦਾ ਨਸਲਵਾਦੀ ਆਵਾਸੀ ਕਾਨੂੰਨ ਉਨ੍ਹਾਂ ਨੂੰ ਆਉਣ ਤੋਂ ਰੋਕਣ ਲਈ ਬਣਾਇਆ ਗਿਆ ਸੀ। ਇਸ ਨੇ ਬਹੁਤ ਸਾਰੇ ਯਹੂਦੀ ਕਬਰਸਤਾਨ ਪਹੁੰਚਾ ਦਿੱਤੇ। ਆਪਣੇ ਹੱਕ ਵਿਚ ਉਦੋਂ ਦੇ ਨਸਲਵਾਦੀ ਇਹ ਦਲੀਲ ਦੇ ਸਕਦੇ ਸਨ ਕਿ ਸਾਨੂੰ ਮੁੱਖ ਮੁਜਰਿਮ ਸਿੰਡੀਕੇਟਾਂ ਚਲਾਉਣ ਵਾਲੇ ਯਹੂਦੀਆਂ ਅਤੇ ਇਤਾਲਵੀਆਂ, ਮੇਯਰ ਲਾਂਸਕੀ, ਅਲ ਕੈਪੋਨ ਅਤੇ ਬੁਗਸੀ ਸੀਜਲ ਵਰਗਿਆਂ ਤੋਂ ਬਚਣ ਲਈ ਇਹ ਕਰਨਾ ਪੈਣਾ ਸੀ; ਲੇਕਿਨ ਓੜਕ ਉਹ ਬਾਕੀ ਸਮਾਜ 'ਚ ਰਚ-ਮਿਚ ਗਏ। ਇਹੋ ਆਇਰਸ਼ਾਂ ਨਾਲ ਵਾਪਰਿਆ।

ਸਿਆਹਫਾਮਾਂ ਨਾਲ ਵੱਖਰੀ ਤਰ੍ਹਾਂ ਵਾਪਰਿਆ। ਉਨ੍ਹਾਂ ਨੂੰ ਨਸਲਵਾਦ ਅਤੇ ਗੋਰੀ ਸ੍ਰੇਸ਼ਟਤਾ ਨਾਲ ਸੰਤਾਪੇ ਸਮਾਜ ਵਿਚ ਰਚਣ-ਮਿਚਣ ਦੇ ਪੱਕੇ ਤੌਰ 'ਤੇ ਅਯੋਗ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਇਨ੍ਹਾਂ ਅਸਰਾਂ ਦੇ ਨਾਲ ਸੰਤਾਪ ਦੀਆਂ ਪੈਦਾ ਕੀਤੀਆਂ ਸਦੀਵੀ ਸਮਾਜੀ-ਆਰਥਕ ਖਾਈਆਂ ਦੀ ਪੀੜਾ ਵੀ ਝੱਲਣੀ ਪੈਂਦੀ ਹੈ। ਪਿਛਲੇ ਚਾਲੀ ਸਾਲਾਂ ਦੇ ਨਵਉਦਾਰ ਹਮਲੇ ਨਾਲ ਇਹ ਹੋਰ ਵੀ ਤਿੱਖੀ ਹੋ ਗਈ ਹੈ ਜੋ ਸਿਖਰਲੇ ਅਮੀਰਾਂ ਲਈ ਮਹਾਂ ਵਰਦਾਨ ਹੈ ਜਦਕਿ ਅਤਿ ਕਮਜ਼ੋਰ ਹਿੱਸਿਆਂ ਲਈ ਆਫਤ ਹੈ।


ਸਿਆਹਫਾਮ ਅਮਰੀਕਨਾਂ ਦੇ ਕਤਲ ਨਿਗਰਾਨੀ ਹੇਠ ਹੁੰਦੇ ਹਨ। ਬੇਹੱਦ ਕਪਟੀ ਰਾਸ਼ਟਰਪਤੀ (ਟਰੰਪ) ਮਹਾਮਾਰੀ ਉਪਰ ਕੇਂਦਰਤ ਹੋਣ ਦਾ ਲਾਹਾ ਲੈ ਕੇ ਆਪਣੀ ਮੁੱਖ ਹਮਾਇਤੀ ਧਿਰ, ਚੋਟੀ ਦੇ ਅਮੀਰਾਂ ਅਤੇ ਕਾਰਪੋਰੇਟ ਤਾਕਤ ਦੀ ਸੇਵਾ ਵਿਚ ਜੁਟਿਆ ਹੋਇਆ ਹੈ। ਇਸ ਦਾ ਇਕ ਤਰੀਕਾ ਅਵਾਮ ਦੀ ਸੁਰੱਖਿਆ ਕਰਨ, ਲੇਕਿਨ ਮੁਨਾਫਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਾਇਦੇ-ਕਾਨੂੰਨਾਂ ਦਾ ਖਾਤਮਾ ਕਰਨਾ ਹੈ। ਹਾਲੀਆ ਮਹਾਮਾਰੀ ਦੌਰਾਨ ਟਰੰਪ ਹਵਾ ਪ੍ਰਦੂਸ਼ਣ ਵਧਾਉਣ ਦੇ ਰਾਹ ਤੁਰ ਪਿਆ ਜਿਸ ਨੇ ਕੋਵਿਡ-19 ਨੂੰ ਐਨਾ ਜ਼ਿਆਦਾ ਘਾਤਕ ਬਣਾ ਦਿੱਤਾ ਹੈ ਕਿ ਇਹ ਦਹਿ-ਹਜ਼ਾਰਾਂ ਅਮਰੀਕਨ ਦੀ ਮੌਤ ਦਾ ਕਾਰਨ ਬਣ ਸਕਦਾ ਹੈ। ਇਹ ਆਮ ਮੌਤਾਂ ਦੀ ਤਰ੍ਹਾਂ ਨਹੀਂ ਹੈ: 'ਇਸ ਦਾ ਸਭ ਤੋਂ ਵੱਧ ਸ਼ਿਕਾਰ ਘੱਟ ਆਮਦਨੀ ਵਾਲੇ ਸਮੂਹ ਅਤੇ ਗੈਰ-ਗੋਰੇ ਲੋਕ ਹੋ ਰਹੇ ਹਨ', ਜੋ ਸਭ ਤੋਂ ਖਤਰਨਾਕ ਇਲਾਕਿਆਂ ਵਿਚ ਰਹਿਣ ਲਈ ਮਜਬੂਰ ਹਨ।

ਇਸ ਨੂੰ ਜਾਰੀ ਰੱਖਣਾ ਬਹੁਤ ਸੌਖਾ ਹੈ। ਮੁਜ਼ਾਹਰਾਕਾਰੀ ਇਹ ਭਲੀਭਾਂਤ ਜਾਣਦੇ ਹਨ। ਇਸ ਲਈ ਕਿਸੇ ਅਧਿਐਨ ਦੀ ਲੋੜ ਨਹੀਂ। ਕਈਆਂ ਦਾ ਇਹ ਹੱਡੀਂ ਹੰਢਾਇਆ ਤਜਰਬਾ ਹੈ। ਉਹ ਸਿਰਫ ਸਿਆਹਫਾਮ ਸਮੂਹਾਂ ਉਪਰ ਪੁਲਿਸ ਵਹਿਸ਼ਤ ਦੇ ਖਾਤਮੇ ਦੀ ਨਹੀਂ ਸਗੋਂ ਸਮਾਜੀ ਤੇ ਆਰਥਕ ਸੰਸਥਾਵਾਂ ਦੀ ਮੁੱਢੋਂ ਮੁੜ ਢਾਂਚਾਬੰਦੀ ਕੀਤੇ ਜਾਣ ਦੀ ਮੰਗ ਕਰ ਰਹੇ ਹਨ। ਉਨ੍ਹਾਂ ਨੂੰ ਲੋਹੜੇ ਦੀ ਹਮਾਇਤ ਮਿਲ ਰਹੀ ਹੈ, ਇਹ ਨਾ ਸਿਰਫ ਅਸੀਂ ਪੂਰੇ ਮੁਲਕ ਵਿਚ ਇਕਮੁੱਠਤਾ ਕਾਰਵਾਈਆਂ ਤੋਂ ਸਗੋਂ ਪੋਲ ਸਰਵੇਖਣਾਂ ਤੋਂ ਵੀ ਦੇਖ ਸਕਦੇ ਹਾਂ। ਜੂਨ ਦੇ ਸ਼ੁਰੂ ਦੇ ਇਕ ਪੋਲ ਸਰਵੇਖਣ ਤੋਂ ਸਾਹਮਣੇ ਆਇਆ ਕਿ 64ਫੀਸਦੀ ਬਾਲਗ ਅਮਰੀਕਨਾਂ ਦੀ ਮੁਜ਼ਾਹਰਾਕਾਰੀ ਲੋਕਾਂ ਨਾਲ ਹਮਦਰਦੀ ਹੈ, ਜਦਕਿ 27ਫੀਸਦੀ ਨੇ ਹਮਦਰਦੀ ਨਹੀਂ ਦਿਖਾਈ ਅਤੇ 9 ਫੀਸਦੀ ਇਸ ਬਾਰੇ ਜੱਕੋਤੱਕੀ ਵਿਚ ਸਨ।

ਇਸ ਦੀ ਤੁਲਨਾ ਇਸੇ ਤਰ੍ਹਾਂ ਦੇ ਮੁਜ਼ਾਹਰਿਆਂ ਨਾਲ ਕੀਤੀ ਜਾ ਸਕਦੀ ਹੈ ਜੋ 1992 'ਚ ਰੋਡਨੀ ਕਿੰਗ ਨੂੰ ਕੁੱਟ-ਕੁੱਟ ਕੇ ਅਧਮੋਇਆ ਕਰ ਦੇਣ ਵਾਲੇ ਲਾਸ ਏਂਜਲਸ ਦੇ ਪੁਲਿਸ ਅਫਸਰਾਂ ਨੂੰ ਬਰੀ ਕਰ ਦਿੱਤੇ ਜਾਣ 'ਤੇ ਹੋਏ। ਇਸ ਪਿੱਛੋਂ ਇਕ ਹਫਤਾ ਫਸਾਦ ਹੁੰਦੇ ਰਹੇ, 60 ਤੋਂ ਉਪਰ ਮੌਤਾਂ ਹੋਈਆਂ ਅਤੇ ਆਖਿਰਕਾਰ ਰਾਸ਼ਟਰਪਤੀ ਦੇ ਬੁਸ਼ ਫੈਡਰਲ ਦਸਤਿਆਂ ਦੀ ਮਦਦ ਨਾਲ ਨੈਸ਼ਨਲ ਗਾਰਡਾਂ ਨੇ ਇਹ ਦਬਾ ਦਿੱਤੇ। ਰੋਸ-ਮੁਜ਼ਾਹਰੇ ਜ਼ਿਆਦਾਤਰ ਲਾਸ ਏਂਜਲਸ ਤਕ ਸੀਮਤ ਸਨ, ਅੱਜ ਵਰਗੇ ਬਿਲਕੁਲ ਨਹੀਂ ਸਨ।

ਟਰੰਪ ਉਪਰ ਸਿਰਫ ਆਪਣੇ ਹਿਤ ਦਾ ਭੂਤ ਸਵਾਰ ਹੈ ਕਿ ਉਹ ਆਪਣੇ ਵੋਟ ਆਧਾਰ ਦੇ ਘੋਰ ਨਸਲਵਾਦੀ ਅਤੇ ਫਸਾਦੀ ਹਿੱਸਿਆਂ ਨੂੰ ਭੜਕਾਉਣ ਲਈ ਇਸ ਤ੍ਰਾਸਦੀ ਦਾ ਲਾਹਾ ਕਿਵੇਂ ਲੈ ਸਕਦਾ ਹੈ। ਹਿੰਸਕ ਸੱਦੇ ਦੇਣਾ ਉਸ ਦੀ ਕੁਦਰਤੀ ਪ੍ਰਵਿਰਤੀ ਹੈ: ਮਸਲਨ 'ਸਭ ਤੋਂ ਦੁਸ਼ਟ ਕੁੱਤੇ, ਸਭ ਤੋਂ ਮਨਹੂਸ ਹਥਿਆਰ, ਜੋ ਮੈਂ ਕਦੇ ਨਹੀਂ ਦੇਖੇ।' ਅਤੇ 'ਗੰਦ' ਨੂੰ ਐਸਾ ਸਬਕ ਸਿਖਾਉਣ ਲਈ ਫੌਜ ਭੇਜੋ ਜੋ ਉਹ ਕਦੇ ਨਾ ਭੁੱਲ ਸਕਣ।

ਟਰੰਪ ਦੀ ਗੁਸਤਾਖ ਵਸੋਂ ਉਪਰ ਹਿੰਸਾ ਨਾਲ 'ਕਾਬੂ ਪਾਉਣ' ਦੀ ਯੋਜਨਾ ਕਾਰਨ ਮੁਜ਼ਾਹਰਾਕਾਰੀਆਂ ਲਈ ਹਮਦਰਦੀ ਦੇ ਇਜ਼ਹਾਰਾਂ ਦੇ ਨਾਲ-ਨਾਲ ਵਿਆਪਕ ਰੋਹ ਪੈਦਾ ਹੋ ਗਿਆ, ਸਖਤ ਨਿਖੇਧੀ ਕਰਨ ਵਾਲਿਆਂ 'ਚ ਜਾਇੰਟ ਚੀਫ ਆਫ ਸਟਾਫ ਦਾ ਸਾਬਕਾ ਚੇਅਰਮੈਨ ਵੀ ਸ਼ਾਮਲ ਹੈ। ਸਾਬਕਾ ਚੇਅਰਮੈਨ ਐਡਮਿਰਲ ਮਾਈਕ ਮੂਲਨ ਨੇ ਲਿਖਿਆ: "ਗੋਰਾ ਹੋਣ ਕਰਕੇ ਮੈਂ ਅਫਰੀਕੀ ਅਮਰੀਕਨਾਂ ਦੇ ਅਜੋਕੇ ਡਰ ਅਤੇ ਗੁੱਸੇ ਨੂੰ ਪੂਰੀ ਤਰ੍ਹਾਂ ਸਮਝ ਲੈਣ ਦਾ ਦਾਅਵਾ ਤਾਂ ਨਹੀਂ ਕਰ ਸਕਦਾ ... ਥੋੜ੍ਹਾ ਵਾਹ-ਵਾਸਤਾ ਹੋਣ ਕਰਕੇ ਮੈਨੂੰ ਇਹ ਸਮਝਣ ਲਈ ਕਾਫੀ ਜਾਣਕਾਰੀ ਹੈ - ਅਤੇ ਮੈਂ ਕਾਫੀ ਦੇਖ ਚੁੱਕਾ ਹਾਂ - ਕਿ ਉਹ ਭਾਵਨਾਵਾਂ ਸੱਚੀਆਂ ਹਨ ਅਤੇ ਇਨ੍ਹਾਂ ਦਾ ਆਧਾਰ ਬਹੁਤ ਹੀ ਦੁਖਦਾਈ ਹੈ।' ਬੀਤੇ ਦੋ ਦਹਾਕਿਆਂ ਦੇ ਬਦਲਾਓ ਸ਼ਾਇਦ ਇਸ ਦਾ ਸੰਕੇਤ ਹਨ ਕਿ ਵਸੋਂ ਦੇ ਵੱਡੇ ਹਿੱਸਿਆਂ ਨੇ ਸਾਡੇ ਸਮਾਜ ਦੀਆਂ ਲੰਮੇ ਸਮੇਂ ਤੋਂ ਲੁਕੀਆਂ ਸਚਾਈਆਂ ਨੂੰ ਬੁੱਝਣਾ ਸ਼ੁਰੂ ਕਰ ਦਿੱਤਾ ਹੈ, ਇਹ ਘੁੱਪ ਹਨੇਰ ਸਮਿਆਂ ਵਿਚ ਚਾਨਣ ਦੀ ਕਿਰਨ ਹੈ।




**ਸਾਨੂੰ ਅਕਸਰ ਦੱਸਿਆ ਜਾਂਦਾ ਹੈ ਕਿ ਅਮਰੀਕਾ ਦੁਨੀਆ ਦਾ ਸਭ ਤੋਂ ਤਾਕਤਵਰ ਮੁਲਕ ਹੈ। ਸਾਡੀ ਪਰਵਰਿਸ਼ 'ਅਮਰੀਕਨ ਵਿਸ਼ੇਸ਼ਵਾਦ' ਦੀ ਖੁਰਾਕ ਦੇ ਕੇ ਕੀਤੀ ਜਾਂਦੀ ਹੈ। ਆਲਮੀ ਪੱਧਰ 'ਤੇ ਕੋਵਿਡ-19 ਨਾਲ ਸਭ ਤੋਂ ਵੱਧ ਮੌਤਾਂ ਸਾਡੇ ਹੋਈਆਂ ਹਨ। ਸਾਡਾ ਪ੍ਰਬੰਧ ਇਸ ਨਾਲ ਨਜਿੱਠਣ ਲਈ ਤਿਆਰ ਨਹੀਂ ਸੀ। ਇਸ ਨਾਕਾਬਲੀਅਤ ਦੀ ਵਿਆਖਿਆ ਤੁਸੀਂ ਕਿਵੇਂ ਕਰਦੇ ਹੋ, ਅਤੇ ਇਸ ਸਭ ਕਾਸੇ ਵਿਚ ਟਰੰਪ ਕੀ ਭੂਮਿਕਾ ਰਹੀ ਹੈ?**

**ਜਵਾਬ:** ਤਿਆਰੀ ਦੀ ਘਾਟ ਦੇ ਬੁਨਿਆਦੀ ਕਾਰਨ ਤਿੰਨ ਹਨ-ਪੂੰਜੀਵਾਦੀ ਤਰਕ, ਨਵਉਦਾਰ ਮੱਤ ਅਤੇ ਰਾਜਨੀਤਕ ਲੀਡਰਸ਼ਿਪ ਦਾ ਚਰਿੱਤਰ। ਇਨ੍ਹਾਂ ਨੂੰ ਸੰਖੇਪ 'ਚ ਵਾਰੋ-ਵਾਰੀ ਲੈਂਦੇ ਹਾਂ।

2003 ਦੀ ਸਾਰਸ ਮਹਾਮਾਰੀ ਉਪਰ ਕਾਬੂ ਪਾ ਲੈਣ ਤੋਂ ਬਾਦ ਵਿਗਿਆਨੀ ਭਲੀਭਾਂਤ ਜਾਣਦੇ ਸਨ ਕਿ ਹੋਰ ਮਹਾਮਾਰੀ ਫੈਲ ਸਕਦੀ ਹੈ ਅਤੇ ਇਸ ਦੀ ਵਜ੍ਹਾ ਹੋਰ ਕਰੋਨਾ ਵਾਇਰਸ ਬਣੇਗਾ। ਉਹ ਤਿਆਰੀ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਵੀ ਜਾਣਦੇ ਸਨ; ਲੇਕਿਨ ਗਿਆਨ ਹੀ ਕਾਫੀ ਨਹੀਂ ਹੈ। ਕੋਈ ਇਸ ਨੂੰ ਵਰਤਣ ਵਾਲਾ ਵੀ ਹੋਣਾ ਚਾਹੀਦਾ ਹੈ। ਪ੍ਰਤੱਖ ਉਮੀਦਵਾਰ ਦਵਾ ਕੰਪਨੀਆਂ ਹਨ ਜਿਹਨਾਂ ਕੋਲ 'ਮੁਕਤ ਵਪਾਰ' ਸਮਝੌਤਿਆਂ ਦੀ ਬਦੌਲਤ ਵੱਡੀ ਮਾਤਰਾ 'ਚ ਤਮਾਮ ਲੋੜੀਂਦੇ ਵਸੀਲੇ ਅਤੇ ਬੇਥਾਹ ਮੁਨਾਫੇ ਹਨ; ਉਨ੍ਹਾਂ ਦਾ ਰਾਹ ਪੂੰਜੀਵਾਦੀ ਤਰਕ ਰੋਕੀ ਬੈਠਾ ਸੀ। ਆਫਤ ਦੀ ਸੰਭਾਵਨਾ ਦੀ ਤਿਆਰੀ ਕਰਨ 'ਚ ਮੁਨਾਫੇ ਨਹੀਂ ਮਿਲਣੇ ਸਨ - ਅਤੇ ਜਿਵੇਂ ਚਾਲੀ ਸਾਲ ਪਹਿਲਾਂ ਨਵਉਦਾਰ ਯੁੱਗ ਦੇ ਉਦੈ ਹੋਣ ਵੇਲੇ ਅਰਥ ਸ਼ਾਸਤਰੀ ਮਿਲਟਨ ਫਰੀਡਮੈਨ ਨੇ ਜ਼ੋਰ ਦਿੱਤਾ ਸੀ, ਕਾਰਪੋਰੇਸ਼ਨ ਦੀ ਇਕੋ-ਇਕ ਜ਼ਿੰਮੇਵਾਰੀ ਸ਼ੇਅਰਹੋਲਡਰਾਂ ਦਾ ਮੁੱਲ ਵਧਾਉਣਾ (ਅਤੇ ਦੌਲਤ ਦੀ ਮੈਨੇਜਮੈਂਟ) ਹੈ। 2017 'ਚ ਮੁੱਖ ਦਵਾ ਕੰਪਨੀਆਂ ਨੇ ਕਰੋਨਾਵਾਇਰਸ ਸਮੇਤ ਪੈਥੋਜ਼ੈਨਾਂ ਉਪਰ ਤੇਜ਼ੀ ਨਾਲ ਖੋਜ ਕਰਨ ਦੀ ਤਜਵੀਜ਼ ਰੱਦ ਕਰ ਦਿੱਤੀ।

ਦੂਜਾ ਉਮੀਦਵਾਰ ਸਰਕਾਰ ਹੈ, ਜਿਸ ਕੋਲ ਲੋੜੀਂਦੇ ਵਸੀਲੇ ਹਨ ਅਤੇ ਜਿਸ ਨੇ ਵੈਕਸੀਨ ਅਤੇ ਦਵਾਈਆਂ ਵਿਕਸਤ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਲੇਕਿਨ ਇਸ ਦਾ ਰਾਹ ਰੀਗਨ ਦੇ ਜ਼ਮਾਨੇ ਤੋਂ ਭਾਰੂ ਨਵਉਦਾਰ ਮੱਤ ਨੇ ਰੋਕਿਆ ਹੋਇਆ ਹੈ ਜਿਸ ਨੇ ਸਾਨੂੰ ਦੱਸਿਆ ਕਿ ਸਮੱਸਿਆ ਤਾਂ ਸਰਕਾਰ ਹੈ - ਭਾਵ ਜੋ ਫੈਸਲੇ ਕਿਸੇ ਹੱਦ ਤਕ ਨਾਗਰਿਕਾਂ ਦੇ ਪ੍ਰਭਾਵ ਵਾਲੇ ਹਨ ਉਹ ਸਰਕਾਰ ਕੋਲੋਂ ਲੈ ਕੇ ਗੈਰਜਵਾਬਦੇਹ ਨਿੱਜੀ ਨਿਰੰਕੁਸ਼ ਤਾਕਤਾਂ ਦੇ ਸਪੁਰਦ ਕਰ ਦੇਣੇ ਚਾਹੀਦੇ ਹਨ ਜੋ ਨਵਉਦਾਰ ਜਿੱਤ ਦੇ ਮੁੱਖ ਏਜੰਟ (ਲਾਭਪਾਤਰ) ਸਨ। ਸੋ, ਸਰਕਾਰ ਨੂੰ ਵੀ ਰੋਕ ਦਿੱਤਾ ਗਿਆ।

ਤੀਜਾ ਕਾਰਕ ਵਿਅਕਤੀਗਤ ਸਰਕਾਰਾਂ ਹਨ। ਰਾਸ਼ਟਰਪਤੀ ਨੂੰ ਅਹਿਮ ਵਿਗਿਆਨਕ ਮੁੱਦਿਆਂ ਤੋਂ ਸੁਚੇਤ ਕਰਨ ਲਈ ਰਾਸ਼ਟਰਪਤੀ ਜੌਰਜ ਐਚ. ਡਬਲਯੂ. ਬੁਸ਼ ਨੇ ਸਾਇੰਸ ਅਤੇ ਤਕਨਾਲੋਜੀ ਬਾਰੇ ਸਲਾਹਕਾਰਾਂ ਦੀ ਕੌਂਸਲ (ਪੀ.ਸੀ.ਏ.ਐਸ.ਟੀ.) ਦੀ ਸਥਾਪਨਾ ਕੀਤੀ ਸੀ। 2009 'ਚ ਅਹੁਦਾ ਸੰਭਾਲਣ ਤੋਂ ਬਾਅਦ ਪ੍ਰਧਾਨ ਓਬਾਮਾ ਦੀ ਇਕ ਪਹਿਲੀ ਕਾਰਵਾਈ ਇਹ ਅਧਿਐਨ ਕਰਾਉਣਾ ਸੀ ਕਿ ਮਹਾਮਾਰੀ ਨਾਲ ਕਿਵੇਂ ਨਜਿੱਠਣਾ ਹੈ। ਥੋੜ੍ਹੇ ਹਫਤੇ ਬਾਅਦ ਹੀ ਇਹ ਅਧਿਐਨ ਵ੍ਹਾਈਟ ਹਾਊਸ ਦੇ ਸਪੁਰਦ ਕਰ ਦਿੱਤਾ ਗਿਆ। ਵਿਗਿਆਨ-ਮੁਖੀ ਓਬਾਮਾ ਪ੍ਰਸ਼ਾਸਨ ਨੇ ਇਕ ਬੁਨਿਆਦੀ ਢਾਂਚਾ ਖੜ੍ਹਾ ਕੀਤਾ ਜਿਸ ਨੇ ਲਾਗ ਦੇ ਰੋਗਾਂ ਦੇ ਖਤਰੇ ਪ੍ਰਤੀ ਅਗਾਊਂ ਹੁੰਗਾਰੇ ਦੀ ਯੋਜਨਾ ਬਣਾਈ। ਇਹ 20 ਜਨਵਰੀ 2017 ਨੂੰ ਟਰੰਪ ਦੇ ਰਾਸ਼ਟਰਪਤੀ ਬਣਨ ਤਕ ਚੱਲਦਾ ਰਿਹਾ। ਫਿਰ ਦਿਨਾਂ ਵਿਚ ਹੀ ਮਹਾਮਾਰੀ ਨਾਲ ਨਜਿੱਠਣ ਦੀਆਂ ਤਿਆਰੀਆਂ ਸਮੇਤ ਕਾਰਜਕਾਰੀ ਬਰਾਂਚ ਬਨਾਮ ਇਸ ਸਮੁੱਚੇ ਬੁਨਿਆਦੀ ਢਾਂਚੇ ਦਾ ਭੋਗ ਪਾਉਣ ਦਾ ਅਮਲ ਵਿੱਢ ਦਿੱਤਾ ਗਿਆ। ਅਸਲ ਵਿਚ ਤਾਂ ਦੂਜੇ ਆਲਮੀ ਯੁੱਧ ਤੋਂ ਲੈ ਕੇ ਜੋ ਦੁਵੱਲੇ ਸਹਿਯੋਗ ਵਾਲੀ ਪਹਿਲਕਦਮੀਂ ਚਲੀ ਆ ਰਹੀ ਸੀ, ਸਾਇੰਸ ਦੀ ਨੀਤੀ ਘਾੜਿਆਂ ਨੂੰ ਜਾਣਕਾਰੀ ਦੇਣ ਦੀ ਉਸ ਭੂਮਿਕਾ ਨੂੰ ਪੁੱਠਾ ਗੇੜਾ ਦੇਣ ਦਾ ਅਮਲ ਵਿੱਢ ਦਿੱਤਾ ਗਿਆ ਜਿਸ ਦੀ ਆਧੁਨਿਕ ਹਾਈਟੈੱਕ ਆਰਥਿਕਤਾ ਦੇ ਵਿਕਾਸ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਰਹੀ ਹੈ।

ਇਸ ਦੇ ਕੱਫਣ ਵਿਚ ਹੋਰ ਕਿੱਲ ਠੋਕਦੇ ਹੋਏ ਟਰੰਪ ਨੇ ਉਨ੍ਹਾਂ ਪ੍ਰੋਗਰਾਮਾਂ ਦਾ ਭੋਗ ਪਾ ਦਿੱਤਾ ਜਿਹਨਾਂ ਵਿਚ ਵਿਗਿਆਨੀ ਚੀਨੀ ਵਿਗਿਆਨੀਆਂ ਨਾਲ ਮਿਲ ਕੇ ਕਰੋਨਾ ਵਾਇਰਸਾਂ ਦੀ ਜਾਂਚ ਕਰਦੇ ਸਨ। ਹਰ ਸਾਲ ਉਹ ਸੈਂਟਰ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ.ਡੀ.ਸੀ.) ਨੂੰ ਫੰਡਾਂ ਤੋਂ ਵਾਂਝੇ ਕਰਦਾ ਗਿਆ। ਉਸ ਦੇ ਫਰਵਰੀ 2020 ਦੇ ਬਜਟ ਪ੍ਰਸਤਾਵ ਤਕ ਇਹ ਅਮਲ ਜਾਰੀ ਰਿਹਾ। ਜਦ ਮਹਾਮਾਰੀ ਫੈਲ ਰਹੀ ਸੀ ਉਦੋਂ ਵੀ ਉਹ ਸੀ.ਡੀ.ਸੀ. ਫੰਡਾਂ ਵਿਚ ਹੋਰ ਕਟੌਤੀ ਕਰਨ (ਪਰ ਨਾਲ ਹੀ ਫੌਸਿਲ ਫਿਊਲ ਸਨਅਤਾਂ ਦੀਆਂ ਸਬਸਿਡੀਆਂ ਵਧਾਉਣ) ਦੇ ਹੋਕੇ ਦੇ ਰਿਹਾ ਸੀ। ਵਿਗਿਆਨੀਆਂ ਦੀ ਥਾਂ ਸਨਅਤੀ ਅਧਿਕਾਰੀ ਲਾ ਦਿੱਤੇ ਗਏ ਜੋ ਨਿੱਜੀ ਕਾਰੋਬਾਰੀਆਂ ਦੇ ਵੱਧ ਤੋਂ ਵੱਧ ਮੁਨਾਫੇ ਯਕੀਨੀ ਬਣਾਉਣਗੇ, ਅਵਾਮ ਉਪਰ ਚਾਹੇ ਇਸ ਦਾ ਕੋਈ ਵੀ ਅਸਰ ਪਵੇ।

ਟਰੰਪ ਦੇ ਫੈਸਲੇ ਉਸ ਦੇ ਚਹੇਤੇ ਪੰਡਿਤ ਰਸ਼ ਲਿੰਬਾਗ ਦੇ ਨਿਰਣੇ ਦੇ ਅਨੁਸਾਰ ਸਨ ਜਿਸ ਨੂੰ ਉਸ ਨੇ ਪ੍ਰੈਜ਼ੀਡੈਂਸ਼ੀਅਲ ਮੈਡਲ ਆਫ ਫਰੀਡਮ ਨਾਲ ਨਿਵਾਜਿਆ ਸੀ। ਉਹ ਸਾਨੂੰ ਨਸੀਹਤ ਦਿੰਦਾ ਹੈ ਕਿ ਵਿਦਵਾਨਾਂ, ਮੀਡੀਆ ਅਤੇ ਸਰਕਾਰ ਦੇ ਨਾਲ "ਚੌਮੁਖੀ ਧੋਖੇਬਾਜ਼ੀ" ਦਾ ਚੌਥਾ ਮੂੰਹ ਸਾਇੰਸ ਹੈ 'ਜਿਨ੍ਹਾਂ ਦੀ ਹੋਂਦ ਧੋਖੇ ਦੇ ਸਿਰ 'ਤੇ ਹੈ।' ਪ੍ਰਸ਼ਾਸਨ ਦੇ ਰਾਹ-ਦਰਸਾਵਾ ਅਸੂਲ ਫਰਾਂਕੋ ਦੇ ਮੁੱਖ ਜਨਰਲ ਨੇ 1936 'ਚ ਹੀ ਘੜ ਦਿੱਤੇ ਸਨ: "ਬੌਧਿਕਤਾ ਦਾ ਨਾਸ਼ ਹੋਵੇ! ਮੌਤ ਦੀ ਜੈ!" ਇਸ ਦਾ ਨਤੀਜਾ ਇਹ ਹੋਇਆ ਕਿ ਜਦ ਮਹਾਮਾਰੀ ਨੇ ਹੱਲਾ ਬੋਲਿਆ ਤਾਂ ਸੰਯੁਕਤ ਰਾਜ ਦਾ ਪ੍ਰਬੰਧ ਨਜਿੱਠਣ ਲਈ ਤਿਆਰ ਨਹੀਂ ਸੀ।

**ਸਵਾਲ: ਫਰਵਰੀ ਵਿਚ ਟਰੰਪ ਨੇ ਕਿਹਾ ਕਿ ਕੋਵਿਡ-19 ਛੂ-ਮੰਤਰ ਹੋ ਜਾਵੇਗਾ, ਕਿ 'ਇਕ ਦਿਨ ਇਹ ਚਮਤਕਾਰ ਵਾਂਗ ਛੂ-ਮੰਤਰ ਹੋ ਜਾਵੇਗਾ।' ਉਸ ਨੇ ਬੱਜਰ ਗਲਤੀ ਕੀਤੀ ਅਤੇ ਬਿਮਾਰੀ ਨੂੰ ਨਸਲਵਾਦੀ ਰੰਗਤ ਦੇ ਕੇ ਇਸ ਦਾ ਠੀਕਰਾ ਚੀਨ ਦੇ ਸਿਰ ਭੰਨ ਦਿੱਤਾ। ਕੁਝ ਲੋਕ ਤਾਂ ਇਹ ਦਾਅਵਾ ਵੀ ਕਰਨਗੇ ਕਿ ਕੋਵਿਡ-19 ਪ੍ਰਤੀ ਗਲਤ ਪਹੁੰਚ ਅਖਤਿਆਰ ਕਰਨ ਦੇ ਕਾਰਨ ਟਰੰਪ ਦੇ ਹੱਥ ਲਹੂ ਨਾਲ ਲਿੱਬੜੇ ਹੋਏ ਹਨ। ਤੁਹਾਡੀ ਸੋਚ ਕੀ ਹੈ?**

**ਜਵਾਬ:** ਚੋਟੀ ਦੇ ਅਮੀਰਾਂ ਅਤੇ ਕਾਰਪੋਰੇਟ ਪਾਵਰ ਪ੍ਰਤੀ ਟਰੰਪ ਦੀਆਂ ਸਮਰਪਿਤ ਸੇਵਾਵਾਂ ਦੇ ਨਤੀਜੇ ਵਜੋਂ ਦਹਿ ਹਜ਼ਾਰਾਂ ਅਮਰੀਕਨ ਮੌਤ ਦੇ ਮੂੰਹ 'ਚ ਜਾ ਪਏ। ਲਾਗ ਫੈਲਣ ਤੋਂ ਬਾਅਦ ਵੀ ਉਸ ਦਾ ਦੋਖੀਪੁਣਾ ਜਾਰੀ ਰਹੀ। ਦਸੰਬਰ 'ਚ ਪਹਿਲੀਆਂ ਅਲਾਮਤਾਂ ਮਿਲਣ ਤੋਂ ਥੋੜ੍ਹੇ ਹਫਤੇ ਬਾਦ ਹੀ ਚੀਨੀ ਵਿਗਿਆਨੀਆਂ ਨੇ ਵਾਇਰਸ ਦੀ ਸ਼ਨਾਖਤ ਕਰ ਲਈ ਸੀ, ਜੀਨੋਮ ਲੱਭ ਲਿਆ ਸੀ ਅਤੇ ਇਸ ਦੀ ਜਾਣਕਾਰੀ ਡਬਲਿਊ. ਐਚ. ਓ. ਅਤੇ ਦੁਨੀਆ ਨੂੰ ਦੇ ਦਿੱਤੀ ਸੀ। ਏਸ਼ੀਆ ਅਤੇ ਸਮੁੰਦਰੀ ਮੁਲਕ ਤੁਰੰਤ ਹਰਕਤ 'ਚ ਆਏ ਅਤੇ ਉਨ੍ਹਾਂ ਨੇ ਮੁੱਖ ਤੌਰ 'ਤੇ ਹਾਲਤ 'ਤੇ ਕਾਬੂ ਪਾ ਲਿਆ ਹੈ। ਹੋਰ ਮੁਲਕਾਂ ਵਿਚ ਹਾਲਤ ਵੱਖਰੀ ਸੀ। ਟਰੰਪ ਪਿਛੜ ਗਿਆ। ਦੋ ਮਹੀਨੇ ਸੰਯੁਕਤ ਰਾਜ ਦੀਆਂ ਖੁਫੀਆ ਏਜੰਸੀਆਂ ਅਤੇ ਸਿਹਤ ਅਧਿਕਾਰੀ ਵ੍ਹਾਈਟ ਹਾਊਸ ਦਾ ਧਿਆਨ ਇੱਧਰ ਦਿਵਾਉਣ ਲਈ ਵਾਹ ਲਾਉਂਦੇ ਰਹੇ, ਕੋਈ ਫਾਇਦਾ ਨਾ ਹੋਇਆ। ਆਖਿਰਕਾਰ ਟਰੰਪ ਨੇ ਨੋਟਿਸ ਲਿਆ, ਸੰਭਵ ਤੌਰ 'ਤੇ ਉਦੋਂ ਜਦ ਸਟਾਕ ਮਾਰਕੀਟ ਢਹਿਢੇਰੀ ਹੋ ਗਈ। ਫਿਰ ਤਾਂ ਉਥਲ-ਪੁੱਥਲ ਹੀ ਮੱਚ ਗਈ।

ਇਹ ਹੈਰਾਨੀ ਦੀ ਗੱਲ ਨਹੀਂ ਕਿ ਟਰੰਪ ਅਤੇ ਉਸ ਦੇ ਜੋਟੀਦਾਰ ਕੋਈ ਐਸਾ ਬਲੀ ਦਾ ਬੱਕਰਾ ਲੱਭਣ ਦੇ ਸਿਰਤੋੜ ਯਤਨ ਕਰਨ 'ਚ ਲੱਗੇ ਰਹੇ ਜਿਸ ਦੇ ਸਿਰ ਅਮਰੀਕਨਾਂ ਵਿਰੁੱਧ ਆਪਣੇ ਜੁਰਮਾਂ ਦਾ ਠੀਕਰਾ ਭੰਨ ਸਕਣ, ਇਸ ਤੋਂ ਬੇਪ੍ਰਵਾਹ ਹੋ ਕੇ ਉਹ ਕਿੰਨੇ ਹੋਰ ਲੋਕਾਂ ਨੂੰ ਮੌਤ ਦੇ ਮੂੰਹ 'ਚ ਧੱਕ ਰਿਹਾ ਹੈ। ਪਹਿਲਾਂ ਡਬਲਿਊ. ਐਚ. ਓ. ਦੇ ਫੰਡ ਬੰਦ ਕਰਨਾ ਅਤੇ ਫਿਰ ਇਸ ਵਿਚੋਂ ਬਾਹਰ ਆਉਣਾ ਅਫਰੀਕਾ, ਯਮਨ ਅਤੇ ਬਹੁਤ ਸਾਰੇ ਹੋਰ ਗਰੀਬ ਅਤੇ ਮਾਯੂਸ ਮੁਲਕਾਂ ਦੇ ਲੋਕਾਂ ਨੂੰ ਹੋਰ ਸਤਾਉਣ ਵਾਲਾ ਹਮਲਾ ਹੈ ਜਿਨ੍ਹਾਂ ਨੂੰ ਇਸ ਸੰਸਥਾ ਦੀ ਮੈਡੀਕਲ ਸਹਾਇਤਾ ਨੇ ਕਰੋਨਾ ਵਾਇਰਸ ਦੇ ਹਮਲੇ ਤੋਂ ਵੀ ਪਹਿਲਾਂ ਬਿਮਾਰੀਆਂ ਦੀ ਭਰਮਾਰ ਤੋਂ ਬਚਾਇਆ ਹੋਇਆ ਸੀ ਅਤੇ ਹੁਣ ਉਨ੍ਹਾਂ ਨੂੰ ਇਨ੍ਹਾਂ ਨਵੀਆਂ ਆਫਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਪਣੀਆਂ ਚੋਣ ਸੰਭਾਵਨਾਵਾਂ ਨੂੰ ਸੁਧਾਰਨ ਲਈ ਇੰਵ ਕਰਨਾ ਉਸ ਲਈ ਜ਼ਰੂਰੀ ਹੈ।

ਟਰੰਪ ਨੇ ਡਬਲਿਊ.ਐਚ.ਓ. 'ਤੇ ਦੋਸ਼ ਲਾਏ ਹਨ ਕਿ ਇਸ ਉਪਰ ਚੀਨ ਨੇ ਕਬਜ਼ਾ ਕੀਤਾ ਹੋਇਆ ਹੈ। ਇਲਜ਼ਾਮ ਐਨੇ ਬੇਹੂਦਾ ਹਨ ਕਿ ਚਰਚਾ ਕਰਨ ਦੇ ਵੀ ਲਾਇਕ ਨਹੀਂ। ਬਾਹਰ ਆ ਕੇ ਉਹ ਚੀਨ ਦਾ ਰਸੂਖ ਹੀ ਵਧਾ ਰਿਹਾ ਹੈ; ਲੇਕਿਨ ਮੂਰਖਤਾ ਲਈ ਉਸ ਦੀ ਨੁਕਤਾਚੀਨੀ ਕਰਨਾ ਸਹੀ ਨਹੀਂ। ਸਿੱਟਾ ਸਿਰਫ ਇਸੇ ਤੱਥ ਉਪਰ ਮੋਹਰ ਲਾਉਂਦਾ ਹੈ ਕਿ ਉਸ ਨੂੰ ਤਾਂ ਕਦੇ ਇਸ ਦੀ ਪ੍ਰਵਾਹ ਹੀ ਨਹੀਂ ਸੀ।

**(ਚਲਦਾ)**

## ਟਰੰਪ ਦੇ ਦਾਅਵੇ




**ਸਵਾਲ:** ਫਰਵਰੀ ਵਿਚ ਟਰੰਪ ਨੇ ਕਿਹਾ ਕਿ ਕੋਵਿਡ-19 ਛੂ-ਮੰਤਰ ਹੋ ਜਾਵੇਗਾ। ਉਸ ਨੇ ਬੱਜਰ ਗਲਤੀ ਕੀਤੀ ਅਤੇ ਬਿਮਾਰੀ ਨੂੰ ਨਸਲਵਾਦੀ ਰੰਗਤ ਦੇ ਕੇ ਇਸ ਦਾ ਠੀਕਰਾ ਚੀਨ ਦੇ ਸਿਰ ਭੰਨ ਦਿੱਤਾ। ਕੁਝ ਲੋਕ ਦਾਅਵਾ ਕਰਨਗੇ ਕਿ ਕੋਵਿਡ-19 ਪ੍ਰਤੀ ਗਲਤ ਪਹੁੰਚ ਅਖਤਿਆਰ ਕਰਨ ਦੇ ਕਾਰਨ ਟਰੰਪ ਦੇ ਹੱਥ ਲਹੂ ਨਾਲ ਲਿੱਬੜੇ ਹੋਏ ਹਨ। ਤੁਹਾਡੀ ਸੋਚ ਕੀ ਹੈ?

**ਜਵਾਬ:** ਚੋਟੀ ਦੇ ਅਮੀਰਾਂ ਅਤੇ ਕਾਰਪੋਰੇਟ ਪਾਵਰ ਪ੍ਰਤੀ ਟਰੰਪ ਦੀਆਂ ਸਮਰਪਿਤ ਸੇਵਾਵਾਂ ਦੇ ਨਤੀਜੇ ਵਜੋਂ ਦਹਿ ਹਜ਼ਾਰਾਂ ਅਮਰੀਕਨ ਮੌਤ ਦੇ ਮੂੰਹ 'ਚ ਜਾ ਪਏ। ਲਾਗ ਫੈਲਣ ਤੋਂ ਬਾਅਦ ਵੀ ਉਸ ਦਾ ਦੋਖੀਪੁਣਾ ਜਾਰੀ ਰਹੀ। ਦਸੰਬਰ 'ਚ ਪਹਿਲੀਆਂ ਅਲਾਮਤਾਂ ਮਿਲਣ ਤੋਂ ਥੋੜ੍ਹੇ ਹਫਤੇ ਬਾਅਦ ਹੀ ਚੀਨੀ ਵਿਗਿਆਨੀਆਂ ਨੇ ਵਾਇਰਸ ਦੀ ਸ਼ਨਾਖਤ ਕਰ ਲਈ ਸੀ, ਜੀਨੋਮ ਲੱਭ ਲਿਆ ਸੀ ਅਤੇ ਇਸ ਦੀ ਜਾਣਕਾਰੀ ਡਬਲਿਊ. ਐਚ. ਓ. ਅਤੇ ਦੁਨੀਆ ਨੂੰ ਦੇ ਦਿੱਤੀ ਸੀ। ਏਸ਼ੀਆ ਅਤੇ ਸਮੁੰਦਰੀ ਮੁਲਕ ਤੁਰੰਤ ਹਰਕਤ 'ਚ ਆਏ ਅਤੇ ਉਨ੍ਹਾਂ ਨੇ ਮੁੱਖ ਤੌਰ 'ਤੇ ਹਾਲਤ 'ਤੇ ਕਾਬੂ ਪਾ ਲਿਆ ਹੈ। ਹੋਰ ਮੁਲਕਾਂ ਵਿਚ ਹਾਲਤ ਵੱਖਰੀ ਸੀ। ਟਰੰਪ ਪਿਛੜ ਗਿਆ। ਆਖਿਰਕਾਰ ਟਰੰਪ ਨੇ ਨੋਟਿਸ ਲਿਆ, ਸੰਭਵ ਤੌਰ 'ਤੇ ਉਦੋਂ ਜਦ ਸਟਾਕ ਮਾਰਕੀਟ ਢਹਿਢੇਰੀ ਹੋ ਗਈ। ਫਿਰ ਤਾਂ ਉਥਲ-ਪੁੱਥਲ ਹੀ ਮੱਚ ਗਈ।

# ਮੋਦੀ ਦੇ ਖੇਤੀ ਸੁਧਾਰਾਂ ਖਿਲਾਫ ਪੰਜਾਬ 'ਚ ਉਠਿਆ ਤਿੱਖਾ ਰੋਹ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਖੇਤੀ ਖੇਤਰ ਲਈ ਐਲਾਨੇ ਅਖੌਤੀ ਸੁਧਾਰਾਂ ਖਿਲਾਫ ਪੰਜਾਬ ਵਿਚ ਰੋਹ ਉਠ ਖਲੋਤਾ ਹੈ। ਕਿਸਾਨ ਜਥੇਬੰਦੀਆਂ ਤੋਂ ਇਲਾਵਾ ਸੂਬੇ ਦੀਆਂ ਸਿਆਸੀ ਧਿਰਾਂ ਵੀ ਮੋਦੀ ਸਰਕਾਰ ਦੇ ਫੈਸਲੇ ਖਿਲਾਫ ਨਿੱਤਰ ਆਈਆਂ ਹਨ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਇਨ੍ਹਾਂ ਸੁਧਾਰਾਂ ਨੂੰ ਮੁਲਕ ਦੇ ਸੰਘੀ ਢਾਂਚੇ ਨੂੰ ਖੋਰਾ ਲਾਉਣ ਅਤੇ ਅਸਥਿਰ ਕਰਨ ਲਈ ਚੀਠਤਾ ਵਾਲਾ ਯਤਨ ਆਖਦਿਆਂ ਰੱਦ ਕੀਤਾ ਹੈ। ਮੁੱਖ ਮੰਤਰੀ ਨੇ ਚਿਤਾਵਨੀ ਦਿੱਤੀ ਕਿ ਇਸ ਨਾਲ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਅਤੇ ਖਰੀਦ ਵਿਵਸਥਾ ਦੇ ਖਾਤਮੇ ਦਾ ਮੁੱਢ ਬੱਝੇਗਾ ਅਤੇ ਸੂਬੇ ਦੇ ਕਿਸਾਨਾਂ ਵਿਚ ਬੇਚੈਨੀ ਪੈਦਾ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ, ਭਾਰਤ ਸਰਕਾਰ ਦੇ ਮੁਲਕ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਵਾਲੇ ਹਰ ਉਸ ਕਦਮ ਖਿਲਾਫ ਲੜੇਗਾ, ਜਿਸ ਨਾਲ ਸੂਬੇ ਦੇ ਮਜ਼ਬੂਤ ਖੇਤੀ ਉਤਪਾਦਨ ਅਤੇ ਮਾਰਕੀਟਿੰਗ ਵਿਵਸਥਾ ਵਿਚ ਸਿੱਧਾ ਜਾਂ ਨੁਕਸਾਨਦਾਇਕ ਦਖਲ ਦਿੱਤਾ ਜਾ ਰਿਹਾ ਹੋਵੇ।

ਉਨ੍ਹਾਂ ਕਿਹਾ ਕਿ ਅਜਿਹਾ ਫੈਸਲਾ ਮੁਲਕ ਦੀ ਅੰਨ ਸੁਰੱਖਿਆ, ਜਿਸ ਨੂੰ ਬਹਾਲ ਰੱਖਣ ਲਈ ਹਰੀ ਕ੍ਰਾਂਤੀ ਤੋਂ ਹੀ ਪੰਜਾਬ ਦੇ ਨਿਰਸਵਾਰਥ ਕਿਸਾਨਾਂ ਨੇ ਸਖਤ ਮਿਹਨਤ ਕੀਤੀ ਹੈ, ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ। ਕੈਪਟਨ ਨੇ ਆਖਿਆ ਕਿ ਭਾਰਤ ਦਾ ਸੰਘੀ ਢਾਂਚਾ ਕੇਂਦਰ ਅਤੇ ਸੂਬਿਆਂ ਦੀਆਂ ਜ਼ਿੰਮੇਵਾਰੀਆਂ ਅਤੇ ਭੂਮਿਕਾ ਨੂੰ ਸਪੱਸ਼ਟ ਰੂਪ ਵਿਚ ਨਿਰਧਾਰਤ ਕਰਦਾ ਹੈ। ਉਨ੍ਹਾਂ ਕਿਹਾ

## ਕੇਂਦਰੀ ਨੀਤੀਆਂ ਖਿਲਾਫ ਸਿਆਸੀ ਧਿਰਾਂ ਨੇ ਵੀ ਸੰਭਾਲੇ ਮੋਰਚੇ



ਕਿ ਸੰਵਿਧਾਨਕ ਵਿਵਸਥਾ ਤਹਿਤ ਖੇਤੀਬਾੜੀ ਸੂਬੇ ਦਾ ਵਿਸ਼ਾ ਹੈ ਅਤੇ ਕੇਂਦਰ ਸਰਕਾਰ ਕੋਲ ਅਜਿਹਾ ਕਾਨੂੰਨ ਬਣਾਉਣ ਲਈ ਕੋਈ ਸ਼ਕਤੀਆਂ ਨਹੀਂ, ਜਿਸ ਨਾਲ ਖੇਤੀਬਾੜੀ ਉਤਪਾਦਨ, ਮਾਰਕੀਟਿੰਗ ਅਤੇ ਪ੍ਰੋਸੈਸਿੰਗ ਦੀ ਗਤੀਸ਼ੀਲਤਾ ਨਾਲ ਨਜਿੱਠਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਮਸਲੇ ਸੂਬਿਆਂ ਦੇ ਹਨ, ਜਿਨ੍ਹਾਂ ਨੂੰ ਸੂਬੇ ਨਿੱਜੀ ਪੱਧਰ ਉਤੇ ਬਿਹਤਰੀ ਨਾਲ ਨਜਿੱਠ ਸਕਦੇ ਹਨ।

ਮੁੱਖ ਮੰਤਰੀ ਨੇ ਵੀਡੀਓ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਕੇਂਦਰ ਦੇ ਅਚਾਨਕ ਫੈਸਲੇ ਲੈਣ ਅਤੇ ਰਾਜਾਂ ਦਾ ਪੱਖ ਜਾਣੇ ਬਗੈਰ ਇਨ੍ਹਾਂ ਨੂੰ ਸੂਬਿਆਂ 'ਤੇ ਥੋਪਣ ਦੀ ਆਦਤ ਸੂਬੇ ਦੇ ਸੰਘੀ ਢਾਂਚੇ ਦੇ ਨਿਯਮਾਂ ਦੀ ਉਲੰਘਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੋਵਿਡ ਸੰਕਟ ਦੌਰਾਨ ਕੇਂਦਰ ਸਰਕਾਰ ਦੇ ਅਜਿਹੇ ਕਦਮ ਆਰਥਿਕ, ਸਮਾਜਿਕ, ਕਾਨੂੰਨ ਅਤੇ ਵਿਵਸਥਾ ਲਈ ਗੰਭੀਰ ਨਤੀਜੇ ਪੈਦਾ ਕਰ ਸਕਦੇ ਹਨ। ਇਸ ਨਾਲ ਕਿਸਾਨਾਂ ਦਾ ਕੋਈ ਲਾਭ ਨਹੀਂ ਹੋਵੇਗਾ ਅਤੇ ਇਸ ਕਾਨੂੰਨੀ ਤਬਦੀਲੀ ਨਾਲ ਕਿਸਾਨਾਂ ਦਾ ਵਪਾਰੀਆਂ ਹੱਥੋਂ ਨੁਕਸਾਨ ਹੋਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਝਗੜਿਆਂ ਦੇ ਨਿਪਟਾਰੇ ਲਈ ਕੋਈ ਵਿਵਸਥਾ ਨਹੀਂ ਬਣਾਈ ਗਈ ਅਤੇ ਨਾ ਹੀ ਸੂਬਾ ਸਰਕਾਰਾਂ ਨਾਲ ਇਸ ਸਬੰਧੀ ਕੋਈ ਵਿਚਾਰ-ਵਟਾਂਦਰਾ ਕੀਤਾ ਗਿਆ ਹੈ, ਜਿਨ੍ਹਾਂ ਨੂੰ ਕੇਂਦਰ ਦੇ ਜਲਦਬਾਜ਼ੀ 'ਚ ਚੁੱਕੇ ਇਸ ਕਦਮ ਦੇ ਨਤੀਜੇ ਭੁਗਤਣ ਲਈ ਛੱਡ ਦਿੱਤਾ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਚੀਨ ਵੱਲੋਂ ਕੂਟਨੀਤਕ ਯਤਨਾਂ ਨੂੰ ਕੋਈ ਹੁੰਗਾਰਾ ਨਾ ਦੇਣ ਦੀ ਸੂਰਤ ਵਿਚ ਇਸ ਗੁਆਂਢੀ ਮੁਲਕ ਨਾਲ ਲਗਾਤਾਰ ਉਠ ਰਹੇ ਸਰਹੱਦੀ ਮਸਲੇ ਉਤੇ ਸਖਤ ਸਟੈਂਡ ਲੈਣ ਦੀ ਅਪੀਲ ਕੀਤੀ ਹੈ।

### ਫੈਸਲਿਆਂ ਨਾਲ ਪੇਂਡੂ ਭਾਰਤ 'ਤੇ ਪਵੇਗਾ ਬਹੁਤ ਸਕਾਰਾਤਮਕ ਪ੍ਰਭਾਵ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕੇਂਦਰੀ ਮੰਤਰੀ ਮੰਡਲ ਵੱਲੋਂ ਫਸਲਾਂ ਦੀ ਵੇਚ-ਖਰੀਦ 'ਤੇ ਪਾਬੰਦੀਆਂ ਨੂੰ ਹਟਾਉਣ ਦੇ ਲਏ ਗਏ ਫੈਸਲਿਆਂ ਨਾਲ ਕਿਸਾਨਾਂ ਦੀ ਦਹਾਕਿਆਂ ਪੁਰਾਣੀ ਮੰਗ ਪੂਰੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲੇ ਪੇਂਡੂ ਭਾਰਤ 'ਤੇ ਖਾਸ ਕਰਕੇ ਮਿਹਨਤੀ ਕਿਸਾਨਾਂ 'ਤੇ ਬਹੁਤ ਸਕਾਰਾਤਮਕ ਪ੍ਰਭਾਵ ਪਾਉਣਗੇ।

ਉਨ੍ਹਾਂ ਕਿਹਾ ਕਿ 'ਫਾਰਮਿੰਗ ਪ੍ਰੋਡਿਊਸ ਟਰੇਡ ਐਂਡ ਕਾਮਰਸ ਆਰਡੀਨੈਂਸ 2020' ਇਕ ਭਾਰਤ ਇਕ ਮੰਡੀ ਦੇ ਨਿਰਮਾਣ ਲਈ ਰਾਹ ਪੱਧਰਾ ਕਰੇਗਾ। ਉਨ੍ਹਾਂ ਕਿਹਾ ਕਿ ਇਸ ਵਿਚ ਵਿਵਸਥਾਵਾਂ ਹਨ, ਜਿਸ ਨਾਲ ਤਕਨੀਕ ਦੀ ਵਰਤੋਂ ਵਧੇਗੀ ਅਤੇ ਪ੍ਰਭਾਵੀ ਵਿਵਾਦ ਹੱਲ ਤੰਤਰ ਨੂੰ ਸਮਰੱਥ ਕਰਦੀਆਂ ਹਨ।

### ਆਰਡੀਨੈਂਸ ਕਿਸਾਨੀ 'ਤੇ ਹਮਲਾ: ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਨੇ ਕੇਂਦਰ ਸਰਕਾਰ ਨੂੰ ਕਿਸਾਨਾਂ ਤੇ ਖੇਤ ਮਜ਼ਦੂਰਾਂ, ਆੜ੍ਹਤੀਆਂ, ਟਰਾਂਸਪੋਰਟਰਾਂ, ਪੱਲੇਦਾਰਾਂ ਸਣੇ ਖੇਤੀ 'ਤੇ ਨਿਰਭਰ ਕਾਰੋਬਾਰੀਆਂ ਵਿਰੋਧੀ ਦੱਸਦਿਆਂ ਸਰਕਾਰ ਵੱਲੋਂ ਪਾਸ ਕੀਤੇ ਆਰਡੀਨੈਂਸ ਦਾ ਵਿਰੋਧ ਕੀਤਾ ਹੈ। ਸੰਸਦ ਮੈਂਬਰ ਭਗਵੰਤ ਮਾਨ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਤੇ ਕਿਸਾਨ ਵਿੰਗ ਪੰਜਾਬ ਦੇ ਪ੍ਰਧਾਨ ਤੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸਰਕਾਰ ਨੇ ਆਰਡੀਨੈਂਸ ਪਾਸ ਕਰ ਕੇ ਕਿਸਾਨੀ 'ਤੇ ਹਮਲਾ ਕੀਤਾ ਹੈ। ਮਾਨ ਨੇ ਬਾਦਲ ਪਰਿਵਾਰ 'ਤੇ ਤਨਜ਼ ਕਰਦਿਆਂ ਕਿਹਾ ਕਿ ਕੇਂਦਰ ਵੱਲੋਂ ਲਏ ਜਾ ਰਹੇ ਕਿਸਾਨ ਵਿਰੋਧੀ ਫੈਸਲਿਆਂ ਅੱਗੇ ਉਹ ਚੁੱਪੀ ਧਾਰੀ ਬੈਠੇ ਹਨ। ਉਨ੍ਹਾਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੋਂ ਅਸਤੀਫਾ ਮੰਗਿਆ।

### ਕਿਸਾਨੀ ਹਿੱਤਾਂ ਦਾ ਘਾਣ ਨਹੀਂ ਹੋਣ ਦਿਆਂਗੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਅਕਾਲੀ ਦਲ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਅਤੇ ਯਕੀਨੀ ਖਰੀਦ ਦੇ ਮਸਲੇ ਸਣੇ ਕਿਸਾਨ ਹਿੱਤਾਂ 'ਤੇ ਕੋਈ ਸਮਝੌਤਾ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਯਤਨਾਂ ਸਦਕਾ ਕਿਸਾਨੀ ਵਸਤਾਂ ਦੀ ਖਰੀਦੋ-ਫਰੋਖਤ ਸਬੰਧੀ ਨਵੇਂ ਐਕਟ ਵਿਚ ਵੀ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਅਤੇ ਖਰੀਦ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਭਵਿੱਖ ਵਿਚ ਵੀ ਕਦੇ ਕਿਸਾਨੀ ਉਪਜ ਦੇ ਸਮਰਥਨ ਮੁੱਲ ਅਤੇ ਲਾਜ਼ਮੀ ਖਰੀਦ ਨੂੰ ਕੋਈ ਖਤਰਾ ਖੜ੍ਹਾ ਕੀਤਾ ਗਿਆ ਤਾਂ ਅਕਾਲੀ ਦਲ ਮੂਕ ਦਰਸ਼ਕ ਬਣ ਕੇ ਨਹੀਂ ਬੈਠੇਗਾ।

### ਮੋਦੀ ਸਰਕਾਰ ਦਾ ਆਰਡੀਨੈਂਸ ਕਿਸਾਨ ਵਿਰੋਧੀ: ਖਹਿਰਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਸਾਬਕਾ ਨੇਤਾ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਆਰਡੀਨੈਂਸ ਕਿਸਾਨ ਵਿਰੋਧੀ ਕਰਾਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੇਸ਼ ਦੇ ਖੇਤੀਬਾੜੀ ਸੈਕਟਰ ਵਿਚ ਕਾਰਪੋਰੇਟ ਘਰਾਣਿਆਂ ਨੂੰ ਆਜ਼ਾਦੀ ਦੇਣ ਦੇ ਲੁਕਵੇਂ ਏਜੰਡੇ ਨੂੰ ਲਾਗੂ ਕਰ ਰਹੀ ਹੈ। ਦੇਸ਼ ਦੇ 86 ਫੀਸਦ ਕਿਸਾਨ 2 ਏਕੜ ਤੋਂ ਘੱਟ ਮਾਲਕੀ ਵਾਲੇ ਹਨ ਤੇ ਇਸ ਆਰਡੀਨੈਂਸ ਅਨੁਸਾਰ ਛੋਟੇ ਅਤੇ ਦਰਮਿਆਨੇ ਕਿਸਾਨਾਂ ਵੱਲੋਂ ਆਪਣੀ ਫਸਲ ਹੋਰਨਾਂ ਸੂਬਿਆਂ 'ਚ ਵੇਚਣਾ ਮੁਸ਼ਕਲ ਹੋ ਜਾਵੇਗਾ, ਜਿਸ ਦਾ ਜ਼ਿਆਦਾ ਪ੍ਰਭਾਵ ਪੰਜਾਬ ਦੇ ਕਿਸਾਨਾਂ 'ਤੇ ਪਵੇਗਾ।

# ਖੇਤੀਬਾੜੀ ਜਿਨਸਾਂ, ਸਮਰਥਨ ਮੁੱਲ ਅਤੇ ਨੀਤੀਆਂ

ਪਹਿਲੀ ਜੂਨ 2020 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਮੰਤਰੀ ਮੰਡਲ ਦੀ ਹੋਈ ਮੀਟਿੰਗ ਵਿਚ ਸਾਉਣੀ ਦੀਆਂ 14 ਖੇਤੀਬਾੜੀ ਜਿਨਸਾਂ ਦੇ ਘੱਟੋ-ਘੱਟ ਸਮਰਥਨ ਮੁੱਲ ਸਬੰਧੀ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਸਰਕਾਰੀ ਦਾਅਵਿਆਂ ਅਨੁਸਾਰ ਖੇਤੀਬਾੜੀ ਉਤਪਾਦਨ ਲਾਗਤਾਂ ਨੂੰ ਆਧਾਰ ਮੰਨ ਕੇ ਸਾਉਣੀ ਦੀਆਂ 14 ਜਿਨਸਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ 50% ਤੋਂ 83% ਤੱਕ ਦਾ ਵਾਧਾ ਕੀਤਾ ਗਿਆ ਹੈ। ਸਾਉਣੀ ਦੀ ਪ੍ਰਮੁੱਖ ਜਿਨਸ ਝੋਨੇ ਦੀ ਕੀਮਤ 'ਚ 53 ਰੁਪਏ ਪ੍ਰਤੀ



**ਡਾ. ਗਿਆਨ ਸਿੰਘ**
ਫੋਨ: 91-99156-82196

ਕੁਇੰਟਲ ਦਾ ਵਾਧਾ ਕੀਤਾ ਗਿਆ ਹੈ, ਜੋ ਪਿਛਲੇ ਸਾਲ ਦੀ ਕੀਮਤ ਨਾਲੋਂ ਸਿਰਫ 2.9% ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਵਾਧੇ ਨੂੰ ਰੱਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਝੋਨੇ ਦਾ ਘੱਟੋ-ਘੱਟ ਸਮਰਥਨ ਭਾਅ 2902 ਰੁਪਏ ਪ੍ਰਤੀ ਕੁਇੰਟਲ ਤੈਅ ਕਰਨ ਦੀ ਸਿਫਾਰਸ਼ ਕੀਤੀ ਸੀ। ਮੁਲਕ ਦੀਆਂ ਕੁਝ ਰਾਜਸੀ ਪਾਰਟੀਆਂ ਅਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਇਸ ਵਾਧੇ ਨੂੰ ਮਾਮੂਲੀ ਦੱਸਦਿਆਂ ਕੇਂਦਰ ਸਰਕਾਰ ਦੀ ਸਖਤ ਨੁਕਤਾਚੀਨੀ ਕੀਤੀ ਅਤੇ ਇਸ ਨੂੰ ਕਿਸਾਨਾਂ ਨਾਲ ਬੇਇਨਸਾਫੀ ਕਰਾਰ ਦਿੱਤਾ ਹੈ।

ਭਾਰਤ ਵਿਚ ਖੇਤੀਬਾੜੀ ਕੀਮਤ ਨੀਤੀ ਦੀ ਸ਼ੁਰੂਆਤ ਦੂਜੀ ਸੰਸਾਰ ਜੰਗ ਦੌਰਾਨ ਹੋਈ। ਉਸ ਸਮੇਂ ਦੌਰਾਨ ਮੁਲਕ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਦਾ ਸਾਹਮਣਾ ਕਰ ਰਿਹਾ ਸੀ। ਉਸ ਸਮੇਂ ਦੀ ਸਰਕਾਰ ਨੇ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਖੇਤੀਬਾੜੀ ਦੀਆਂ ਕੁਝ ਪ੍ਰਮੁੱਖ ਜਿਨਸਾਂ ਦੀਆਂ ਉਚਤਮ ਕੀਮਤਾਂ ਤੈਅ ਕੀਤੀਆਂ, ਪਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਕੁਝ ਕੁ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਕੀਮਤਾਂ ਵੀ ਤੈਅ ਕੀਤੀਆਂ। ਭਾਰਤ ਦੀ ਖੇਤੀਬਾੜੀ ਕੀਮਤ ਨੀਤੀ ਵਿਚ ਇਕ ਅਹਿਮ ਪੜਾਅ 1965 ਵਿਚ ਆਇਆ, ਜਦੋਂ ਕੇਂਦਰ ਸਰਕਾਰ ਖੇਤੀਬਾੜੀ ਕੀਮਤਾਂ ਕਮਿਸ਼ਨ ਅਤੇ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੀ ਸਥਾਪਨਾ ਕੀਤੀ। ਖੇਤੀਬਾੜੀ ਕੀਮਤਾਂ ਕਮਿਸ਼ਨ ਆਪਣੀ ਸਥਾਪਤੀ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਕੁਝ ਪ੍ਰਮੁੱਖ ਖੇਤੀਬਾੜੀ ਜਿਨਸਾਂ ਦੇ ਘੱਟੋ-ਘੱਟ ਸਮਰਥਨ ਮੁੱਲਾਂ ਸਬੰਧੀ ਆਪਣੀਆਂ ਸਿਫਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਆ ਰਿਹਾ ਹੈ। ਸ਼ੁਰੂ ਦੇ ਕੁਝ ਕੁ ਅਰਸੇ ਲਈ ਖੇਤੀਬਾੜੀ ਜਿਨਸਾਂ ਦੇ ਘੱਟੋ-ਘੱਟ ਸਮਰਥਨ ਭਾਅ ਸਬੰਧੀ ਕੀਤੀਆਂ ਗਈਆਂ ਸਿਫਾਰਸ਼ਾਂ ਅਤੇ ਉਨ੍ਹਾਂ ਦਾ ਤੈਅ ਕੀਤਾ ਜਾਣਾ ਕਿਸਾਨਾਂ ਦੇ ਹੱਕ ਵਿਚ ਰਿਹਾ, ਪਰ ਉਸ ਪਿਛੋਂ ਇਹ ਵਰਤਾਰਾ ਕਿਸਾਨਾਂ ਦੇ ਵਿਰੁੱਧ ਭੁਗਤਿਆ, ਜਿਸ ਕਾਰਨ ਵੱਖ ਵੱਖ ਰਾਜਸੀ ਪਾਰਟੀਆਂ ਅਤੇ ਕਿਸਾਨ ਜਥੇਬੰਦੀਆਂ ਨੇ ਇਸ ਸਬੰਧੀ ਕੇਂਦਰ ਸਰਕਾਰ ਦੀ ਸਖਤ ਨੁਕਤਾਚੀਨੀ ਕਰਨੀ ਅਤੇ ਵਿਰੋਧ ਜਤਾਉਣਾ ਸ਼ੁਰੂ ਕਰ ਦਿੱਤਾ। ਕੇਂਦਰ ਸਰਕਾਰ ਨੇ ਇਸ ਸਮੱਸਿਆ ਤੋਂ ਬਚਣ ਲਈ ਖੇਤੀਬਾੜੀ ਕੀਮਤਾਂ ਕਮਿਸ਼ਨ ਦਾ ਨਾਂ ਬਦਲ ਕੇ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀਆਂ ਸਿਫਾਰਸ਼ਾਂ ਅਤੇ ਉਨ੍ਹਾਂ ਨੂੰ ਤੈਅ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਆਧਾਰ ਬਣਾਇਆ ਜਾਂਦਾ ਹੈ। ਇਹ ਪ੍ਰਭਾਵ ਅਸਲੀਅਤ ਨਾ ਬਦਲ ਸਕਿਆ, ਕਿਉਂਕਿ ਇਕੱਲਾ ਨਾਂ ਬਦਲਣ ਨਾਲ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ।

ਭਾਰਤ ਸਰਕਾਰ ਦੁਆਰਾ ਸਥਾਪਿਤ ਕੀਤੇ ਗਏ ਸਵਾਮੀਨਾਥਨ ਕਮਿਸ਼ਨ ਨੇ ਖੇਤੀਬਾੜੀ ਖੇਤਰ ਦੀ ਬਿਹਤਰੀ ਲਈ ਆਪਣੀਆਂ ਸਿਫਾਰਸ਼ਾਂ ਦੀ ਰਿਪੋਰਟ ਕੇਂਦਰ ਸਰਕਾਰ ਨੂੰ ਪੇਸ਼ ਕੀਤੀ, ਪਰ ਕੇਂਦਰ ਸਰਕਾਰ ਨੇ ਇਸ ਰਿਪੋਰਟ 'ਤੇ ਅਮਲ ਨਾ ਕੀਤਾ। ਇਸੇ ਰਿਪੋਰਟ ਵਿਚ 9-10 ਅਹਿਮ ਸਿਫਾਰਸ਼ਾਂ ਸਨ, ਪਰ ਮੁਲਕ ਦੀਆਂ ਵੱਖ ਵੱਖ ਕਿਸਾਨ ਜਥੇਬੰਦੀਆਂ ਅਤੇ ਕੁਝ ਸਿਆਸੀ ਪਾਰਟੀਆਂ ਨੇ ਇਨ੍ਹਾਂ ਵਿਚੋਂ ਸਿਰਫ ਇਕ ਸਿਫਾਰਸ਼ 'ਤੇ ਹੀ ਜ਼ੋਰ ਦਿੱਤਾ, ਜਿਸ ਅਨੁਸਾਰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਖੇਤੀਬਾੜੀ ਉਤਪਾਦਨ ਲਾਗਤਾਂ ਨਾਲੋਂ 50% ਵੱਧ ਹੋਣੀਆਂ ਚਾਹੀਦੀਆਂ ਹਨ। ਇਸ ਸਬੰਧੀ ਵੱਖ ਵੱਖ ਕਿਸਾਨ ਜਥੇਬੰਦੀਆਂ ਨੇ ਵੱਖ ਵੱਖ ਸਮਿਆਂ ਉਤੇ ਸੰਘਰਸ਼ ਵੀ ਕੀਤੇ। ਮੁਲਕ ਅਤੇ ਸੂਬਿਆਂ ਵਿਚ ਚੋਣਾਂ ਸਮੇਂ ਵੱਖ ਵੱਖ ਸਿਆਸੀ ਪਾਰਟੀਆਂ ਆਪਣੇ ਚੋਣ ਮੈਨੀਫੈਸਟੋਆਂ ਵਿਚ ਇਸ ਮੰਗ ਨੂੰ ਪੂਰਾ ਕਰਨ ਦਾ ਵਾਅਦਾ ਤਾਂ ਕਰਦੀਆਂ, ਪਰ ਚੋਣਾਂ ਜਿੱਤਣ ਪਿਛੋਂ ਇਸ ਮੰਗ ਨੂੰ ਉਕਾ ਹੀ ਵਿਸਾਰ ਦਿੱਤਾ ਜਾਂਦਾ। ਐਨ. ਡੀ. ਏ. ਦੀ ਸਰਕਾਰ ਨੇ ਇਸ ਮੰਗ ਤੋਂ ਪਿੱਛੇ ਹਟਦਿਆਂ ਸੁਪਰੀਮ ਕੋਰਟ ਵਿਚ ਦੱਸਿਆ ਕਿ ਕੇਂਦਰ ਸਰਕਾਰ ਇਸ ਮੰਗ ਨੂੰ ਨਹੀਂ ਮੰਨ ਸਕਦੀ, ਕਿਉਂਕਿ ਅਜਿਹਾ ਕਰਨ ਨਾਲ ਮੰਡੀ ਲੜਖੜਾ ਜਾਵੇਗੀ, ਪਰ ਜਦੋਂ ਕਿਸਾਨ ਸੰਘਰਸ਼ਾਂ ਦਾ ਜ਼ੋਰ ਵਧਿਆ ਅਤੇ ਰਾਜਸੀ ਗਿਣਤੀਆਂ-ਮਿਣਤੀਆਂ ਕੀਤੀਆਂ ਗਈਆਂ ਤਾਂ ਕੇਂਦਰ ਸਰਕਾਰ ਨੇ ਇਹ ਐਲਾਨ ਕੀਤਾ ਕਿ ਉਸ ਨੇ ਕਿਸਾਨਾਂ ਦੀ ਮੰਗ ਮੰਨ ਲਈ ਹੈ ਅਤੇ ਉਨ੍ਹਾਂ ਨੂੰ ਖੇਤੀਬਾੜੀ ਲਾਗਤਾਂ 'ਤੇ 50% ਨਫਾ ਦੇਣ ਦਾ ਦਾਅਵਾ ਕੀਤਾ। ਇਸ ਸਬੰਧੀ ਡਾ. ਸਵਾਮੀਨਾਥਨ ਸਮੇਤ ਹੋਰ ਅਨੇਕਾਂ ਵਿਦਵਾਨਾਂ ਨੇ ਖੇਤੀਬਾੜੀ ਜਿਨਸਾਂ ਦੇ ਘੱਟੋ-ਘੱਟ ਸਮਰਥਨ ਮੁੱਲ ਤੈਅ ਕੀਤੇ ਜਾਣ ਸਮੇਂ 50% ਨਫੇ ਵਾਲੀ ਗੱਲ ਨਾਲ ਅਸਹਿਮਤੀ ਜਿਤਾਈ। ਉਨ੍ਹਾਂ ਦੀ ਅਸਹਿਮਤੀ ਦੇ ਤਰਕਪੂਰਨ ਆਧਾਰ ਹਨ। ਖੇਤੀਬਾੜੀ ਉਤਪਾਦਨ ਲਾਗਤਾਂ ਦੀ ਗਿਣਤੀ-ਮਿਣਤੀ ਕਰਨ ਸਮੇਂ ਕਿਸਾਨ ਦੇ ਪ੍ਰਬੰਧਕੀ ਅਤੇ ਕਿਰਤ ਦੇ ਕੰਮ ਨੂੰ ਕਿਰਤੀਆਂ ਦੇ ਕੁਝ ਘੰਟਿਆਂ ਤੱਕ ਸੀਮਤ ਕਰਕੇ ਆਂਕਿਆ ਜਾਂਦਾ ਹੈ, ਜਦੋਂ ਕਿ ਕਿਸਾਨ 365 ਦਿਨ ਕਿਸੇ ਵੀ ਸਮੇਂ ਕੰਮ ਕਰਨ ਲਈ ਮਜਬੂਰ ਹੁੰਦਾ ਹੈ। ਕੁਦਰਤੀ ਕਰੋਪੀਆਂ, ਬਹੁਤ ਜ਼ਿਆਦਾ ਠੰਡ ਅਤੇ ਗਰਮੀ ਤੇ ਹੋਰ ਅਨੇਕਾਂ ਸਮਿਆਂ ਉਪਰ ਕਿਸਾਨ ਨੂੰ ਕਿਸੇ ਵੀ ਸਮੇਂ ਕੰਮ ਕਰਨਾ ਪੈਂਦਾ ਹੈ। ਕਿਸਾਨ ਦੇ ਘਰ ਵਾਲੀ ਅਤੇ ਉਸ ਦੇ ਪਰਿਵਾਰ ਦੀਆਂ ਹੋਰ ਔਰਤਾਂ ਜੋ ਸਵੇਰ ਤੋਂ ਲੈ ਕੇ ਸ਼ਾਮ ਤੱਕ ਆਪਣੇ ਬੱਚਿਆਂ ਨੂੰ ਸਾਂਭਣ ਦੇ ਨਾਲ ਨਾਲ ਘਰ ਦੇ ਜੀਆਂ ਅਤੇ ਖੇਤ ਮਜ਼ਦੂਰਾਂ ਲਈ ਚਾਹ ਤੇ ਰੋਟੀ ਦਾ ਇੰਤਜ਼ਾਮ, ਪਸ਼ੂਆਂ ਦੀ ਦੇਖਭਾਲ ਕਰਦੀਆਂ ਖੇਤਾਂ ਵਿਚ ਵੀ ਕੰਮ ਕਰਦੀਆਂ ਹਨ, ਉਨ੍ਹਾਂ ਦੀ ਕਿਰਤ ਨੂੰ ਖੇਤੀਬਾੜੀ ਉਤਪਾਦਨ ਲਾਗਤਾਂ ਵਿਚ ਸ਼ਾਮਲ ਹੀ ਨਹੀਂ ਕੀਤਾ ਜਾਂਦਾ। ਕਿਸਾਨ ਤੋਂ ਇਲਾਵਾ ਉਸ ਦੇ ਪਰਿਵਾਰ ਦੇ ਹੋਰ ਮਰਦ ਜੀਅ, ਜੋ ਖੇਤਾਂ ਵਿਚ ਕੰਮ ਕਰਦੇ ਹਨ, ਦੇ ਕੰਮ ਨੂੰ ਕਿਸਾਨ ਵਾਂਗ ਕੁਝ ਘੰਟਿਆਂ ਤੱਕ ਹੀ ਸੀਮਤ ਕਰਕੇ ਆਂਕਿਆ ਜਾਂਦਾ। ਖੇਤੀਬਾੜੀ ਲਈ ਵਰਤੀ ਜਾਂਦੀ ਮਸ਼ੀਨਰੀ ਅਤੇ ਇਸ ਲਈ ਲੋੜੀਂਦੀਆਂ ਬਿਲਡਿੰਗਾਂ ਦੀ ਘਸਾਈ ਘਟਾ ਕੇ ਆਂਕੀ ਜਾਂਦੀ ਹੈ। ਇਸੇ ਤਰ੍ਹਾਂ ਜ਼ਮੀਨ ਦਾ ਠੇਕਾ ਵੀ ਬਹੁਤ ਘਟਾ ਕੇ ਆਂਕਿਆ ਜਾਂਦਾ ਹੈ। ਕੁਝ ਸੂਬਿਆਂ ਵਿਚ ਜ਼ਮੀਨ ਦਾ ਠੇਕਾ ਚੱਲ ਰਹੇ ਠੇਕੇ ਦਾ ਸਿਰਫ 1/3 ਦੇ ਨਜ਼ਦੀਕ ਹੀ ਆਂਕਿਆ ਜਾਂਦਾ ਹੈ। ਖੇਤੀਬਾੜੀ ਉਤਪਾਦਨ ਲਾਗਤਾਂ ਦੀ ਗਿਣਤੀ-ਮਿਣਤੀ ਸਬੰਧੀ ਖੇਤੀਬਾੜੀ ਦੀ ਉਚ ਉਤਪਾਦਨ ਲਾਗਤ ਵਾਲੇ ਸੂਬਿਆਂ ਜਿਵੇਂ ਪੰਜਾਬ ਨਾਲ ਇਕ ਹੋਰ ਵੱਡੀ ਬੇਇਨਸਾਫੀ ਇਹ ਹੁੰਦੀ ਹੈ ਕਿ ਮੁਲਕ ਦੇ ਵੱਖ ਵੱਖ ਸੂਬਿਆਂ ਵਿਚ ਖੇਤੀਬਾੜੀ ਉਤਪਾਦਨ ਲਾਗਤਾਂ ਦੀ ਔਸਤ ਲਈ ਜਾਂਦੀ ਹੈ।

ਭਾਵੇਂ ਵੱਖ ਵੱਖ ਕਿਸਾਨ ਜਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਤੈਅ ਕਰਨ ਸਬੰਧੀ 50% ਨਫੇ ਉਪਰ ਲਗਾਤਾਰ ਜ਼ੋਰ ਦਿੰਦੀਆਂ ਆ ਰਹੀਆਂ ਹਨ, ਜੇ ਕੇਂਦਰ ਸਰਕਾਰ ਇਸ ਸਿਫਾਰਸ਼ ਉਪਰ ਪੂਰੀ ਇਮਾਨਦਾਰੀ ਨਾਲ ਫੈਸਲਾ ਵੀ ਲੈ ਲਵੇ ਤਾਂ ਹੁਣ ਦੇ ਮੁਕਾਬਲੇ ਕਿਸਾਨਾਂ ਦੀ ਆਮਦਨ ਨਿਸ਼ਚੇ ਹੀ ਵਧ ਜਾਵੇਗੀ, ਪਰ ਉਨ੍ਹਾਂ ਕਿਸਾਨਾਂ ਦੀਆਂ ਬੁਨਿਆਦੀ ਲੋੜਾਂ ਦੇ ਪੂਰੇ ਹੋਣ ਦਾ ਕੀ ਬਣੇਗਾ, ਜਿਨ੍ਹਾਂ ਕੋਲ ਮੰਡੀ ਵਿਚ ਵੇਚਣ ਲਈ ਜਿਨਸਾਂ ਬਹੁਤ ਹੀ ਥੋੜ੍ਹੀਆਂ ਹੁੰਦੀਆਂ ਹਨ। ਮਿਸਾਲ ਵਜੋਂ ਜੇ ਮੁਲਕ ਦੇ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਉਤਪਾਦਨ ਲਾਗਤ ਇਕ ਲੱਖ ਰੁਪਏ ਹੋਵੇ ਤਾਂ ਸੁਭਾਵਿਕ ਤੌਰ 'ਤੇ ਉਨ੍ਹਾਂ ਨੂੰ 50 ਹਜ਼ਾਰ ਦਾ ਸਾਲਾਨਾ ਨਫਾ ਹੋ ਜਾਵੇਗਾ, ਜੋ 4167 ਰੁਪਏ ਪ੍ਰਤੀ ਮਹੀਨਾ ਬਣਦਾ ਹੈ। ਇਸ ਆਮਦਨ ਵਿਚ 5 ਜੀਆਂ ਦਾ ਪਰਿਵਾਰ ਗੁਜ਼ਾਰਾ ਕਿਵੇਂ ਕਰੇਗਾ? ਇਸ ਤੋਂ ਬਿਨਾ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ, ਜਿਨ੍ਹਾਂ ਕੋਲ ਆਪਣੀ ਮਜ਼ਦੂਰੀ ਵੇਚਣ ਤੋਂ ਬਿਨਾ ਉਤਪਾਦਨ ਦਾ ਕੋਈ ਵੀ ਸਾਧਨ ਨਹੀਂ ਹੁੰਦਾ, ਉਨ੍ਹਾਂ ਨੂੰ ਇਨ੍ਹਾਂ ਕੀਮਤਾਂ ਦਾ ਕੀ ਫਾਇਦਾ ਹੋਵੇਗਾ?

ਖੇਤੀਬਾੜੀ ਖੇਤਰ ਨਾਲ ਸਬੰਧਿਤ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਆਮਦਨ ਦੇ ਨੀਵੇਂ ਪੱਧਰ ਤੋਂ ਬਿਨਾ ਖੇਤੀਬਾੜੀ ਖੇਤਰ ਨਾਲ ਸਬੰਧਿਤ ਹੋਰ ਵੀ ਅਹਿਮ ਸਮੱਸਿਆਵਾਂ ਹਨ, ਜਿਨ੍ਹਾਂ ਵਿਚ ਕੁਝ ਸੂਬਿਆਂ ਵਿਚ ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਖਤਰਨਾਕ ਪੱਧਰ ਤੱਕ ਥੱਲੇ ਜਾਣਾ, ਪੀਣਯੋਗ ਪਾਣੀ ਦੀ ਘਾਟ ਦਾ ਵਧਣਾ, ਖੇਤੀਬਾੜੀ ਖੇਤਰ ਵਿਚ ਵਰਤੀਆਂ ਰਸਾਇਣਕ ਖਾਦਾਂ ਅਤੇ ਹੋਰ ਰਸਾਇਣਾਂ ਤੇ ਖੇਤੀਬਾੜੀ ਜਿਨਸਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਹਵਾ, ਪਾਣੀ ਦੇ ਪ੍ਰਦੂਸ਼ਣ ਵਿਚ ਵਾਧਾ ਅਤੇ ਭੂਮੀ ਦੀ ਸਿਹਤ ਵਿਚ ਵਿਗਾੜ ਸ਼ਾਮਲ ਹਨ।

ਖੇਤੀਬਾੜੀ ਖੇਤਰ ਨਾਲ ਸਬੰਧਿਤ ਵੱਖ ਵੱਖ ਸਮੱਸਿਆਵਾਂ ਦੇ ਹੱਲ ਲਈ ਖੇਤੀਬਾੜੀ ਜਿਨਸਾਂ ਦੀਆਂ ਇਕੱਲੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸਹਾਈ ਨਹੀਂ ਹੋ ਸਕਦੀਆਂ। ਇਸ ਸਬੰਧੀ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਆਮਦਨ ਦਾ ਇਕ ਪੱਧਰ ਯਕੀਨੀ ਬਣਾਉਣਾ ਪਵੇਗਾ, ਜਿਸ ਵਿਚ ਉਨ੍ਹਾਂ ਦੀਆਂ ਰੋਟੀ, ਕੱਪੜੇ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ ਵਾਤਾਵਰਣ ਅਤੇ ਸਮਾਜਕ ਸੁਰੱਖਿਆ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਹੋ ਸਕਣ। ਅਜਿਹਾ ਕਰਨ ਲਈ ਕਿਸਾਨਾਂ ਦੀਆਂ ਖੇਤੀਬਾੜੀ ਜਿਨਸਾਂ ਦੀਆਂ ਲਾਹੇਵੰਦ ਕੀਮਤਾਂ ਤੋਂ ਬਿਨਾ ਉਨ੍ਹਾਂ ਅਤੇ ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਲਈ ਗੈਰ-ਖੇਤੀਬਾੜੀ ਰੁਜ਼ਗਾਰ ਦੇ ਮੌਕਾ ਪੈਦਾ ਕਰਨਾ ਸਹਾਈ ਹੋ ਸਕਦਾ ਹੈ। ਖੇਤੀਬਾੜੀ ਨਾਲ ਸਬੰਧਿਤ ਇਨ੍ਹਾਂ ਵਰਗਾਂ ਦੀ ਸਹਿਕਾਰੀ ਮਾਲਕੀ ਵਾਲੀਆਂ ਐਗਰੋ-ਪ੍ਰੋਸੈਸਿੰਗ ਉਦਯੋਗਿਕ ਇਕਾਈਆਂ ਦੀ ਸਥਾਪਨਾ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸਮਰਥਨ ਦਿੱਤਾ ਜਾਵੇ। ਇਨ੍ਹਾਂ ਵਰਗਾਂ ਨੂੰ ਵਿਆਜ-ਮੁਕਤ ਉਧਾਰ ਦੀ ਸਹੂਲਤ ਦਿੱਤੀ ਜਾਵੇ। ਸਹਿਕਾਰੀ ਖੇਤੀਬਾੜੀ ਨੂੰ ਕਿਸਾਨਾਂ ਦੇ ਅਪਨਾਉਣ ਵਿਚ ਮਦਦ ਕਰਨੀ ਯਕੀਨੀ ਬਣਾਈ ਜਾਵੇ। ਖੇਤੀਬਾੜੀ ਨਾਲ ਸਬੰਧਿਤ ਵਰਗਾਂ ਦੇ ਅਨਪੜ੍ਹ ਬਾਲਗਾਂ ਲਈ ਬਾਲਗ ਵਿਦਿਆ ਅਤੇ ਉਨ੍ਹਾਂ ਦੇ ਬੱਚਿਆਂ ਲਈ ਮਿਆਰੀ ਸਿੱਖਿਆ ਅਤੇ ਸਿਹਤ-ਸੰਭਾਲ ਸੇਵਾਵਾਂ ਮੁਹੱਈਆ ਕਰਵਾਈਆਂ ਜਾਣੀਆਂ ਯਕੀਨੀ ਬਣਾਈਆਂ ਜਾਣ। ਮਗਨਰੇਗਾ ਅਧੀਨ ਰੁਜ਼ਗਾਰ ਸਾਲ ਦੇ ਸਾਰਾ ਦਿਨਾਂ ਲਈ ਘੱਟੋ-ਘੱਟ ਸਰਕਾਰਾਂ ਵਲੋਂ ਨਿਸ਼ਚਿਤ ਕੀਤੀਆਂ ਜਾਂਦੀਆਂ ਘੱਟੋ-ਘੱਟ ਮਜ਼ਦੂਰੀ ਦੀਆਂ ਦਰਾਂ 'ਤੇ ਦੇਣਾ ਯਕੀਨੀ ਬਣਾਇਆ ਜਾਵੇ।

ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਲਗਾਤਾਰ ਥੱਲੇ ਜਾਣ ਦੀ ਸਮੱਸਿਆ ਤੋਂ ਨਿਜਾਤ ਪਾਉਣ ਲਈ ਵੱਖ ਵੱਖ ਖੇਤਰਾਂ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਫਸਲਾਂ ਦੀ ਲਵਾਈ ਜਾਂ ਬਿਜਾਈ ਕਰਵਾਉਂਦਿਆਂ ਖੇਤੀਬਾੜੀ ਜਿਨਸਾਂ ਦੀ ਖਰੀਦ ਕੀਤੀ ਜਾਵੇ। ਖੇਤੀਬਾੜੀ ਖੇਤਰ ਵਿਚ ਰਸਾਇਣਾਂ ਦੀ ਵਰਤੋਂ ਨੂੰ ਨਿਯੰਤਰਣ ਕਰਦਿਆਂ ਕੁਦਰਤੀ ਖੇਤੀਬਾੜੀ ਦੇ ਵਿਕਾਸ ਲਈ ਖੋਜ ਅਤੇ ਵਿਸਥਾਰ ਕੰਮਾਂ ਵੱਲ ਬਣਦਾ ਧਿਆਨ ਦਿੱਤਾ ਜਾਵੇ। ਭੂਮੀ ਦੀ ਸਿਹਤ ਨੂੰ ਵਿਗੜਨ ਤੋਂ ਬਚਾਉਣ ਲਈ ਢੁਕਵੇਂ ਫਸਲੀ-ਚੱਕਰ ਅਪਨਾਉਣ ਦੇ ਨਾਲ ਨਾਲ ਰਸਾਇਣਾਂ ਦੀ ਵਰਤੋਂ ਨੂੰ ਨਿਯੰਤਰਣ ਕਰਨਾ ਪਵੇਗਾ। ਸਰਕਾਰ ਤੋਂ ਬਿਨਾ ਸਮਾਜ ਨੂੰ ਵੀ ਖੇਤੀਬਾੜੀ ਨਾਲ ਸਬੰਧਿਤ ਵਰਗਾਂ ਪ੍ਰਤੀ ਆਪਣੀ ਸੋਚ ਅਤੇ ਵਤੀਰਾ ਸੁਧਾਰਨਾ ਪਵੇਗਾ, ਕਿਉਂਕਿ ਹੁਣ ਤਾਂ ਕਰੋਨਾ ਵਾਇਰਸ ਦੀ ਮਹਾਮਾਰੀ ਨੇ ਇਕ ਅਟੱਲ ਸੱਚਾਈ ਸਭ ਦੇ ਸਾਹਮਣੇ ਲਿਆ ਦਿੱਤੀ ਹੈ ਕਿ ਮਨੁੱਖਾਂ ਲਈ ਕਾਰਾਂ, ਕੋਠੀਆਂ, ਹਵਾਈ ਜਹਾਜ, ਫੋਨ ਨਹੀਂ, ਸਗੋਂ ਰੋਟੀ ਜ਼ਰੂਰੀ ਹੈ।

## ਵਰਤਮਾਨ ਪ੍ਰਸਥਿਤੀਆਂ ਤੇ ਆਲਮੀ ਅਖਬਾਰੀ ਉਦਯੋਗ

# ਖਬਰ ਵੀ ਖਤਰੇ 'ਚ ਹੈ!



ਐਸ. ਅਸ਼ੋਕ ਭੌਰਾ
ashokbhaura@gmail.com

ਸਰਕਾਰਾਂ ਨੂੰ ਹਮੇਸ਼ਾ ਅਖਬਾਰਾਂ ਚਲਾਉਂਦੀਆਂ ਆਈਆਂ ਹਨ, ਨਾ ਕਿ ਪਾਰਟੀਆਂ। ਬਹੁਮਤ ਹਾਸਲ ਸਰਕਾਰਾਂ ਨੂੰ ਆਪਹੁਦਰੀਆਂ ਕਰਨ ਦਾ ਕਦੇ ਮੌਕਾ ਨਹੀਂ ਮਿਲਦਾ, ਕਿਉਂਕਿ ਅਖਬਾਰਾਂ ਹੀ ਦੱਸਦੀਆਂ ਹਨ ਕਿ ਦਿਸ਼ਾ ਠੀਕ ਰੱਖੋ, ਦਸ਼ਾ ਤਾਂ ਸੁਧਰੇਗੀ। ਲੋਕ ਰਾਜੀ ਮੁਲਖਾਂ ਵਿਚ ਅਖਬਾਰੀ ਮੀਡੀਆ ਚੌਥੇ ਥੰਮ੍ਹ ਦੀ ਥਾਂ ਲੈਂਦਾ ਹੀ ਰਹੇਗਾ ਤੇ ਹੋ ਸਕਦੈ ਜਦੋਂ ਦੇ ਚੈਨਲ ਜਾਂ ਫਿਰ ਕਾਰੋਬਾਰੀ ਤੇ ਜਾਂ ਸਰਕਾਰੀ ਸਰਪ੍ਰਸਤੀ ਵਾਲੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ 'ਚ ਹਨ ਤਾਂ ਸ਼ਾਇਦ ਚੌਥੇ ਥੰਮ੍ਹ ਦੀ ਧਾਰਨਾ ਨੂੰ ਉਹ ਅਰਥ ਨਾ ਮਿਲਦੇ ਹੋਣ। ਇਸ ਵੇਲੇ ਕਰੋਨਾ ਵਾਇਰਸ ਦਾ ਜੇ ਮੀਡੀਏ 'ਤੇ ਕੋਈ ਵੱਡਾ ਹਮਲਾ ਹੈ ਤਾਂ ਉਹ ਅਖਬਾਰੀ ਸਨਅਤ 'ਤੇ ਹੈ। ਜੇ ਕੋਈ ਟੀ. ਵੀ. ਚੈਨਲ ਇਸ ਦੌਰ ਵਿਚ ਵੀ ਆਪਣੀ ਟੀ. ਆਰ. ਪੀ ਵਧਣ ਦਾ ਇਹ ਕਹਿ ਕੇ ਹੋਕਾ ਦੇਵੇ ਕਿ 'ਉਸ ਦੇ ਦਰਸ਼ਕ ਕਰੋੜਾਂ ਵਿਚ ਬਣ ਗਏ ਹਨ' ਤਾਂ ਲੱਗਦਾ ਨਹੀਂ ਕਿ ਕਰੋਨਾ ਵਾਇਰਸ ਦੀਆਂ ਖਬਰਾਂ ਉਨ੍ਹਾਂ ਦੇ ਰਾਸ ਆ ਰਹੀਆਂ ਹਨ?

ਵਰਲਡ ਐਸੋਸੀਏਸ਼ਨ ਆਫ ਨਿਊਜ਼ ਪੇਪਰਜ਼ ਐਂਡ ਨਿਊਜ਼ ਪਬਲਿਸ਼ਰਜ਼ ਦੀ 2011 ਦੀ ਰਿਪੋਰਟ ਅਨੁਸਾਰ ਪੂਰੀ ਦੁਨੀਆਂ ਵਿਚ 330 ਮਿਲੀਅਨ ਰੋਜ਼ਾਨਾ ਅਖਬਾਰਾਂ ਦੀਆਂ ਕਾਪੀਆਂ ਛਪਦੀਆਂ ਹਨ। ਇਸ ਰਿਪੋਰਟ ਵਿਚ ਚੀਨ 93.5 ਮਿਲੀਅਨ ਨਾਲ ਪਹਿਲੇ ਨੰਬਰ 'ਤੇ, 78.8 ਨਾਲ ਭਾਰਤ ਦੂਜੇ, 70.4 ਨਾਲ ਜਾਪਾਨ ਤੀਜੇ, 48.3 ਮਿਲੀਅਨ ਨਾਲ ਅਮਰੀਕਾ ਚੌਥੇ ਅਤੇ 22.1 ਮਿਲੀਅਨ ਰੋਜ਼ਾਨਾ ਕਾਪੀਆਂ ਨਾਲ ਜਰਮਨ 5ਵੇਂ ਨੰਬਰ 'ਤੇ ਹੈ। ਜੇ ਦੁਨੀਆਂ ਦੇ ਪਹਿਲੇ ਪੰਜ ਵੱਡੇ ਅਖਬਾਰਾਂ ਦੀ ਗੱਲ ਕਰਨੀ ਹੋਵੇ ਤਾਂ ਅਮਰੀਕਾ ਦੇ 'ਨਿਊ ਯਾਰਕ ਟਾਈਮਜ਼', 'ਵਾਲ ਸਟਰੀਟ ਜਰਨਲ' ਤੇ 'ਵਾਸ਼ਿੰਗਟਨ ਪੋਸਟ' ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਹਨ। ਚੌਥਾ ਸਥਾਨ ਭਾਰਤ ਦੇ ਪ੍ਰਮੁੱਖ ਅੰਗਰੇਜ਼ੀ 'ਟਾਈਮਜ਼ ਆਫ ਇੰਡੀਆ' ਦਾ ਹੈ ਅਤੇ 5ਵਾਂ ਨੰਬਰ ਬਰਤਾਨੀਆ ਦੇ 'ਗਾਰਡੀਅਨ' ਦਾ। ਇਸ ਵੇਲੇ ਚੀਨ ਨੂੰ ਛੱਡ ਕੇ ਇਹ ਮੁਲਕ ਵੀ ਦੁਨੀਆਂ ਦੇ 70 ਫੀਸਦੀ ਮੁਲਕਾਂ ਵਾਂਗ ਕਰੋਨਾ ਵਾਇਰਸ ਦੀ ਮਾਰ ਹੇਠ ਹਨ ਅਤੇ ਇਸ ਵੇਲੇ ਆਰਥਕ ਮਾਮਲੇ ਦੀ ਗੱਲ ਹੀ ਨਹੀਂ, ਸਗੋਂ ਅਖਬਾਰਾਂ ਦੀ ਹੋਂਦ ਨੂੰ ਬਚਾਉਣ ਵਿਚ ਲੱਗੀਆਂ ਹੋਈਆਂ ਹਨ।

ਕਰੀਬ 33 ਕਰੋੜ ਜਨਸੰਖਿਆ ਅਤੇ ਵਿਸ਼ਵ ਦੀ ਸਭ ਤੋਂ ਵੱਡੀ ਤਾਕਤ ਅਖਵਾਉਣ ਵਾਲੇ ਅਮਰੀਕਾ ਦਾ ਅਖਬਾਰੀ ਕਾਰੋਬਾਰ ਵੀ ਬਹੁਤ ਵੱਡਾ ਹੈ। ਮੌਜੂਦਾ ਸਥਿਤੀ ਇਹ ਹੈ ਕਿ ਅਖਬਾਰਾਂ ਦੀਆਂ ਕਰੀਬ 56 ਮਿਲੀਅਨ ਕਾਪੀਆਂ ਰੋਜ਼ ਪ੍ਰਕਾਸ਼ਿਤ ਹੁੰਦੀਆਂ ਹਨ। ਅਖਬਾਰੀ ਸਨਅਤ ਅਮਰੀਕਾ ਵਿਚ ਵੀ ਕਰੋਨਾ ਵਾਇਰਸ ਦੇ ਦੌਰ ਦੀ ਬਹੁਤ ਵੱਡੀ ਪੀੜਾ ਹੰਢਾ ਰਹੀ ਹੈ, ਜਦੋਂ ਕਿ ਅਮਰੀਕੀ ਅਖਬਾਰੀ ਉਦਯੋਗ ਪਹਿਲਾਂ ਹੀ ਭਾਰੀ ਤਣਾਓ ਹੇਠ ਸੀ ਤਾਂ ਇਸ ਵਾਇਰਸ ਨਾਲ ਹੋਰ ਵੀ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਠਕ ਪਹਿਲਾਂ ਨਾਲੋਂ ਕਿਤੇ ਵੱਧ ਹੱਤਾਸ਼ ਹਨ ਤੇ ਉਹ ਜਾਣਨਾ ਚਾਹੁੰਦੇ ਹਨ ਕਿ ਕਰੋਨਾ ਵਾਇਰਸ ਦੀ ਅਮਰੀਕਾ 'ਚ ਸਥਿਤੀ ਕੀ ਹੈ, ਟੈਸਟਿੰਗ ਕਿਵੇਂ ਹੋ ਰਹੀ ਹੈ, ਆਰਥਿਕ ਪ੍ਰਭਾਵ ਕੀ ਹਨ? ਪਰ ਅਖਬਾਰਾਂ ਇਹ ਕਹਿੰਦੀਆਂ ਹਨ ਕਿ ਆਨਲਾਈਨ ਭੀੜ ਵਧਣ ਕਾਰਨ ਵਪਾਰ ਵਧਿਆ ਹੈ ਅਤੇ ਇਹੀ ਕਾਰਨ ਹੈ ਅਖਬਾਰਾਂ ਅਤੇ ਹੋਰ ਪ੍ਰਕਾਸ਼ਨ ਇਸ਼ਤਿਹਾਰਾਂ ਦੇ ਠੇਕੇਦਾਰਾਂ ਦੇ ਦਬਾਅ ਹੇਠ ਹਨ। ਉਹ ਨੌਕਰੀਆਂ, ਸਟਾਫ ਦੇ ਘੰਟੇ ਕੱਟ ਰਹੇ ਹਨ। ਪ੍ਰਿੰਟ ਐਡੀਸ਼ਨ ਬੰਦ ਕੀਤੇ ਜਾ ਰਹੇ ਹਨ ਤੇ ਕਈ ਦਰਮਿਆਨੇ ਅਖਬਾਰ ਤਾਂ ਉਜੜਨ ਦੇ ਕਿਨਾਰੇ 'ਤੇ ਹਨ।

ਅਮਰੀਕਾ ਦੀ ਇਕ ਵੱਡੀ ਅਖਬਾਰ ਦੇ ਕਾਰਜਕਾਰੀ ਪ੍ਰਬੰਧਕ ਨੇ ਆਪਣਾ ਨਾਮ ਨਾ ਨਸ਼ਰ ਕਰਨ ਦੀ ਸ਼ਰਤ 'ਤੇ ਕਿਹਾ ਹੈ ਕਿ ਕਾਰੋਬਾਰਾਂ ਦੇ ਬੰਦ ਹੋਣ ਨਾਲ ਇਸ ਵਾਇਰਸ ਨੇ ਅਖਬਾਰਾਂ ਦੀ ਵਿਕਰੀ ਦਾ ਘੇਰਾ ਏਨਾ ਛੋਟਾ ਕਰ ਦਿੱਤਾ ਹੈ ਕਿ ਦਫਤਰਾਂ 'ਚ ਨਿਊਜ਼ਰੂਮ ਕਰਮਚਾਰੀ ਹੀ ਬਚੇ ਹਨ। ਉਤਰੀ ਕੈਰੋਲਾਈਨਾ ਯੂਨੀਵਰਸਿਟੀ ਦੇ ਉਦਯੋਗ ਬਾਰੇ ਅਧਿਐਨ ਕਰਨ ਵਾਲੇ ਪ੍ਰੋਫੈਸਰ ਪੇਨਲੋਨ ਅਵਰਨੈਥੀ ਨੇ ਤਾਂ ਇਕ ਚਿਤਾਵਨੀ ਵਿਚ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਅਰਥ ਸ਼ਾਸ਼ਤਰੀਆਂ ਨੇ ਜਿਸ ਅਗਾਮੀ ਮੰਦੀ ਦੀ ਚਿੰਤਾ ਜਾਹਰ ਕੀਤੀ ਹੈ, ਉਸ ਨਾਲ ਤਾਂ ਏਦਾਂ ਲੱਗਦਾ ਹੈ ਕਿ ਅਖਬਾਰਾਂ ਕਿਤੇ ਅਲੋਪ ਹੀ ਨਾ ਹੋ ਜਾਣ। ਪਿਛਲੇ ਵਰ੍ਹਿਆਂ ਵਿਚ ਗੂਗਲ ਅਤੇ ਫੇਸਬੁੱਕ ਨੇ ਜੋ ਡਿਜੀਟਲ ਇਸ਼ਤਿਹਾਰਬਾਜ਼ੀ ਦੀ ਝਲਕ ਪਾਈ ਸੀ, ਉਹ ਨਿਊਜ਼ ਅਦਾਰਿਆਂ ਦੇ ਰਾਹ ਵਿਚ ਸਭ ਤੋਂ ਵੱਡਾ ਅੜਿੱਕਾ ਬਣ ਰਹੀ ਹੈ। ਇਨ੍ਹਾਂ ਨੇ ਪੱਤਰਕਾਰੀ ਉਦਯੋਗ ਨੂੰ ਅਜਿਹੀ ਦੁਨੀਆਂ ਵਿਚ ਬਦਲਣ ਦਾ ਯਤਨ ਕੀਤਾ, ਜੋ ਆਨਲਾਈਨ ਖਬਰਾਂ ਪ੍ਰਾਪਤ ਕਰਨ ਲੱਗੀ ਹੋਈ ਹੈ। ਲਿਹਾਜ਼ਾ ਪ੍ਰਿੰਟ ਅਡੀਸ਼ਨ ਖਰੀਦਣ ਵਾਲੇ ਲੋਕਾਂ ਦੀ ਗਿਣਤੀ ਵੀ ਘਟੀ ਅਤੇ 2004 ਤੋਂ 2018 ਦੌਰਾਨ ਕਰੀਬ 1800 ਅਖਬਾਰ ਬੰਦ ਹੋ ਗਏ। ਮੌਜੂਦਾ ਹਾਲਾਤ ਵਿਚ ਕਰੋਨਾ ਵਾਇਰਸ ਕਾਰਨ ਵੱਡੇ ਅਖਬਾਰ 30 ਤੋਂ 60 ਫੀਸਦੀ ਇਸ਼ਤਿਹਾਰ ਗੁਆ ਰਹੇ ਹਨ ਅਤੇ ਦੁਨੀਆਂ ਭਰ ਵਿਚ ਖੇਤਰੀ ਜਾਂ ਭਾਸ਼ਾਈ ਅਖਬਾਰਾਂ ਇਹ ਨੁਕਸਾਨ 90 ਫੀਸਦੀ ਝੱਲ ਰਹੀਆਂ ਹਨ। ਅੱਗੇ ਕੀ ਹੋਵੇਗਾ, ਸਮਝ ਨਹੀਂ ਆ ਰਹੀ। 'ਲਾਸ ਏਂਜਲਸ ਟਾਈਮਜ਼' ਨੇ ਆਪਣੀ ਇਕ ਸੰਪਾਦਕੀ ਵਿਚ ਟਿੱਪਣੀ ਕੀਤੀ ਹੈ, "ਕਰੋਨਾ ਵਾਇਰਸ ਦੇ ਦਿਨਾਂ 'ਚ ਖਬਰਾਂ ਜਾਣਨ ਦੀ ਉਤਸੁਕਤਾ ਵਧੀ ਹੈ, ਪਰ ਇਹ ਰੇਟਿੰਗ ਸਿਰਫ ਖਬਰਾਂ ਦੇ ਖਾਤੇ ਵਿਚ ਚਲੀ ਗਈ ਹੈ, ਅਖਬਾਰਾਂ ਨੇ ਅੱਜ ਤੱਕ ਇਹ ਦਿਨ ਕਦੇ ਵੀ ਨਹੀਂ ਸਨ ਵੇਖੇ।"

ਕਰੋਨਾ ਵਾਇਰਸ ਦੀ ਕਹਾਣੀ ਵਿਸ਼ਵ ਪੱਧਰੀ ਹੈ। ਲੋਕ ਘਰਾਂ 'ਚ ਬੰਦ ਹਨ, ਮੌਤ ਦਾ ਡਰ ਪਿਆ ਹੋਇਐ। ਉਹ ਜਾਣਨਾ ਚਾਹੁੰਦੇ ਹਨ ਕਿ ਹੋਰ ਕਿੰਨੇ ਕੇਸ ਆਏ ਹਨ, ਦੁਨੀਆਂ 'ਚ ਕੀ ਹੋ ਰਿਹੈ, ਸਿਹਤ ਬਾਰੇ ਕੀ ਸਲਾਹ ਹੈ? ਪਰ ਇਹ ਸਭ ਕੁਝ ਉਨ੍ਹਾਂ ਨੂੰ ਘਰ 'ਚ ਡਿਜੀਟਲ ਮੀਡੀਆ ਜਾਂ ਚੈਨਲ ਪ੍ਰਦਾਨ ਕਰ ਰਹੇ ਹਨ। ਅਖਬਾਰਾਂ ਦਾ ਸੰਤਾਪ ਤੇ ਦਰਦ ਇਹ ਬਣ ਗਿਐ ਕਿ ਲੋਕ ਵਹਿਮ ਕਰਨ ਲੱਗੇ ਹਨ ਕਿ ਕਿਤੇ ਇਹ ਵਾਇਰਸ ਅਖਬਾਰਾਂ ਜ਼ਰੀਏ ਉਨ੍ਹਾਂ ਦੇ ਘਰ ਨਾ ਆ ਜਾਵੇ, ਜਦੋਂ ਕਿ ਅਜਿਹਾ ਹੈ ਹੀ ਨਹੀਂ। ਅਸਲ ਵਿਚ ਸੱਚਾਈ ਇਹ ਹੈ ਕਿ ਕਰੀਬ 200 ਸਾਲ ਪੁਰਾਣਾ ਅਖਬਾਰੀ ਮਾਡਲ ਟੁੱਟਦਾ ਜਾ ਰਿਹਾ ਹੈ। ਸਥਾਨਕ ਖਬਰਾਂ ਵਾਲਾ ਢਾਂਚਾ ਹੀ ਨਹੀਂ ਰਿਹਾ।

ਪ੍ਰੋ. ਅਵਰਨੈਥੀ ਨੇ 2018 ਵਿਚ ਆਪਣੀ ਇਕ ਰਿਪੋਰਟ ਰਾਹੀਂ ਦੱਸਿਆ ਸੀ ਕਿ ਸਥਿਤੀ ਖਬਰਾਂ ਦਾ ਮਾਰੂਥਲ ਵਰਗੀ ਬਣਦੀ ਜਾ ਰਹੀ ਹੈ। ਚਿੰਤਾ ਇਹ ਵੀ ਜਾਹਰ ਕੀਤੀ ਕਿ ਕਿੰਨੀ ਦੁੱਖ ਦੀ ਗੱਲ ਹੈ ਕਿ ਆਨਲਾਈਨ ਖਬਰਾਂ ਬਿਨਾ ਸਮਾਚਾਰ ਸੰਪਾਦਕਾਂ ਜਾਂ ਮੀਡੀਆ ਮਾਹਿਰਾਂ ਦੀ ਨਿਗਰਾਨੀ ਤੋਂ ਹੀ ਲੋਕਾਂ ਵਿਚ ਜਾ ਰਹੀਆਂ ਹਨ ਤਾਂ ਕਿਵੇਂ ਇਨ੍ਹਾਂ ਵਿਚ ਭਰੋਸੇਯੋਗਤਾ ਕਾਇਮ ਰਹਿ ਸਕਦੀ ਹੈ? ਅਖਬਾਰਾਂ ਲਈ ਇਹ ਵੀ ਬਰਦਾਸ਼ਤ ਕਰਨਾ ਕਿੰਨਾ ਔਖਾ ਹੈ ਕਿ ਪਿਛਲੇ ਦੋ ਮਹੀਨਿਆਂ ਵਿਚ ਕਰੋਨਾ ਵਾਇਰਸ ਦੀ ਇਸ ਸੁਨਾਮੀ ਨੇ ਅਮਰੀਕੀ ਅਖਬਾਰਾਂ ਦੇ ਨਿਊਜ਼ਰੂਮ ਧੋ ਦਿੱਤੇ ਹਨ। ਇਹ ਉਹੀ ਵਕਤ ਹੈ, ਜਦੋਂ 'ਟੈਂਪਾਂ ਬੇ ਟਾਈਮ' ਨੇ 11 ਪੱਤਰਕਾਰਾਂ ਦੀ ਛੁੱਟੀ ਕਰ ਦਿੱਤੀ ਹੈ ਅਤੇ ਪੰਜ ਪ੍ਰਿੰਟ ਅਡੀਸ਼ਨ ਬੰਦ ਕਰ ਦਿੱਤੇ ਹਨ। 'ਡੈਨਵਰ ਪੋਸਟ', 'ਬੋਸਟਨ ਹੈਰਲਡ' ਅਤੇ 'ਡੈਲਸ ਮੌਰਨਿੰਗ ਨਿਊਜ਼' ਨੇ ਅਖਬਾਰੀ ਕਾਮਿਆਂ ਦੀ ਉਜਰਤ ਵਿਚ ਵੱਡੀ ਕਟੌਤੀ ਕੀਤੀ ਹੈ। ਡੈਨਵਰ ਪੋਸਟ ਨੇ ਆਪਣੀ ਸੰਪਾਦਕੀ ਵਿਚ ਇਕ ਹੋਰ ਪੀੜਾ ਜਾਹਰ ਕੀਤੀ ਹੈ ਕਿ ਜਦੋਂ ਦਾ ਪਾਠਕਾਂ ਨੇ ਆਨਲਾਈਨ ਖਬਰ ਸਰੋਤਾਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਹੈ, ਇਸ਼ਤਿਹਾਰਾਂ ਦੇ ਸ਼ਿਕਾਰੀਆਂ ਨੇ ਰਾਸ਼ਟਰੀ ਵੈਬ ਵਿਗਿਆਨ ਵਿਚ ਘੁਸਪੈਠ ਕਰਕੇ ਵੱਡੀ ਹਿੱਸੇਦਾਰੀ 'ਤੇ ਕਬਜ਼ਾ ਕਰ ਲਿਆ ਹੈ। ਨਤੀਜਾ ਤਬਾਹੀ ਹੈ, ਕਿਉਂਕਿ ਪਾਏਦਾਰ ਤੇ ਖੋਜੀ ਸਟੋਰੀਆਂ ਕਵਰ ਨਹੀਂ ਕੀਤੀਆਂ ਜਾ ਰਹੀਆਂ। ਇਨ੍ਹਾਂ ਨੂੰ ਕਵਰ ਕਰਨ ਵਾਲੇ ਰਿਪੋਰਟਰ ਬਹੁਤ ਘੱਟ ਰਹਿ ਗਏ ਹਨ।

ਸਥਿਤੀ ਕੈਸੀ ਤਬਾਹਕੁਨ ਬਣੀ ਹੋਈ ਹੈ ਕਿ 'ਟੈਂਪਾ ਬੇ ਨਿਊਜ਼' ਦੇ ਚੇਅਰਮੈਨ ਅਤੇ ਚੀਫ ਐਗਜ਼ੀਕਿਊਟਿਵ ਪਾਲ ਤਾਸ਼ ਨੇ ਆਪਣੇ ਮੁੱਖ ਪੰਨੇ 'ਤੇ ਪੀੜਾ ਜਾਹਰ ਕੀਤੀ ਹੈ ਕਿ ਅਖਬਾਰ ਦੇ 96 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਪ੍ਰਿੰਟ ਐਡੀਸ਼ਨ ਬੰਦ ਹੋਏ ਹਨ। ਤਾਲਾਬੰਦੀ ਨੇ ਏਨਾ ਪਲਟਾ ਮਾਰਿਆ ਹੈ ਕਿ ਜਦੋਂ ਕਾਰੋਬਾਰ ਮੂਧੇ ਹੋ ਗਏ ਹਨ ਅਤੇ ਇਸ਼ਤਿਹਾਰ ਆਉਣਗੇ ਕਿੱਥੋਂ? ਭਵਿੱਖ ਦੀ ਸਥਿਤੀ ਵੱਲ ਵੇਖ ਕੇ ਹੌਲ ਉਠਦੇ ਹਨ। ਕਰੋਨਾ ਵਾਇਰਸ ਤੋਂ ਬੁਰੀ ਤਰ੍ਹਾਂ ਪੀੜਤ ਅਖਬਾਰਾਂ ਨੇ ਆਪਣੇ ਖੇਡ, ਫਿਲਮੀ ਅਤੇ ਹੋਰ ਕਾਲਮ ਨਵੀਸਾਂ ਨੂੰ ਆਮ ਅਸਾਈਨਮੈਂਟ ਪੱਤਰਕਾਰ ਬਣਾ ਦਿੱਤਾ ਹੈ, ਕਿਉਂਕਿ ਸਟੋਰੀਆਂ ਹੁਣ ਕਰੋਨਾ ਵਾਇਰਸ ਦੀਆਂ ਹਨ, ਖੇਡਾਂ ਜਾਂ ਫਿਲਮਾਂ ਦੀਆਂ ਨਹੀਂ। ਅਖਬਾਰੀ ਇਤਿਹਾਸ ਹੀ ਬਦਲ ਰਿਹਾ ਹੈ। ਸੈਂਕੜੇ ਸਾਲਾਂ ਤੋਂ ਚੱਲੀਆਂ ਆ ਰਹੀਆਂ ਅਖਬਾਰੀ ਪਰੰਪਰਾਵਾਂ ਟੁੱਟ ਰਹੀਆਂ ਹਨ।

ਇਹ ਮੰਨਣਾ ਪਵੇਗਾ ਕਿ ਕਰੋਨਾ ਵਾਇਰਸ ਤੋਂ ਪਹਿਲਾਂ ਹੋਰ ਵੀ ਪਲੈਟਫਾਰਮ ਤਿਆਰ ਹੋ ਚੁਕੇ ਹਨ/ਸਨ, ਜੋ ਅਖਬਾਰਾਂ ਨੂੰ ਪਿੱਛੇ ਧੱਕਣ ਵਿਚ ਲੱਗੇ ਹੋਏ ਸਨ, ਗੂਗਲ, ਫੇਸਬੁੱਕ ਤੇ ਅਮਾਜ਼ੋਨ ਨੇ ਪਿਛਲੇ ਵਰ੍ਹੇ ਡਿਜੀਟਲ ਇਸ਼ਤਿਹਾਰਬਾਜ਼ੀ 'ਤੇ 70 ਫੀਸਦੀ ਕਬਜ਼ਾ ਕੀਤਾ ਤੇ ਬਾਕੀਆਂ ਲਈ ਸਿਰਫ ਰਹਿੰਦ-ਖਹੂੰਦ ਹੀ ਛੱਡੀ ਹੈ। ਸ਼ਾਇਦ ਕਈਆਂ ਨੂੰ ਪਤਾ ਹੀ ਨਾ ਹੋਵੇ ਕਿ ਅਮਾਜ਼ੋਨ ਦਾ ਮਾਲਕ ਜੈਫ ਬੋਜੇਸ ਅਖਬਾਰੀ ਦੁਨੀਆਂ ਨਾਲ ਵੀ ਸਬੰਧਿਤ ਹੈ। ਅਮਰੀਕਾ ਦੀ ਤੀਜੀ ਵੱਡੀ 'ਵਾਸ਼ਿੰਗਟਨ ਪੋਸਟ' ਉਸੇ ਦੀ ਮਾਲਕੀ ਵਾਲੀ ਅਖਬਾਰ ਹੈ। ਗੂਗਲ ਦੀ ਸਰਦਾਰੀ ਇਹ ਵੀ ਹੈ ਕਿ ਉਹ ਸਭ ਤੋਂ ਵੱਡਾ ਡਿਜੀਟਲ ਵਿਗਿਆਪਨ ਨੈਟਵਰਕ ਦਾ ਸੰਚਾਲਨ ਵੀ ਕਰਦਾ ਹੈ, ਜੋ ਇਕ ਨੀਤੀ ਤਹਿਤ ਹੋਰ ਸਾਈਟਾਂ ਅਤੇ ਵੈਬਸਾਈਟਾਂ ਨੂੰ ਇਸ਼ਤਿਹਾਰ ਦਿੰਦਾ ਹੈ। ਉਸ ਦੀ ਲਿਸਟ ਵਿਚ ਅਖਬਾਰਾਂ ਨਹੀਂ ਹਨ। ਉਹ ਇਨ੍ਹਾਂ ਨੂੰ ਇਸ਼ਤਿਹਾਰ ਮੁਹੱਈਆ ਵੀ ਕਿਉਂ ਕਰਵਾਵੇ, ਜੋ ਇਸ਼ਤਿਹਾਰਾਂ ਤੋਂ ਪਹਿਲਾਂ ਸੰਕਟ ਜਾਂ ਬਿਮਾਰੀ ਦੀਆਂ ਖਬਰਾਂ ਜਾਂ ਮਹਾਮਾਰੀ ਦੇ ਲੇਖ ਪ੍ਰਕਾਸ਼ਿਤ ਕਰਦੀਆਂ ਹਨ?

ਨਿਊਜ਼ ਮੀਡੀਆ ਦੀ ਡੁੱਬਦੀ ਬੇੜੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਲਈ ਖੁਸ਼ੀ ਵਾਲੀ ਹੋ ਸਕਦੀ ਹੈ, ਕਿਉਂਕਿ ਨਿਊ ਯਾਰਕ ਟਾਈਮਜ਼ ਵਿਚ ਇਸ਼ਤਿਹਾਰਬਾਜ਼ੀ ਘਟ ਗਈ ਹੈ, ਵਾਸ਼ਿੰਗਟਨ ਪੋਸਟ ਜ਼ਿਆਦਾ ਪਾਏਦਾਰ ਨਹੀਂ ਰਿਹਾ ਅਤੇ ਇਸੇ ਨੇ ਟਵੀਟ ਕੀਤਾ ਹੈ ਕਿ ਕੁਝ ਵੀ ਪਤਾ ਨਹੀਂ ਲੱਗ ਰਿਹਾ ਹੈ ਕਿ ਕਰੋਨਾ ਵਾਇਰਸ ਕਿਸ ਨੂੰ ਹਰਾਏਗਾ, ਕਿਉਂਕਿ ਜਾਣਕਾਰੀ ਦੇ ਫੇਕ ਖਬਰ ਸਰੋਤ ਭਾਰੂ ਹੋ ਗਏ ਹਨ। ਨਵੰਬਰ 'ਚ ਹੋਣ ਵਾਲੀ ਅਮਰੀਕੀ ਰਾਸ਼ਟਰਪਤੀ ਦੀ ਚੋਣ ਨੂੰ ਲੈ ਕੇ ਕਦੇ 'ਸੀ. ਐਨ. ਐਨ.' ਅਤੇ ਹੋਰ ਮੀਡੀਆ ਅਦਾਰਿਆਂ ਨਾਲ ਟਰੰਪ ਦੀ ਖਹਿਬਾਜ਼ੀ ਝਲਕਦੀ ਰਹੀ ਹੈ। ਹੁਣ ਇਹ ਵੀ ਬਿਨਾ ਬੋਲੇ ਕਈ ਕੁਝ ਕਹਿ ਰਹੇ ਹਨ। ਅਸਲ ਵਿਚ ਅਮਰੀਕਾ 'ਚ ਇਕ ਵਾਇਰਸ ਇਨ੍ਹਾਂ ਚੋਣਾਂ ਦਾ ਵੀ ਹੈ। 'ਵਾਲ ਸਟਰੀਟ ਜਰਨਲ' ਅਤੇ 'ਦਾ ਪੋਸਟ ਆਫ ਟਾਈਮਜ਼' ਤੁਲਨਾਤਮਕ ਤੌਰ 'ਤੇ ਬਹੁਤ ਸਿਹਤਮੰਦ ਸਥਿਤੀ ਵਿਚ ਹਨ ਤੇ ਇਨ੍ਹਾਂ ਦੇ ਲੱਖਾਂ ਡਿਜੀਟਲ ਗਾਹਕ ਵੀ ਹਨ ਅਤੇ ਰਾਸ਼ਟਰੀ ਇਸ਼ਤਿਹਾਰ ਦੇਣ ਵਾਲੇ ਵੀ ਇਨ੍ਹਾਂ 'ਤੇ ਟਰੰਪ ਕਰਕੇ ਮਿਹਰਬਾਨ ਹੋਏ ਹਨ। ਚਲੋ ਵੱਡੀਆਂ ਮੱਛੀਆਂ ਛੋਟੀਆਂ ਨੂੰ ਪਹਿਲਾਂ ਤੋਂ ਖਾਂਦੀਆਂ ਆਈਆਂ ਹਨ। ਕਹਿ ਸਕਦੇ ਹਾਂ ਕਿ ਇਸ ਵਕਤ ਸਮੁੱਚੇ ਰੂਪ ਵਿਚ ਅਮਰੀਕਾ ਦੇ ਅਖਬਾਰੀ ਉਦਯੋਗ ਦੀ ਸਥਿਤੀ ਬੇਹੱਦ ਡਾਵਾਂਡੋਲ ਹੈ ਅਤੇ ਜਿਸ ਤਰ੍ਹਾਂ ਦੇ ਹਾਲਾਤ ਬਣ ਰਹੇ ਹਨ, ਕਿਹਾ ਜਾ ਰਿਹਾ ਹੈ ਕਿ ਅਮਰੀਕਾ 2008 ਤੋਂ ਵੀ ਵੱਧ ਮੰਦੀ ਦੀ ਮਾਰ ਝੱਲੇਗਾ ਤਾਂ ਅਖਬਾਰਾਂ ਇਹਦੇ ਵਿਚ ਬਲੀ ਦਾ ਬੱਕਰਾ ਬਣਨਗੀਆਂ ਹੀ।

ਵਿਸ਼ਵ ਵਿਚ ਅਖਬਾਰਾਂ ਦੀ ਵਿਕਰੀ ਦਾ ਦੂਜੇ ਨੰਬਰ ਦਾ ਅੰਕੜਾ ਭਾਰਤ ਦੇ ਖਾਤੇ ਵਿਚ ਡਿੱਗਦਾ ਹੈ, ਪਰ ਕਰੋਨਾ ਵਾਇਰਸ ਕਰਕੇ ਅਖਬਾਰੀ ਉਦਯੋਗ ਇੱਥੇ ਵੀ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਕਈ ਅਖਬਾਰਾਂ ਏਨੀਆਂ ਸੁੰਗੜ ਗਈਆਂ ਹਨ ਕਿ ਉਨ੍ਹਾਂ ਦੇ ਆਨਲਾਈਨ ਅਡੀਸ਼ਨ ਹੋਰ ਛੋਟੇ ਲੱਗਦੇ ਹਨ। ਆਏ ਦਿਨ ਅਖਬਾਰਾਂ ਵਿਚ ਇਸ਼ਤਿਹਾਰਾਂ ਦੀ ਨਾਮਾਤਰ ਆਮਦ ਦੇ ਬਾਵਜੂਦ ਇਹ ਬਿਨਾ ਧੜ ਤੋਂ ਲੜਾਈ ਲੜ ਰਹੀਆਂ ਹਨ। 'ਟਾਈਮਜ਼ ਆਫ ਇੰਡੀਆ', 'ਹਿੰਦੋਸਤਾਨ ਟਾਈਮਜ਼', 'ਦਾ ਹਿੰਦੂ', 'ਅਮਰ ਉਜਾਲਾ', 'ਨਵ ਭਾਰਤ ਟਾਈਮਜ਼', 'ਦੈਨਿਕ ਭਾਸਕਰ', 'ਪੰਜਾਬ ਕੇਸਰੀ'; ਪੂਨੇ ਤੋਂ ਮਰਾਠੀ 'ਚ ਛਪਣ ਵਾਲੀ 'ਸਕਾਲ', ਗੁਜਰਾਤ ਦੀ 'ਦਿੱਵਿਆ ਭਾਸਕਰ', ਕਰਨਾਟਕ ਦੀ ਕੰਨੜ 'ਚ 'ਵਿਜੇ ਬਾਣੀ', ਚੰਡੀਗੜ੍ਹ ਦੀ 'ਦਾ ਟ੍ਰਿਬਿਊਨ', ਕੋਲਕਾਤਾ ਦੀ ਬੰਗਾਲੀ 'ਚ 'ਅਨੰਦ ਵਿਹਾਰ ਪੱਤ੍ਰਿਕਾ', ਤਾਮਿਲ ਦੀ 'ਦੀਨਾ ਮਲਾਰ', ਤੈਲਗੂ 'ਚ ਹੈਦਰਾਬਾਦ ਤੋਂ ਛਪਣ ਵਾਲੀ 'ਸਾਖਸ਼ੀ', ਅਤੇ 'ਦੈਨਿਕ ਜਾਗਰਣ' ਜਿਹੀਆਂ ਅਖਬਾਰਾਂ, ਜੋ ਆਪਣੇ ਪ੍ਰਿੰਟ ਅਡੀਸ਼ਨ ਤਾਂ ਦੇ ਰਹੀਆਂ ਹਨ, ਪਰ ਉਨ੍ਹਾਂ ਦੀ ਗਿਣਤੀ ਪੰਜਵਾਂ, ਛੇਵਾਂ ਹਿੱਸਾ ਵੀ ਨਹੀਂ ਰਹੀ। ਦਿੱਲੀ ਸਮੇਤ ਉਤਰੀ ਤੇ ਦੱਖਣੀ ਰਾਜ ਕਰੋਨਾ ਵਾਇਰਸ ਦਾ ਪੂਰਾ ਸੰਤਾਪ ਭੋਗ ਰਹੇ ਹਨ।

ਭਾਰਤ ਵਿਚ ਸ਼ਹਿਰਾਂ ਦੀਆਂ ਬਾਲਕੋਨੀਆਂ, ਪਿੰਡਾਂ ਦੇ ਵਿਹੜੇ ਉਨ੍ਹਾਂ ਲੋਕਾਂ ਨੂੰ ਵਿਰਾਨ ਥਾਂਵਾਂ ਜਾਪਦੀਆਂ ਹਨ, ਜਿਨ੍ਹਾਂ ਨੂੰ ਸਵੇਰੇ ਅੱਖ ਪੱਟਣ ਦੇ ਨਾਲ ਹੀ ਇੱਥੇ ਅਖਬਾਰ ਪਈ ਆਉਂਦੀ ਸੀ, ਕਰੋਨਾ ਵਾਇਰਸ ਫੈਲਣ ਦੇ ਡਰ ਕਾਰਨ ਅਖਬਾਰਾਂ ਸ਼ਹਿਰਾਂ ਦੇ ਕਈ ਕੰਪਲੈਕਸਾਂ ਅਤੇ ਪਿੰਡਾਂ ਦੀਆਂ ਜੂਹਾਂ 'ਚ ਦਾਖਲ ਹੋਣ ਲਈ ਤਰਸ ਰਹੀਆਂ ਹਨ। ਹਾਲਾਂਕਿ ਪਿਛਲੇ ਇਕ ਦਹਾਕੇ ਵਿਚ ਭਾਰਤ ਦਾ ਉਦਯੋਗ ਪ੍ਰਿੰਟ ਮੀਡੀਆ ਲਈ ਇਕ ਜਗਦੀ ਜੋਤ ਬਣ ਕੇ ਸਾਹਮਣੇ ਆਇਆ, ਜੋ ਪੱਛਮੀ ਦੇਸ਼ਾਂ ਵਿਚ ਇੰਟਰਨੈਟ ਦੀ ਮਾਰ ਕਾਰਨ ਬੁਝਣ ਕਿਨਾਰੇ ਸੀ। ਇੰਡੀਅਨ ਰੀਡਰਸ਼ਿਪ ਸਰਵੇ (ਆਈ. ਆਰ. ਐਸ.) ਅਨੁਸਾਰ ਅਖਬਾਰ ਦਾ ਪਾਠਕ ਵਰਗ 2017 ਦੇ ਮੁਕਾਬਲੇ 2019 ਵਿਚ 407 ਤੋਂ 425 ਮਿਲੀਅਨ ਹੋ ਗਿਆ ਸੀ, ਜੋ ਇਸ ਵਕਤ ਕਰੋਨਾ ਵਾਇਰਸ ਨੇ ਅਪਾਹਜ ਬਣਾ ਦਿੱਤਾ ਹੈ।

ਸੋਸ਼ਲ ਨੈਟਵਰਕ ਜ਼ਰੀਏ ਅਜਿਹੇ ਸੁਨੇਹੇ ਭੇਜੇ ਜਾ ਰਹੇ ਹਨ ਕਿ ਅਖਬਾਰਾਂ ਦੀ ਸਤ੍ਹਾ ਵਾਇਰਸ ਫੈਲਾ ਸਕਦੀ ਹੈ, ਇਹੋ ਕਾਰਨ ਹੈ, ਮੁੰਬਈ, ਪੂਨਾ, ਚੇਨੱਈ, ਹੈਦਰਾਬਾਦ, ਕੋਲਕਾਤਾ, ਬੈਂਗਲੂਰੂ ਅਤੇ ਦਿੱਲੀ ਦੀਆਂ ਰਿਹਾਇਸ਼ੀ ਸੁਸਾਇਟੀਆਂ, ਕਾਲੋਨੀਆਂ 'ਚ ਅਖਬਾਰ ਪਹੁੰਚ ਹੀ ਨਹੀਂ ਰਹੀ। 24 ਤੋਂ 48 ਘੰਟਿਆਂ ਤੱਕ ਦੀ ਸਤ੍ਹਾ 'ਤੇ ਵਾਇਰਸ ਰਹਿਣ ਦੇ ਫੇਕ ਸੁਨੇਹਿਆਂ ਵਿਰੁੱਧ ਦੇਸ਼ ਭਰ ਦੀਆਂ ਅਖਬਾਰਾਂ ਨੇ ਲੋਕਾਂ ਨੂੰ ਸੁਚੇਤ ਕੀਤਾ ਹੈ, ਇੱਥੋਂ ਤੱਕ ਕਿ 'ਟਾਈਮਜ਼ ਆਫ ਇੰਡੀਆ' ਨੇ ਵੀਡੀਓ ਇਸ਼ਤਿਹਾਰ ਵੀ ਦਿੱਤੇ, ਪਰ ਅਫਸੋਸ, ਕਰੋਨਾ ਵਾਇਰਸ ਦੇ ਦਹਿਸ਼ਤ ਭਰੇ ਮਾਹੌਲ ਵਿਚ ਇਨ੍ਹਾਂ ਦਾ ਕੋਈ ਅਸਰ ਨਾ ਹੋਇਆ ਤੇ ਵਪਾਰਕ ਇਸ਼ਤਿਹਾਰਾਂ ਦੀ ਆਮਦ ਰੁਕਣ ਕਾਰਨ ਮਾਲੀਆ ਆਉਣਾ ਵੱਡੇ ਪੱਧਰ 'ਤੇ ਬੰਦ ਹੋ ਗਿਆ। ਸਿੱਟੇ ਇਹ ਹਨ ਕਿ 'ਇੰਡੀਅਨ ਐਕਸਪ੍ਰੈਸ' ਜਿਹੇ ਮੀਡੀਆ ਅਦਾਰਿਆਂ ਵਲੋਂ ਆਪਣੇ ਕਾਮਿਆਂ ਦੀਆਂ ਤਨਖਾਹਾਂ ਵਿਚ ਕਟੌਤੀ ਕਰਨੀ ਪੈ ਰਹੀ ਹੈ। ਇੰਡੀਆ ਉਦਯੋਗ ਸੰਗਠਨ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਪੱਤਰ ਲਿਖ ਕੇ ਦੋ ਸਾਲ ਟੈਕਸ ਦੀ ਛੋਟ ਅਤੇ ਨਿਊਜ਼ ਪ੍ਰਿੰਟ 'ਤੇ ਦਰਾਮਦ ਪਾਬੰਦੀਆਂ ਹਟਾਉਣ ਦੀ ਮੰਗ ਕਰਦਿਆਂ ਲਿਖਿਆ ਹੈ ਕਿ ਘਰੇਲੂ ਭਾਰਤੀ ਪ੍ਰਿੰਟ ਉਦਯੋਗ ਬਿਮਾਰ ਹੈ, ਖਤਰੇ ਵੱਲ ਵਧ ਰਿਹਾ ਹੈ। ਹਾਲਾਤ ਇੱਥੋਂ ਤੱਕ ਪੁੱਜ ਗਏ ਹਨ ਕਿ ਆਸਾਮ ਹਾਕਰਜ਼ ਐਸੋਸੀਏਸ਼ਨ ਨੇ ਅਖਬਾਰਾਂ ਦਾ ਉਤਰ ਪੂਰਬੀ ਰਾਜ ਵਿਚ ਵਿਤਰਣ ਬੰਦ ਕਰ ਦਿੱਤਾ ਹੈ।

ਅਨੁਭਵੀ ਪੱਤਰਕਾਰ ਅਤੇ ਮੀਡੀਆ ਵਿਸ਼ਲੇਸ਼ਕ ਪ੍ਰਾਣ ਜੌਏ ਨੇ ਕਿਹਾ ਕਿ ਪਹਿਲਾਂ ਹੀ ਆਰਥਕ ਤੂਫਾਨਾਂ ਦਾ ਟਾਕਰਾ ਕਰ ਰਹੇ ਅਖਬਾਰੀ ਉਦਯੋਗਾਂ ਨੂੰ ਸਰਕਾਰ ਸਬਸਿਡੀਆਂ ਦੇਵੇ, ਕਿਉਂਕਿ ਅਖਬਾਰ ਉਸ ਸੂਰਜ ਵਾਂਗ ਹੈ, ਜੋ ਨਿੱਤ ਚੜ੍ਹਦਾ ਹੈ, ਵਰਨਾ ਲੋਕ ਰਾਜ ਦਾ ਇਹ ਚੌਥਾ ਥੰਮ੍ਹ ਡਿੱਗ ਪਵੇਗਾ। 2008 ਤੋਂ ਬਾਅਦ ਖਬਰਾਂ ਦੇ ਡਿਜੀਟਲ ਰੂਪ ਨੇ ਅਖਬਾਰ ਉਦਯੋਗ ਨੂੰ

(ਬਾਕੀ ਅਗਲੇ ਸਫੇ 'ਤੇ)




ਦੁਨੀਆਂ ਦੀ ਪ੍ਰਮੁੱਖ ਪੰਜ ਅਖਬਾਰਾਂ ਦੇ ਟਾਈਟਲ




ਯੂਰਪ ਦੇ ਨਿੱਕੇ ਜਿਹੇ ਦੇਸ਼ ਆਸਟ੍ਰੀਆ 'ਚ ਕਰੋਨਾ ਮਹਾਮਾਰੀ ਦੇ ਦੌਰ 'ਚ ਸੁਖ ਦਾ ਸਾਹ ਲੈਂਦੀਆਂ ਅਖਬਾਰਾਂ ਦੇ ਟਾਈਟਲ

# ਉੱਤਰ ਕਰੋਨਾ ਕਿਰਤ ਅਰਥ ਪੀੜ ਨਿਬੇੜੇ ਦਾ ਯੁੱਗ

ਕਰੋਨਾ-19 ਕਹਿਰ ਵੱਡੇ ਇਤਿਹਾਸਕ ਸੰਕਟਾਂ ਨਾਲ ਡਿੱਕ ਰਿਹੈ। ਵੱਡੀ ਜੰਗ ਜਿਹਾ। ਨਿਰਾ ਡਿੱਕ ਹੀ ਨਹੀਂ ਰਿਹਾ, ਸਗੋਂ ਉਨ੍ਹਾਂ ਤੋਂ ਵੀ ਵੱਡੀਆਂ ਚੁਣੌਤੀਆਂ ਦੇ ਚਰਚੇ ਛੇੜੀ ਬੈਠੈ। ਸਰਕਾਰਾਂ, ਵਿਗਿਆਨੀਆਂ, ਚਿੰਤਕਾਂ, ਲੇਖਕਾਂ ਤੇ ਪੱਤਰਕਾਰ ਵਿਸ਼ਲੇਸ਼ਕਾਂ ਦਰਮਿਆਨ ਭਖਵੇਂ ਤਪਸਰੇ ਹੋ ਰਹੇ ਹਨ। ਸੰਕਟਾਂ ਦੇ ਕਾਰਨਾਂ ਤੇ ਸਿੱਟਿਆਂ ਨੂੰ ਤੋਲਿਆ-ਮਿਣਿਆ ਜਾ ਰਿਹੈ। ਸੰਕਟ 'ਤੇ ਕਾਬੂ ਪਾਉਣ ਦੇ ਹੱਲ, ਦਵਾ-ਦਾਰੂਆਂ ਦੀਆਂ ਖੋਜਾਂ ਹੋ ਰਹੀਆਂ ਹਨ। ਖੋਜਾਰਥੀ ਦਿਨ ਰਾਤ ਸਿਧਾਂਤ, ਪਰੀਸਿਧਾਂਤ ਪੇਸ਼ ਕਰ ਪਹਿਲੇ ਨਾਲੋਂ ਬਿਹਤਰ ਤੇ ਉਚ ਪੱਧਰੇ ਸੰਯੋਜਨ 'ਤੇ ਪਹੁੰਚਣ ਵਾਸਤੇ ਤਜਰਬੇ ਕਰ ਰਹੇ ਹਨ। ਵਿਗਿਆਨੀ ਇਸ ਕਹਿਰ 'ਤੇ ਕਾਬੂ ਪਾਉਣ ਲਈ ਦ੍ਰਿੜ ਸੰਕਲਪ ਹਨ।

ਮਨੁੱਖ ਨੇ ਪਹਿਲੇ ਸੰਕਟਾਂ ਨਾਲ ਨਿਪਟਣ ਦੇ ਰਾਹ ਕੱਢੇ ਲਏ ਸਨ, ਪਰ ਜੇ ਪੇਟੈਂਟ ਦਵਾਈ ਨਾ ਵੀ ਲੱਭੀ, ਤਾਂ ਵੀ ਪਹਿਲੀਆਂ ਮਹਾਂਮਾਰੀਆਂ ਵਾਂਗ ਇਸ ਨਾਲ ਜਿਉਣ ਦੇ ਢੰਗ ਤਰੀਕੇ ਜ਼ਰੂਰ ਪੇਸ਼ ਕਰਨਗੇ। ਨਾਲ ਹੀ ਇਤਿਹਾਸਕ ਮਹਾਂਮਾਰੀਆਂ,



ਪ੍ਰਿੰ. ਬਲਕਾਰ ਸਿੰਘ ਬਾਜਵਾ
ਫੋਨ: 91-95305-17132

ਜੰਗਾਂ, ਯੁੱਧਾਂ ਦੇ ਪੂਰਵ ਉੱਤਰ ਹਾਲਾਤਾਂ ਨੂੰ ਵੀ ਡੂੰਘਾਈ ਨਾਲ ਮੁੜ ਘੋਖਿਆ, ਵਿਚਾਰਿਆ ਜਾ ਰਿਹੈ। ਉਹ ਸੰਕਟ ਕਿਹੜੇ ਹਾਲਾਤ 'ਚ ਅਤੇ ਕਿਉਂ ਤੇ ਕਿਵੇਂ ਪੈਦਾ ਹੋਏ? ਬਿਹਤਰ ਜ਼ਿੰਦਗੀ ਜਿਉਣ ਵਾਸਤੇ ਇਹੋ ਜਿਹੀਆਂ ਮਨੁੱਖੀ ਆਫਤਾਂ ਦੇ ਸਦੀਵੀ ਹੱਲ, ਵਿਗੜੀਆਂ ਸਥਿਤੀਆਂ ਨੂੰ ਸੋਧਣ, ਸੁਧਾਰਨ ਦੇ ਸਾਧਨ ਭਾਲਣ ਲਈ ਜੜ੍ਹਾਂ ਤੱਕ ਸਮੀਖਿਆ ਕੀਤੀ ਜਾ ਰਹੀ ਹੈ, ਪਰ ਇੱਕ ਅਵਾਜ਼ ਬੜੀ ਹੀ ਉੱਚੀ ਸੁਰ ਵਿਚ ਗੂੰਜ ਰਹੀ ਹੈ, "ਹਰ ਆਲਮੀ ਸੰਕਟ ਪਿੱਛੋਂ, ਸਰਕਾਰੀ ਤੰਤਰ ਤੇ ਸਮਾਜਕ ਤਾਣੇ-ਬਾਣੇ ਪਹਿਲਾਂ ਜਿਹੇ ਨਹੀਂ ਰਹਿੰਦੇ।"

ਇਤਿਹਾਸ 'ਤੇ ਝਾਤੀ ਮਾਰੋ। ਵੱਡੀਆਂ ਆਲਮੀ ਜੰਗਾਂ, ਮਹਾ ਆਰਥਕ ਮੰਦੀਆਂ, ਕੁਦਰਤੀ ਸੁਨਾਮੀਆਂ, ਭੁਚਾਲਾਂ ਤੇ ਆਫਤਾਂ ਨੇ ਹਰ ਦੇਸ਼ ਦੀਆਂ ਵਿਚਾਰਧਾਰਕ ਦਿਸ਼ਾਵਾਂ, ਸਿਆਸੀ, ਸਮਾਜਕ, ਸਭਿਆਚਾਰਕ ਤੇ ਭੂਗੋਲਿਕ ਸੰਰਚਨਾਵਾਂ ਵਿਚ ਉਥਲ-ਪੁੱਥਲ ਕਰ ਦਿੱਤੀ ਸੀ। ਵਰਲਡ ਵਾਰੀ ਨੂੰ ਵੇਖ ਲਵੋ। ਜਰਮਨੀ ਵਿਚ ਬਾਦਸ਼ਾਹਤ ਖਤਮ ਹੋਈ। ਉਹ 1918 'ਚ ਗਣਰਾਜ ਬਣ ਗਿਆ। ਰੂਸੀ ਜ਼ਾਰਸ਼ਾਹੀ ਦਾ ਬਿਸਤਰਾ ਲਪੇਟਿਆ ਗਿਆ। ਅਕਤੂਬਰ ਇਨਕਲਾਬ (1917) ਨਾਲ ਯੂਨੀਅਨ ਆਫ ਸੋਵੀਅਤ ਰਸ਼ੀਆ ਹੋਂਦ 'ਚ ਆ ਗਿਆ। ਏਸ਼ੀਆ ਤੇ ਅਫਰੀਕਾ ਵਿਚ ਸੁਤੰਤਰਤਾ ਲਹਿਰਾਂ ਜ਼ੋਰ ਫੜ ਗਈਆਂ। ਕੌਮਾਂਤਰੀ ਲੀਗ ਆਫ ਨੇਸ਼ਨਜ਼ ਹੋਂਦ 'ਚ ਆ ਗਈ।

ਪਰ ਵਰਸੇਲਜ਼ ਦੇ ਕਰੜੇ ਸਮਝੌਤੇ ਦੂਜੇ ਸੰਸਾਰ ਯੁਧ ਦਾ ਕਾਰਨ ਵੀ ਬਣੇ। ਸਾਮਰਾਜਵਾਦ ਤੇ ਫਾਸ਼ੀਵਾਦ ਦੀਆਂ ਨੀਂਹਾਂ ਹਿੱਲ ਗਈਆਂ। ਆਜ਼ਾਦੀ ਲਹਿਰਾਂ ਅੱਗੇ ਵਧੀਆਂ, ਪਰ ਇਤਿਹਾਸ ਸਿੱਧੀ ਲੀਹੇ ਵੀ ਨਹੀਂ ਚੱਲਦਾ। ਸਾਮਰਾਜ ਨੇ ਨਵਬਸਤੀਵਾਦੀ, ਉਦਾਰਵਾਦੀ ਮੁਖੌਟੇ ਪਾ ਮੁੜ ਉਹੋ ਚਾਲੇ ਫੜ ਲਏ। ਉਹੋ ਹੀ ਆਸ਼ੇ, ਉਹੋ ਹੀ ਮਨਸ਼ੇ। ਪੱਛਮੀ ਜਰਮਨੀ ਤੇ ਪੂਰਬੀ ਜਰਮਨੀ ਦੋ ਵੱਡੇ ਸ਼ਕਤੀਸ਼ਾਲੀ ਬਲਾਕਾਂ ਵਿਚ ਵੰਡਿਆ ਗਿਆ। ਕੋਲਡ ਵਾਰ ਦਾ ਘੜਮੱਸ ਛਿੜ ਪਿਆ। ਯੂ. ਐਨ. ਓ. 1945 ਵਿਚ ਸਥਾਪਤ ਹੋ ਗਈ, ਪਰ ਵੱਡੀਆਂ ਤਾਕਤਾਂ ਦੇ ਵੀਟੋ ਅਧਿਕਾਰ ਨੇ ਸਾਮਰਾਜੀ ਤੇ ਸਾਮਵਾਦੀ ਟੱਕਰ ਜਾਰੀ ਰੱਖੀ। ਪਛੜੇ ਅਵਿਕਸਿਤ ਦੇਸ਼ਾਂ ਦੀਆਂ ਮੰਡੀਆਂ 'ਤੇ ਆਪਣੇ ਰਸੂਖ ਜਮਾਉਣ ਲਈ ਦੋਹਾਂ ਬਲਾਕਾਂ ਦੀ ਖਿੱਚੋਤਾਣ ਵਧ ਗਈ। ਹਰ ਦੇਸ਼ ਦੀਆਂ ਸਥਾਨਕ ਪ੍ਰਗਤੀਸ਼ੀਲ ਲਹਿਰਾਂ ਵੀ ਜ਼ੋਰ ਫੜਨ ਲੱਗ ਪਈਆਂ।

ਸੋਵੀਅਤ ਯੂਨੀਅਨ ਦਾ ਪ੍ਰਭਾਵ ਹਰ ਦੇਸ਼ ਦੀ ਮਜ਼ਦੂਰ ਤੇ ਕਿਸਾਨੀ ਜਮਾਤਾਂ ਨੇ ਕਬੂਲਿਆ। ਲਾਂਗ ਮਾਰਚ ਪਿੱਛੋਂ ਮਾਉ ਜ਼ੇ ਤੁੰਗ ਦੀ ਵਿਚਾਰ ਧਾਰਾ ਦਾ ਪ੍ਰਭਾਵ ਫੈਲਣਾ ਸ਼ੁਰੂ ਹੋ ਗਿਆ। ਏਸ਼ੀਅਨ ਮਹਾਂਦੀਪ ਵਿਚ ਪੀਪਲਜ਼ ਰਿਪਬਲਿਕ ਆਫ ਚਾਇਨਾ ਨੇ ਪਛੜੇ ਦੇਸ਼ਾਂ ਵਾਸਤੇ ਇੱਕ ਰੋਲ ਮਾਡਲ ਵੀ ਤੇ ਵਿਕਾਸ ਸਾਧਨਾਂ ਦੀ ਢਾਲ ਤੇ ਢੋਈ ਵੀ ਬਣ ਗਿਆ। ਵੀਅਤਨਾਮ ਵਰਗੇ ਛੋਟੇ ਜਿਹੇ ਦੇਸ਼ ਨੇ ਅਮਰੀਕੀ ਸਾਮਰਾਜ ਵਿਰੁੱਧ 20 ਸਾਲ ਯੁੱਧ ਲੜਿਆ। ਲੋਕਾਂ ਨੇ ਵਰ੍ਹਦੇ ਬੰਬਾਂ ਵਿਚ ਮੋਢਾ ਵਹਿਗੀਆਂ ਰਾਹੀਂ ਫਰੰਟ 'ਤੇ ਲੜਦੇ ਸੂਰਮਿਆਂ ਵਾਸਤੇ ਪੂਰਤੀ ਲਾਈਨਾਂ ਕਾਇਮ ਰੱਖੀਆਂ। ਅਮਰੀਕੀ ਫੌਜ ਨੇ ਨਪਾਮ ਬੰਬਾਂ ਦੀ ਵਰਤੋਂ ਵੀ ਕੀਤੀ। ਆਖਿਰ ਉਸ ਨੂੰ ਸੈਗੋਨ 'ਚੋਂ ਹੈਲੀਕਾਪਟਰਾਂ ਰਾਹੀਂ ਭੱਜਣਾ ਪਿਆ। ਇਹ ਕ੍ਰਿਸ਼ਮਾ ਲੋਕ ਸ਼ਕਤੀ ਦਾ ਸੀ।

ਉਧਰ ਵੀਅਤਨਾਮ ਤੇ ਉੱਤਰ ਕੋਰੀਆ ਨੇ ਸਿੱਧੇ ਹੀ ਚੀਨ ਦੇ ਮਾਡਲ 'ਤੇ ਚੱਲਦਿਆਂ ਬੜੀ ਤੇਜ਼ੀ ਨਾਲ ਕਿਰਤੀ ਤੇ ਗਰੀਬ ਵਰਗਾਂ ਵਾਸਤੇ ਸਿੱਖਿਆ, ਸਿਹਤ, ਸੁਰੱਖਿਆ, ਸੰਚਾਰ ਵਿਚ ਇਨਕਲਾਬੀ ਪਰਿਵਰਤਨ ਲੈ ਆਂਦੇ। ਜੋ ਆਲਮ ਭਰ ਦੇ ਮਿਹਨਤਕਸ਼ ਗਰੀਬ ਵਰਗਾਂ ਦੇ ਰਾਹ ਦਸੇਰੇ ਬਣ ਗਏ। ਸਾਮਵਾਦੀ ਲਾਲ ਸਿਤਾਰਾ ਦਮਕਣ ਲੱਗ ਪਿਆ। ਜਨਤਕ ਸੇਵਾਵਾਂ ਵਿਚ ਬਿਹਤਰੀ ਤੇ ਭਲਾਈ ਵਿਚ ਓੜਕਾਂ ਦਾ ਵਾਧਾ ਹੋਇਆ। ਸਾਮਰਾਜੀ ਮਹਾ ਸ਼ਕਤੀ ਦੀ ਬਗਲ ਵਿਚ ਹੀ ਛੋਟਾ ਜਿਹਾ ਕਿਊਬਾ ਸਮਾਜਵਾਦੀ ਲੀਹਾਂ 'ਤੇ ਚੱਲ ਪਿਆ। ਉਹਨੇ ਸਿਹਤ, ਸਿੱਖਿਆ ਅਤੇ ਪੌਸ਼ਟਿਕ ਖੁਰਾਕ ਮੁਹੱਈਆ ਕਰਨੀ ਮੌਲਿਕ ਅਧਿਕਾਰ ਬਣਾ ਦੇਸ਼ ਨੂੰ ਉਨਤੀ ਦੇ ਰਾਹ ਪਾਇਆ। ਛਾਉਣੀਆਂ ਨੂੰ ਮੈਡੀਕਲ ਤੇ ਸਿੱਖਿਆ ਕੇਂਦਰਾਂ ਵਿਚ ਬਦਲ ਦਿੱਤਾ। ਕੌਮਾਂਤਰੀ ਪੱਧਰ 'ਤੇ ਆਰਮਾਮੈਂਟ ਦੀ ਥਾਂ ਮੈਡੀਕਲ ਡਿਪਲੋਮੇਸੀ ਰਾਹੀਂ ਸੁਰਖਿਅਤ ਤੇ ਸਿਹਤਮੰਦ ਦੇਸ਼ ਬਣ ਗਿਆ। ਅੱਜ ਉਸ ਕੋਲ ਪ੍ਰਤੀ ਹਜ਼ਾਰ ਦੇ 8 ਡਾਕਟਰ ਹਨ- ਦੁਨੀਆਂ 'ਚ ਸਭ ਤੋਂ ਉੱਪਰ। ਭਾਰਤ ਕੋਲ ਪੂਰਾ ਇੱਕ ਵੀ ਨਹੀਂ (0.8)।

ਅੱਜ ਕਰੋਨਾ ਕਹਿਰ ਦੌਰਾਨ ਉਹ ਪੀੜਤ ਮੁਲਕਾਂ ਨੂੰ ਡਾਕਟਰੀ ਸਾਜ਼ੋ-ਸਾਮਾਨ ਸਮੇਤ ਅਮਲੇ ਦੇ ਮਦਦ ਦੇਣ ਦੇ ਐਲਾਨ ਕਰ ਰਿਹੈ। ਜਦੋਂ ਕਿ ਸਾਮਰਾਜੀ ਸ਼ਕਤੀ ਯੂ. ਐਸ. ਖੁਦ ਹੀ ਇਸ ਅੱਗੇ ਬੇਬਸ ਪ੍ਰਤੀਤ ਹੋ ਰਿਹੈ। ਪਹਿਲੀ ਜੰਗ ਪਿੱਛੋਂ ਰੂਸ ਵਿਚ ਜ਼ਾਰਸ਼ਾਹੀ ਦੀ ਥਾਂ ਤੇ ਲੈਨਿਨ ਦੀ ਅਗਵਾਈ 'ਚ ਸਮਾਜਵਾਦੀ ਯੁੱਗ ਅਰੰਭ ਹੋਇਆ। ਇਸ ਵਿਚ 'ਹਰ ਕੋਲੋਂ ਉਸ ਦੀ ਯੋਗਤਾ ਅਨੁਸਾਰ, ਹਰ ਇੱਕ ਨੂੰ ਉਸ ਦੀ ਦੇਣ ਅਨੁਸਾਰ' 'ਤੇ ਅਮਲ ਸ਼ੁਰੂ ਹੋਇਆ। ਇਸ ਦੀ ਅਗਲੀ ਅਵਸਥਾ ਸੀ ਸਾਮਵਾਦ, ਜਿੱਥੇ 'ਹਰ ਇੱਕ ਕੋਲੋਂ ਉਸ ਦੀ ਸਮਰੱਥਾ ਅਨੁਸਾਰ, ਹਰ ਇੱਕ ਨੂੰ ਉਸ ਦੀ ਲੋੜ ਅਨੁਸਾਰ' ਲਾਗੂ ਹੋਣਾ ਸੀ। ਪਰ ਲੀਡਰਸ਼ਿਪ ਕੋਲੋਂ ਸਮਾਜਵਾਦੀ ਤੰਤਰ ਮਜ਼ਬੂਤ ਨਾ ਹੋਇਆ ਤੇ ਸੋਵੀਅਤ ਯੂਨੀਅਨ ਢਹਿ ਢੇਰੀ ਹੋ ਗਿਆ।

ਪਿੱਛੋਂ ਪੂੰਜੀਸ਼ਾਹੀ ਦੇ 20 ਸਾਲ ਦੇ ਰਾਜ ਵਿਚ ਸਮਾਜਵਾਦੀ ਸਕੀਮਾਂ ਬਿਨਾ ਕੰਮ ਨਾ ਚੱਲਿਆ। ਉਸ ਨੇ ਕਾਰਪੋਰੇਟਾਂ 'ਤੇ ਸ਼ਿਕੰਜਾ ਕੱਸਿਆ ਅਤੇ ਵਿਦਿਅਕ ਪ੍ਰਬੰਧ, ਸਿਹਤ ਸੇਵਾਵਾਂ, ਲੋਕ ਵਸੇਬੇ ਤੇ ਖੇਤੀ ਮਸਲਿਆਂ ਲਈ ਕੌਮੀ ਤਰਜੀਹ ਯੋਜਨਾਵਾਂ ਅਰੰਭ ਦਿੱਤੀਆਂ। ਸਰਕਾਰੀ ਮੁਲਾਜ਼ਮਾਂ, ਬੁਢੇਪਾ ਪੈਨਸ਼ਨਾਂ ਤੇ ਸਿਹਤ ਸਹੂਲਤਾਂ ਵਿਚ ਵੱਡੇ ਵਾਧੇ ਕਰ ਦਿੱਤੇ, ਜਿਸ ਕਰਕੇ ਉਸ ਦੀ ਰਾਜ ਸ਼ਕਤੀ ਕਾਇਮ ਹੈ। ਕਰੋਨਾ ਕਹਿਰ ਰੂਸ ਵਿਚ ਬਹੁਤੀ ਮਾਰ ਨਹੀਂ ਮਾਰ ਸਕਿਆ।

ਭਾਰਤ 'ਚ ਲੌਕਡਾਊਨ, ਕਰਫਿਊ, ਕੰਮ ਬੰਦ, ਦਿਹਾੜੀਦਾਰ ਕਾਮਿਆਂ ਦੇ ਪੀਪੇ ਖਾਲੀ। ਅੰਦਰੀਂ ਡੱਕੀ ਵਿਲਕਦੀ ਕਾਮਾ ਸ਼ਕਤੀ। ਕਰੋਨਾ ਕਹਿਰ ਦੇ ਬੱਦਲਾਂ ਹੇਠ ਲੌਕਡਾਊਨ ਪੀੜਤ ਸਿਰਜਣਹਾਰੇ (40-50 ਕਰੋੜ), ਸਾਧਨ ਵਿਹੂਣਿਆਂ ਦੀਆਂ ਸਿਸਕੀਆਂ ਮਹਿਸੂਸੀਆਂ ਜਾ ਸਕਦੀਆਂ ਹਨ। ਉਨ੍ਹਾਂ 'ਤੇ ਕਿਆਮਤ ਦੇ ਬੱਦਲ ਛਾਏ ਹੋਏ ਨੇ। ਅਫਰਾ-ਤਫਰੀ ਵਧੀ ਹੋਈ ਐ। ਭੁੱਖ ਦੇ ਮਾਰੇ ਪਿੱਤਰੀ ਸੂਬਿਆਂ ਵੱਲ ਉਠ ਤੁਰੇ, ਲਾਂਗ ਮਾਰਚਾਂ ਦੇ ਰੂਪ ਵਿਚ। ਮਰ ਵੀ ਰਹੇ ਹਨ, ਧੱਕੇ ਵੀ ਖਾ ਰਹੇ ਹਨ। ਦੇਸ਼ ਦੀ ਚਾਣਕਿਆ ਨੀਤੀ ਲੋਕਾਂ ਦਾ ਢਿੱਡ ਨਹੀਂ ਭਰ ਸਕੀ। ਨਿਰੋਲ ਗੱਲਾਂ ਦੇ ਕੜਾਹ, ਗੁੜਾਵੇ, ਹਰ ਦੂਜੇ ਦਿਨ ਪਰੋਸੇ ਜਾ ਰਹੇ ਹਨ। 'ਸਭ ਕਾ ਸਾਥ, ਸਭ ਕਾ ਵਿਕਾਸ'; 'ਵੋਕਲ ਇੰਡੀਆ, ਲੋਕਲ ਇੰਡੀਆ, ਗਲੋਬਲ ਇੰਡੀਆ' ਪਿੰਗਲ ਰੂਪੀ ਜੁਮਲਿਆਂ ਦਾ ਯੁੱਗ, ਰਹਿਨਮਾਓ! ਬੀਤ ਚੁੱਕਿਐ।

ਕਰੋਨਾ ਦਾ ਮੁਕਾਬਲਾ ਕਰਨ ਲਈ ਅਹਿਮ ਸਮਾਜਕ ਮਹਿਕਮਿਆਂ ਦਾ ਕੌਮੀਕਰਣ ਕਰਨਾ ਬੜਾ ਜ਼ਰੂਰੀ ਹੈ। ਕਰੋਨਾ ਅੱਗੇ ਸਾਮਰਾਜ ਹਾਰ ਗਿਐ, ਕੌਮੀ ਸਟੇਟਾਂ ਕਿਹੜੇ ਬਾਗ ਦੀਆਂ ਮੂਲੀਆਂ ਨੇ! ਲੋਕ ਬੇਚੈਨੀ, ਬਦਅਮਨੀ ਵਧ ਕੇ ਤੂਫਾਨ ਬਣ ਜਾਣੈ। ਲਾਭ ਬਨਾਮ ਕਿਰਤ ਲੁੱਟ ਦੀ ਇੱਕ ਫੈਸਲਾਕੁਨ ਟੱਕਰ ਬਣ ਰਹੀ ਹੈ। ਲੋੜ ਹੈ, ਹੁਣ ਸਰਕਾਰੀ ਕਾਮਿਆਂ, ਦਿਹਾੜੀਦਾਰਾਂ ਤੇ ਅਸੰਗਠਿਤ ਕਿਰਤ ਨੂੰ ਅਰਥ ਸੁਰੱਖਿਆ ਦੇਣ ਦੀ। ਹੁਣ ਤਾਂ ਕੁਝ ਇਮਾਨਦਾਰ ਨੀਤੀਆਂ ਲਾਗੂ ਕਰਨ ਦੀ ਘੜੀ ਹੈ। ਉਦੋਂ ਹੀ ਕਰੋਨਾ ਗਰਜਿਆ! ਮੈਂ ਧੌਲਰਾਂ ਤੇ ਝੌਂਪੜੀਆਂ ਨੂੰ ਇੱਕੋ ਅੱਖ ਵੇਖਦਾ ਆਂ। ਅਮੀਰੋ, ਪੂੰਜੀਪਤੀਓ! ਮੈਂ ਸਮੁੱਚੇ ਸੰਸਾਰ ਨੂੰ ਸੰਬੋਧਿਤ ਹਾਂ। ਮੈਂ ਇੱਕ ਇਨਕਲਾਬੀ ਵਾਇਰਲ ਹਾਂ। ਵੇਖੋ ਮੇਰੇ ਨਾਂ ਤੋਂ ਹੀ ਦੁਨੀਆਂ ਕੰਬਦੀ ਹੈ। ਮੇਰਾ ਮੁਕਾਬਲਾ ਐਟਮੀ ਸ਼ਕਤੀ ਵੀ ਨਹੀਂ ਕਰ ਸਕਦੀ। ਖਟਮਲ ਇੱਕ ਛੋਟਾ ਜਿਹਾ ਜੀਵ ਹੁੰਦੈ। ਉਹਦਾ ਮੁਕਾਬਲਾ ਸ਼ੇਰ, ਚੀਤੇ, ਬਘੇਲੇ ਵੀ ਨਹੀਂ ਕਰ ਸਕਦੇ। ਮੈਂ ਤਾਂ ਉਹਤੋਂ ਵੀ ਛੋਟਾ, ਬਰੀਕ ਜਿਹਾ ਵਿਸ਼ਾਣੂ ਹਾਂ। ਮੇਰੀ ਛੂਆ-ਛੂਤ ਏਨੀ ਸੂਖਮ ਤੇ ਤੇਜ਼ ਕਿ ਪਤਾ ਹੀ ਨਹੀਂ ਲੱਗਦਾ ਕਦੋਂ, ਕਿੱਥੋਂ ਤੇ ਕਿਸ ਤਰ੍ਹਾਂ ਜਹਾਜ਼ਾਂ ਵਿਚ, ਬਿਜਨੈਸ ਤੇ ਇਕਾਨਮੀ ਕਲਾਸਾਂ ਰਾਹੀਂ ਸਫਰ ਕਰ ਵੱਖ ਵੱਖ ਦੇਸ਼ਾਂ ਵਿਚ ਜਾ ਪ੍ਰਗਟ ਹੋਇਆਂ। ਮੈਂ ਪੈਦਲ ਨਹੀਂ ਤੁਰਦਾ।

ਪਿਛਲੀਆਂ ਏਡਜ਼ (ਐਚ. ਆਈ. ਵੀ.), ਸਪੇਨਿਸ਼ ਫਲੂ, ਓਬੋਲਾ ਆਦਿ ਜਿਹੀਆਂ ਮਹਾਂਮਾਰੀਆਂ ਨੇ ਸਰਕਾਰਾਂ, ਡਾਕਟਰਾਂ, ਵਿਗਿਆਨਕਾਂ ਨੂੰ ਚੱਕਰਾਂ 'ਚ ਪਾ ਦਿੱਤੈ। ਹੁਣ ਵੀ ਹਰ ਦੇਸ਼ ਵਾਸੀ ਨੂੰ ਮੇਰੇ ਨਾਲ ਜੂਝਣਾ ਪੈ ਰਿਹੈ ਤੇ ਅੱਗੇ ਤੋਂ ਬਚ ਕੇ ਮੇਰੇ ਨਾਲ ਜਿਉਣਾ ਸਿੱਖਣਾ ਪੈਣੈ। ਕਿਹੜੇ ਸਰਕਾਰੀ ਮਹਿਕਮੇ ਮੇਰੇ ਨਾਲ ਸਫਲਤਾ ਸਹਿਤ ਡਟੇ ਹਨ? ਘੋਖਵੀਂ, ਪੜਚੋਲਵੀਂ ਨਿਗਾਹ ਮਾਰਿਆਂ ਸਪਸ਼ਟ ਦਿੱਸਣ ਲੱਗ ਪੈਂਦਾ। ਜਨਤਕ ਸਿਹਤ, ਸਿੱਖਿਆ, ਸੰਚਾਰ, ਸੁਰੱਖਿਆ ਤੇ ਵੰਡ ਤੰਤਰ ਹੀ ਮੋਹਰੀ ਹੋ ਮੇਰੇ ਨਾਲ ਦੋ ਹੱਥ ਹੋਏ ਨੇ। ਨਿਜੀ ਅਦਾਰੇ, ਪ੍ਰਾਈਵੇਟ ਹਸਪਤਾਲਾਂ ਦੇ ਕਾਰਕੁਨ ਪੁਛਾਂ ਦਬਾ ਏਕਾਂਤਵਾਸਾਂ ਵਿਚ ਜਾ ਦੁਬਕੇ। ਘਰ ਘਰ, ਗਲੀ ਗਲੀ, ਮੁਹੱਲੇ ਮੁਹੱਲੇ, ਪਿੰਡ ਪਿੰਡ, ਕਸਬਾ ਕਸਬਾ ਜੂਝਣ ਨਾਲ ਮੁਨਾਫਾ ਕੋਈ ਨਹੀਂ ਸੀ ਹੋਣਾ। ਨਫੇ ਨੁਕਸਾਨ ਦੇ ਸ਼ਤਰੰਜੀ ਖਿਡਾਰੀ ਕਾਹਨੂੰ ਟਿਕਦੇ ਨੇ। ਰਣ ਤੱਤੇ ਵਿਚ ਤਾਂ ਸਮਾਜ ਸੇਵੀ ਸੂਰਮੇ ਹੀ ਡਟਦੇ ਨੇ। ਮੰਨਣਾ ਪਏਗਾ ਕਿ ਜਨਤਕ ਹਸਪਤਾਲਾਂ ਦੇ ਡਾਕਟਰ, ਨਰਸਾਂ, ਪੈਰਾ ਮੈਡੀਕਲ ਅਮਲਾ ਜਿਸ ਤਰ੍ਹਾਂ ਦੇ ਵੀ ਸਾਜ਼ੋ-ਸਾਮਾਨ, ਮਾੜੇ-ਚੰਗੇ, ਅਧੂਰੇ-ਅਧੋਰਾਣੇ ਨਾਲ ਲੈਸ ਸੀ, ਬਹਾਦਰਾਂ ਵਾਂਗ ਲੜਿਐ, ਤੇ ਲੜ ਰਹੇ ਹਨ। ਬਿਮਾਰ ਹੋਏ, ਇਕਾਂਤਵਾਸ ਰਹੇ। ਠੀਕ ਹੋ ਫਿਰ ਫਰੰਟ 'ਤੇ ਆ ਡਟੇ।

ਬੇਬਾਕ ਫੱਕਰ ਸ਼ਾਇਰ ਉਸਤਾਦ ਦਮਨ ਸਹੀ ਫਰਮਾਉਂਦੇ, "ਵਾਘੇ ਨਾਲ ਅਟਾਰੀ ਦੀ ਨਹੀਂ ਟੱਕਰ, ਨਾ ਹੀ ਗੀਤਾ ਨਾਲ ਕੁਰਾਨ ਦੀ ਏ; ਨਹੀਂ ਕੁਫਰ ਇਸਲਾਮ ਦਾ ਕੋਈ ਝਗੜਾ, ਸਾਰੀ ਗੱਲ ਇਹ ਨਫੇ ਨੁਕਸਾਨ ਦੀ ਏ।" ਸਾਫ ਟੱਕਰ ਕਾਰਪੋਰੇਟ ਬਨਾਮ ਕਿਰਤ ਦੀ ਹੈ। ਲਹੂ ਪੀਣੀਆਂ ਜੋਕਾਂ ਬਨਾਮ ਮਿਹਨਤਕਸ਼ਾਂ ਦੀ। ਇਹ ਵਿਚਾਰ ਕੋਈ ਸ਼ੋਸ਼ਾ, ਗਪੌੜ ਛੁਰਲੀ ਜਾਂ ਖੰਭਾਂ ਦੀ ਡਾਰ ਨਾ ਸਮਝਿਓ! ਵੀਰਨੋ! ਇਹ ਤਾਂ ਇੱਕ ਦੂਰਦ੍ਰਿਸ਼ਟ ਸੰਕਲਨ ਹੈ। ਗੁਲਦਸਤੇ 'ਚੋਂ ਉਗਮਿਐ, ਐਵੇਂ ਇੱਕ ਭਾਵੁਕ ਹੌਕਾ ਨਹੀਂ। ਭੁੱਲੀਏ ਨਾ ਯਹੂਦੀਆਂ ਵਾਂਗ ਹੁਣ ਵੀ ਸਾਨੂੰ ਆਪਣੀਆਂ ਪੁਸ਼ਤਾਂ ਨੂੰ ਉਚੇਰੀ ਸਿੱਖਿਆ ਦੇ ਕੇ ਦੇਸ਼ ਹਵਾਲੇ ਕਰਨਾ ਪੈਣੈ। ਮਾਰੂਥਲਾਂ ਵਿਚ ਧੱਕੇ ਸੁੱਟਿਆਂ ਨੇ ਸੂਝ, ਸੋਚ, ਸਿਰੜ ਨਾਲ ਰੇਗਿਸਤਾਨ ਵਿਚ ਨਖਲਿਸਤਾਨ ਪੈਦਾ ਕਰ ਵੱਡੀਆਂ ਸ਼ਕਤੀਆਂ ਦੇ ਹਾਣ ਦੇ ਬਣ ਆਪਣੇ ਸਵੈਮਾਨ ਨਾਲ ਜਿਉਣਾ ਸਿੱਖਿਐ। ਇਸ ਸੱਚ ਨੂੰ ਪਛਾਣ ਲੋਕ ਪੱਖੀ ਦੇਸ਼ਾਂ ਦੀਆਂ ਸਰਕਾਰਾਂ ਸਿਹਤ, ਸਿੱਖਿਆ, ਸੰਚਾਰ, ਵੰਡ ਜਿਹੇ ਬੁਨਿਆਦੀ ਤੰਤਰਾਂ ਦਾ ਕੌਮੀਕਰਣ ਕਰ ਦਿੱਤੈ। ਯੂ. ਕੇ., ਅਮਰੀਕਾ, ਯੂਰਪ ਦੀਆਂ ਕਈ ਸਰਕਾਰਾਂ ਸਟੇਟ ਕੰਟਰੋਲ ਲਾਗੂ ਕਰ ਰਹੀਆਂ ਹਨ। ਫੋਰਡ ਜਿਹੀ ਕੰਪਨੀ ਨੂੰ ਵੈਂਟੀਲੇਟਰ ਬਣਾਉਣ ਲਾ ਦਿੱਤੈ। ਹੁਣ ਡਾਇਲੈਕਟੀਕਲ ਤੇ ਡਾਇਗਨਲ ਦਾ ਸਵਾਲ ਨਹੀਂ। ਚੋਣ ਹੈ, 'ਬਰਾਬਰਵਾਦ ਜਾਂ ਸਾਮਵਾਦ।'

ਮਹਾਨ ਚਿੰਤਕ ਇਨ੍ਹਾਂ ਜਨਤਕ ਸੇਵਾਵਾਂ ਦੇ ਕੌਮੀਕਰਣ 'ਤੇ ਬੜੀ ਦੇਰ ਤੋਂ ਜ਼ੋਰ ਦਿੰਦੇ ਆ ਰਹੇ ਹਨ। ਤਜਰਬੇ ਸਫਲ ਵੀ ਹੋਏ ਹਨ। ਉਹ ਤਾਂ ਹੁਣ ਡਬਲਿਊ. ਐਚ. ਓ. 'ਤੇ ਜ਼ੋਰ ਪਾਉਂਦੇ ਹਨ ਕਿ ਇਨ੍ਹਾਂ ਜ਼ਰੂਰੀ ਮਾਨਵੀ ਸੇਵਾਵਾਂ ਦੀ ਇੱਕ ਧਾਰਾ ਵਿਸ਼ਵ ਪੱਧਰ 'ਤੇ ਤੋਰਨੀ ਚਾਹੀਦੀ ਹੈ। ਆਲਮ ਭਰ ਵਿਚ ਸੰਸਾਰੀਕਰਨ, ਸੰਸਕਾਰਤਾ ਜ਼ਰੂਰੀ ਲੋੜ ਬਣਦੀ ਜਾ ਰਹੀ ਹੈ! ਅਜਿਹੀਆਂ ਪ੍ਰਸਿਥੀਆਂ ਆਉਣ ਵਾਲੇ ਸਮਿਆਂ ਵਿਚ ਦਰਪੇਸ਼ ਹੁੰਦੀਆਂ ਰਹਿਣੀਆਂ ਨੇ। ਜਿਵੇਂ ਕਿਹਾ ਜਾ ਰਿਹਾ ਹੈ ਕਿ ਅਗਲੀ ਮਹਾਮਾਰੀ ਅਮਾਜ਼ੋਨ ਦੇ ਜੰਗਲਾਂ 'ਚੋਂ ਆਵੇਗੀ, ਜੋ ਕਿਆਮਤ ਬਣ ਸਕਦੀ ਹੈ। ਪਰ ਏਦਾਂ ਦਾ ਆਦਰਸ਼ਕ ਸੁਭਾਅ ਹਾਲੀ ਸ਼ਾਇਦ ਕੌਮੀ ਹੋਂਦਾਂ ਟੱਪ ਨਾ ਸਕੇ। ਕਰੋਨਾ ਫਿਰ ਯਾਦ ਕਰਾਉਂਦੈ।

ਵੇਖੋ! ਮੇਰੇ ਕਹਿਰ ਸਾਹਮਣੇ ਐਟਮੀ ਜੰਗ ਤੇ ਵਾਤਾਵਰਣ ਸੰਕਟ ਦੀ ਕੋਈ ਗੱਲ ਨਹੀਂ ਕਰਦਾ। ਮੈਂ ਫਿਰ ਉਨ੍ਹਾਂ ਤੋਂ ਉੱਪਰ ਹੋਇਆ ਨਾ! ਮੈਂ ਤਾਂ ਸਰਕਾਰਾਂ ਨੂੰ ਤੁਰੰਤ ਤਿੱਖੇ ਤੇ ਦਲੇਰ ਫੈਸਲੇ ਲੈਣ ਦਾ ਮੌਕਾ ਦਿੱਤੈ। ਚਲੰਤ ਕਰੋਨਾ ਸੰਕਟੀ ਪ੍ਰਿਜ਼ਮ ਵਿਚ ਵੇਖਣ ਵਾਲਿਆਂ ਮਾਹਿਰਾਂ ਨੂੰ ਵਿਸ਼ਵ ਕਲਿਆਣ ਅਰਥ ਪ੍ਰਬੰਧਨ 'ਚ ਹੀ ਦਿੱਸਦੈ। ਲੋਕਲ ਆਤਮ ਬਲ, ਆਤਮ ਵਿਸ਼ਵਾਸ, ਸੰਕਟੀ ਮੰਤਰ ਹਨ। ਚੋਣ ਅਸੀਂ, ਤੁਸੀਂ, ਅਸਾਂ ਸਭ ਨੇ ਮਿਲ ਕੇ ਕਰਨੀ ਹੈ। ਨਿੰਤਰ ਕੇ ਚੋਣ ਬਰਬਰਵਾਦ (ਵਹਿਸ਼ੀ, ਅਸੱਭਿਅਕ ਤੌਰ ਤਰੀਕੇ) ਅਤੇ ਸਾਮਵਾਦ ਵਿਚੋਂ ਕਰਨੀ ਪੈਣੀ ਹੈ। ਨਸਲਵਾਦ ਤੇ ਫਿਰਕੂਪੁਣੇ ਦਾ ਝੱਖੜ ਉਥੇ ਝੁੱਲਦੈ, ਜਿੱਥੇ ਬੇਇਨਸਾਫੀ ਹੋਵੇ। ਸਭ ਕੁਝ ਬਿਹਤਰੀਨ ਪ੍ਰਦਾਨ ਕਰਨ ਲਈ ਸਟੇਟ ਨਿਯੰਤਰਣ ਵਧਾਉਣੇ ਪੈਣੇ ਹਨ।

ਇਸ ਮਰਹਲੇ 'ਤੇ ਕੌਮੀ ਸਰਕਾਰਾਂ ਨੂੰ ਫੌਜਾਂ ਵਾਂਗ ਸਿਹਤ, ਸਿੱਖਿਆ, ਸੰਚਾਰ, ਕਿਰਤ ਵਿਭਾਗਾਂ ਦੇ ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਵੇਤਨ ਸਟੇਟ ਕੰਟਰੋਲ ਹੇਠ ਵੱਡੀਆਂ ਯੋਜਨਾਬੰਦੀਆਂ ਕਰਨੀਆਂ ਪੈਣਗੀਆਂ। ਇਨ੍ਹਾਂ ਪ੍ਰਤੀ ਉਦਾਸੀਨਤਾ ਘਾਤਕ ਸਿੱਧ ਹੋਵੇਗੀ। ਕਾਰਪੋਰੇਟੀ ਨਿਜੀਕਰਨ ਨੂੰ ਇਨ੍ਹਾਂ ਖੇਤਰਾਂ 'ਚੋਂ ਹਾਰਿਆ ਗਰਦਾਨ ਕੇ ਖਾਰਜ ਕਰਨਾ ਪਵੇਗਾ। ਵਿਗਿਆਨ, ਮੈਡੀਕਲ ਤੇ ਸਿਹਤ ਸਿੱਖਿਆ ਮੁਢਲੀਆਂ ਸ਼੍ਰੇਣੀਆਂ ਤੋਂ ਅਰੰਭ ਹੋ ਜਾਣੀ ਚਾਹੀਦੀ ਹੈ। ਅਜਿਹੀ ਮਹਾਮਾਰੀ ਦਾ ਗਿਆਨ, ਸਾਵਧਾਨੀਆਂ, ਰੱਖਿਆਵਾਂ, ਇਲਾਜ ਤੇ ਦਵਾਈਆਂ ਦੀ ਜਾਣਕਾਰੀ ਹਰ ਨਾਗਰਿਕ ਨੂੰ ਆਮ ਤੌਰ 'ਤੇ, ਪਰ ਸਿਹਤ ਪੇਸ਼ੇ ਵਾਲਿਆਂ ਨੂੰ ਵਿਸ਼ੇਸ਼ ਤੌਰ 'ਤੇ ਦੇਣੀ ਚਾਹੀਦੀ। ਜਿਵੇਂ ਕਿ ਇਮਿਊਨ ਸਿਸਟਮ ਕੀ ਹੁੰਦਾ ਹੈ? ਇਸ ਦੀ ਸੁਰੱਖਿਆ ਕਿਵੇਂ ਕਰਨੀ ਹੈ? ਕਿਹੜੇ ਭੋਜਨ ਖਾਣੇ ਚਾਹੀਦੇ ਹਨ, ਆਦਿ ਇਤਿਆਦਿ। ਸਿੱਖਿਆ, ਸਿਹਤ ਤੇ ਸੁਰੱਖਿਆ ਮਹਿਕਮੇ ਦੇ ਅਮਲੇ ਦੇ ਵੇਤਨ, ਛੁੱਟੀਆਂ, ਸਹੂਲਤਾਂ, ਤਰੱਕੀਆਂ, ਬੀਮੇ, ਰੁਤਬੇ ਆਦਿ ਸਤਿਕਾਰਯੋਗ ਹੋਣੇ ਚਾਹੀਦੇ ਹਨ। ਨਾਲ ਹੀ ਕਿਰਤ ਕਾਨੂੰਨ ਹਰ ਖੇਤਰ ਵਿਚ ਬੜੀ ਸਖਤੀ ਨਾਲ ਲਾਗੂ ਹੋਣੇ ਚਾਹੀਦੇ ਹਨ। ਚੋਣ ਕਿਰਤ ਪੱਖੀ ਮਾਡਲ ਦੀ ਕਰਨੀ ਹੈ ਜਾਂ ਪੂੰਜੀਪਤੀ ਕਾਰਪੋਰੇਟੀ ਦੀ। ਜ਼ਰਾ ਸਮਝੋ! 'ਪੂੰਜੀ ਮਰੀ ਹੋਈ ਕਿਰਤ ਹੁੰਦੀ ਹੈ, ਜੋ ਲਹੂ ਪੀਣੇ ਭੂਤ ਵਾਂਗ ਜਿਉਂਦੀ ਵੀ ਕਿਰਤ ਦਾ ਖੂਨ ਚੂਸ ਕੇ ਹੀ ਹੈ, ਅਤੇ ਓਨੀ ਹੀ ਵਧੇਰੇ ਜਿਉਂਦੀ ਹੈ, ਜਿੰਨਾ ਵਧੇਰੇ ਕਿਰਤ ਦਾ ਲਹੂ ਚੂਸਦੀ ਹੈ।' ਲਾਭ ਬਨਾਮ ਕਿਰਤ ਕਲਿਆਣ 'ਚੋਂ ਇੱਕ ਦੀ ਫੈਸਲਾਕੁੰਨ ਚੋਣ ਕਰੋ। ਜ਼ਿੰਦਗੀ ਦਾ ਪ੍ਰਵਾਹ ਨਹੀਂ ਰੁਕਣਾ।

ਪੂੰਜੀਪਤੀਓ! ਜੇ ਖੁਦ ਜਿਉਣਾ ਜੇ, ਤਾਂ ਦੂਜਿਆਂ ਨੂੰ ਜਿਉਣ ਜੋਗੇ ਰਹਿਣ ਦਿਉ। ਇਸ ਲਈ ਸਰਕਾਰਾਂ ਨੂੰ ਬੇਬਾਕ, ਧੜੱਲੇਦਾਰ ਨਿਰਨੇ ਲੈਣੇ ਪੈਣਗੇ। ਇਨ੍ਹਾਂ ਮਹਿਕਮਿਆਂ ਵਿਚ ਕੌਮਾਂਤਰੀ ਨਿਰਦੇਸ਼ਾਂ ਅਨੁਸਾਰ ਦੇਸ਼ ਦੇ ਬਜਟਾਂ ਵਿਚ ਘੱਟ ਤੋਂ ਘੱਟ ਕੌਮੀ ਜੀ. ਡੀ. ਪੀ. ਦਾ 6 ਪ੍ਰਤੀਸ਼ਤ ਨਿਵੇਸ਼ ਕਰਨਾ ਪੈਣੈ। ਜੇ ਇਸ ਦਸ਼ਾ ਵਿਚ ਸਭ ਕੌਮੀ ਸਰਕਾਰਾਂ ਪੂਰੀ ਸੁਹਿਰਦਤਾ, ਦ੍ਰਿੜਤਾ ਨਾਲ ਤੁਰ ਪਈਆਂ ਤਾਂ ਲੋਕਾਈ ਆਲਮੀ ਕੋਹੜ ਗੁਰਬਤ, ਕੁਪੋਸ਼ਣ, ਨਾਬਰਾਬਰੀ, ਬੇਰੁਜ਼ਗਾਰੀ ਦੇ ਸੰਕਟਾਂ ਵਿਚੋਂ ਨਿਕਲ ਸਕੇਗੀ। ਫਿਰ ਕਰੋਨਾ-19 ਜਿਹੇ ਕਹਿਰਾਂ ਦਾ ਸਫਲ ਟਾਕਰਾ ਹੋ ਸਕੇਗਾ। ਕਰੋਨਾ ਪਾਤਰ ਦੇ ਸ਼ਬਦ ਗੁਣਗੁਣਾਉਂਦੈ, "ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ, ਜੁਗਾਂ ਤੋਂ ਕਾਫਲੇ ਆਉਂਦੇ ਇਸੇ ਸੱਚ ਦੇ ਗਵਾਹ ਬਣਦੇ, ਇਹ ਤਪਦੀ ਰੇਤ ਦੱਸਦੀ ਹੈ ਕਿ ਰਸਤਾ ਹੈ ਮੇਰਾ ਇਹ ਸੜਦੇ ਪੈਰ, ਸੜਦੇ ਦਿਲ ਮੇਰੇ ਸੱਚ ਦੇ ਗਵਾਹ ਬਣਦੇ।"

---

## ਖਬਰ ਵੀ ਖਤਰੇ 'ਚ ਹੈ!

*(ਪਿਛਲੇ ਸਫੇ ਦੀ ਬਾਕੀ)*

ਇਸ਼ਤਿਹਾਰਾਂ ਦੇ ਖੇਤਰ 'ਚ ਵੱਡੀ ਸੱਟ ਮਾਰੀ ਹੈ, ਪਰ ਇਹ ਕਦੇ ਵੀ ਨਹੀਂ ਹੋਵੇਗਾ ਕਿ ਲੋਕ ਕਾਗਜ਼ ਦੀ ਛੋਹ ਦੇ ਅਨੰਦ ਨੂੰ ਤਿਆਗ ਦੇਣ। ਸਰਕਾਰਾਂ ਨੇ ਅਖਬਾਰਾਂ ਦੀ ਬਾਂਹ ਨਾ ਫੜੀ ਤਾਂ ਆਪਹੁਦਰੀਆਂ ਤੇ ਗੈਰਜ਼ਿੰਮੇਵਾਰ ਖਬਰਾਂ ਦੀ ਬਹੁਤਾਤ ਸਮਾਜ ਨੂੰ ਖਤਰੇ ਵੱਲ ਲੈ ਜਾਵੇਗੀ। ਭਾਵੇਂ ਕਰੋਨਾ ਵਾਇਰਸ ਦਾ ਪ੍ਰਭਾਵ ਅਸਥਾਈ ਹੋਵੇ, ਪਰ ਜੇ ਅਖਬਾਰਾਂ ਦੀ ਗੱਲ ਨਾ ਸੁਣੀ ਗਈ ਤਾਂ ਇਸ ਉਦਯੋਗ ਦੇ ਆਰਥਕ ਪ੍ਰਭਾਵ ਸਥਾਈ ਹੋਣਗੇ।

'ਨਿਊ ਇੰਗਲੈਂਡ ਜਨਰਲ ਆਫ ਮੈਡੀਕਲ ਸਾਇੰਸ' ਵਿਚ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਨਿਊਜ਼ ਪ੍ਰਿੰਟ ਉਤੇ ਵਾਇਰਸ 66 ਮਿੰਟ ਤੋਂ ਵੱਧ ਤੱਕ ਟਿਕ ਹੀ ਨਹੀਂ ਸਕਦਾ ਤੇ ਕਰੋਨਾ ਵਾਇਰਸ ਮੈਟਲ ਜਾਂ ਸਟੇਨਲੈਸ ਸਟੀਲ 'ਤੇ ਹੀ ਲੰਬਾ ਸਮਾਂ ਰਹਿੰਦਾ ਹੈ। ਇਹ ਤਾਂ ਗੱਤੇ 'ਤੇ ਵੀ ਤੁਰੰਤ ਮਰ ਜਾਂਦਾ ਹੈ। ਅਖਬਾਰ ਦੀ ਪਤਲੀ ਸਤ੍ਹਾ 'ਤੇ ਕਿਵੇਂ ਜਿਉਂਦਾ ਰਹਿ ਸਕਦਾ ਹੈ? ਅਖਬਾਰਾਂ ਨੇ ਆਪਣਾ ਢਿੱਡ ਪਿੱਟਿਆ ਹੈ ਕਿ ਅਖਬਾਰਾਂ ਰਾਹੀਂ ਵਾਇਰਸ ਨਹੀਂ ਫੈਲਦਾ, ਪਰ ਸਰਕਾਰਾਂ ਨੇ ਇਸ ਪ੍ਰਚਾਰ ਲਈ ਕੋਈ ਵੀ ਦਿਲਚਸਪੀ ਨਹੀਂ ਦਿਖਾਈ।

ਚੀਨ, ਜਿਸ ਦੇ ਸ਼ਹਿਰ ਵੂਹਾਨ ਤੋਂ ਕਰੋਨਾ ਵਾਇਰਸ ਦੁਨੀਆਂ ਭਰ ਵਿਚ ਫੈਲਿਆ ਹੈ, ਉਹ ਵਿਸ਼ਵ ਦਾ ਸਭ ਤੋਂ ਵੱਡਾ ਅਖਬਾਰੀ ਉਦਯੋਗ ਦਾ ਦੇਸ਼ ਹੈ, ਜਿੱਥੇ ਹਾਲੇ ਵੀ ਅਖਬਾਰਾਂ ਉਸੇ ਤਾਦਾਦ ਵਿਚ ਛਪਦੀਆਂ ਹਨ, ਇਸ਼ਤਿਹਾਰਾਂ ਦੀ ਕਮੀ ਨਹੀਂ ਆਈ ਅਤੇ ਜਾਪਾਨ ਜਿਹੇ ਆਪਣੇ ਹੀ ਸੁਭਾਅ ਦੇ




*ਵਿਆਨਾ (ਆਸਟ੍ਰੀਆ) ਦੀ ਦਹਾਕਿਆਂ ਤੋਂ ਛਪਣ ਵਾਲੀ ਡੱਚ ਭਾਸ਼ਾ ਦੀ ਸਭ ਤੋਂ ਵੱਡੀ ਅਖਬਾਰ, ਜਿਸ ਦਾ ਨਾਂ ਹੀ 'ਕਰੋਨਾ' ਹੈ।*

ਮਾਲਕ ਮੁਲਕ ਵਿਚ ਵੀ ਅਖਬਾਰਾਂ ਦੀ ਸਥਿਤੀ ਅਜਿਹੀ ਹੀ ਹੈ; ਪਰ ਅਖਬਾਰੀ ਦੁਨੀਆਂ 'ਚ ਵਿਸ਼ਵ ਦਾ ਚੌਥੇ ਨੰਬਰ ਦਾ ਦੇਸ਼ ਜਰਮਨ ਕਰੋਨਾ ਵਾਇਰਸ ਦਾ ਪੀੜਤ ਹੀ ਨਹੀਂ ਹੈ, ਸਗੋਂ ਉਸ ਦੀ ਅਖਬਾਰੀ ਦੁਨੀਆਂ ਦਾ ਥੰਮ੍ਹ ਹੀ ਹਿੱਲ ਗਿਆ ਹੈ। ਉਸ ਦੀ ਵੱਖੀ 'ਚ ਇਕ ਛੋਟਾ ਜਿਹਾ ਦੇਸ਼ 'ਆਸਟਰੀਆ', ਜਿੱਥੇ ਕੁਝ ਅਖਬਾਰਾਂ ਸਵੇਰੇ ਤੇ ਕੁਝ ਸ਼ਾਮ ਵੇਲੇ ਵੀ ਛਪਦੀਆਂ ਹਨ। ਇਨ੍ਹਾਂ ਅਖਬਾਰਾਂ ਦੀ ਛਪਣ ਗਿਣਤੀ ਤੇ ਇਸ਼ਤਿਹਾਰ ਪਹਿਲਾਂ ਵਾਲੇ ਰੰਗ ਵਿਚ ਹੀ ਹਨ ਅਤੇ ਉਂਜ ਵੀ ਇਸ ਛੋਟੇ ਜਿਹੇ ਦੇਸ਼ ਨੇ ਕਰੋਨਾ ਵਾਇਰਸ 'ਤੇ ਲਗਭਗ ਕਾਬੂ ਪਾ ਲਿਆ ਹੈ। ਚੀਨ ਦੀ 'ਦ ਗਲੋਬਲ ਟਾਈਮਜ਼', ਸਾਊਥ ਚਾਇਨਾ ਮੈਟਰੋਪਾਲਿਟਨ ਡੇਅਲੀ, ਰੈਫਰੈਂਸ ਨਿਊਜ਼ ਆਦਿ ਅਖਬਾਰਾਂ, ਅਖਬਾਰੀ ਦੁਨੀਆਂ ਅਤੇ ਕਰੋਨਾ ਵਾਇਰਸ ਦੇ ਦੁੱਖ 'ਤੇ ਫਹੇ ਰੱਖ ਕੇ ਫੂਕਾਂ ਵੀ ਨਹੀਂ ਮਾਰ ਰਹੀਆਂ, ਪਰ ਜਾਪਾਨ ਦੀਆਂ ਅਖਬਾਰਾਂ 'ਆਸਾਹੀ ਸ਼ਿੰਮਬਨ' ਤੇ 'ਜਾਪਾਨ ਟਾਈਮਜ਼' ਦੁਨੀਆਂ ਦੇ ਦੁੱਖ ਨੂੰ ਰੋ ਕੇ ਦੱਸ ਰਹੀਆਂ ਹਨ। ਪਾਕਿਸਤਾਨ ਦੀ 'ਡਾਨ', 'ਨਿਊਜ਼ ਇੰਟਰਨੈਸ਼ਨਲ' ਅਤੇ 'ਨਵਾਏ ਵਕਤ' ਇਸ ਵੇਲੇ ਲਗਭਗ ਇਕ ਲੱਤ ਭਾਰ ਹੀ ਖੜ੍ਹੀਆਂ ਹਨ।

ਜਿਵੇਂ ਅਮਰੀਕਾ ਨੇ ਪੇਅ-ਰੋਲ ਪ੍ਰੋਟੈਕਸ਼ਨ ਪ੍ਰੋਗਰਾਮ ਤਹਿਤ ਕਾਰੋਬਾਰੀ ਅਦਾਰਿਆਂ ਦੀ ਵੱਡੇ ਪੱਧਰ 'ਤੇ ਮਾਲੀ ਮਦਦ ਕੀਤੀ ਹੈ, ਇਵੇਂ ਹੀ ਭਾਰਤ ਸਰਕਾਰ ਨੂੰ ਵੀ ਅਖਬਾਰੀ ਉਦਯੋਗ ਦੇ ਖਾਸ ਤੌਰ 'ਤੇ ਖੇਤਰੀ ਤੇ ਭਾਸ਼ਾਈ ਅਖਬਾਰਾਂ ਨੂੰ ਅੱਗੇ ਹੋ ਕੇ ਸਬਸਿਡੀ ਅਤੇ ਮਾਲੀ ਇਮਦਾਦ ਦੇਣੀ ਹੀ ਪਵੇਗੀ ਤੇ ਦੇਣੀ ਵੀ ਚਾਹੀਦੀ ਹੈ, ਕਿਉਂਕਿ ਲੋਕ ਰਾਜ ਦਾ ਚੌਥਾ ਥੰਮ੍ਹ ਫਿਰ ਹੀ ਆਪਣੇ ਭਾਰ ਅਡੋਲ ਖੜ੍ਹਾ ਰਹੇਗਾ ਅਤੇ ਸਹੀ ਅਰਥ ਪ੍ਰਦਾਨ ਕਰ ਸਕੇਗਾ।

# ਕਥਾ ਇਕ ਦੁਖਾਂਤ ਦੀ


ਕਲਾ ਪਰਿਕਰਮਾ

**ਸੁਰਿੰਦਰ ਸਿੰਘ ਤੇਜ**

ਚੰਡੀਗੜ੍ਹ ਦੇ ਸੈਕਟਰ 17 ਵਿਚ ਪੁਰਾਣੇ ਜਗਤ ਸਿਨਮੇ ਦੇ ਨੇੜੇ ਇਕ ਚੀਨੀ ਸ਼ੂ ਸਟੋਰ ਹੈ। ਇਸ ਨਾਲ ਵਾਕਫੀਅਤ ਅਠੱਤੀ ਕੁ ਸਾਲ ਪਹਿਲਾਂ ਹੋਈ। ਦੁਕਾਨ ਉਸ ਤੋਂ ਵੀ ਦੋ ਦਹਾਕੇ ਪੁਰਾਣੀ ਹੈ। ਪਹਿਲੀ ਫੇਰੀ ਦਿਲਚਸਪ ਰਹੀ। ਮਾਲਕ ਚੀਨੀ ਨੈਣ-ਨਕਸ਼ਾਂ ਵਾਲਾ, ਕੱਦ ਲੰਮਾ, ਸਰੀਰ ਇਕਹਿਰਾ। ਪੰਜਾਬੀ ਬੜੀ ਖੂਬਸੂਰਤ ਬੋਲਦਾ ਸੀ। ਚੀਨੀ ਜੁੱਤੀਆਂ ਨੂੰ ਉਨ੍ਹੀਂ ਦਿਨੀਂ ਬੜਾ ਹੰਢਣਸਾਰ ਮੰਨਿਆ ਜਾਂਦਾ ਸੀ। ਨਾਲ ਹੀ ਕੁਲੀਨਵਾਦੀ। ਲੁਧਿਆਣੇ ਵੀ ਅਜਿਹੀਆਂ ਦੋ ਦੁਕਾਨਾਂ ਸਨ ਜਿਨ੍ਹਾਂ ਦੇ ਆਪਣੇ ਪੱਕੇ ਗਾਹਕ ਸਨ। ਚੰਡੀਗੜ੍ਹ ਵਾਲੀ ਦੁਕਾਨ ਦੀ ਦੂਜੀ ਫੇਰੀ ਸਮੇਂ ਮਾਲਕ ਨੇ ਇਕ ਰਾਜ਼ ਸਾਂਝਾ ਕੀਤਾ: ਜੁੱਤੀਆਂ ਚੀਨ ਤੋਂ ਨਹੀਂ ਸੀ ਆਉਂਦੀਆਂ। ਆਗਰੇ ਵਿਚ ਬਣਦੀਆਂ ਸਨ। ਚੀਨ ਨਾਲ ਉਨ੍ਹੀਂ ਦਿਨੀਂ ਕੋਈ ਵਪਾਰਕ ਲੈਣ-ਦੇਣ ਨਹੀਂ ਸੀ। ਜਿੰਨਾ ਕੁ ਸਾਮਾਨ ਚੀਨ ਤੋਂ ਆ ਕੇ ਚੋਰ ਬਾਜ਼ਾਰਾਂ ਵਿਚ ਵਿਕਦਾ ਸੀ, ਉਹ ਨੇਪਾਲ ਦੇ ਰਸਤੇ ਸਮਗਲ ਹੋ ਕੇ ਆਉਂਦਾ ਸੀ। ਦੁਕਾਨ ਦੇ ਅੰਦਰ ਹੀ ਇਕ ਪੋਰਸ਼ਨ ਵਿਚ ਔਰਤਾਂ-ਮਰਦਾਂ ਦੇ ਹੱਥ-ਪੈਰ ਨਿਖਾਰਨ (ਮੈਨੀਕਿਓਰ / ਪੈਡੀਕਿਓਰ) ਦਾ ਪ੍ਰਬੰਧ ਸੀ। ਇਸ ਦੀ ਨਿਗਰਾਨੀ ਮਾਲਕ ਦੀ ਪਤਨੀ ਕਰਦੀ ਸੀ। ਉਹ ਪੰਜਾਬੀ ਨਹੀਂ ਸੀ ਬੋਲਦੀ, ਹਿੰਦੀ ਬੋਲਦੀ ਸੀ।

ਦਹਾਕੇ ਕੁ ਬਾਅਦ ਦੁਕਾਨ 'ਤੇ ਇਕ ਸੁਨੱਖਾ ਚੀਨੀ ਨੌਜਵਾਨ ਵੀ ਦਿਸਣ ਲੱਗਿਆ। ਉਹਨੇ ਆਪਣਾ ਭਾਰਤੀ ਨਾਮ ਕਿਰਨ ਦੱਸਿਆ। ਉਹ ਵੀ ਪੰਜਾਬੀ/ਹਿੰਦੀ ਸਾਡੇ ਵਾਂਗ ਹੀ ਬੋਲਦਾ ਸੀ। ਚੰਡੀਗੜ੍ਹ ਦੇ ਸੈਕਟਰ 15 ਦਾ ਜੰਮ-ਪਲ, ਡੀ.ਏ.ਵੀ. ਸੰਸਥਾਵਾਂ ਤੋਂ ਪੜ੍ਹਿਆ ਹੋਇਆ, ਕ੍ਰਿਕਟ ਦਾ ਸ਼ੈਦਾਈ। ਉਸ ਨੇ ਦੱਸਿਆ ਕਿ ਪੰਜਾਬ/ਹਰਿਆਣਾ ਦੀਆਂ ਰਣਜੀ ਟੀਮਾਂ ਵਿਚ ਦਾਖਲਾ ਨਾ ਮਿਲਣ ਕਾਰਨ ਉਹ ਆਸਟਰੇਲੀਆ ਜਾਣ ਦੀ ਤਿਆਰੀ ਕਰ ਰਿਹਾ ਹੈ। ਉਥੇ ਕ੍ਰਿਕਟ ਉਤੇ ਵੀ ਹੱਥ ਅਜ਼ਮਾਏਗਾ ਅਤੇ ਆਪਣੇ ਜੱਦੀ ਕਾਰੋਬਾਰ 'ਤੇ ਵੀ। ਸਮਾਂ ਬੀਤਣ ਨਾਲ ਉਸ ਦੁਕਾਨ ਨਾਲੋਂ ਨਾਤਾ ਟੁੱਟ ਗਿਆ। ਹੁਣ ਜੌਇ ਮਾ ਤੇ ਦਿਲੀਪ ਡਿਸੂਜ਼ਾ ਦੀ ਲਿਖੀ ਕਿਤਾਬ 'ਦਿ ਦਿਓਲੀ ਵਾਲਾਜ਼' ਪੜ੍ਹਦਿਆਂ ਅਚਾਨਕ ਪੈਰ ਉਸ ਦੁਕਾਨ ਵੱਲ ਖਿੱਚੇ ਗਏ। ਇਹ ਜਾਣਨ ਲਈ ਕਿ ਕਿਤਾਬ ਵਿਚ ਜੋ ਦਰਜ ਹੈ, ਕੀ ਉਸ ਇਤਿਹਾਸ ਦਾ ਸੇਕ ਉਸ ਸ਼ੂ ਸਟੋਰ ਵਾਲੇ ਪਰਿਵਾਰ ਜਾਂ ਉਨ੍ਹਾਂ ਦੇ ਸਕੇ-ਸਬੰਧੀਆਂ ਤੱਕ ਵੀ ਕਦੇ ਪਹੁੰਚਿਆ ਸੀ? ਇਹ ਜਗਿਆਸਾ ਸ਼ਾਂਤ ਨਹੀਂ ਹੋਈ। ਦੁਕਾਨ ਵਿਚ ਮਾਲਕ-ਮਾਲਕਣ ਦੀਆਂ ਸ਼ਰਧਾਂਜਲੀਨੁਮਾ ਤਸਵੀਰਾਂ ਕਾਊਂਟਰ ਉਪਰ ਮੌਜੂਦ ਹਨ। ਪਰਿਵਾਰ ਦਾ ਕੋਈ ਜੀਅ ਇਥੇ ਨਹੀਂ। ਇਕ ਬੇਟੀ ਦਿੱਲੀ ਰਹਿੰਦੀ ਹੈ। ਉਹ ਉਥੋਂ ਹੀ ਦੁਕਾਨ ਦੀ ਨਿਗਰਾਨੀ ਕਰਦੀ ਹੈ। ਉਸ ਦਾ ਨਾਮ-ਪਤਾ ਜਾਂ ਫੋਨ ਨੰਬਰ ਅਜਨਬੀਆਂ ਨੂੰ ਦੇਣ ਦੀ ਮਨਾਹੀ ਹੈ।

'ਦਿ ਦਿਓਲੀ ਵਾਲਾਜ਼' ਭਾਰਤੀ ਸਟੇਟ ਵਲੋਂ ਆਪਣੇ ਹੀ ਨਾਗਰਿਕਾਂ ਨਾਲ ਨਸਲੀ ਆਧਾਰ 'ਤੇ ਕਮਾਏ ਧਰੋਹ ਦੀ ਕਹਾਣੀ ਹੈ। ਬੜਾ ਹੌਲਨਾਕ ਬਿਰਤਾਂਤ ਹੈ ਇਹ। ਨਿਮਾਣਿਆਂ ਤੇ ਨਿਤਾਣਿਆਂ ਉਤੇ ਅਕਹਿ ਤੇ ਅਸਹਿ ਕਹਿਰ ਢਾਹੁਣ ਵਰਗਾ। ਨਿਰਦੋਸ਼ਿਆਂ ਨੂੰ ਸਲੀਬ 'ਤੇ ਚੜ੍ਹਾਉਣ ਵਰਗਾ। ਆਜ਼ਾਦ ਭਾਰਤ ਦੇ ਇਤਿਹਾਸ ਦਾ ਉਹ ਸ਼ਰਮਨਾਕ ਅਧਿਆਇ ਜਿਸ ਬਾਰੇ ਸਾਡਾ ਬੁੱਧੀਜੀਵੀ ਵਰਗ ਪੰਜ ਦਹਾਕਿਆਂ ਤੋਂ ਵੱਧ ਸਮਾਂ ਖਾਮੋਸ਼ ਰਿਹਾ। ਢਾਈ ਕੁ ਸਾਲ ਪਹਿਲਾਂ ਅਸਮੀਆ ਲੇਖਕ ਰੀਤਾ ਚੌਧਰੀ ਦੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਨਾਵਲ 'ਮਕਾਮ' ਦੇ ਅੰਗਰੇਜ਼ੀ ਰੂਪ 'ਚਾਈਨਾਟਾਊਨ ਡੇਅਜ਼' ਪੜ੍ਹੀ ਸੀ। ਉਸ ਨਾਵਲ ਨੇ ਚੀਨੀ ਮੂਲ ਦੇ ਭਾਰਤੀ ਨਾਗਰਿਕਾਂ ਦੇ ਸੰਤਾਪ ਨੂੰ ਬਾਕੀ ਭਾਰਤੀਆਂ ਸਾਹਮਣੇ ਲਿਆਂਦਾ ਸੀ। 'ਦਿ ਦਿਓਲੀ ਵਾਲਾਜ਼' ਨੇ ਇਸੇ ਬਿਰਤਾਂਤ ਨੂੰ ਅੱਗੇ ਤੋਰਿਆ ਹੈ; ਗਲਪ ਰੂਪ ਵਿਚ ਨਹੀਂ, ਤੱਥਮੂਲਕ ਰੂਪ ਵਿਚ। ਦਸਤਾਵੇਜ਼ੀ ਸਬੂਤਾਂ ਸਹਿਤ। ਨਾਗਰਿਕਤਾ ਤਰਮੀਮੀ ਕਾਨੂੰਨ (ਸੀ.ਏ.ਏ.) ਜਾਂ ਕੌਮੀ ਨਾਗਰਿਕਤਾ ਰਜਿਸਟਰ (ਐਨ.ਆਰ.ਸੀ.) ਤੋਂ ਮਚੀ ਹਾਹਾਕਾਰ ਦੇ ਦਿਨਾਂ ਵਿਚ ਇਹ ਕਿਤਾਬ ਦੱਸਦੀ ਹੈ ਕਿ ਆਪਣੇ ਹੀ ਨਾਗਰਿਕਾਂ ਨੂੰ ਵੱਖ-ਵੱਖ ਸੂਬਿਆਂ ਤੋਂ ਧੂਹ ਲਿਆ ਕੇ ਇੱਕੋ ਥਾਂ ਅਣਮਨੁੱਖੀ ਹਾਲਾਤ ਵਿਚ ਨਜ਼ਰਬੰਦ ਰੱਖਣ ਦਾ ਪਹਿਲਾ ਪ੍ਰਸੰਗ 1962 ਵਿਚ ਵਾਪਰਿਆ ਸੀ।



'ਦਿ ਦਿਓਲੀ ਵਾਲਾਜ਼' ਦਾ ਮੁਖੜਾ।


ਜੌਇ ਮਾ


ਦਿਲੀਪ ਡਿਸੂਜ਼ਾ।

ਇਹ ਨਜ਼ਰਬੰਦੀ ਕੈਂਪ ਉਨ੍ਹਾਂ ਚੀਨੀ ਭਾਰਤੀਆਂ ਦੇ ਬਸੇਰਿਆਂ ਤੋਂ ਸੈਂਕੜੇ ਮੀਲ ਦੂਰ ਸੀ। ਇਸ ਦੇ ਅੰਦਰ ਉਨ੍ਹਾਂ ਨੂੰ ਕਈ ਕਈ ਦਿਨਾਂ ਤੱਕ ਭੁੱਖੇ-ਭਾਣੇ ਰੱਖਿਆ ਗਿਆ, ਕਈਆਂ ਦੀ ਮਾਰ-ਕੁੱਟ ਵੀ ਹੋਈ, ਇਸਤਰੀਆਂ ਨੇ ਪਹਿਰੇਦਾਰਾਂ ਹੱਥੋਂ 'ਉਲਟੀ ਵਾੜ ਖੇਤ ਕੋ ਖਾਏ' ਵਾਲੀ ਹੋਣੀ ਵੀ ਭੁਗਤੀ। ਸਿਰਫ ਇਸ 'ਕਸੂਰ' ਕਰਕੇ ਕਿ ਉਨ੍ਹਾਂ ਦੀ ਨਸਲ ਚੀਨੀ ਸੀ। ਚੀਨ-ਭਾਰਤ ਜੰਗ 20 ਅਕਤੂਬਰ 1962 ਨੂੰ ਸ਼ੁਰੂ ਹੋਈ। 20 ਨਵੰਬਰ 1962 ਨੂੰ ਚੀਨ ਨੇ ਆਪਣੀ ਤਰਫੋਂ ਜੰਗਬੰਦੀ ਦਾ ਐਲਾਨ ਕਰ ਦਿੱਤਾ। ਜੰਗ ਮੁੱਕ ਗਈ ਪਰ ਦਿਓਲੀ (ਜ਼ਿਲ੍ਹਾ ਟੌਂਕ, ਰਾਜਸਥਾਨ) ਵਿਚ ਸਥਾਪਤ ਨਜ਼ਰਬੰਦੀ ਕੈਂਪ 13 ਮਹੀਨੇ ਹੋਰ ਚੱਲਦਾ ਰਿਹਾ। ਉਹ ਲੋਕ ਉਥੇ ਦੋਜ਼ਖ ਭੋਗਦੇ ਰਹੇ ਜਿਨ੍ਹਾਂ ਦੇ ਵਡੇਰੇ ਡੇਢ ਸਦੀ ਪਹਿਲਾਂ ਬ੍ਰਿਟਿਸ਼ ਹਾਕਮਾਂ ਨੇ ਆਸਾਮ-ਬੰਗਾਲ ਵਿਚ ਚਾਹ ਦੇ ਬਾਗ ਤੇ ਚਮੜੇ ਦੇ ਕਾਰੋਬਾਰ ਸਥਾਪਤ ਕਰਨ ਲਈ ਚੀਨ ਤੋਂ ਜਬਰੀ ਬ੍ਰਿਟਿਸ਼ ਭਾਰਤ ਵਿਚ ਲਿਆਂਦੇ ਸਨ ਜਾਂ ਜਿਹੜੇ ਕਾਰੋਬਾਰ ਨੂੰ ਫਲਦਾ-ਫੁਲਦਾ ਦੇਖ ਕੇ ਖੁਦ ਭਾਰਤੀ ਰਾਜਾਂ ਵਿਚ ਆ ਵਸੇ ਸਨ। 1947 ਵਿਚ ਇਨ੍ਹਾਂ ਦੀ ਵਸੋਂ ਦਸ ਕੁ ਹਜ਼ਾਰ ਸੀ। 1962 ਵਿਚ ਤਿੰਨ ਹਜ਼ਾਰ ਰਿਸ਼ਟ-ਪੁਸ਼ਟ ਲੋਕਾਂ ਨੂੰ ਦਿਓਲੀ ਕੈਂਪ ਵਿਚ ਸੁੱਟਿਆ ਗਿਆ, ਚੀਨ ਲਈ ਜਾਸੂਸੀ ਕਰਨ ਦੇ ਸ਼ੱਕ ਕਾਰਨ। ਇਹ ਸੋਚੇ ਬਿਨਾਂ ਕਿ ਜਿਨ੍ਹਾਂ ਦਾ ਖੂਨ ਭਾਰਤੀ ਹੋ ਚੁੱਕਿਆ ਸੀ, ਜਿਨ੍ਹਾਂ ਦਾ ਚੀਨ ਨਾਲ ਕੋਈ ਰਿਸ਼ਤਾ ਨਹੀਂ ਸੀ, ਉਹ ਸੂਹੀਏ ਕਿਵੇਂ ਹੋ ਸਕਦੇ ਹਨ। ਜਦੋਂ ਇਨ੍ਹਾਂ ਨੂੰ ਰਿਹਾਅ ਕੀਤਾ ਗਿਆ ਤਾਂ ਉਨ੍ਹਾਂ ਨੂੰ ਆਪਣੀਆਂ ਆਰਾ ਮਿੱਲਾਂ, ਰੇਸਤਰਾਂ, ਜੁੱਤੀਆਂ ਦੀਆਂ ਦੁਕਾਨਾਂ ਟੁੱਟੀ-ਫੁੱਟੀ, ਸੜੀ-ਫੂਕੀ ਹਾਲਤ ਵਿਚ ਮਿਲੀਆਂ। ਆਰਥਿਕ ਲੀਹੋਂ ਲੱਥੇ ਇਨ੍ਹਾਂ ਪਰਿਵਾਰਾਂ ਵਿਚੋਂ ਬਹੁਤਿਆਂ ਨੇ ਪਰਵਾਸ ਦਾ ਰਾਹ ਚੁਣਿਆ। ਚੀਨ ਵੱਲ ਨਹੀਂ, ਸਿੰਗਾਪੁਰ, ਅਮਰੀਕਾ, ਕੈਨੇਡਾ ਤੇ ਆਸਟਰੇਲੀਆ ਵੱਲ। ਜੌਇ ਮਾ ਦੇ ਮਾਪੇ ਵੀ ਇਨ੍ਹਾਂ ਵਿਚ ਸ਼ਾਮਲ ਸਨ।

ਜੌਇ ਮਾ 1963 ਵਿਚ ਦਿਓਲੀ ਕੈਂਪ ਵਿਚ ਜਨਮੀ ਸੀ। ਹੁਣ ਉਹ ਕੈਲੀਫੋਰਨੀਆ ਵਿਚ ਪ੍ਰੋਫੈਸਰ ਹੈ। ਡਿਸੂਜ਼ਾ ਵੀ ਇਸੇ ਅਮਰੀਕੀ ਸੂਬੇ ਵਿਚ ਅਕਾਦਮੀਸ਼ਨ ਹੈ। ਉਸ ਨੇ ਕਿਤਾਬ ਦੀ ਭੂਮਿਕਾ ਵਿਚ ਕਬੂਲਿਆ ਹੈ ਕਿ ਚੀਨੀ ਭਾਰਤੀਆਂ ਦੇ ਨਜ਼ਰਬੰਦੀ ਕੈਂਪ ਦਾ ਉਸ ਨੂੰ 2012 ਤੱਕ ਕੋਈ ਇਲਮ ਨਹੀਂ ਸੀ। ਉਸ ਵਰ੍ਹੇ ਚੀਨ-ਭਾਰਤ ਜੰਗ ਦੀ 50ਵੀਂ ਵਰ੍ਹੇਗੰਢ ਮੌਕੇ ਲੇਖ ਲਿਖਣ ਲਈ ਖੋਜ ਕਰਦਿਆਂ ਉਸ ਨੂੰ ਪਹਿਲੀ ਵਾਰ ਪਤਾ ਲੱਗਿਆ ਕਿ 1962 ਵਿਚ ਚੀਨੀ ਭਾਰਤੀਆਂ ਨੂੰ ਨਜ਼ਰਬੰਦ ਕੀਤਾ ਗਿਆ। ਆਜ਼ਾਦ ਭਾਰਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਸੀ ਜਦੋਂ ਇਸ ਦੇ ਆਪਣੇ ਹੀ ਨਾਗਰਿਕਾਂ ਨੂੰ ਨਸਲੀ ਆਧਾਰ 'ਤੇ ਜੇਲ੍ਹਖਾਨੇ ਵਿਚ ਨੂੜਿਆ ਗਿਆ। ਯੂਰਪ ਤੇ ਅਮਰੀਕਾ ਵਿਚ ਅਜਿਹੇ ਵਰਤਾਰੇ ਵਾਪਰਦੇ ਆਏ ਸਨ। ਉਥੇ ਤਾਂ ਗੋਰੀ ਚਮੜੀ ਵਾਲਿਆਂ ਲਈ ਸੱਤ ਖੂਨ ਮੁਆਫ ਵਾਲਾ ਰੁਝਾਨ ਅਜੇ ਵੀ ਵਿੰਗੇ-ਟੇਢੇ ਰੂਪ ਵਿਚ ਬਰਕਰਾਰ ਹੈ ਪਰ ਉਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਭੁੱਲ ਸੁਧਾਰਨ ਵਾਲਾ ਇਖਲਾਕ ਵੀ ਦਿਖਾਉਂਦੀਆਂ ਆਈਆਂ ਹਨ।

ਦੂਜੇ ਵਿਸ਼ਵ ਯੁੱਧ ਦੌਰਾਨ 1942 ਵਿਚ ਪਰਲ ਹਾਰਬਰ ਉਤੇ ਹਮਲੇ ਮਗਰੋਂ ਅਮਰੀਕਾ ਵਿਚ 1.10 ਲੱਖ ਜਪਾਨੀ ਅਮਰੀਕੀਆਂ ਨੂੰ ਨਜ਼ਰਬੰਦ ਕਰਕੇ ਰੱਖਿਆ ਗਿਆ ਸੀ। ਜੰਗ ਮੁੱਕਣ ਮਗਰੋਂ ਇਹ ਨਜ਼ਰਬੰਦੀ ਵਿਵਾਦ ਤੇ ਵਿਸ਼ਾਦ ਦਾ ਵਿਸ਼ਾ ਬਣੀ ਰਹੀ। 1988 ਵਿਚ ਰਾਸ਼ਟਰਪਤੀ ਰੋਨਲਡ ਰੀਗਨ ਨੇ ਨਾ ਸਿਰਫ ਮੁਆਫੀ ਮੰਗੀ ਸਗੋਂ ਮੁਆਵਜ਼ਾ ਵੀ ਅਦਾ ਕੀਤਾ; ਨਾਲ ਹੀ ਸਿਵਲ ਲਿਬਰਟੀਜ਼ ਐਕਟ ਪਾਸ ਕਰਵਾ ਕੇ ਭਵਿੱਖ ਵਿਚ ਅਜਿਹੀਆਂ ਨਸਲੀ ਨਜ਼ਰਬੰਦੀਆਂ ਦੀ ਵਾਪਸੀ ਦਾ ਰਾਹ ਬੰਦ ਕਰ ਦਿੱਤਾ ਪਰ ਆਜ਼ਾਦ ਭਾਰਤ ਦੀਆਂ ਸਰਕਾਰਾਂ ਨੇ ਖਿਮਾਯਾਚਨਾ ਤਾਂ ਕੀ ਕਰਨੀ, ਆਪਣੀ ਗਲਤੀ ਕਬੂਲਣ ਵਾਲਾ ਇਖਲਾਕ ਵੀ ਨਹੀਂ ਦਰਸਾਇਆ। 2017 ਵਿਚ ਔਟਵਾ (ਕੈਨੇਡਾ) ਸਥਿਤ ਭਾਰਤੀ ਹਾਈ ਕਮਿਸ਼ਨ ਨੇ ਤਾਂ 50 ਦੇ ਕਰੀਬ ਚੀਨੀ ਭਾਰਤੀਆਂ ਪਾਸੋਂ ਉਹ ਮੈਮੋਰੰਡਮ ਵੀ ਨਹੀਂ ਪ੍ਰਾਪਤ ਕੀਤਾ ਜਿਸ ਵਿਚ 1962-63 ਦੀਆਂ ਘਟਨਾਵਾਂ ਬਦਲੇ ਭਾਰਤ ਸਰਕਾਰ ਤੋਂ ਮੁਆਫੀ ਦੀ ਮੰਗ ਕੀਤੀ ਗਈ ਸੀ।

ਕਿਤਾਬ ਵਿਚ ਨਸਲੀ ਤਸ਼ੱਦਦ ਦੇ ਪੀੜਤਾਂ ਦੇ ਵਿਅਕਤੀਗਤ ਬਿਰਤਾਂਤ ਵੀ ਦਰਜ ਹਨ ਅਤੇ ਚੀਨੀ ਭਾਰਤੀਆਂ ਨੂੰ ਭਾਰਤ ਤੋਂ ਹਿਜਰਤ ਮਗਰੋਂ ਪੇਸ਼ ਆਈਆਂ ਦੁਸ਼ਵਾਰੀਆਂ ਦੇ ਕਿੱਸੇ ਵੀ ਮੌਜੂਦ ਹਨ। ਸਭ ਕੁਝ ਅੱਖਾਂ ਨਮ ਕਰਨ ਵਾਲਾ ਹੈ; ਸ਼ਰਮਸਾਰ ਕਰਨ ਵਾਲਾ ਵੀ। ਉਦੋਂ ਤਾਂ ਨਿਜ਼ਾਮ ਵੀ ਪੰਡਿਤ ਜੀ ਦਾ ਸੀ ਜਿਨ੍ਹਾਂ ਨੂੰ ਸਿਆਸੀ-ਸਮਾਜਿਕ ਉਦਾਰਵਾਦ ਦੇ ਪ੍ਰਤੀਕ ਵਜੋਂ ਪੂਜਿਆ ਜਾਂਦਾ ਰਿਹਾ। ਕਿਤਾਬ ਪੜ੍ਹਨ ਮਗਰੋਂ 'ਦਿਓਲੀ ਵਾਲਾਜ਼' ਦੇ ਸਹਿ-ਲੇਖਕ ਦਿਲੀਪ ਡਿਸੂਜ਼ਾ ਦਾ ਇਹ ਕਥਨ ਸਹੀ ਸਾਬਤ ਹੁੰਦਾ ਜਾਪਦਾ ਹੈ ਕਿ ਨਹਿਰੂ ਯੁੱਗ ਦੌਰਾਨ ਭਾਰਤੀ ਰਾਜਨਾਇਕਤਾ ਵਿਚ ਆਏ ਕੁਢੱਬ ਤੇ ਕਾਣ, ਹੁਣ ਵਾਲੇ ਜਨੂਨੀ ਹਾਕਮਾਂ ਨੂੰ ਖੂਬ ਰਾਸ ਆ ਰਹੇ ਹਨ। ਬੜਾ ਖੌਫਨਾਕ ਹੈ ਇਹ ਸੁਨੇਹਾ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਜੂਨ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-434



*ਸੌਲਾਂ ਹਾਰ ਸ਼ਿੰਗਾਰ ਹੀ ਲਗਦੇ, ਹੋਈ ਪਈ ਕਮਾਲ।
ਟਰੈਕਟਰ ਸਾਡਾ ਨਵੀਂ ਬਹੂ ਦੇ ਵਾਂਗਰ ਲਾਲ-ਗੁਲਾਲ।
ਬੜੀ ਜੁਗਤ ਨਾਲ ਸਾਰੇ ਪਿੰਡ ਦਾ, ਕਮਾਦ ਇਕੱਠਾ ਕੀਤਾ,
ਆਪੇ ਦੱਸੂ ਮਿਲ ਦਾ ਕੰਡਾ, ਲੱਦਿਆ ਹੈ ਕਿੰਨਾ ਮਾਲ।*

## ਕੈਪਸ਼ਨ ਮੁਕਾਬਲਾ-432



ਇੱਕ ਦਿਨ ਬੈਠੇ ਬੈਠੇ ਅਹੁੜੀ
ਕਿਉਂ ਨਾ ਨਵਾਂ ਜੁਗਾੜ ਬਣਾਵਾਂ।
ਸਾਈਕਲ ਉਤੇ ਲਾ ਕੇ ਬਾਡੀ
ਉਪਰ ਬੱਤੀ ਲਾਲ ਸਜਾਵਾਂ।
ਬੱਸ ਉਹ ਫੁਰਨਾ ਪੂਰ ਚੜ੍ਹਾਇਆ
ਮਾਰ ਕੇ ਪੈਡਲ ਡੱਕਰੀ ਜਾਵਾਂ।
*-ਜਗਮੀਤ ਸਿੰਘ ਪੰਧੇਰ*

---

ਅਮੀਰੀ-ਵਜੀਰੀ ਹੱਥ ਨਾ ਆਈ
ਜੁਗਾੜ ਲਾ, ਕਰ ਲਈ ਰੀਝ ਪੂਰੀ।
ਟੀਨ ਦਾ ਛੱਤੜਾ ਸਾਈਕਲ 'ਤੇ ਜੜਿਆ
ਲਾਲ ਬੱਤੀ ਵੀ ਸੀ ਜਰੂਰੀ।
ਭਗਵੇਂ ਕੱਪੜੇ, ਬਣ ਗਿਆ ਖਾਸ,
ਉਡੀਕੇ ਸਾਥੀ, ਜਾਂਦਾ ਹੈ ਘੂਰੀ।
*-ਦਵਿੰਦਰ ਕੌਰ*

---

ਵੋਟਰਾਂ ਦਾ ਧਿਆਨ ਬਟੋਰਨ ਲਈ
ਨਵਾਂ ਨਿਵੇਕਲਾ ਤਰੀਕਾ ਅਪਨਾਇਆ।
ਚੋਣ ਨਿਸ਼ਾਨ ਸਾਈਕਲ ਦੀਆਂ
ਧੁੰਮਾਂ ਪਾਉਣ ਲਈ ਗਡੀਰਾ ਬਣਾਇਆ।
ਕਵਰਿੰਗ ਉਮੀਦਵਾਰ ਵਾਲਾ ਚੋਲਾ ਪਾ ਕੇ
ਤੋਰੀ-ਫੁਲਕਾ ਰੱਖੀਏ ਚਲਦਾ।
ਪੂੰਜੀਵਾਦੀ ਸਿਆਸਤ ਵਿਚ
ਜਾਂ ਗੁੰਡਾਗਰਦੀ ਜਾਂ ਪੈਸਾ ਫਲਦਾ।
*-ਅਮਰਜੀਤ ਸਿੰਘ ਤੂਰ*

---

ਬਾਬਾ ਜੀ ਨੇ ਜੁਗਤ ਬਣਾਈ
ਆਪਣੀ ਗੱਡੀ ਆਪ ਬਣਾਈ।
ਮੀਂਹ, ਧੁੱਪ ਤੋਂ ਬਚਣ ਲਈ
ਸਾਈਕਲ 'ਤੇ ਹੀ ਛੱਤ ਬਣਾਈ।
ਐਰੇ-ਗੈਰੇ ਤੋਂ ਬਚਣ ਲਈ
ਉਤੇ ਲਾਲ ਬੱਤੀ ਵੀ ਲਾਈ।
*-ਇੰਦਰਜੀਤ ਮੰਗਾ*

---

ਲੋੜ ਕਾਢ ਦੀ ਮਾਂ ਹੁੰਦੀ ਹੈ
ਕਹਿੰਦੇ ਨੇ ਲੋਕ ਸਿਆਣੇ।
ਸਾਈਕਲ ਤੇ ਮੀਂਹ ਧੁੱਪ ਨਾ ਰੁਕਦੇ
ਸਾਰਾ ਜੱਗ ਇਹ ਜਾਣੇ।
ਬਣਾ ਲਿਆ ਜੁਗਾੜ ਹੈ ਆਪਾਂ
ਰਾਖੀ ਸਿਰ ਦੀ ਹੋਊ।
ਗਰਮੀ, ਕਣੀਆਂ ਤੋਂ ਕਰੂ ਬਚਾ
ਨਾਲੇ ਸਰਦਾਰੀ ਹੋਊ।
*-ਸੇਵਾ ਸਿੰਘ ਨੂਰਪੁਰੀ*

---

ਆਪੋ ਆਪਣਾ ਹੈ ਵਿਚਾਰ
ਕਿਸੇ ਨੂੰ ਚੰਗੀ ਸਾਈਕਲ, ਕਿਸੇ ਨੂੰ ਕਾਰ।
ਕੋਈ ਬਣਾਵੇ ਬੇਈਮਾਈ ਨਾਲ ਪੈਸਾ
ਕੋਈ ਲਵੇ ਥੋੜ੍ਹੇ ਨਾਲ ਸਾਰ।
ਲੋੜ ਹੀ ਹੁੰਦੀ ਕਾਢ ਦੀ ਮਾਂ
ਕੁਝ ਕਰਨ ਵਾਲੇ ਨਹੀਂ ਵੇਖਦੇ
ਧੁੱਪ ਹੋਵੇ ਜਾਂ ਹੋਵੇ ਛਾਂ।
*-ਗੋਰਾ ਪ੍ਰਜਾਪਤ, ਨਿਊ ਯਾਰਕ*

---

ਦੇਖਣ ਪਾਖਣ ਨੂੰ ਤਾਂ ਲੱਗੇ ਅਫਸਰ
ਫਿਲਮੀ ਟਾਕੀਆਂ ਵਾਂਗ
ਵਾਰਦਾਨਾ ਤਾਂ ਸੋਹਣਾ ਬਣਾ ਲਿਆ
ਭੁਲੇਖਾ, ਛਲਾਵਾ ਜਾਂ ਪਰਦੇ ਪਿੱਛੇ ਕੀ?
ਲਾਈ ਲਾਲ ਬੱਤੀ ਠੱਗਣ ਲਈ ਲੋਕਾਂ ਨੂੰ
ਸਰਕਾਰਾਂ ਦੇਣ ਲਾਲ ਬੱਤੀ ਕਾਰਾਂ ਨੂੰ ਲਾ ਕੇ
'ਹਟ ਜਾਓ ਪਰ੍ਹੇ, ਆ ਰਹੀ ਹੈ ਸਰਕਾਰ।'
*-ਦਰਸ਼ਨਪਾਲ ਦੋਸਾਂਝ*

## ਕੈਪਸ਼ਨ ਮੁਕਾਬਲਾ-431

ਫਲੱਸ਼ 'ਤੇ ਬੈਠਾ ਚੰਚਲ ਭੋਲੂ
ਕਾਰਟੂਨਾਂ ਨੇ ਬੰਨ੍ਹ ਬਿਠਾਇਆ।
ਨਾਨੀ-ਦਾਦੀ ਦਾ ਜੁੱਗ ਬੀਤਿਆ
ਇੰਟਰਨੈਟ ਨੇ ਜਾਲ ਵਿਛਾਇਆ।
ਸਾਂਝਾਂ ਮੁੱਕੀਆਂ, ਰਿਸ਼ਤੇ ਭੁੱਲੇ
ਬੰਦਾ, ਬੰਦੇ ਲਈ ਹੋ ਗਿਆ ਪਰਾਇਆ।
*-ਦਵਿੰਦਰ ਕੌਰ*

# ਜਾਗ ਵੇ ਸੁੱਤਿਆ ਵੀਰਨਾ!

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਨਸੀਹਤ ਕੀਤੀ ਸੀ ਕਿ ਕਈ ਵਾਰ ਦੇਰੀ ਕੀਤਿਆਂ ਅਹਿਮ ਮੌਕੇ ਜਾਂ ਚੰਗੀਆਂ ਸੰਭਾਵਨਾਵਾਂ ਹੱਥੋਂ ਨਿਕਲ ਜਾਂਦੀਆਂ, ਜਿਨ੍ਹਾਂ ਨੇ ਸੁਪਨ-ਨਗਰੀ ਨੂੰ ਜਾਂਦਾ ਰਾਹ ਬਣਨਾ ਹੁੰਦਾ, "ਯਾਦ ਰੱਖਣਾ! ਜੀਵਨ ਇਕ ਵਾਰ ਮਿਲਦਾ ਅਤੇ ਉਸਾਰੂ ਰੂਪ ਵਿਚ ਮਨ ਦੀਆਂ ਮੌਜਾਂ ਦੀ ਪੂਰਤੀ ਅਤੇ ਜ਼ਿੰਦਗੀ ਨੂੰ ਆਪਣੇ ਰੰਗ-ਢੰਗ ਨਾਲ ਜਿਉਣ ਵਿਚ ਕਦੇ ਦੇਰੀ ਨਾ ਕਰਿਓ।" ਹਥਲੇ ਲੇਖ ਵਿਚ ਉਨ੍ਹਾਂ ਜਾਗਦੇ ਰਹੋ ਦਾ ਹੋਕਾ ਦਿੱਤਾ ਹੈ, "ਜਾਗ ਵੇ ਵੀਰਨਾ! ਘੇਸਲ ਵੱਟ ਕੇ ਕਿੰਨਾ ਕੁ ਸਮਾਂ ਲੰਘਾਇਆ ਜਾ ਸਕਦਾ? ਸੁੱਤਿਆਂ ਬਹੁਤ ਦੇਰ ਹੋ ਗਈ ਏ। ਹੋਰ ਦੇਰ ਨਾ ਕਰ, ਕਿਉਂਕਿ ਮੌਤ, ਮਰਸੀਆ ਤੇ ਮਾਤਮ ਦਾ ਕੋਈ ਵਸਾਹ ਨਹੀਂ। ਪੁਲਾਂ ਹੇਠੋਂ ਬਹੁਤ ਪਾਣੀ ਲੰਘ ਚੁਕਾ। ਹੁਣ ਹੀ ਕੁਝ ਅਜਿਹਾ ਕਰ ਕਿ ਤੇਰਾ ਨਾਮ ਇਤਿਹਾਸ ਦੇ ਵਰਕਿਆਂ 'ਤੇ ਸੂਰਜ ਵਾਂਗ ਚਮਕਦਾ ਰਹੇ।" ਡਾ. ਭੰਡਾਲ ਦੇ ਝੰਜੋੜਨ ਦੇ ਇਸ ਅੰਦਾਜ਼ ਵਿਚ ਵੀ ਨਸੀਹਤ ਹੈ, "ਜਾਗ ਵੇ ਵੀਰਨਾ! ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ ਅਤੇ ਸਮੁੱਚਾ ਪਿੰਡ ਹੀ ਉਜੜ ਜਾਵੇ। ਕੁਝ ਤਾਂ ਹੋਸ਼ ਕਰ, ਹੌਸਲਾ ਕਰ ਅਤੇ ਕੁਝ ਉਦਮ ਕਰ, ਕਿਉਂਕਿ ਉਦਮ ਕਰੇਂਦਿਆਂ ਹੀ ਸਫਲਤਾਵਾਂ ਨੂੰ ਜਾਗ ਲੱਗਦਾ।" -ਸੰਪਾਦਕ***

ਜਾਗ ਵੇ ਸੁੱਤਿਆ ਵੀਰਨਾ! ਤੇਰਾ ਗਰਾਂ ਲੁਟੀਂਦਾ ਆ। ਸਾੜਸਤੀ ਵਾਪਰ ਰਹੀ ਏ, ਹਰ ਘਰ ਤੇ ਵਿਹੜੇ ਵਿਚ ਸੰਤਾਪ ਅਤੇ ਦੁੱਖਾਂ ਦੀਆਂ ਬਾਤਾਂ ਪਾਈਆਂ ਜਾ ਰਹੀਆਂ ਨੇ। ਹਰ ਚੌਂਕੇ ਵਿਚ ਬੇਰੌਣਕੀ, ਬੁਝ ਰਹੀ ਚੁੱਲ੍ਹਿਆਂ ਦੀ ਅੱਗ ਅਤੇ ਬੁਝਦੀ ਅੱਗ ਚੁਗਲੀਆਂ ਕਰਦੀ, ਆਪਣੀ ਹੀ ਮਕਾਣੇ ਆਈ ਜਾਪਦੀ। ਤੌਣ ਵਿਚ ਆਟਾ ਨਹੀਂ ਰਿਹਾ। ਨਾ ਹੀ ਕਦੇ ਪਰਾਤ ਵਿਚ ਆਟਾ ਭੁੜਕਦਾ ਏ। ਓਟੇ ਦੀਆਂ ਚਿੜੀਆਂ ਬਹੁਤ ਉਦਾਸ ਨੇ, ਕਿਉਂਕਿ ਕੋਈ ਨਹੀਂ ਉਨ੍ਹਾਂ ਨੂੰ ਚੋਗ ਪਾਉਂਦਾ।

ਜਾਗ ਵੇ ਵੀਰਨਾ! ਦਲਾਨ ਵਿਚ ਪਸਰ ਗਈ ਏ ਸੁੰਨ। ਪੁੱਤਰਾਂ ਦੇ ਚਾਅ ਮਨਾਉਣ ਵਾਲੀਆਂ ਮਾਂਵਾਂ ਫਿਕਰ ਵਿਚ ਮਰ ਮੁੱਕ ਚੱਲੀਆਂ ਨੇ, ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਪਤਾ ਨਹੀਂ ਬਾਹਰ ਗਿਆ ਪੁੱਤ ਘਰ ਪਰਤੇਗਾ ਵੀ ਕਿ ਨਹੀਂ? ਕਿਧਰੇ ਨਸ਼ਿਆਂ ਦਾ ਕਹਿਰ ਉਨ੍ਹਾਂ ਦੇ ਪੁੱਤਰ ਨੂੰ ਨਿਗਲ ਹੀ ਨਾ ਜਾਵੇ? ਫਿਰ ਉਹ ਮਰ ਗਏ ਪੁੱਤਰਾਂ ਦੇ ਸਿਵੇ ਸੇਕਦੀਆਂ ਅਜਿਹੀਆਂ ਬਦਕਿਸਮਤ ਕਬਰਾਂ ਬਣ ਜਾਣਗੀਆਂ, ਜਿਨ੍ਹਾਂ 'ਤੇ ਕੋਈ ਦੀਵਾ ਜਗਾਉਣ ਵਾਲਾ ਨਹੀਂ ਰਹਿਣਾ।

ਜਾਗ ਵੇ ਲੰਮੀਂ ਨੀਂਦਰੇ ਸੁੱਤਿਆ! ਕੁੱਖਾਂ ਹੁਣ ਔਲਾਦ ਨਹੀਂ ਜੰਮਦੀਆਂ। ਮਾਂਵਾਂ ਦੀਆਂ ਕੁੱਖਾਂ ਤਾਂ ਬੰਜਰ ਹੋ ਗਈਆਂ ਨੇ। ਉਨ੍ਹਾਂ ਵਿਚ ਜਨਮਦੀਆਂ ਨੇ ਹਿੱਚਕੀਆਂ, ਹੌਕੇ, ਦਰਦ ਦੇ ਗੋਲੇ ਅਤੇ ਸਦਮੇ, ਜਿਨ੍ਹਾਂ ਵਿਚੋਂ ਉਭਰਨਾ ਹੁਣ ਮਾਂਵਾਂ ਦੇ ਵੱਸ ਨਹੀਂ ਰਿਹਾ।

ਜਾਗ ਵੇ ਵੀਰਨਾ! ਘੇਸਲ ਵੱਟ ਕੇ ਕਿੰਨਾ ਕੁ ਸਮਾਂ ਲੰਘਾਇਆ ਜਾ ਸਕਦਾ। ਹਰ ਬਨੇਰੇ 'ਤੇ ਜਗਦੇ ਦੀਵੇ ਬੁੱਝ ਗਏ ਨੇ। ਮੰਡਰਾਉਂਦੀ ਹੈ ਫਿਰਨੀਆਂ ਵਿਚ ਮੌਤ। ਇਸ ਦੀ ਜ਼ੱਦ ਵਿਚ ਆਈ ਪਰਿੰਦਿਆਂ ਦੀ ਹੋਣੀ ਨੂੰ ਕਿੰਨਾ ਕੁ ਚਿਰ ਟਾਲਿਆ ਜਾ ਸਕਦਾ?

ਯਾਦ ਰੱਖ ਵੀਰਨਾ! ਜਦ ਦਰਾਂ ਵਿਚ ਸੁੰਨ ਪਸਰਦੀ, ਘਰ ਦੀ ਕੁੱਖ ਨੂੰ ਮਾਤਮੀ ਜਾਗ ਲੱਗਦਾ ਅਤੇ ਕਮਰਿਆਂ ਵਿਚ ਹੰਝੂਆਂ ਤੇ ਹਾਵਿਆਂ ਦੀ ਸਲਾਬ ਹੋਵੇ ਤਾਂ ਬਹੁਤ ਕਹਿਰਵਾਨ ਹੁੰਦਾ ਹੈ ਕਮਰਿਆਂ ਵਿਚ ਉਗੀਆਂ ਕਬਰਾਂ ਦਾ ਬੋਲਣਾ ਅਤੇ ਕੰਧ ਦੀ ਹਿੱਕ 'ਤੇ ਉਡੀਕਾਂ ਦੇ ਖੰਡਰ ਫਰੋਲਣੇ। ਬੰਦਾ ਆਪਣੀਆਂ ਆਂਦਰਾਂ ਨੂੰ ਗੰਢ ਮਾਰਦਾ ਅਤੇ ਦੁਹੱਥੜੀਂ ਪਿੱਟਦਾ ਏ।

ਜਾਗ ਵੇ ਸ਼ੋਰਗੁਲ ਤੋਂ ਨਿਰਲੇਪ ਰਹਿਣ ਦਾ ਪਾਖੰਡ ਕਰਨ ਵਾਲਿਆ! ਤੇਰੀ ਸਾਜਿਸ਼ੀ ਚੁੱਪ ਨੇ ਵੈਰਾਨ ਕਰ ਦਿਤੇ ਨੇ ਘਰ, ਪਿੰਡ ਉਜੜ ਰਹੇ ਨੇ ਅਤੇ ਸ਼ਹਿਰ ਬੇ-ਆਬਾਦ ਹੋ ਰਹੇ ਨੇ। ਇਸ ਬਰਬਾਦੀ ਦਾ ਜਦ ਵੀ ਇਤਿਹਾਸ ਲਿਖਿਆ ਜਾਵੇਗਾ ਤਾਂ ਵੀਰਨਾ ਤੇਰਾ ਨਾਮ ਸਭ ਤੋਂ ਉਪਰ ਹੋਣਾ ਏ। ਬੀਤਿਆ ਵਕਤ ਤੈਨੂੰ ਕਦੇ ਮੁਆਫ ਨਹੀਂ ਕਰੇਗਾ।

ਜਾਗ ਵੇ ਵੀਰਨਾ! ਕੇਹਾ ਵਕਤ ਆਣ ਢੁੱਕਾ ਏ ਇਸ ਨਗਰ-ਦੁਆਰੀਂ, ਚਾਵਾਂ ਨਾਲ ਪਾਲੇ ਪੁੱਤਾਂ ਨੂੰ ਵਿਦੇਸ਼ ਭੇਜਣ ਲਈ ਮਾਂਵਾਂ ਸੁੱਖਾਂ ਸੁੱਖਦੀਆਂ ਨੇ ਕਿ ਸ਼ਾਇਦ ਉਨ੍ਹਾਂ ਦਾ ਲਾਡਲਾ ਇਸ ਕਾਲੇ ਸਮਿਆਂ ਵਿਚ ਗਵਾਚਣੋ ਬਚ ਜਾਵੇ। ਹੁਣ ਸਿਰਫ ਜਵਾਨੀ ਹੀ ਪਰਦੇਸ ਨਹੀਂ ਜਾ ਰਹੀ, ਸਗੋਂ ਪੰਜਾਬੀਆਂ ਦਾ ਸਮੁੱਚਾ ਸਰਮਾਇਆ ਹੀ ਵਿਦੇਸ਼ੀ ਉਨਤੀ ਅਤੇ ਪ੍ਰਾਪਤੀ ਦਾ ਹਾਸਲ ਬਣ ਰਿਹਾ ਹੈ। ਭਾਵੇਂ ਉਹ ਜਵਾਨੀ ਹੋਵੇ, ਧਨ ਹੋਵੇ ਜਾਂ ਨਵੀਆਂ ਬੁਲੰਦੀਆਂ ਸਿਰਜਣ ਵਾਲੀ ਸੋਚ, ਸਮਰੱਥਾ ਅਤੇ ਗਿਆਨ-ਗੰਗਾ ਹੋਵੇ। ਜਦ ਕਿਸੇ ਕੌਮ ਦੀ ਜਵਾਨੀ ਬਦ-ਹਵਾਸ ਹੋ ਕੇ ਵਿਦੇਸ਼ ਵੱਲ ਨੂੰ ਪੈਰ ਪੁੱਟਦੀ ਤਾਂ ਬਹੁਤ ਕੁਝ ਗਵਾਚ ਜਾਂਦਾ ਏ। ਬਿਖਰ ਜਾਂਦਾ ਏ ਸਮਾਜਕ ਤਾਣਾ-ਬਾਣਾ, ਗਵਾਚ ਜਾਂਦੀ ਹੈ ਦਿੱਖ, ਦ੍ਰਿਸ਼ਟੀ ਅਤੇ ਰੋਹਬੀਲਾ ਅੰਦਾਜ਼। ਗੁੰਮ ਜਾਂਦੀ ਏ ਬੋਲੀ, ਬਾਣਾ ਅਤੇ ਬਾਣੀ। ਮਾਯੂਸ ਹੋ ਜਾਂਦੀ ਏ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਅਹਿਮੀਅਤ। ਬਹੁਤ ਕੁਝ ਗਵਾ ਲਿਆ ਏ ਹੁਣ ਤੀਕ। ਜੇ ਇਸ ਨੂੰ ਰੋਕਣ ਲਈ ਸ਼ੁਰੂਆਤ ਨਾ ਕੀਤੀ ਗਈ, ਇਥੇ ਕੁਝ ਨਹੀਂ ਬਚਣਾ।

ਜਾਗ ਵੇ ਵੀਰਨਾ! ਕਦੇ ਸੋਚੀਂ ਕਿ ਤੂੰ ਕਿੰਨੀ ਮਿਹਨਤ ਕੀਤੀ, ਕਿੰਨੀਆਂ ਕੁਰਬਾਨੀਆਂ ਕੀਤੀਆਂ ਅਤੇ ਇਨ੍ਹਾਂ ਦਾ ਕੀ ਮੁੱਲ ਪਾਇਆ ਗਿਆ? ਕੀ ਤੈਨੂੰ ਮਾਣ-ਸਨਮਾਨ ਮਿਲਿਆ ਏ? ਕੀ ਦੇਸ਼ ਦੇ ਅੰਨ-ਭੰਡਾਰ ਭਰਨ ਵਾਲਿਆਂ ਨੂੰ ਖੁਦਕੁਸ਼ੀਆਂ ਦੀ ਸੌਗਾਤ ਹੀ ਮਿਲਣੀ ਸੀ? ਕੀ ਕੀਟਨਾਸ਼ਕ, ਖਾਦਾਂ ਅਤੇ ਦਵਾਈਆਂ ਪਾ ਕੇ ਪੰਜਾਬ ਨੇ ਸਿਰਫ ਬਿਮਾਰਾਂ ਦੀ ਨਗਰੀ ਹੀ ਬਣਨਾ ਸੀ? ਕੀ ਹੁਣ ਸਿਰਫ ਹਸਪਤਾਲਾਂ ਵਿਚੋਂ ਹੀ ਔਲਾਦ ਨੂੰ ਭਾਲਣ, ਜ਼ਿੰਦਗੀ ਦੀ ਤਾਮੀਰਦਾਰੀ ਕਰਨ ਅਤੇ ਸਾਹਾਂ ਦੀ ਸਲਾਮਤੀ ਨੂੰ ਹੀ ਕਿਆਸਿਆ ਜਾਵੇਗਾ?

ਵੇ ਵੀਰਨਾ! ਕਦੇ ਸਾਝਰੇ ਜਿਹੇ ਉਠ ਧਿਆਨ ਕਰੀਂ ਕਿ ਕਿਉਂ ਸਰਕਾਰੀ ਸਕੂਲ, ਕਾਲਜ, ਹਸਪਤਾਲ ਅਤੇ ਹੋਰ ਅਦਾਰੇ ਬੰਦ ਹੋਣ ਦੀ ਕਗਾਰ 'ਤੇ ਨੇ? ਕੀ ਕਾਰਨ ਹੈ ਕਿ ਪ੍ਰਾਈਵੇਟ ਅਦਾਰੇ ਹਰ ਖੇਤਰ ਵਿਚ ਹੀ ਕਾਬਜ਼ ਹੋ ਰਹੇ ਨੇ? ਕਿੰਨੀਆਂ ਜ਼ਿੰਦਗੀਆਂ ਨੂੰ ਰੁਜ਼ਗਾਰ ਭਾਲਦਿਆਂ ਭਾਲਦਿਆਂ, ਆਪਣੇ ਸਾਹਾਂ ਨੂੰ ਅਲਵਿਦਾ ਕਹਿਣ ਲਈ ਮਜਬੂਰ ਹੋਣਾ ਪਿਆ?

ਵੇ ਵੀਰਨਾ! ਤੂੰ ਕਿਹੋ ਜਿਹਾ ਵੀਰ ਏ, ਜੋ ਸਿਰਫ ਚਿੱਕੜ ਉਛਾਲਣ ਅਤੇ ਦੂਜੇ ਭਰਾਵਾਂ ਨੂੰ ਮਾੜਾ ਕਹਿ, ਨੀਵਾਂ ਦਿਖਾ ਅਤੇ ਕੋਝਾ ਬਣਾ ਆਪ ਚੰਗਾ, ਸੁਹਜ ਭਰਪੂਰ ਅਤੇ ਬਿਹਤਰ ਹੋਣ ਦਾ ਭਰਮ ਪਾਲਦਾ ਏਂ। ਚੰਗਾ ਬਣਨਾ ਏ ਤਾਂ ਕੁਝ ਅਜਿਹਾ ਕਰ ਕਿ ਤੂੰ ਦੂਜੇ ਭਰਾਵਾਂ ਨਾਲੋਂ ਵਿਕੋਲਿਤਰਾ ਅਤੇ ਵਿਲੱਖਣ ਹੋਵੇਂ, ਆਪਣੀ ਸੋਚ, ਕਰਮਸ਼ੈਲੀ, ਤਿਆਗ-ਭਾਵਨਾ, ਸਮਾਜ-ਸੇਵਾ ਅਤੇ ਮਨ ਵਿਚ ਕੁਝ ਚੰਗੇਰਾ ਕਰਨ ਦੀ ਤਮੰਨਾ ਨਾਲ। ਬਿਆਨਬਾਜ਼ੀ ਨਾਲ ਭਰਮ-ਭੁਲੇਖੇ ਪਾਉਣ ਅਤੇ ਕੁਝ ਕਰਨ ਵਿਚ ਬਹੁਤ ਅੰਤਰ ਹੁੰਦਾ। ਸੁਪਨੇ ਦਿਖਾਉਣੇ ਅਤੇ ਸੁਪਨ-ਪੂਰਤੀ ਲਈ ਖੁਦ ਨੂੰ ਸਮਰਪਿਤ ਕਰਨਾ, ਵੱਖੋ-ਵੱਖਰੀ ਗੱਲ। ਪੂਰਨ ਸਮਰਪਣ ਲਈ ਨਿਜੀ ਤਰਜ਼ੀਹਾਂ, ਅਰਾਮ, ਐਸ਼ੋ-ਇਸ਼ਰਤ ਜਾਂ ਲੋਭ-ਲਾਲਚ ਨੂੰ ਤਿਆਗ ਕੇ ਹੀ ਕੁਝ ਚੰਗੇਰਾ ਕੀਤਾ ਜਾ ਸਕਦਾ। ਇਤਿਹਾਸ ਵਿਚ ਸਿਰਫ ਉਨ੍ਹਾਂ ਦਾ ਨਾਮ ਰਹਿੰਦਾ, ਜਿਨ੍ਹਾਂ ਦੇ ਮਨਾਂ ਵਿਚ ਲੋਕਾਈ ਪ੍ਰਥਮ ਹੋਵੇ।

> ***ਵੇ ਵੀਰਨਾ! ਤੂੰ ਕਿਹੋ ਜਿਹਾ ਵੀਰ ਏ, ਜੋ ਸਿਰਫ ਚਿੱਕੜ ਉਛਾਲਣ ਅਤੇ ਦੂਜੇ ਭਰਾਵਾਂ ਨੂੰ ਮਾੜਾ ਕਹਿ, ਨੀਵਾਂ ਦਿਖਾ ਅਤੇ ਕੋਝਾ ਬਣਾ ਆਪ ਚੰਗਾ, ਸੁਹਜ ਭਰਪੂਰ ਅਤੇ ਬਿਹਤਰ ਹੋਣ ਦਾ ਭਰਮ ਪਾਲਦਾ ਏਂ। ਚੰਗਾ ਬਣਨਾ ਏ ਤਾਂ ਕੁਝ ਅਜਿਹਾ ਕਰ ਕਿ ਤੂੰ ਦੂਜੇ ਭਰਾਵਾਂ ਨਾਲੋਂ ਵਿਕੋਲਿਤਰਾ ਅਤੇ ਵਿਲੱਖਣ ਹੋਵੇਂ, ਆਪਣੀ ਸੋਚ, ਕਰਮਸ਼ੈਲੀ, ਤਿਆਗ-ਭਾਵਨਾ, ਸਮਾਜ-ਸੇਵਾ ਅਤੇ ਮਨ ਵਿਚ ਕੁਝ ਚੰਗੇਰਾ ਕਰਨ ਦੀ ਤਮੰਨਾ ਨਾਲ। ਬਿਆਨਬਾਜ਼ੀ ਨਾਲ ਭਰਮ-ਭੁਲੇਖੇ ਪਾਉਣ ਅਤੇ ਕੁਝ ਕਰਨ ਵਿਚ ਬਹੁਤ ਅੰਤਰ ਹੁੰਦਾ।***

ਕੰਨੀਂ ਵਲੇਟ ਕੇ ਸੁੱਤਿਆ ਵੀਰਨਾ! ਕੀ ਇਹ ਤੇਰੇ ਹੀ ਸਮਿਆਂ ਵਿਚ ਹੋਣਾ ਸੀ, ਜਦ ਤੇਰੇ ਸਾਹਮਣੇ ਅਰਦਾਸ ਤੇ ਅਜ਼ਾਨ ਨੇ ਆਪਸ ਵਿਚ ਉਲਝਣਾ ਸੀ? ਅੱਲ੍ਹਾ ਤੇ ਰਾਮ ਦੀ ਪੀਢੀ ਸਾਂਝ ਨੇ ਤੀਲਾ-ਤੀਲਾ ਹੋਣਾ ਸੀ? ਸਿੰਘ, ਮੁਹੰਮਦ, ਰਾਮ, ਦੇਵ ਜਾਂ ਅਲਾਦੀਨ ਦਰਮਿਆਨ ਨਸਲੀ ਵਿਤਕਰਿਆਂ ਨੇ ਇਕ ਦੂਜੇ ਨੂੰ ਖੂਨ ਦੇ ਪਿਆਸੇ ਬਣਾਉਣਾ ਸੀ? ਧਰਮ, ਜਾਤ, ਰੰਗ, ਨਸਲ ਅਤੇ ਖਿੱਤਿਆਂ ਦੀ ਬਰਬਾਦੀ ਦੇ ਕੀਰਨੇ ਪਾਉਣ ਲਈ ਮਾਂਗਵੀਆਂ ਧਾੜਾਂ ਨੂੰ ਵਰਤਿਆ ਜਾਣਾ ਸੀ? ਧਰਮ ਦੀ ਤੱਕੜੀ ਦੇ ਵੱਟਿਆਂ ਸੰਗ ਵੋਟਾਂ ਨੇ ਤੁਲਨਾ ਸੀ? ਜਾਤਾਂ ਦੀਆਂ ਹਿੱਕਾਂ ਨੇ ਕੁਰਸੀਆਂ ਦੇ ਪਾਵੇ ਬਣਨਾ ਸੀ? ਲਿਆਕਤ, ਗਿਆਨ ਅਤੇ ਸੋਝੀ ਦੀ ਨਿਲਾਮੀ ਲਈ ਗਿਆਨਹੀਣਾਂ ਨੇ ਚੌਧਰੀ ਬਣਨਾ ਸੀ? ਅਧਰਮੀਆਂ ਨੇ ਲੋਕਾਂ ਦੀਆਂ ਅੱਖਾਂ ਵਿਚ ਕੁੱਕਰੇ, ਸੋਚ ਵਿਚ ਧੁੰਦਲਕਾ ਅਤੇ ਕਰਮ-ਰੇਖਾਵਾਂ ਵਿਚ ਵਿਨਾਸ਼ ਉਗਾਉਣਾ ਸੀ? ਕਦੇ ਤਾਂ ਸੋਚ ਵੇ ਵੀਰਨਾ! ਕੀ ਦਾ ਕੀ ਹੋ ਗਿਆ, ਪਰ ਤੇਰੀ ਜਾਗ ਹੀ ਨਹੀਂ ਖੁੱਲੀ।

ਜਾਗ ਵੇ ਵੀਰਨਾ! ਤੇਰੇ ਬਾਪ ਦੀ ਲੀਰਾਂ ਹੋਈ ਪੱਗ ਵਿਚੋਂ ਝਾਕਦੀਆਂ ਨੇ ਜਟੂਰੀਆਂ। ਮਾਂ ਦੀ ਪਾਟੀ ਚੁੰਨੀ ਵਿਚੋਂ ਸੁਪਨੇ ਕਿਰ ਕੇ ਮਿੱਟੀ ਵਿਚ ਰੁਲ ਗਏ ਨੇ। ਭੈਣ ਦੀ ਰੱਖੜੀ ਵਿਰਲਾਪ ਕਰ ਰਹੀ ਏ। ਧੀ ਦੇ ਹੱਥਾਂ 'ਤੇ ਲੱਗਣ ਵਾਲੀ ਮਹਿੰਦੀ, ਸਿਰ 'ਤੇ ਉਗਦੀਆਂ ਚਾਂਦੀ ਦੀਆਂ ਤਾਰਾਂ ਕਾਰਨ ਕੀਰਨਾ ਬਣ ਗਈ ਏ। ਤਿੜਕੇ ਸ਼ਤੀਰਾਂ ਅਤੇ ਤਿੱਪ-ਤਿੱਪ ਚੋਂਦੀਆਂ ਛੱਤਾਂ ਵਿਚੋਂ ਕਿਹੜੇ ਸੁਖਨ ਅਤੇ ਸੰਤੁਸ਼ਟੀ ਦਾ ਖਿਆਲ ਆਵੇਗਾ? ਰਾਤਾਂ ਦੀ ਨੀਂਦ ਨੂੰ ਹੰਘਾਲਣ ਦਾ ਕੌਣ ਏ ਜਿੰਮੇਵਾਰ?

ਵੀਰਨਾ! ਕਦੇ ਤੂੰ ਸੋਚਿਆ ਕਿ ਅਜ਼ਾਰੇਦਾਰੀ, ਅਜ਼ਾਦੀ ਨਹੀਂ ਹੁੰਦੀ। ਕਬਜ਼ੇ ਦੀ ਭਾਵਨਾ, ਕ੍ਰਿਪਾਲਤਾ ਨਹੀਂ ਕਹੀ ਜਾ ਸਕਦੀ। ਕਿਸੇ ਦੇ ਰਾਹਾਂ ਵਿਚ ਕੰਡੇ ਬੀਜਣ ਨੂੰ ਭਲਿਆਈ ਦਾ ਨਾਮ ਨਹੀਂ ਦਿਤਾ ਜਾ ਸਕਦਾ। ਜਦ ਸਭ ਕੁਝ ਹੀ, ਕੁਝ ਕੁ ਅਦਾਰਿਆਂ ਦੀ ਮਲਕੀਅਤ ਬਣ ਜਾਵੇ ਤਾਂ ਇਨ੍ਹਾਂ ਦੀ ਦਿਸ਼ਾ ਅਤੇ ਦਸ਼ਾ ਨਿਜੀ ਲਾਭਾਂ, ਮੁਨਾਫੇ, ਕੁਰਸੀ ਅਤੇ ਚੌਧਰ ਦੀ ਸਲਾਮਤੀ ਤੀਕ ਹੀ ਸੀਮਤ ਹੋ ਜਾਂਦੀ ਏ। ਅਜਿਹਾ ਹੀ ਅਜੋਕੇ ਸਮਿਆਂ ਵਿਚ ਹੋ ਰਿਹਾ ਏ।

ਜਾਗ ਵੇ ਸੁੱਤਿਆ ਵੀਰਨਾ! ਤੇਰੀ ਨੀਂਦ ਨੇ ਬਹੁਤ ਸਾਰੀਆਂ ਜਾਨਾਂ ਲੈ ਲਈਆਂ ਨੇ। ਘਰ ਖੰਡਰ ਬਣ ਗਏ ਨੇ। ਪੰਜਾਬ, ਉਜਾੜੇ ਦੀ ਕਗਾਰ 'ਤੇ ਹੈ। ਜਦ ਬੋਲੇ ਕੰਨਾਂ ਨੂੰ ਕਿਸੇ ਦੀ ਪੀੜਾ, ਦੁੱਖ ਅਤੇ ਕਸ਼ਟਾਂ ਨੂੰ ਸੁਣਨ ਅਤੇ ਇਨ੍ਹਾਂ ਨੂੰ ਨਿਵਾਰਨ ਦੀ ਬਿਰਤੀ ਨਾ ਰਹੇ ਤਾਂ ਉਸ ਗੁੰਗੀ ਬੋਲੀ ਹਕੂਮਤ ਦਾ ਰਾਜ ਕਿੰਨਾ ਕੁ ਚਿਰ ਰਹਿ ਸਕਦਾ?

ਜਾਗ ਵੇ ਸੁੱਤਿਆ ਵੀਰਨਾ ਅਤੇ ਉਠ ਕੇ ਦੇਖ ਕਿ ਇਹ ਕੇਹੀ ਅਮਿੱਟ ਤ੍ਰੇਹ ਹੈ ਕਿ ਜਿਸ ਨੇ ਅੰਮ੍ਰਿਤ ਵਰਗੇ ਦਰਿਆ ਹੀ ਡੀਕ ਲਏ। ਮਰਦ ਅਗੰਮੜੇ ਜੰਮਣ ਵਾਲੀ ਧਰਤੀ ਦੀ ਔਲਾਦ ਨਾਮਰਦੀ ਦਾ ਸ਼ਿਕਾਰ ਹੋ ਗਈ। ਜੀਵਨ ਦਾਨ ਬਖਸ਼ਣ ਵਾਲੀ ਪੌਣ, ਮੌਤ ਦਾ ਸੱਦਾ-ਪੱਤਰ ਬਣ ਗਈ ਏ। ਕੁਦਰਤੀ ਨਿਆਮਤਾਂ ਨਾਲ ਕੀਤਾ ਗਿਆ ਖਿਲਵਾੜ ਤੈਨੂੰ ਨਜ਼ਰ ਕਿਉਂ ਨਹੀਂ ਆਉਂਦਾ?

ਵਾਸਤਾ ਈ ਜਾਗ ਵੇ! ਮੋਟੇ ਪਰਦਿਆਂ, ਉਚੀਆਂ ਦੀਵਾਰਾਂ ਅਤੇ ਮਹੱਲਾਂ ਵਿਚ ਰਹਿਣ ਵਾਲਿਆਂ ਨੂੰ ਝੁੱਗੀਆਂ ਕਿਵੇਂ ਨਜ਼ਰ ਆਉਣਗੀਆਂ? ਕਿਵੇਂ ਪਤਾ ਲੱਗੇਗਾ ਕਿ ਗਰੀਬੀ ਦੇ ਕੀ ਮਾਅਨੇ ਹੁੰਦੇ ਨੇ? ਬੇਰੁਜ਼ਗਾਰੀ ਵਿਚ ਪਿੱਸ ਰਹੀ ਨੌਜਵਾਨੀ ਜਦ ਨਸ਼ਿਆਂ ਦੀ ਜ਼ੱਦ ਵਿਚ ਆਉਂਦੀ ਹੈ ਤਾਂ ਕਿਵੇਂ ਖੇਤ ਵਿਕਦੇ ਨੇ? ਕਿਵੇਂ ਮਾਂਵਾਂ ਦੀਆਂ ਵਾਲੀਆਂ ਪੁੱਤ ਦੇ ਨਸ਼ੇ ਦੀ ਪੂਰਤੀ ਕਰਦੀਆਂ ਨੇ? ਕਿਵੇਂ ਸੜਕਾਂ, ਰਾਹਾਂ ਅਤੇ ਥਾਂਵਾਂ 'ਤੇ ਦਨਦਨਾਉਂਦੀ ਲੁੱਟ-ਖੋਹ, ਗੈਂਗਾਂ ਦਾ ਰੂਪ ਧਾਰ ਕੇ ਸਮੁੱਚੇ ਸਮਾਜ ਨੂੰ ਅਰਾਜਕਤਾ ਦੀ ਝੋਲੀ ਪਾ, ਆਮ ਨਾਗਰਿਕ ਦਾ ਜਿਉਣਾ ਮੁਹਾਲ ਕਰਦੀ ਏ? ਕਿਉਂ ਆਪਣੇ ਹੀ ਸਾਹ ਮਾਂਗਵੇਂ ਲੱਗਦੇ, ਕਿਉਂਕਿ ਪਤਾ ਕਿ ਕਿਸ ਮੋੜ 'ਤੇ, ਕਿਸ ਨੇ ਸਾਹ-ਤੰਦੀ ਨੂੰ ਟੋਟੇ ਟੋਟੇ ਕਰ ਦੇਣਾ?

ਵੇ ਸੁੱਤਿਆ ਵੀਰਨਾ! ਬਹੁਤ ਖਤਰਨਾਕ ਹੁੰਦਾ ਹੈ ਸਫਰ ਵਿਚ ਸੌਂ ਜਾਣਾ। ਅਜਿਹੇ ਰਾਹਗੀਰ ਅਕਸਰ ਹੀ ਲੁੱਟੇ ਜਾਂਦੇ। ਸੱਸੀ ਦੀ ਕੇਹੀ ਅੱਖ ਲੱਗੀ ਸੀ ਕਿ ਬਲੋਚਾਂ ਨੇ ਉਸ ਦਾ ਪੁੰਨੂ ਹੀ ਲੁੱਟ ਲਿਆ ਅਤੇ ਥਲ ਵਿਚ ਤੜਫਦੀ ਤੇ ਹਾਕਾਂ ਮਾਰਦੀ ਸੱਸੀ ਦਾ ਜਿੰਦ-ਭੌਰ ਉਡਾਰੀ ਮਾਰ ਗਿਆ। ਮਿਰਜ਼ੇ ਦਾ ਜਰਾ ਕੁ ਸੌਂ ਜਾਣਾ ਹੀ ਪਿਆਰ ਕਹਾਣੀ ਦਾ ਦਰਦਨਾਕ ਅੰਤ ਹੋ ਨਿਬੜਿਆ ਅਤੇ ਸਾਹਿਬਾਂ ਦੀ ਵਿਲਕਣੀ ਬੱਕੀ ਦੀਆਂ ਧਾਹਾਂ ਵਿਚ ਤਬਦੀਲ ਹੋ ਗਈ। ਅਜਿਹਾ ਕਹਿਰ ਵਾਪਰਨ ਤੋਂ ਪਹਿਲਾਂ ਸੁਚੇਤ ਹੋਣਾ ਜਰੂਰੀ ਹੁੰਦਾ ਤਾਂ ਕਿ ਸਫਰ ਜਾਰੀ ਰਹੇ।

ਨੀਂਦ ਵਿਹਾਜਣ ਵਾਲਿਆ! ਕੁਝ ਲੋਕ ਸੁੱਤਿਆਂ ਜਾਗਦੇ ਹੁੰਦੇ, ਪਰ ਕੁਝ ਲੋਕ ਜਾਗਦਿਆਂ ਵੀ ਸੁੱਤੇ ਹੁੰਦੇ। ਅਜਿਹੇ ਲੋਕਾਂ ਤੋਂ ਕੀ ਆਸ ਰੱਖੀ ਜਾ ਸਕਦੀ ਕਿ ਉਹ ਸਮਾਜ ਜਾਂ ਸਮੁੱਚੀ ਮਾਨਵਤਾ ਲਈ ਚੰਗੇਰੇ ਪੱਖ ਨੂੰ ਵਿਚਾਰ ਸਕਣ ਅਤੇ ਮਨੁੱਖਤਾ ਦੀ ਭਲਾਈ ਤੇ ਚੰਗਿਆਈ ਲਈ ਅਹਿਮ ਰੋਲ ਅਦਾ ਕਰ ਸਕਣ। ਅਜਿਹੇ ਲੋਕਾਂ ਦਾ ਨਾਮ ਉਨ੍ਹਾਂ ਲੋਕਾਂ ਵਿਚ ਸ਼ਾਮਲ ਹੁੰਦਾ, ਜਿਨ੍ਹਾਂ ਨੇ ਆਪਣੀ ਵਿਰਾਸਤ ਨੂੰ ਵਿਨਾਸ਼ ਦੀ ਕਗਾਰ 'ਤੇ ਲਿਆਂਦਾ। ਉਨ੍ਹਾਂ ਦੀਆਂ ਕੁਤਾਹੀਆਂ ਨੂੰ ਭੁਗਤਦਿਆਂ, ਕਈ ਨਸਲਾਂ ਆਪਣੀ ਅਉਧ ਗਵਾ ਬਹਿੰਦੀਆਂ। ਵੀਰਨਾ! ਰੱਬ ਮਿਹਰ ਕਰੇ ਕਿ ਅਜਿਹਾ ਕੁਝ ਨਾ ਹੋਵੇ। ਕਦੇ ਕਲਮ ਦੀ ਹਾਕ ਤਾਂ ਸੁਣ ਜੋ ਕੂਕਦੀ,

ਜਾਗ ਵੇ ਸੁਤਿਆ ਵੀਰਨਾ
ਨਗਰੀਂ ਮੰਡਰਾਉਂਦੀ ਮੌਤ
ਚਾਅ ਦਾ ਇਕ ਬਚੂੰਗੜਾ
ਵਕਤੋਂ ਪਹਿਲਾਂ ਫੌਤ
ਹਟਕੋਰੇ ਭਰਦੀ ਪੌਣ ਦਾ
ਸੁੱਕਦਾ ਜਾਵੇ ਸਾਹ
ਔਂਤਰੇ ਬੋਲੀਂ ਗੁਟਕਦੀ
ਸੁੰਨ ਸੂਤਵੀਂ ਆਹ
ਖੇਤ ਖਲਿਆਣ ਮੌਲਦੀ
ਕੇਹੀ ਕੁਕਰਮੀ ਰੁੱਤ
ਧਰਤੀ ਮਾਂ ਦਾ ਲਾਡਲਾ
ਟਾਹਲੀ ਲਟਕਦਾ ਬੁੱਤ।

ਡੂੰਘੀਂ ਨੀਂਦਰੇ ਸੁੱਤਿਆ
ਕਿਉਂ ਨਹੀਂ ਖੁੱਲ੍ਹਦੀ ਜਾਗ
ਗਰਾਂ, ਘਰਾਂ, ਦਰਾਂ ਦੇ
ਰੋਣ ਦੁਹੱਥੜੀਂ ਭਾਗ
ਫਿਰਨੀ ਉਤੇ ਬੈਠ'ਗੀ
ਕਬਰਾਂ ਵਰਗੀ ਚੁੱਪ
ਛੱਤ 'ਤੇ ਉਗਿਆ ਚੰਦਰਮਾ
ਕਿੱਕਰੀਂ ਗਿਆ ਏ ਛੁਪ
ਘਰ ਦੀ ਢੱਠੀ ਕੰਧ 'ਤੇ
ਲਟਕੇ ਇਕ ਤਸਵੀਰ
ਜਿਸ ਦੇ ਨੈਣੀਂ ਵੱਸਦੀ
ਹੰਝੂਆਂ ਭਰੀ ਤਾਸੀਰ।

ਜਾਗ ਕਦੇ ਤੂੰ ਵੀਰਿਆ
ਖੁਦ ਨੂੰ ਕਦੇ ਜਗਾ
ਚਿੰਤਾ, ਚਿੰਤਨ, ਚੇਤਨਾ ਤੋਂ
ਚਾਕਰੀ ਵੱਲ ਨੂੰ ਜਾ
ਹਾਵੇ ਮਣਸਣ ਵਾਲੀਆਂ
ਚਾਲਾਂ ਨੂੰ ਅੱਗ ਲਾ
ਸੋਚ, ਸਮਝ, ਸੰਵੇਦਨਾ ਨੂੰ
ਕਰਮ-ਧਰਮ ਬਣਾ।

ਵੇ ਤੂੰ ਕੇਹੀ ਨੀਂਦਰੇ ਸੁੱਤਿਆ
ਕਿਉਂ ਨਹੀਂ ਸੁਣਦੀ ਲੇਰ
ਬਾਜ਼ਾਂ ਨੋਚੇ ਖੰਭ ਵੇ
ਚਿੜੀਆਂ ਕੀਤੀਆਂ ਢੇਰ
ਬਿਰਖ ਦਾ ਹਰ ਪੱਤੜਾ
ਦੁੱਖਾਂ ਦੀ ਤਸਦੀਕ
ਲਗਰਾਂ ਕੋਲੋਂ ਰੁੱਸ'ਗੀ
ਫੁੱਲਾਂ ਭਰੀ ਉਡੀਕ।

ਕਦੇ ਤਾਂ ਉਠ ਵੇ ਭੈੜਿਆ
ਵਿਹੜੇ ਦਾ ਦਰਦ ਵੰਡਾ
ਕਦੇ ਤਾਂ ਇਸ ਦੀ ਹੂਕ ਦਾ
ਬਣ ਹੁੰਗਾਰਾ ਹਾਅ।

ਜਾਗ ਵੇ ਸੁੱਤਿਆ ਵੀਰਨਾ
ਦੱਸ ਤੂੰ ਬਹਿ ਕੇ ਕੋਲ
ਕਬਰਾਂ ਵਰਗੀਆਂ ਮਾਂਵਾਂ ਦੇ
ਕੀਹਨੇ ਖੋਹ ਲਏ ਬੋਲ
ਕਿਉਂ ਹੋ ਗਈ ਸੱਖਣੀ
ਅਰਦਾਸਾਂ ਵਾਲੀ ਝੋਲ
ਬਿਨ ਡੰਗੋਰੀ ਨੈਣ ਵਿਹੂਣੀ
ਕੀਹਨੂੰ ਰਹੀ ਟਟੋਲ
ਪਤਾ ਨਹੀਂ ਕੀ ਢੂੰਡਦੀ
ਸਾਹ-ਗੰਠੜੀ ਨੂੰ ਖੋਲ੍ਹ
ਦਰਦ-ਵੰਝੀ, ਦਰਦ-ਹਰਨੀ
ਖੁਦ ਨਹੀਂ ਖੁਦ ਦੇ ਕੋਲ।

ਵੇ ਵੀਰਨਾ! ਸ਼ਾਇਦ ਤੈਨੂੰ ਇਹ ਗੱਲ ਚੰਗੀ ਨਾ ਲੱਗੇ, ਪਰ ਸੱਚ ਏ ਕਿ ਤੂੰ ਤਾਂ ਇਕ ਰੋਲ ਮਾਡਲ ਸੀ, ਹੁਣ ਤੂੰ ਕਿਹੋ ਜਿਹਾ ਰੋਲ ਮਾਡਲ ਏਂ ਇਹ ਤੂੰ ਖੁਦ ਵੀ ਚੰਗੀ ਤਰ੍ਹਾਂ ਜਾਣਦਾ? ਕਿਸੇ ਨੂੰ ਕੁਝ ਪੁੱਛਣ ਜਾਂ ਦੱਸਣ ਦੀ ਲੋੜ ਨਹੀਂ। ਬਹੁਤ ਕੁਝ ਹੁੰਦਾ, ਜੋ ਕਿਸੇ ਵਡੇਰੇ ਦੇ ਰਾਹਾਂ 'ਤੇ ਤੁਰਦਿਆਂ, ਉਨ੍ਹਾਂ ਦੀਆਂ ਕੀਰਤੀਆਂ ਨੂੰ ਅਪਨਾ ਕੇ ਪ੍ਰਾਪਤ ਕੀਤਾ ਜਾ ਸਕਦਾ। ਕਦੇ ਸਮੇਂ ਮਿਲੇ ਤਾਂ ਦੱਸੀਂ ਕਿ ਤੇਰੀਆਂ ਕਿਹੜੀਆਂ ਕੀਰਤੀਆਂ ਨੂੰ ਨਗਰ-ਵਾਸੀਆਂ ਦੀ ਸਮੁੱਚ ਦਾ ਸਰਫ ਹੋਣ ਦਾ ਮਾਣ ਹੋ ਸਕਦਾ?

ਵੇ ਵੀਰਨਾ! ਤੇਰਾ ਪੰਜਾਬ ਵੱਸਦਾ ਉਜੜ ਗਿਆ ਏ ਤੇ ਤੈਨੂੰ ਖਬਰ ਤੀਕ ਨਾ ਹੋਈ। ਪਿੰਜਰ ਪਿੰਜਰ ਹੋ ਗਿਆ ਤੇ ਰੂਹ ਅੰਬਰਾਂ ਤੀਕ ਰੋਈ। ਉਜਾੜੇ ਬਹੁਤ ਦਰਦੀਲੇ ਹੁੰਦੇ ਅਤੇ ਇਸ ਦਾ ਦਰਦ ਸਦੀਆਂ ਤੀਕ ਚਸਕਦਾ ਰਹਿੰਦਾ। ਲੇਰਾਂ ਵੱਸਦੀਆਂ ਨੇ ਫਿਜ਼ਾ ਵਿਚ। ਹਉਕੇ ਬਿਖਰ ਜਾਂਦੇ ਨੇ ਚਾਰ-ਚੁਫੇਰੇ ਅਤੇ ਹਾਸਿਆਂ ਦੀ ਨੱਪੀ ਜਾਂਦੀ ਏ ਸੰਘੀ। ਕਦੇ ਇਸ ਦਰਦ ਨੂੰ ਆਪਣੀ ਸੰਵੇਦਨਾ ਦਾ ਹਿੱਸਾ ਬਣਾ, ਸ਼ਾਇਦ ਉਜੜੇ ਨੂੰ ਮੁੜ ਤੋਂ ਵਸਾਉਣ ਦਾ ਖਿਆਲ ਤੈਨੂੰ ਆ ਹੀ ਜਾਵੇ।

ਜਾਗ ਵੇ ਵੀਰਨਾ! ਸਮਾਜਕ, ਰਾਜਨੀਤਕ ਜਾਂ ਸਰਕਾਰ-ਦਰਬਾਰ ਦੀ ਕਾਰਜਸ਼ੈਲੀ ਅਤੇ ਕਦਰਾਂ-ਕੀਮਤਾਂ ਵਿਚ ਕੇਹਾ ਨਿਘਾਰ ਆ ਗਿਆ ਕਿ ਬਾਸ਼ਿੰਦੇ ਇਸ ਦੇ ਮੱਥੇ ਲੱਗਣ ਤੋਂ ਵੀ ਡਰਨ ਲੱਗ ਪਏ ਨੇ। ਕੇਹੀ ਅਰਾਜਕਤਾ ਏ ਕਿ ਕਿਸੇ ਗਲੀ ਜਾਂ ਰਾਹੇ ਜਾਂਦਿਆਂ ਧੀਆਂ, ਭੈਣਾਂ, ਮਾਤਾਵਾਂ ਮਹਿਫੂਜ਼ ਨਹੀਂ। ਕਿਧਰੇ ਵੀ, ਕੋਈ ਵੀ ਉਨ੍ਹਾਂ ਦਾ ਚੀਰ-ਹਰਨ ਕਰ ਸਕਦਾ, ਕਿਉਂਕਿ ਹੁਣ ਦਰਿੰਦਿਆਂ ਨੂੰ ਕਿਸੇ ਦਾ ਡਰ ਨਹੀਂ ਰਿਹਾ। ਰਾਜਸੀ ਸਰਪ੍ਰਸਤੀ ਨੇ ਕੁਕਰਮੀਆਂ ਦਾ ਹੌਸਲਾ ਇੰਨਾ ਵਧਾ ਦਿਤਾ ਕਿ ਉਹ ਕੁਝ ਵੀ ਕਰ ਸਕਦੇ ਅਤੇ ਉਨ੍ਹਾਂ ਦਾ ਕੁਝ ਵੀ ਨਹੀਂ ਵਿਗੜਦਾ, ਕਿਉਂਕਿ ਉਹ ਕਿਸੇ ਧਿਰ ਦੀਆਂ ਵੋਟਾਂ ਜੁ ਹੁੰਦੇ। ਇਸ ਦਾ ਅਹਿਸਾਸ ਸਿਰਫ ਖੁਦ ਨਾਲ ਵਾਪਰਨ 'ਤੇ ਹੀ ਹੋ ਸਕਦਾ ਕਿ ਕਿਉਂ ਤੇ ਕਿਵੇਂ ਲੋਕਾਂ ਨੂੰ ਆਪਣੀਆਂ ਜ਼ਮੀਰਾਂ, ਜ਼ਮੀਨਾਂ, ਜਿਸਮ, ਜਜ਼ਬਾਤ ਅਤੇ ਜ਼ਰੂਰਤਾਂ ਨੂੰ ਵੇਚਣ ਲਈ ਮਜਬੂਰ ਹੋਣਾ ਪੈ ਰਿਹਾ?

ਜਾਗ ਵੇ ਸੁੱਤਿਆ ਵੀਰਨਾ! ਤੇਰੇ ਪਹਿਰਦੇਦਾਰ ਹੀ ਲੁਟੇਰੇ ਬਣ ਗਏ। ਲੁੱਟ ਦਾ ਮਾਲ ਡਾਗਾਂ ਨਾਲ ਮਿਣਿਆ ਜਾਣ ਲੱਗ ਪਿਆ

***(ਬਾਕੀ ਅਗਲੇ ਸਫੇ 'ਤੇ)***

# ਜ਼ਿੰਦਗੀ ਜ਼ਿੰਦਾਦਿਲੀ ਦਾ ਦੂਜਾ ਨਾਂ





ਜ਼ਿੰਦਗੀ ਕੀ ਹੈ? ਇਸ ਬਾਰੇ ਲੋਕਾਂ ਦੀਆਂ ਅਜੀਬ ਅਜੀਬ ਧਾਰਨਾਵਾਂ ਹਨ। ਕੋਈ ਜ਼ਿੰਦਗੀ ਨੂੰ ਕਲਾ ਦੱਸਦਾ ਹੈ, ਕੋਈ ਤਪੱਸਿਆ; ਕੋਈ ਜ਼ਿੰਦਗੀ ਨੂੰ ਜੱਦੋ-ਜਹਿਦ ਦੱਸਦਾ ਹੈ ਅਤੇ ਕੋਈ ਸਫਰ ਦਾ ਨਾਂ ਦਿੰਦਾ ਹੈ; ਕੋਈ ਇਸ ਨੂੰ ਗੱਲ ਪਿਆ ਢੋਲ ਵਜਾਉਣਾ ਕਹਿੰਦਾ ਹੈ, ਕੋਈ ਜ਼ਿੰਦਾਦਿਲੀ ਵਜੋਂ ਸਨਮਾਨਦਾ ਹੈ ਅਤੇ ਕੋਈ ਕਰਮਾਂ ਦਾ ਫਲ ਤੇ ਕੋਈ ਕੰਡਿਆਂ ਦੀ ਸੇਜ। ਗੱਲ ਕੀ, ਅਣਗਿਣਤ ਧਾਰਨਾਵਾਂ ਹਨ, ਜ਼ਿੰਦਗੀ ਸਬੰਧੀ। ਫਿਰ ਵੀ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ, ਬਚਪਨ ਤੋਂ ਜਵਾਨੀ, ਜਵਾਨੀ ਤੋਂ ਬੁਢਾਪਾ ਆਦਿ ਤੱਕ ਦਾ ਸਫਰ ਤੈਅ ਕਰਦਿਆਂ ਜੋ ਸਮਾਂ ਆ ਜਾਂਦਾ ਹੈ, ਉਹੀ ਜ਼ਿੰਦਗੀ ਹੈ। ਜ਼ਿੰਦਗੀ



ਸ਼ੰਕਰ ਮਹਿਰਾ, ਲੁਧਿਆਣਾ
ਫੋਨ: 91-99888-98227

ਇਕ ਛੋਟਾ ਜਿਹਾ ਸ਼ਬਦ ਆਪਣੇ ਆਪ ਵਿਚ ਬਹੁਤ ਡੂੰਘੇ ਅਰਥ ਸਮੋਈ ਬੈਠਾ ਹੈ। ਜ਼ਿੰਦਗੀ ਨਾਂ ਹੈ ਦੁੱਖਾਂ ਤੇ ਸੁੱਖਾਂ ਦਾ; ਪਿਆਰ ਤੇ ਤਕਰਾਰ ਦਾ; ਦੋਸਤੀ ਤੇ ਚਾਹਤ ਦਾ; ਖੁਸ਼ੀਆਂ ਅਤੇ ਗਮੀਆਂ ਦਾ ਪਾਉਣ ਤੇ ਗਵਾਉਣ ਦਾ; ਰੁੱਸਣ ਤੇ ਮਨਾਉਣ ਦਾ ਅਤੇ ਆਸ ਅਤੇ ਨਿਰਾਸ਼ਾ ਦਾ।

ਵੱਖ ਵੱਖ ਵਿਦਵਾਨਾਂ ਦੇ ਜ਼ਿੰਦਗੀ ਬਾਰੇ ਵੱਖ-ਵੱਖ ਮੱਤ ਹਨ। ਅੰਗਰੇਜ਼ੀ ਕਵੀ ਵਿਲੀਅਮ ਸ਼ੇਕਸਪੀਅਰ ਅਨੁਸਾਰ "ਜ਼ਿੰਦਗੀ ਇੱਕ ਰੰਗਮੰਚ ਹੈ, ਜਿੱਥੇ ਹਰ ਕੋਈ ਆਪਣਾ ਰੋਲ ਨਿਭਾ ਕੇ ਚਲਾ ਜਾਂਦਾ ਹੈ।"

ਨਿਊ ਰਿਟੀਅਸ ਅਨੁਸਾਰ "ਜ਼ਿੰਦਗੀ ਹਨੇਰੇ ਵਿਚ ਜੱਦੋ-ਜਹਿਦ ਹੈ।"

ਮੁਨਸ਼ੀ ਪ੍ਰੇਮ ਚੰਦ ਅਨੁਸਾਰ "ਖਾਣ ਅਤੇ ਪੀਣ ਦਾ ਨਾਂ ਜੀਵਨ ਨਹੀਂ, ਜੀਵਨ ਸਦਾ ਹੀ ਅੱਗੇ ਵਧਦੇ ਰਹਿਣ ਦੀ ਲਗਨ ਦਾ ਨਾਂ ਹੈ।

ਗੋਰਕੀ ਅਨੁਸਾਰ "ਜੀਵਨ ਚਾਬਕ ਮਾਰ ਕੇ ਚਲਾਉਣ ਵਾਲਾ ਘੋੜਾ ਨਹੀਂ ਹੈ।"

ਜੇਏਲਰ ਅਨੁਸਾਰ "ਜੀਵਨ ਇੱਕ ਬਾਜੀ ਵਾਂਗ ਹੈ, ਹਾਰ-ਜਿੱਤ ਬੇਸ਼ੱਕ ਸਾਡੇ ਹੱਥ ਵਿਚ ਨਹੀਂ, ਪਰ ਬਾਜੀ ਖੇਡਣਾ ਤਾਂ ਸਾਡੇ ਹੱਥ ਵਿਚ ਹੈ।"

ਡਾ. ਰਾਧਾ ਕ੍ਰਿਸ਼ਨਨ ਨੇ ਇੱਕ ਥਾਂ ਲਿਖਿਆ ਹੈ ਕਿ ਜ਼ਿੰਦਗੀ ਤਾਸ਼ ਦੇ ਪੱਤਿਆਂ ਦੀ ਵੰਡ ਵਾਂਗ ਹੈ। ਕਿਸੇ ਨੂੰ ਯੱਕੇ, ਬੇਗੀਆਂ ਤੇ ਬਾਦਸ਼ਾਹ ਜਿਹੇ ਭਾਰੀ ਪੱਤੇ ਆ ਜਾਂਦੇ ਹਨ ਅਤੇ ਕਿਸੇ ਨੂੰ ਸਿਰਫ ਦੁੱਕੀਆਂ ਤਿੱਕੀਆਂ ਹੀ ਆਉਂਦੀਆਂ ਹਨ। ਖੇਡਣ ਵਾਲੇ ਨੇ ਆਪਣੇ ਪੱਤਿਆਂ ਨਾਲ ਖੇਡਣਾ ਹੁੰਦਾ ਹੈ। ਵਧੀਆ ਖਿਡਾਰੀ ਓਹੀ ਗਿਣਿਆ ਜਾਂਦਾ ਹੈ, ਜੋ ਹਿੱਸੇ ਆਏ ਪੱਤਿਆਂ ਰਾਹੀਂ ਸਿਆਣਪ ਨਾਲ ਖੇਡੇ। ਕਈ ਵਾਰ ਬਾਦਸ਼ਾਹ ਨੂੰ ਵੀ ਦੁੱਕੀਆਂ ਦੀ ਈਨ ਮੰਨਣੀ ਪੈਂਦੀ ਹੈ।

ਮਨੋਵਿਗਿਆਨੀਆਂ ਨੇ ਵੀ ਵਿਗਿਆਨਕ ਆਧਾਰ 'ਤੇ ਤਜਰਬੇ ਕਰਕੇ ਵਾਰ ਵਾਰ ਸਿੱਧ ਕੀਤਾ ਹੈ ਕਿ ਹਾਂਪੱਖੀ ਸੋਚ, ਪ੍ਰਤੀਬੱਧਤਾ, ਲਗਨ ਤੇ ਦ੍ਰਿੜ੍ਹ ਵਿਸ਼ਵਾਸ ਦੇ ਸਾਹਮਣੇ ਸਭ ਮੁਸੀਬਤਾਂ ਸਿਰ ਝੁਕਾ ਦਿੰਦੀਆਂ ਹਨ ਅਤੇ ਅਜਿਹੇ ਮਨੁੱਖ ਦਾ ਕੁਦਰਤ ਵੀ ਸਾਥ ਦੇਣ ਲੱਗਦੀ ਹੈ। ਕਿਸੇ ਸ਼ਾਇਰ ਨੇ ਕਿੰਨਾ ਖੂਬ ਲਿਖਿਆ ਹੈ,

ਖੁਦੀ ਕੋ ਕਰ ਬੁਲੰਦ ਇਤਨਾ  
ਕਿ ਹਰ ਤਕਦੀਰ ਲਿਖਨੇ ਸੇ ਪਹਿਲੇ  
ਖੁਦਾ ਬੰਦੇ ਸੇ ਪੂਛੇ  
ਬਤਾ ਤੇਰੀ ਰਜ਼ਾ ਕਿਆ ਹੈ।

ਜ਼ਿੰਦਗੀ ਜਿਉਣਾ ਵੀ ਇਕ ਕਲਾ ਹੈ, ਕਲਾ ਹੀ ਨਹੀਂ ਸਗੋਂ ਇਕ ਤਪੱਸਿਆ ਹੈ। ਜੀਵਨ ਵਿਕਾਸ ਦਾ ਸਿਧਾਂਤ ਹੈ, ਸਥਿਰ ਰਹਿਣ ਦਾ ਨਹੀਂ। ਜ਼ਿੰਦਗੀ ਜਿਉਣਾ ਹੋਰ ਗੱਲ ਹੈ ਅਤੇ ਭੋਗਣਾ ਹੋਰ। ਜ਼ਿੰਦਗੀ ਜਿਉਣ ਵਾਲੇ ਬੰਦੇ ਉਹ ਹੁੰਦੇ ਹਨ, ਜੋ ਆਪਣੀ ਜ਼ਿੰਦਗੀ ਦੇ ਮਾਲਕ ਆਪ ਹੁੰਦੇ ਹਨ। ਆਪ ਇਸ ਨੂੰ ਸੇਧ ਦਿੰਦੇ ਹਨ, ਮਕਸਦ ਦਿੰਦੇ ਹਨ, ਇਸ ਵਿਚ ਰੰਗ ਭਰਦੇ ਹਨ। ਜ਼ਿੰਦਗੀ ਭੋਗਣ ਜਾਂ ਕੱਟਣ ਵਾਲੇ ਬੰਦੇ ਉਹ ਹੁੰਦੇ ਹਨ, ਜਿਨ੍ਹਾਂ ਨੂੰ ਜ਼ਿੰਦਗੀ ਆਪ ਚਲਾਉਂਦੀ ਹੈ। ਕਦੇ ਰੁਆਉਂਦੀ, ਕਦੇ ਹਸਾਉਂਦੀ ਹੈ। ਉਹ ਜ਼ਿੰਦਗੀ ਦੇ ਗੁਲਾਮ ਬਣੇ ਰਹਿੰਦੇ ਹਨ। ਆਪਣੀ ਮੰਦਹਾਲੀ ਲਈ ਕਰਮਾਂ ਨੂੰ ਜਾਂ ਰੱਬ ਨੂੰ ਬੁਰਾ ਭਲਾ ਕਹਿੰਦੇ ਰਹਿੰਦੇ ਹਨ।

ਜ਼ਿੰਦਗੀ ਵਿਚ ਦੁੱਖ ਸੁਖ ਨਾਲ ਨਾਲ ਚਲਦੇ ਹਨ। ਦੁੱਖਾਂ ਵਿਚ ਸਾਨੂੰ ਘਬਰਾਉਣਾ ਨਹੀਂ ਚਾਹੀਦਾ, ਸਗੋਂ ਹਿੰਮਤ ਅਤੇ ਦਲੇਰੀ ਨਾਲ ਜ਼ਿੰਦਗੀ ਨੂੰ ਵਧੀਆ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇੱਕ ਵਾਰ ਕਿਸੇ ਬੰਦੇ ਨੇ ਇੱਕ ਸਾਧੂ ਨੂੰ ਸਵਾਲ ਕੀਤਾ ਕਿ ਕੋਈ ਅਜਿਹਾ ਬਚਨ ਕਰੋ, ਜਿਸ ਨਾਲ ਆਤਮ ਵਿਸ਼ਵਾਸ ਮਜਬੂਤ ਹੋਵੇ। ਉਸ ਸਿੱਧ ਪੁਰਖ ਨੇ ਜਵਾਬ ਦਿੱਤਾ, "ਇਹ ਸਮਾਂ ਵੀ ਗੁਜਰ ਜਾਏਗਾ।"

ਸੱਚਮੁੱਚ ਉਸ ਭਲੇ ਪੁਰਖ ਦਾ ਜਵਾਬ ਬਹੁਤ ਕਮਾਲ ਦਾ ਸੀ। ਸੁੱਖ ਵਿਚ ਵਿਅਕਤੀ ਨੂੰ ਆਪਣੇ ਪੈਰ ਨਹੀਂ ਛੱਡਣੇ ਚਾਹੀਦੇ ਅਤੇ ਦੁੱਖ ਵਿਚ ਹਿੰਮਤ। ਚੰਗਾ ਅਤੇ ਮਾੜਾ ਸਮਾਂ ਨਾਲ ਨਾਲ ਚਲਦਾ ਹੈ- ਦੁੱਖ ਤੇ ਸੁੱਖ ਇੱਕੋ ਸਿੱਕੇ ਦੇ ਦੋ ਪਹਿਲੂ ਹਨ।

ਸ਼ਾਇਦ ਇਸੇ ਲਈ ਕਹਿੰਦੇ ਹਨ ਕਿ ਪਰਮਾਤਮਾ ਨੇ ਹਰ ਵਸਤੂ ਜੋੜਿਆਂ ਵਿਚ ਬਣਾਈ- ਦਿਨ ਤੇ ਰਾਤ, ਦੁੱਖ ਤੇ ਸੁੱਖ, ਖੁਸ਼ੀ ਤੇ ਗਮੀ, ਚੰਗਾ ਤੇ ਬੁਰਾ ਤਾਂ ਜੋ ਚੰਗੇ ਦੀ ਕੀਮਤ ਬਣੀ ਰਹਿ ਸਕੇ। ਫੁੱਲਾਂ ਦੀ ਹੋਂਦ ਵੀ ਕੰਡਿਆਂ ਕਰਕੇ ਹੀ ਹੁੰਦੀ ਹੈ।

ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਲੋਕ ਆਪਣੇ ਜੀਵਨ ਨੂੰ ਲੰਮਾ ਕਰਨਾ ਤਾਂ ਚਾਹੁੰਦੇ ਹਨ, ਪਰ ਸੁਧਾਰਨਾ ਨਹੀਂ। ਇਥੇ ਸਵਾਲ ਇਹ ਨਹੀਂ ਕਿ ਅਸੀਂ ਕਿੰਨਾ ਚਿਰ ਜਿਉਂਦੇ ਹਾਂ? ਸਵਾਲ ਇਹ ਹੈ ਕਿ ਅਸੀਂ ਕਿਵੇਂ ਜਿਉਂਦੇ ਹਾਂ। ਜ਼ਿੰਦਗੀ ਭਾਵੇਂ ਥੋੜ੍ਹੀ ਹੀ ਕਿਉਂ ਨਾ ਹੋਵੇ, ਪਰ ਚੰਗੀ ਹੋਣੀ ਚਾਹੀਦੀ ਹੈ,

ਦੋ ਪੈਰ ਘੱਟ ਤੁਰਨਾ,  
ਪਰ ਤੁਰਨਾ ਮੜਕ ਦੇ ਨਾਲ।  
ਦੋ ਦਿਨ ਘੱਟ ਜੀਵਣਾ,  
ਪਰ ਜੀਵਣਾ ਮੜਕ ਦੇ ਨਾਲ।

ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ ਹੈ। ਦੁੱਖ ਤੇ ਸੁੱਖ ਜ਼ਿੰਦਗੀ ਵਿਚ ਨਾਲ ਨਾਲ ਚਲਦੇ ਹਨ, ਪਰ ਜ਼ਿੰਦਗੀ ਨੂੰ ਵਧੀਆ ਜਾਂ ਘਟੀਆ ਬਣਾਉਣਾ ਮਨੁੱਖ ਦੇ ਆਪਣੇ ਹੱਥ ਹੁੰਦਾ ਹੈ। ਕਈ ਲੋਕ ਛੋਟੀਆਂ-ਛੋਟੀਆਂ ਗੱਲਾਂ ਵਿਚ ਵੀ ਵੱਡੀਆਂ ਖੁਸ਼ੀਆਂ ਦੀ ਤਲਾਸ਼ ਕਰ ਲੈਂਦੇ ਹਨ ਅਤੇ ਕਈ ਵੱਡੀਆਂ ਖੁਸ਼ੀਆਂ ਨੂੰ ਵੀ ਅਜਾਈਂ ਗਵਾ ਦਿੰਦੇ ਹਨ। ਜੋ ਕੁਝ ਕੋਲ ਮੌਜੂਦ ਹੈ, ਉਸ ਨੂੰ ਮਾਣਨ ਦੀ ਥਾਂ, ਜੋ ਕੋਲ ਨਹੀਂ, ਉਸ ਦਾ ਰੋਣਾ ਰੋਂਦੇ ਰਹਿੰਦੇ ਹਨ। ਵਕਤ ਅਤੇ ਕਿਸਮਤ ਨੂੰ ਕੋਸਦੇ ਰਹਿੰਦੇ ਹਨ।

ਗੌਰਤਲਬ ਹੈ ਕਿ ਹਰ ਇਨਸਾਨ ਆਪਣੀ ਜ਼ਿੰਦਗੀ ਵਿਚ ਸਫਲ ਹੋਣ ਦੀ ਲੋਚਾ ਰੱਖਦਾ ਹੈ। ਕੋਈ ਬੰਦਾ ਅਸਫਲ ਨਹੀਂ ਹੋਣਾ ਚਾਹੁੰਦਾ। ਕਈ ਲੋਕ ਜ਼ਿੰਦਗੀ ਵਿਚ ਸਫਲਤਾ ਦੀਆਂ ਕਹਾਣੀਆਂ ਸਿਰਜ ਜਾਂਦੇ ਹਨ ਅਤੇ ਕਈ ਹੱਥ ਮਲਦੇ ਰਹਿ ਜਾਂਦੇ ਹਨ। ਕਈਆਂ ਦੇ ਦਰਵਾਜੇ 'ਤੇ ਸਫਲਤਾ ਵਾਰ ਵਾਰ ਦਸਤਕ ਦਿੰਦੀ ਹੈ ਅਤੇ ਕਈਆਂ ਕੋਲੋਂ ਸਫਲਤਾ ਮੂੰਹ ਮੋੜ ਕੇ ਲੰਘ ਜਾਂਦੀ ਹੈ। ਕਈ ਲੋਕਾਂ ਨਾਲ ਸਫਲਤਾ ਪਰਛਾਵਾਂ ਬਣ ਕੇ ਚਲਦੀ ਹੈ ਅਤੇ ਕਈਆਂ ਨੂੰ ਸਫਲਤਾ ਖੁਆਬਾਂ ਵਿਚ ਵੀ ਨਸੀਬ ਨਹੀਂ ਹੁੰਦੀ। ਅਜਿਹੀ ਸਥਿਤੀ ਵਿਚ ਮਨੁੱਖ ਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ। ਜੇ ਅਸੀਂ ਅਸਫਲ ਵੀ ਹੁੰਦੇ ਹਾਂ ਤਾਂ ਸਾਨੂੰ ਇਸ ਨੂੰ ਵੀ ਸਕਾਰਾਤਮਕ ਪੱਖ ਤੋਂ ਕਬੂਲਣਾ ਚਾਹੀਦਾ ਹੈ। ਅਸਫਲਤਾ ਤੋਂ ਨਿਰਾਸ਼ ਹੋ ਕੇ ਯਤਨ ਨਹੀਂ ਛੱਡਣੇ ਚਾਹੀਦੇ।

ਜੇ ਅਸੀਂ ਅਸਫਲ ਵੀ ਰਹਿੰਦੇ ਹਾਂ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਕੁਝ ਵੀ ਪ੍ਰਾਪਤ ਨਹੀਂ ਕੀਤਾ। ਇਸ ਤੋਂ ਸਾਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਅਸੀਂ ਮੰਜ਼ਿਲ ਪ੍ਰਾਪਤੀ ਤੋਂ ਕਿੰਨੀ ਦੂਰ ਹਾਂ। ਜਿੰਨੇ ਕਦਮ ਅਸੀਂ ਸਫਲਤਾ ਵੱਲ ਜਾਣ ਨੂੰ ਪੁੱਟੇ ਹਨ, ਉਹ ਆਉਣ ਵਾਲੇ ਸਮੇਂ ਵਿਚ ਸਾਡੀ ਬਣਨ ਵਾਲੀ ਸਫਲਤਾ ਦੀਆਂ ਨੀਂਹਾਂ ਵਿਚ ਇੱਟਾਂ ਦਾ ਕੰਮ ਕਰਨਗੇ। ਇਸ ਲਈ ਹਿੰਮਤ ਦਾ ਪੱਲਾ ਕਦੇ ਨਾ ਛੱਡੋ।

ਹਾਸ਼ਮ ਫਤਿਹ ਨਸੀਬ ਉਨ੍ਹਾਂ,  
ਜਿਨ੍ਹਾਂ ਹਿੰਮਤ ਯਾਰ ਬਣਾਈ।

ਜ਼ਿੰਦਗੀ ਇੱਕ ਅਮਲੀ ਜਾਮਾ ਹੈ, ਇਕ ਰੰਗਮੰਚ ਹੈ। ਹਰ ਇਨਸਾਨ ਇਸ ਦੁਨੀਆਂ ਰੂਪੀ ਰੰਗਮੰਚ ਉਤੇ ਆਪਣਾ ਰੋਲ ਅਦਾ ਕਰਨ ਲਈ ਆਉਂਦਾ ਹੈ ਅਤੇ ਚਲਾ ਜਾਂਦਾ ਹੈ। ਇਸ ਲਈ ਸਾਨੂੰ ਹਰ ਰੋਲ ਬਾਖੂਬੀ ਨਿਭਾਉਣਾ ਚਾਹੀਦਾ ਹੈ।

ਇੰਨੀ ਸ਼ਿੱਦਤ ਨਾਲ ਨਿਭਾਓ  
ਜ਼ਿੰਦਗੀ ਦਾ ਕਿਰਦਾਰ,  
ਕਿ ਪਰਦਾ ਡਿੱਗਣ ਤੋਂ ਬਾਅਦ ਵੀ  
ਵਜਦੀਆਂ ਰਹਿਣ ਤਾੜੀਆਂ।

ਸੋ, ਆਓ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਜਿਉਣ ਦੀ ਆਦਤ ਪਾਈਏ। ਖੁਸ਼ ਰਹੀਏ ਤੇ ਖੁਸ਼ੀਆਂ ਵੰਡੀਏ!

---


# ਚੇਤਿਆਂ 'ਚ ਬੈਠੇ ਦਿਨ!

ਧਣੀਏ ਦੀ ਕਿਆਰੀ ਵੱਲ ਵਧੇ ਹੱਥ ਆਪ-ਮੁਹਾਰੇ ਪਿਛਾਂਹ ਮੁੜੇ! ਵਿਹੜੇ ਵਿਚ ਹਨੇਰਾ ਸੀ, ਚੌਂਕੇ ਵਿਚ ਮੱਧਮ ਜਿਹਾ ਬਲਬ ਜਗਦਾ ਸੀ, ਸਗੋਂ ਵਧੇਰੇ ਚਾਨਣ ਚੁੱਲ੍ਹੇ ਵਿਚ ਬਲ ਰਹੀ ਅੱਗ ਦਾ ਸੀ। ਅੱਗੇ ਤੋਂ ਏਨੇ ਹਨੇਰੇ ਧਣੀਆ ਨਹੀਂ ਤੋੜਾਂਗਾ। ਮਾਂ ਨੂੰ ਵੀ ਆਖਾਂਗਾ ਕਿ ਸੰਧਿਆ ਤੋਂ ਪਹਿਲਾਂ-ਪਹਿਲਾਂ ਤੋੜ ਲਿਆ ਕਰੇ ਵਾੜੀ 'ਚੋਂ, ਜੋ ਕੁਛ ਵੀ ਤੋੜਨਾ ਹੁੰਦੈ! ਮੈਨੂੰ ਦਾਦੀ ਚੇਤੇ ਆ ਗਈ ਤੇ ਨਾਲ ਹੀ ਉਹ ਦ੍ਰਿਸ਼ ਵੀ ਅੱਖਾਂ ਮੂਹਰੇ ਸਾਵੇਂ ਦਾ ਸਾਵਾਂ ਸਾਕਾਰ ਹੋ ਗਿਆ, ਬਚਪਨ ਵੇਲੇ ਦਾ ਉਹ ਦ੍ਰਿਸ਼। ਆਓ, ਦੱਸਾਂ ਅੱਜ ਉਸ ਦ੍ਰਿਸ਼ ਬਾਰੇ ਵੀ।

ਦਾਦੀ ਤੰਦੂਰ 'ਤੇ ਰੋਟੀਆਂ ਲਾਈ ਜਾਂਦੀ ਸੀ, ਥਪਕ-ਥਪਕ ਕਰ ਕੇ ਰੋਟੀ ਥਪਥਾਉਂਦੀ, ਇੱਕ ਹੱਥ ਪਾਣੀ 'ਚ ਭਿਉਂਦੀ ਤੇ ਤੰਦੂਰ ਵਿਚ ਰੋਟੀ ਜੜ ਦਿੰਦੀ। ਕਦੇ-ਕਦੇ ਕੋਲ ਖੜਾ ਮੈਂ ਸੋਚਦਾ ਕਿ ਏਵੇਂ ਤਾਂ ਦਾਦੀ ਦੇ ਹੱਥ ਸੜਦੇ ਹੋਣੇ ਬੇਚਾਰੀ ਦੇ! ਤਰਸ ਆਉਂਦਾ ਬੁੱਢੀ ਦਾਦੀ 'ਤੇ। ਗੁੱਸਾ ਵੀ ਆਉਂਦਾ ਮਾਂ ਉਤੇ ਕਿ ਦਾਦੀ ਨਾਲ ਰੋਟੀ ਕਿਉਂ ਨਹੀਂ ਲੁਹਾਉਂਦੀ। ਦਾਦੀ ਵੀ ਅਣਖ ਦੀ ਪੂਰੀ ਸੀ, ਕਿਸੇ ਨੂੰ ਆਪਣੇ ਕੰਮ ਦੇ ਨੇੜੇ ਨਹੀਂ ਸੀ ਢੁਕਣ ਦਿੰਦੀ। ਕਿਸੇ ਤੋਂ ਅਖਵਾ ਕੇ ਰਾਜ਼ੀ ਨਹੀਂ ਸੀ ਕਿ ਮੈਂ ਤੇਰਾ ਅਹੁ ਕੀਤਾ, ਆਹ ਕੀਤਾ, ਇਉਂ ਕੀਤਾ। ਆਪਣੇ ਹੱਥੀਂ ਹੀ ਆਪਣੇ ਸਭ ਛੋਟੇ-ਵੱਡੇ ਕੰਮ ਕਰਦੀ ਰਹਿੰਦੀ।

ਓਦਣ ਹੋਇਆ ਇਹ ਸੀ ਕਿ ਰੋਟੀ ਖਾਣ ਵੇਲੇ, ਮੰਜੇ 'ਤੇ ਬੈਠੇ ਤਾਏ ਨੂੰ ਦਾਲ ਵਿਚ ਧਣੀਆ ਪਾਉਣ ਦਾ ਖਿਆਲ ਆ ਗਿਆ ਸੀ। ਉਹਨੇ ਗੰਢਾ ਭੰਨ ਕੇ ਥਾਲੀ ਵਿਚ ਰੱਖਿਆ ਤੇ ਉਠ ਕੇ ਨਾਲ ਹੀ ਕਿਆਰੀ ਵਿਚੋਂ ਧਣੀਆ ਤੋੜਨ ਲੱਗਾ। ਤੰਦੂਰ 'ਤੇ ਖੜ੍ਹੀ ਦਾਦੀ ਨੇ ਤਾਏ ਨੂੰ ਟੋਕਿਆ, "ਵੇ ਰਾਮ, ਤੋਂ ਪਹਿਲਾਂ ਕਾਹਤੋਂ ਨਾ ਤੋੜਿਆ ਧਣੀਆ? ਸੁੱਤੇ ਕੱਖ-ਕਾਨੇ ਕਦੇ ਨੀਂ ਜਗਾਈਦੇ ਹੁੰਦੇ।"

ਤਾਇਆ ਚੁੱਪ ਕਰ ਕੇ ਮੰਜੇ 'ਤੇ ਆ ਬੈਠਾ ਤੇ ਰੋਟੀ ਖਾਣ ਲੱਗਾ। ਉਹ ਦ੍ਰਿਸ਼ ਕਦੇ ਭੁੱਲਿਆ



ਐਸ ਵੇਲੇ ਸੁੱਤੇ ਰੁੱਖ ਤੇ ਕੱਖ-ਕਰੀਰ ਨਹੀਂ ਜਗਾਈਦੇ ਹੁੰਦੇ। ਐਸ ਵੇਲੇ ਕਿਆਰੀ 'ਚੋਂ ਕਾਹਤੋਂ ਧਣੀਆ ਤੋੜਦੈਂ? ਫੁੱਲ-ਬੂਟੇ ਵੀ ਸੌਂਦੇ ਹੁੰਦੇ ਆ ਭਾਈ, ਇਨ੍ਹਾਂ 'ਚ ਵੀ ਜਾਨ ਹੁੰਦੀ ਐ। ਦਿਨ ਛਿਪਣ ਨਹੀਂ, ਹੁਣ ਚਾਹੇ ਬਚਪਨ ਪਿਛੋਂ ਜੁਆਨੀ ਵੀ ਲੰਘਣ ਵਾਲੀ ਹੈ।

ਦਾਦੀ ਦੀ ਤਾਏ ਨੂੰ ਆਖੀ ਸੋਚ ਕੇ ਮੈਂ ਧਣੀਆ ਨਾ ਤੋੜਿਆ ਤੇ ਸਗੋਂ ਸੋਚਦਾਂ ਕਿ ਜ਼ਰੂਰ ਹੀ ਫਲ-ਬੂਟੇ, ਰੁੱਖ, ਵਣ-ਝਾੜ, ਕੱਖ ਤੇ ਕਰੀਰ ਵੀ ਮਨੁੱਖ ਵਾਂਗ ਸੌਂਦੇ ਨੇ; ਜਾਗਦੇ ਨੇ, ਸੁਣਦੇ ਨੇ, ਬੋਲਦੇ ਨੇ; ਮਹਿਕਦੇ ਨੇ ਤੇ ਮਹਿਕਾਉਂਦੇ ਨੇ। ਦਾਦੀ ਦੇ ਆਖੇ ਬੋਲ ਸਦਾ ਪੁਗਾਵਾਂਗਾ।

---

28 ਫਰਵਰੀ 2019 ਦੀ ਦੁਪਹਿਰ। ਚੰਡੀਗੜ੍ਹੋਂ ਪਿੰਡ ਪਰਤ ਰਿਹਾ ਸਾਂ। ਵੋਲਵੋ ਬੱਸ ਫਿਰੋਜ਼ਪੁਰ ਵਿਚ ਵੜੀ। ਫੌਜੀ ਛਾਉਣੀ ਵੱਲ ਝਾਕਿਆ ਤਾਂ ਸਾਰੀ ਛਾਉਣੀ ਸੁੰਨ ਦੀ ਮਾਰੀ ਲੱਗੀ। ਸਾਰੇ ਫੌਜੀ ਮੋਰਚਿਆਂ 'ਤੇ ਡਟ ਗਏ ਜਾਪੇ। ਉਹੀ ਗੱਲ, ਤੋਪਾਂ ਤੇ ਟੈਂਕਾਂ ਦੇ ਮੂੰਹ ਪਾਕਿਸਤਾਨ ਵੱਲ ਬੀੜ ਰੱਖੇ ਨੇ ਫੌਜ ਨੇ ਤੇ ਬਿਲਕੁਲ ਮੋਰਚਿਆਂ 'ਤੇ ਡਟੇ ਹੋਏ ਨੇ ਫੌਜੀ ਭਾਈ! ਫੌਜੀਆਂ ਦੀਆਂ ਗੱਡੀਆਂ ਗਸ਼ਤ ਕਰਦੀਆਂ ਸੜਕਾਂ 'ਤੇ ਗੇੜੇ ਘੱਤ ਰਹੀਆਂ।

ਜੰਗ ਦੇ ਪਰਛਾਵੇਂ ਸਪੱਸ਼ਟ ਪੈ ਰਹੇ ਨੇ ਤੇ ਬੱਸ ਵਿਚ ਮੁਸਾਫਿਰ ਇੱਕ ਦੂਜੇ ਨੂੰ ਪੁੱਛ-ਦੱਸ ਰਹੇ ਨੇ, "ਲਗਦੈ ਜੰਗ ਲੱਗੂ?" ਕੋਈ ਆਖ ਰਿਹਾ ਸੀ, "ਨਹੀਂ ਲਗਦੀ ਜੰਗ, ਐਵੇਂ ਡਰ ਜਿਹਾ ਪਾਇਆ ਲਗਦਾ ਪਾਕਿਸਤਾਨ ਨੂੰ।" ਇੱਕ ਨੇ ਕਿਹਾ, "ਜੇ ਲੱਗ'ਗੀ, ਹਟਣੀ ਨਹੀਂ ਏਸ ਵਾਰੀ ਜੰਗ, ਤਬਾਹੀ ਬਹੁਤ ਮੱਚੂ।" ਲੋਕ ਵੰਨ-ਸੁਵੰਨੇ ਕਿਆਫੇ ਲਾ ਰਹੇ ਸਨ।

ਸਹਿਮ ਜਾਂਦਾ ਹਾਂ ਸੁਣ-ਸੁਣ ਕੇ। ਜੰਗ ਦੇ ਬੱਦਲ ਸਾਫ ਤੌਰ 'ਤੇ ਮੰਡਰਾ ਰਹੇ ਨੇ। ਮਾਰਚ ਚੜ੍ਹਨ ਵਾਲਾ ਸੀ, ਠੰਡ ਜਾ ਨਹੀਂ ਸੀ ਰਹੀ। ਬੱਸ

## ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

ਵਿਚ ਬੈਠੇ ਨੇ ਅਕਾਸ਼ ਵੱਲ ਤੱਕਿਆ, ਜਿੰਨਾ ਕੁ ਦੇਖਿਆ-ਦਿਸਿਆ, ਅਕਾਸ਼ ਬੱਦਲਾਂ ਨਾਲ ਭਰਿਆ ਪਿਆ ਸੀ। ਜੰਗ ਜਦੋਂ ਲੱਗੂ ਦੇਖੀ ਜਾਊ, ਪਰ ਆਹ ਕੁਦਰਤ ਤੇ ਕਾਦਰ ਵੀ ਤਾਂ ਘੱਟ ਨਹੀਂ ਕਰ ਰਹੇ ਲੋਕਾਈ ਨਾਲ। ਬੇਮੌਸਮਾ ਮੀਂਹ ਹਟ ਨਹੀਂ ਸੀ ਰਿਹਾ। ਗੜੇ ਮਾਰੀ ਵੀ ਹੋ ਹਟੀ ਪਿਛਲੇ ਹਫਤੇ। ਹਨੇਰ ਵੀ ਝੁੱਲ ਲਿਆ ਤੇ ਕਣਕਾਂ ਮਾਰ ਸੁੱਟੀਆਂ ਨੇ। ਕਿਸਾਨ ਉਦਾਸ ਤੇ ਪ੍ਰੇਸ਼ਾਨ ਕਿ ਕੀ ਬਣੂੰ? ਬੱਸ ਵਿਚੋਂ ਬਾਹਰ ਨਿਕਲਦਿਆਂ ਮਨ ਉਦਾਸ ਸੀ।

ਮੇਰੇ ਪਿੰਡ ਉਤੋਂ ਦੀ ਫੌਜੀ ਜਹਾਜ ਬੜੀ ਦੇਰ ਪਿੱਛੋਂ ਲੰਘਿਆ ਹੈ। ਆਸਮਾਨ ਉਤੇ ਨੀਲੀ ਲੀਕ ਵਾਹੁੰਦਾ ਤੇ ਗੂੰਜਦਾ ਜਾਂਦਾ ਜਹਾਜ ਪਤਾ ਨਹੀਂ ਕਿੱਧਰ ਅਲੋਪ ਹੋ ਗਿਆ!

---

# ਜਾਗ ਵੇ ਸੁੱਤਿਆ ਵੀਰਨਾ!

*(ਪਿਛਲੇ ਸਫੇ ਦੀ ਬਾਕੀ)*

ਏ। ਲੱਠਮਾਰ ਕਦੇ ਹਲੀਮੀ ਰਾਜ ਦੇ ਕਾਰਿੰਦੇ ਨਹੀਂ ਹੁੰਦੇ। ਜਿਸਮਾਂ ਨੂੰ ਨੋਚਣ ਵਾਲੇ ਵੀ ਕਦੇ ਇਨਸਾਫ ਕਰਦੇ ਆ? ਹੁਣ ਤਾਂ ਖੁਦ ਨੂੰ ਗਿਰਵੀ ਰੱਖਣ ਤੋਂ ਬਿਨਾ ਕੋਈ ਚਾਰਾ ਨਹੀਂ ਬਚਿਆ।

ਵੇ ਸੁੱਤਿਆ ਵੀਰਨਾ! ਕਦੇ ਸੋਚਿਆ ਜੇ ਕਿ ਵਿਦੇਸ਼ਾਂ ਵਿਚ ਵੱਸੇ ਪਰਵਾਸੀ ਆਪਣੀ ਮਿੱਟੀ ਨੂੰ ਸੱਜਦਾ ਕਰਨ ਤੋਂ ਕਿਉਂ ਡਰਨ ਲੱਗ ਪਏ? ਉਨ੍ਹਾਂ ਦੀਆਂ ਜ਼ਮੀਨਾਂ ਅਤੇ ਜਾਇਦਾਦਾਂ 'ਤੇ ਕੌਣ ਹੋ ਰਹੇ ਨੇ ਕਾਬਜ਼? ਕਿਉਂ ਪਿੰਡ ਪਰਤਣ 'ਤੇ ਉਨ੍ਹਾਂ ਦੇ ਹੀ ਖੇਤਾਂ ਵਿਚ ਉਨ੍ਹਾਂ ਲਈ ਕਬਰਾਂ ਦੀ ਖੁਦਾਈ ਹੁੰਦੀ ਹੈ? ਸ਼ਰੀਕ ਕਿੰਨੇ ਬੇਖੌਫ ਹੋ ਕੇ ਆਪਣਿਆਂ ਦੇ ਸਾਹਾਂ ਨੂੰ ਆਹ ਬਣਾਉਣ ਲਈ ਹਰ ਹੀਲਾ ਵਰਤ ਰਹੇ ਨੇ? ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੁੰਦਾ, ਕਿਉਂਕਿ ਸਰਕਾਰੀ ਤੰਤਰ ਨੂੰ ਧਨ ਨਾਲ ਖਰੀਦਿਆ ਜਾ ਰਿਹਾ। ਕਦੇ ਤਾਂ ਆਪਣੇ ਅਹਿਲਕਾਰਾਂ ਨੂੰ ਪੁੱਛ ਕਿ ਕਿਉਂ ਜਾਇਦਾਦਾਂ ਤੇ ਜ਼ਮੀਨਾਂ ਦੀ ਬੇਕਦਰੀ ਹੈ? ਕਿਉਂ ਪੰਜਾਬ ਦਿਨ-ਬਦਿਨ ਕੰਗਾਲ ਹੋ ਰਿਹਾ? ਕਿਉਂ ਹਰ ਸਾਲ ਅੰਦਾਜ਼ਨ ਇਕ ਲੱਖ ਕਰੋੜ ਰੁਪਿਆ ਬਾਹਰਲੇ ਦੇਸ਼ਾਂ ਨੂੰ ਜਾ ਰਿਹਾ। ਕੀ ਤੂੰ ਅਜਿਹੇ ਮੱਕੜ-ਜਾਲ ਦਾ ਹਿੱਸਾ ਤੇ ਹਾਸਲ ਤਾਂ ਨਹੀਂ, ਜੋ ਆਪਣੇ ਮੁਫਾਦ ਦੀ ਪੂਰਤੀ ਲਈ ਇਹ ਕੁਝ ਕਰ ਰਹੇ ਨੇ?

ਜਾਗ ਵੇ ਸੁੱਤਿਆ ਵੀਰਨਾ! ਸਰਦਾਰੀਆਂ ਸਦੀਵੀ ਨਹੀਂ ਹੁੰਦੀਆਂ; ਸਿਰਫ ਉਨ੍ਹਾਂ ਦੀਆਂ ਸਦੀਵ ਹੁੰਦੀਆਂ, ਜੋ ਇਸ ਦੀ ਅਹਿਮੀਅਤ ਸਮਝਦੇ ਅਤੇ ਇਸ ਨੂੰ ਭਲਿਆਈ ਤੇ ਬੰਦਿਆਈ ਲਈ ਵਰਤਦੇ। ਕਈ ਤੁਰ ਗਏ ਨੇ ਸਰਦਾਰ। ਸਿਰਫ ਉਹ ਸਰਦਾਰ ਹੀ ਚੇਤਿਆਂ ਵਿਚ ਰਹਿੰਦੇ, ਜੋ ਨਵੀਆਂ ਪਹਿਲ-ਕਦਮੀਆਂ, ਪੈੜਾਂ ਅਤੇ ਪ੍ਰਾਪਤੀਆਂ ਵਿਚੋਂ ਸਰਬ-ਸੁਖਨ ਅਤੇ ਸ਼ੁਭ-ਕਰਮਨ ਦਾ ਹੋਕਰਾ ਹੁੰਦੇ। ਚੰਗਾ ਹੋਵੇਗਾ ਜੇ ਇਹ ਸ਼ੁਭ ਵਿਚਾਰ ਤੈਨੂੰ ਜਗਾਵੇ ਅਤੇ ਤੇਰੇ ਪੈਰਾਂ ਵਿਚ ਤੁਰਨ ਦਾ ਜੇਰਾ ਅਤੇ ਕਦਮਾਂ ਵਿਚ ਮੰਜ਼ਿਲਾਂ ਦੀ ਦੱਸ ਪਾਵੇ।

ਜਾਗ ਵੇ ਵੀਰਨਾ! ਕਿ ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ ਅਤੇ ਸਮੁੱਚਾ ਪਿੰਡ ਹੀ ਉਜੜ ਜਾਵੇ। ਕੁਝ ਤਾਂ ਹੋਸ਼ ਕਰ, ਹੌਸਲਾ ਕਰ ਅਤੇ ਕੁਝ ਉਦਮ ਕਰ, ਕਿਉਂਕਿ ਉਦਮ ਕਰੇਂਦਿਆਂ ਹੀ ਸਫਲਤਾਵਾਂ ਨੂੰ ਜਾਗ ਲੱਗਦਾ। ਨੈਣਾਂ ਨੂੰ ਸੁਪਨਿਆਂ ਅਤੇ ਇਨ੍ਹਾਂ ਨੂੰ ਪੂਰਾ ਕਰਨ ਦਾ ਧਰਵਾਸ ਪੈਦਾ ਹੁੰਦਾ। ਜਦ ਸੁਪਨੇ ਦੁਬਕ ਜਾਣ ਅਤੇ ਦੀਦਿਆਂ ਨੂੰ ਇਸ ਦਾ ਅਹਿਸਾਸ ਹੀ ਨਾ ਰਹੇ ਤਾਂ ਸੁਪਨਿਆਂ ਨੂੰ ਰਾਖ ਬਣਦਿਆਂ ਦੇਰ ਨਹੀਂ ਲੱਗਦੀ। ਅਜਿਹੇ ਵਕਤ ਵਿਚ ਹੁਣ ਬਹੁਤੀ ਦੇਰ ਨਹੀਂ।

ਜਾਗ ਵੇ ਵੀਰਨਾ! ਸੁੱਤਿਆਂ ਬਹੁਤ ਦੇਰ ਹੋ ਗਈ ਏ। ਹੋਰ ਦੇਰ ਨਾ ਕਰ, ਕਿਉਂਕਿ ਮੌਤ, ਮਰਸੀਆ ਤੇ ਮਾਤਮ ਦਾ ਕੋਈ ਵਸਾਹ ਨਹੀਂ। ਪੁਲਾਂ ਹੇਠੋਂ ਬਹੁਤ ਪਾਣੀ ਲੰਘ ਚੁਕਾ। ਹੁਣ ਹੀ ਕੁਝ ਅਜਿਹਾ ਕਰ ਕਿ ਤੇਰਾ ਨਾਮ ਇਤਿਹਾਸ ਦੇ ਵਰਕਿਆਂ 'ਤੇ ਸੂਰਜ ਵਾਂਗ ਚਮਕਦਾ ਰਹੇ।

# ਸਿੱਖਾਂ ਦੇ ਖਿਲਾਫ ਭਾਰਤੀ ਰਿਆਸਤੀਵਾਦ ਦੀਆਂ ਦੁਖਦਾਈ ਯਾਦਾਂ

*ਸੰਨ 1984 ਪਿਛੋਂ ਭਾਰਤ ਵਿਚ ਸਿੱਖਾਂ ਦੀ ਸਿਆਸਤ 'ਚ ਨਵਾਂ ਮੋੜ ਆਇਆ ਹੈ। ਇਸ ਸਿਆਸਤ ਦੇ ਵੱਖ-ਵੱਖ ਰੰਗਾਂ ਦੇ ਹਵਾਲੇ ਨਾਲ ਡਾ. ਇਕਤਿਦਾਰ ਚੀਮਾ ਨੇ ਇਹ ਲੇਖ ਲਿਖਿਆ ਹੈ। ਉਹ ਉੱਘੇ ਇਤਿਹਾਸਕਾਰ ਅਤੇ ਲਿਖਾਰੀ ਹਨ। ਉਨ੍ਹਾਂ ਦਾ ਨਾਂ ਕਈ ਸੰਸਾਰ ਪ੍ਰਸਿੱਧ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ। ਅੱਜ ਕੱਲ੍ਹ ਉਹ ਅਮਰੀਕਾ ਵਿਚ ਸੰਯੁਕਤ ਰਾਸ਼ਟਰ ਦੇ ਸਲਾਹਕਾਰ ਹਨ। ਉਹ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀਆਂ ਬਾਰੇ ਅਵਾਜ਼ ਬੁਲੰਦ ਕਰਨ ਬਦਲੇ ਅਮਰੀਕੀ ਕਾਂਗਰਸ ਤੋਂ ਮਾਣ-ਸਨਮਾਨ ਵੀ ਹਾਸਲ ਕਰ ਚੁਕੇ ਹਨ। ਸਿੱਖਾਂ ਦੇ ਮਸਲਿਆਂ ਬਾਰੇ ਉਹ ਅਕਸਰ ਟਿੱਪਣੀ ਕਰਦੇ ਰਹਿੰਦੇ ਹਨ। ਉਨ੍ਹਾਂ ਦੀ ਇਸ ਤਾਜ਼ਾ ਟਿੱਪਣੀ ਨੂੰ ਪੰਜਾਬੀ ਰੂਪ ਡਾ. ਸੁਖਦੇਵ ਸਿੰਘ ਝੰਡ ਨੇ ਦਿੱਤਾ ਹੈ। -ਸੰਪਾਦਕ*

ਜੂਨ ਮਹੀਨੇ ਦਾ ਪਹਿਲਾ ਹਫਤਾ ਸਮੁੱਚੇ ਸਿੱਖ ਭਾਈਚਾਰੇ ਲਈ ਬੜਾ ਦੁੱਖਦਾਈ ਹੁੰਦਾ ਹੈ। ਦੁਨੀਆਂ ਭਰ ਦੇ ਸਿੱਖ ਭਾਰਤੀ ਫੌਜ ਵੱਲੋਂ 4 ਜੂਨ 1984 ਨੂੰ ਉਨ੍ਹਾਂ ਦੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ, ਅੰਮ੍ਰਿਤਸਰ 'ਤੇ ਕੀਤੇ ਗਏ ਹਮਲੇ ਨੂੰ ਯਾਦ ਕਰਕੇ ਜੂਨ ਦੇ ਪਹਿਲੇ ਹਫਤੇ ਨੂੰ ਹਰ ਸਾਲ 'ਰੋਸ ਹਫਤੇ' ਵਜੋਂ ਮਨਾਉਂਦੇ ਹਨ। ਇਸ ਫੌਜੀ ਹਮਲੇ ਨੂੰ ਆਮ ਤੌਰ 'ਤੇ 'ਓਪਰੇਸ਼ਨ ਬਲਿਊ ਸਟਾਰ' (ਸਾਕਾ ਨੀਲਾ ਤਾਰਾ) ਦੇ ਨਾਂ ਨਾਲ ਜਾਣਿਆਂ ਜਾਂਦਾ ਹੈ, ਜੋ ਪਹਿਲੀ ਜੂਨ ਤੋਂ ਸ਼ੁਰੂ ਹੋ ਕੇ 6 ਜੂਨ ਤੱਕ ਚੱਲਿਆ ਸੀ। 36 ਸਾਲ ਪਹਿਲਾਂ ਇਹ ਹਮਲਾ ਭਾਰਤੀ ਤਾਨਾਸ਼ਾਹ ਤੇ ਇਕ-ਪਾਸੜ ਸੋਚ ਵਾਲੀ ਸਰਕਾਰ ਵੱਲੋਂ ਆਪਣੇ ਹੀ ਦੇਸ਼ ਦੇ ਲੋਕਾਂ 'ਤੇ ਕੀਤਾ ਗਿਆ ਸੀ ਅਤੇ ਇਹ ਭਾਰਤੀ ਰਿਆਸਤਵਾਦ ਦੀ ਸਭ ਤੋਂ ਮਾੜੀ ਤੇ ਘਟੀਆ ਮਿਸਾਲ ਹੈ। ਇਸ ਦਾ ਮਕਸਦ ਭਾਰਤੀ ਹਕੂਮਤ ਦੇ ਖਿਲਾਫ



**ਡਾ. ਇਕਤਿਦਾਰ ਚੀਮਾ**
**ਪੰਜਾਬੀ ਰੂਪ: ਡਾ. ਸੁਖਦੇਵ ਸਿੰਘ ਝੰਡ**

ਰਾਜਨੀਤਕ ਵਿਰੋਧੀ ਧਿਰ ਨੂੰ ਸਿਰ ਉੱਚਾ ਨਾ ਚੁੱਕਣ ਦੇਣਾ ਸੀ।

ਮਸ਼ਹੂਰ ਲੇਖਕ ਜੀ. ਕੇ. ਸੀ. ਰੈਡੀ ਨੇ ਆਪਣੀ ਪੁਸਤਕ 'ਆਰਮੀ ਐਕਸ਼ਨ ਇਨ ਪੰਜਾਬ' ਵਿਚ ਠੀਕ ਹੀ ਲਿਖਿਆ ਹੈ, "ਸਾਕਾ ਨੀਲਾ ਤਾਰਾ, ਭਾਰਤੀ ਸੰਗਠਿਤ ਫੌਜ ਵੱਲੋਂ ਨਿਹੱਥੇ ਸਿੱਖ ਸ਼ਹਿਰੀਆਂ ਦੇ ਸਭ ਤੋਂ ਵੱਡੇ ਕਤਲੇਆਮ ਵਜੋਂ ਜਾਣਿਆ ਜਾਏਗਾ।"

ਇਸੇ ਤਰ੍ਹਾਂ ਵਾਲਟਰ ਲੈਕੂਅਰ ਨੇ ਵੀ ਇਸ ਰਿਆਸਤੀ ਦਹਿਸ਼ਤਵਾਦ 'ਤੇ ਭਰਪੂਰ ਟਿੱਪਣੀ ਕੀਤੀ ਹੈ, "ਤਾਨਾਸ਼ਾਹ ਹਕੂਮਤਾਂ ਅਤੇ ਜ਼ਾਲਮ ਸਰਕਾਰਾਂ ਵੱਲੋਂ ਦਹਿਸ਼ਤ ਦੀਆਂ ਕਾਰਵਾਈਆਂ ਨੂੰ ਅੰਜਾਮ ਦੇਣਾ ਆਮ ਨਾਲੋਂ ਹਜ਼ਾਰਾਂ ਗੁਣਾ ਦੁੱਖ ਅਤੇ ਤਕਲੀਫ ਲਈ ਜ਼ਿੰਮੇਵਾਰ ਹੁੰਦਾ ਹੈ।"

ਅਸਲ ਵਿਚ ਭਾਰਤ ਦੀਆਂ ਸਾਰੀਆਂ ਧਾਰਮਿਕ ਕੌਮਾਂ ਵਿਚੋਂ ਸਿੱਖ ਕੌਮ ਸ਼ਾਇਦ ਸਭ ਤੋਂ ਵੱਧ ਆਪਣੀ ਪਛਾਣ ਅਤੇ ਭਾਈਚਾਰਕ ਸਾਂਝ ਦੀ ਸਮਝ ਰੱਖਦੀ ਹੈ। ਸਿੱਖ ਆਪਣੇ ਦਸਾਂ ਗੁਰੂਆਂ ਦੀਆਂ ਸਿੱਖਿਆਵਾਂ, ਗੁਰੂ ਗ੍ਰੰਥ ਸਾਹਿਬ ਅਤੇ ਆਪਣੇ ਗੁਰਧਾਮਾਂ ਨੂੰ ਬੇਹਿਸਾਬ ਮੁਹੱਬਤ ਕਰਦੇ ਹਨ। ਸ੍ਰੀ ਦਰਬਾਰ ਸਾਹਿਬ ਜਾਂ ਹਰਿਮੰਦਰ ਸਾਹਿਬ, ਜਿਸ ਨੂੰ ਅੰਗਰੇਜ਼ੀ ਵਿਚ 'ਗੋਲਡਨ ਟੈਂਪਲ' ਵੀ ਕਿਹਾ ਜਾਂਦਾ ਹੈ, ਸਿੱਖਾਂ ਦੇ ਧਾਰਮਿਕ ਅਸਥਾਨਾਂ ਵਿਚੋਂ ਸ਼ਰਧਾ ਦਾ ਪ੍ਰਮੁੱਖ ਕੇਂਦਰ ਹੈ। ਸ੍ਰੀ ਅਕਾਲ ਤਖਤ ਦੀ ਪ੍ਰਭਾਵਸ਼ਾਲੀ ਇਮਾਰਤ ਦਰਬਾਰ ਸਾਹਿਬ ਦੇ ਅੰਦਰ ਜਾਣ ਵਾਲੇ ਰਸਤੇ ਦੇ ਬਿਲਕੁਲ ਸਾਹਮਣੇ ਹੈ ਅਤੇ ਇਹ ਸਿੱਖਾਂ ਦੀ ਸਭ ਤੋਂ ਵੱਡੀ ਰਾਜਨੀਤਕ ਸੰਸਥਾ ਹੈ। ਸ੍ਰੀ ਅਕਾਲ ਤਖਤ ਦੀ ਸਥਾਪਨਾ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਨੇ 1606 ਈਸਵੀ ਨੂੰ ਕੀਤੀ ਸੀ। ਉਨ੍ਹਾਂ ਵੱਲੋਂ ਇਸ ਦੀ ਬੁਨਿਆਦ ਸਿੱਖ ਕੌਮ ਦੇ ਰੂਹਾਨੀ, ਸਮਾਜਕ, ਰਾਜਨੀਤਕ ਅਤੇ ਦੁਨਿਆਵੀ ਖਦਸ਼ਿਆਂ ਨੂੰ ਦੂਰ ਕਰਨ ਲਈ ਰੱਖੀ ਗਈ।

19ਵੀਂ ਸਦੀ ਦੇ ਅਖੀਰ ਵਿਚ ਹਿੰਦੂਆਂ ਤੇ ਸਿੱਖਾਂ ਵਿਚ ਆਪਸੀ ਧਾਰਮਿਕ ਵਿਰੋਧਤਾ ਸ਼ੁਰੂ ਹੋ ਗਈ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਦੋਹਾਂ ਕੌਮਾਂ ਵਿਚ ਫਿਰਕੂ ਲੀਹਾਂ ਹੋਰ ਵਧੇਰੇ ਵੱਖਰੀਆਂ ਅਤੇ ਵਿਰੋਧੀ ਹੋ ਕੇ ਉਭਰ ਆਈਆਂ। 1870-1919 ਦੇ ਦਰਮਿਆਨ ਹਿੰਦੂਆਂ ਨੇ 'ਆਰੀਆ ਸਮਾਜ ਲਹਿਰ' ਅਤੇ ਸਿੱਖਾਂ ਨੇ ਇਸ ਦੇ ਮੁਕਾਬਲੇ ਵਿਚ 'ਸਿੰਘ ਸਭਾ ਲਹਿਰ' ਚਲਾਈ। ਆਰੀਆ ਸਮਾਜ ਨੇ ਸਿੱਖਾਂ ਦੇ ਵਿਰੁੱਧ ਪ੍ਰਚਾਰ ਕੀਤਾ ਅਤੇ ਦੂਜੇ ਪਾਸੇ ਸਿੰਘ ਸਭਾ ਨੇ ਸਿੱਖ ਮੱਤ ਨੂੰ ਹਿੰਦੂ ਮੱਤ ਤੋਂ ਵੱਖਰਾ ਕਰਨ 'ਤੇ ਆਪਣਾ ਧਿਆਨ ਕੇਂਦ੍ਰਿਤ ਕੀਤਾ। ਇਸ ਦੌਰਾਨ ਸਿੰਘ ਸਭਾ ਲਹਿਰ ਵੱਲੋਂ ਸਿੱਖਾਂ ਦੀ ਕੌਮੀ ਪਛਾਣ ਬਣਾਉਣ ਬਾਰੇ ਸਾਫ ਨਿਸ਼ਾਨਦੇਹੀ ਕਰਨ ਅਤੇ ਸਿੱਖ ਧਰਮ ਨੂੰ ਦੂਜੇ ਧਰਮਾਂ ਦੇ ਹਮਲੇ ਤੋਂ ਬਚਾਉਣ ਲਈ ਅਹਿਮ ਕੰਮ ਕੀਤਾ ਗਿਆ।

ਦੇਸ਼ ਦੀ ਵੰਡ ਸਮੇਂ ਸਿੱਖਾਂ ਨੇ ਇਕ ਵੱਖਰੇ ਰਾਜ ਦੀ ਮੰਗ ਕੀਤੀ, ਜਿੱਥੇ ਉਨ੍ਹਾਂ ਦੀ ਆਰਥਕ, ਸਮਾਜਕ, ਸਭਿਆਚਾਰਕ ਤੇ ਸੰਸਕ੍ਰਿਤਕ ਵਿਲੱਖਣਤਾ ਕਾਇਮ ਰਹੇ। ਇਸ ਮੰਗ ਨੂੰ ਉਸ ਸਮੇਂ ਦੇ ਕਾਂਗਰਸੀ ਨੇਤਾਵਾਂ ਵੱਲੋਂ, ਜਿਨ੍ਹਾਂ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਕਿ ਉਹ ਉਨ੍ਹਾਂ ਨੂੰ ਆਜ਼ਾਦ ਭਾਰਤ ਵਿਚ ਇਕ ਵਿਸ਼ੇਸ਼ ਦਰਜਾ ਅਤੇ ਖਿੱਤਾ ਦੇਣਗੇ, ਜਿੱਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣਗੇ, ਦਾ ਭਰੋਸਾ ਦੇਣ 'ਤੇ ਛੱਡ ਦਿੱਤਾ ਗਿਆ। 1947 ਵਿਚ ਭਾਰਤ ਨੂੰ ਮਿਲੀ ਆਜ਼ਾਦੀ ਨਾਲ ਪੰਜਾਬ ਦੀ ਵੰਡ ਹੋਈ। ਪਾਕਿਸਤਾਨੀ ਪੰਜਾਬ ਵਿਚੋਂ 40 ਲੱਖ ਹਿੰਦੂ ਤੇ ਸਿੱਖ ਭਾਰਤ ਵਿਚ ਪਲਾਇਨ ਕਰ ਗਏ। ਸਿੱਖ ਪੱਕੇ ਦੇਸ਼-ਭਗਤ ਸਨ ਅਤੇ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ (80% ਤੋਂ ਵੱਧ) ਕੁਰਬਾਨੀਆਂ ਦਿੱਤੀਆਂ; ਪਰ ਉਨ੍ਹਾਂ ਨੂੰ ਦਿੱਤੇ ਗਏ ਵਾਅਦੇ 'ਤੇ ਕੋਈ ਅਮਲ ਨਾ ਹੋਇਆ। ਆਜ਼ਾਦੀ ਦੇ ਇਕ ਦਮ ਬਾਅਦ ਉਸ ਸਮੇਂ ਦੀਆਂ ਸਿੱਖ ਰਿਆਸਤਾਂ ਨੂੰ ਪੰਜਾਬ ਸੂਬੇ ਨਾਲ ਮਿਲਾ ਦਿੱਤਾ ਗਿਆ ਅਤੇ ਇਨ੍ਹਾਂ ਰਿਆਸਤਾਂ ਨੂੰ ਅੰਗਰੇਜ਼ੀ ਸਰਕਾਰ ਵੱਲੋਂ ਮਿਲੇ ਅਧਿਕਾਰ ਅਤੇ ਲਾਭ ਸਭ ਖ਼ਤਮ ਕਰ ਦਿੱਤੇ ਗਏ। ਭਾਰਤ ਨੂੰ ਇਕ ਸਮਾਜਵਾਦੀ ਧਰਮ ਨਿਰਪੱਖ ਗਣਰਾਜ ਐਲਾਨ ਕਰ ਦਿੱਤਾ ਗਿਆ। ਚੋਣਾਂ ਵਿਚ ਸਿੱਖਾਂ ਦੀ ਖਾਸ ਨੁਮਾਇੰਦਗੀ ਵਾਪਿਸ ਲੈ ਲਈ ਗਈ ਅਤੇ ਉਨ੍ਹਾਂ ਨੂੰ ਵੱਖਰੇ ਵੋਟਰ ਦੀ ਜਗ੍ਹਾ 'ਸਾਂਝਾ ਵੋਟਰ' ਐਲਾਨ ਕੀਤਾ ਗਿਆ।

ਪਹਿਲੀ ਨਵੰਬਰ 1966 ਨੂੰ ਪੰਜਾਬ ਵਿਚੋਂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸੂਬੇ ਬਣਾਉਣ ਪਿਛੋਂ ਮੌਜੂਦਾ ਪੰਜਾਬ ਵਿਚ ਸਿੱਖਾਂ ਦੀ ਆਬਾਦੀ 56% ਸੀ। ਪੰਜਾਬ ਸੂਬਾ ਖੁਸ਼ਹਾਲ ਹੋਣ ਕਰਕੇ ਇਸ ਨੇ ਕਾਫੀ ਗਿਣਤੀ ਵਿਚ ਹਿੰਦੂਆਂ ਨੂੰ ਆਪਣੇ ਵੱਲ ਖਿੱਚਿਆ, ਜਿਸ ਕਾਰਨ ਸਿੱਖਾਂ ਦੀ ਆਬਾਦੀ ਇੱਥੇ ਘੱਟ ਕੇ 52% ਰਹਿ ਗਈ। 1960 ਦੇ ਦਹਾਕੇ ਵਿਚ ਸਿੱਖਾਂ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਧਰਮ ਅਤੇ ਸਮਾਜਕ ਬਣਤਰ ਨੂੰ ਹਿੰਦੂਵਾਦ ਵਿਚ ਮਿਲਾਉਣ ਦੇ ਅਪ੍ਰਤੱਖ ਯਤਨਾਂ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਕਾਂਗਰਸ ਨੇ ਬੋਲੀ ਦੇ ਆਧਾਰ 'ਤੇ ਸੂਬੇ ਬਣਾਉਣ ਦਾ ਸਮਰਥਨ ਕੀਤਾ ਸੀ ਅਤੇ ਆਜ਼ਾਦੀ ਪਿਛੋਂ 1953 ਵਿਚ ਬੋਲੀ ਦੇ ਆਧਾਰ 'ਤੇ ਆਂਧਰਾ ਪ੍ਰਦੇਸ਼ ਭਾਰਤ ਦਾ ਪਹਿਲਾ ਸੂਬਾ ਬਣਾਇਆ ਗਿਆ, ਪਰ ਪੰਜਾਬ ਨੂੰ ਪੰਜਾਬੀ ਸੂਬਾ ਲੈਣ ਲਈ ਹੋਰ 13 ਸਾਲ ਦਾ ਸਮਾਂ ਲੱਗ ਗਿਆ ਅਤੇ ਇਸ ਖਾਤਿਰ ਵੀ ਪੰਜਾਬੀਆਂ ਨੂੰ ਬੜੀ ਜੱਦੋਜਹਿਦ ਕਰਨੀ ਪਈ।

ਪੰਜਾਬੀਆਂ ਦੇ ਮਨਾਂ ਵਿਚ ਇਹ ਭਾਰੀ ਗਿਲ੍ਹਾ ਹੈ ਕਿ 1951 ਅਤੇ 1961 ਦੀ ਮਰਦਮਸ਼ੁਮਾਰੀ (ਜਨ-ਗਣਨਾ) ਵੇਲੇ ਕਈ ਹਿੰਦੂਆਂ ਨੇ ਆਪਣੇ ਨੇਤਾਵਾਂ ਦੇ ਆਖੇ ਲੱਗ ਕੇ ਆਪਣੀ ਮਾਂ-ਬੋਲੀ ਹਿੰਦੀ ਲਿਖਵਾਈ, ਜਦੋਂ ਕਿ ਉਹ ਆਪਣੇ ਘਰਾਂ ਵਿਚ ਚੰਗੀ ਭਲੀ ਪੰਜਾਬੀ ਬੋਲਦੇ ਸਨ। ਇਸ ਫਿਰਕੂ ਸੋਚ ਨੇ ਸਿੱਖਾਂ ਤੇ ਹਿੰਦੂਆਂ ਵਿਚਾਲੇ ਇਕ ਸਪੱਸ਼ਟ 'ਲਾਈਨ' ਖਿੱਚ ਦਿੱਤੀ। ਇਸ ਤਰ੍ਹਾਂ ਸਿੱਖਾਂ ਲਈ ਇਹ ਜ਼ਰੂਰੀ ਹੋ ਗਿਆ ਕਿ ਉਹ ਆਪਣੀਆਂ ਆਉਣ ਵਾਲੀਆਂ ਨਸਲਾਂ, ਪੰਜਾਬੀ ਮਾਂ-ਬੋਲੀ ਅਤੇ ਗੁਰਮੁਖੀ ਲਿਪੀ ਦੀ ਸੰਭਾਲ ਕਰਨ। ਇਕ ਹੋਰ ਗਿਲ੍ਹਾ ਪੰਜਾਬੀਆਂ ਨੂੰ ਭਾਰਤ ਸਰਕਾਰ ਦੇ ਵਿਰੁੱਧ ਪੰਜਾਬ ਦੇ ਪਾਣੀਆਂ ਨੂੰ ਹਰਿਆਣਾ ਤੇ ਰਾਜਸਥਾਨ ਵਿਚ ਵੰਡ ਨੂੰ ਲੈ ਕੇ ਸੀ। ਪੰਜਾਬੀਆਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦਾ ਬਹੁਤਾ ਪਾਣੀ ਹਰਿਆਣੇ ਅਤੇ ਰਾਜਸਥਾਨ ਨੂੰ ਦੇ ਦਿੱਤਾ ਗਿਆ ਹੈ। ਪੰਜਾਬ ਪੁਨਰਗਠਨ ਐਕਟ (1966) ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਨੂੰ 75% ਦਰਿਆਈ ਪਾਣੀ ਤੋਂ ਹੱਥ ਧੋਣੇ ਪਏ ਅਤੇ ਇਹ ਪਾਣੀ ਹਿੰਦੂ ਰਾਜਾਂ ਹਰਿਆਣੇ ਤੇ ਰਾਜਸਥਾਨ ਨੂੰ ਦੇ ਦਿੱਤਾ ਗਿਆ।

ਭਾਰਤੀ ਸੰਵਿਧਾਨ ਵਿਚ ਇਹ ਦਰਜ ਹੈ ਕਿ ਭਾਰਤ ਦੇ ਸਾਰੇ ਨਾਗਰਿਕ ਆਪਣੇ ਧਰਮ ਨੂੰ ਮੰਨਣ ਅਤੇ ਉਸ 'ਤੇ ਚੱਲਣ ਦੀ ਆਜ਼ਾਦੀ ਦੇ ਹੱਕਦਾਰ ਹਨ। ਇਸ ਤਰ੍ਹਾਂ ਸਿੱਖਾਂ ਨੂੰ ਆਪਣਾ ਧਾਰਮਿਕ ਚਿੰਨ੍ਹ ਕਿਰਪਾਨ ਪਾਉਣ ਦੀ ਖੁੱਲ੍ਹ ਹੈ।






ਇੱਥੋਂ ਤੱਕ ਕਿ ਸਿੱਖ 9 ਇੰਚ ਲੰਮੀ ਕਿਰਪਾਨ ਘਰੇਲੂ ਉਡਾਣਾਂ ਵਿਚ ਤਾਂ ਲਿਜਾ ਸਕਦੇ ਹਨ, ਪਰ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਕੌਮਾਂਤਰੀ ਉਡਾਣਾਂ ਵਿਚ ਇਸ ਨੂੰ ਲਿਜਾਣ ਦੀ ਆਗਿਆ ਨਹੀਂ ਦਿੱਤੀ।

ਸਿੱਖਾਂ ਦੀਆਂ ਸ਼ਿਕਾਇਤਾਂ ਨੂੰ ਨਿਵਾਰਣ ਲਈ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ 1980 ਦੇ ਸ਼ੁਰੂਆਤੀ ਵਰ੍ਹਿਆਂ ਵਿਚ ਅੱਗੇ ਆਏ। ਉਨ੍ਹਾਂ ਨੇ ਸਿੱਖਾਂ ਦੀ ਧਾਰਮਿਕ ਸੂਰਬੀਰਤਾ ਦੀ ਨੁਮਾਇੰਦਗੀ ਕਰਦਿਆਂ ਉਨ੍ਹਾਂ ਦੀਆਂ ਵਾਜਬ ਮੰਗਾਂ ਨੂੰ ਨਵੀਂ ਚਮਕ ਤੇ ਆਸ ਪ੍ਰਦਾਨ ਕੀਤੀ ਅਤੇ ਜਲਦੀ ਹੀ ਪੰਜਾਬ ਵਿਚਲੇ ਤੇ ਪੰਜਾਬ ਤੋਂ ਬਾਹਰ ਵੱਸਣ ਵਾਲੇ ਸਿੱਖਾਂ ਦੇ ਵੱਡੇ ਗਰੁੱਪ ਨੂੰ ਲਾਮਬੰਦ ਕੀਤਾ। ਉਹ ਉਨ੍ਹਾਂ ਦਾ ਹਰਮਨ-ਪਿਆਰਾ ਆਗੂ ਬਣ ਗਿਆ। ਹਿੰਦੂਆਂ ਤੇ ਸਿੱਖਾਂ ਵਿਚ ਤਣਾਓ ਵਧਣ ਦੇ ਨਤੀਜੇ ਵਜੋਂ ਪੰਜਾਬ ਵਿਚ ਕਈ ਹਿੰਦੂ ਸੰਸਥਾਵਾਂ, ਜਿਵੇਂ ਆਰ.ਐਸ.ਐਸ., ਹਿੰਦੂ ਸ਼ਿਵ ਸੈਨਾ, ਹਿੰਦੂ ਮਹਾਂ ਸਭਾ, ਹਿੰਦੂ ਸੁਰੱਕਸ਼ਾ ਸੰਮਤੀ, ਬਜਰੰਗ ਬ੍ਰਿਗੇਡ, ਆਦਿ ਸਰਗਰਮ ਹੋ ਗਈਆਂ। ਉਨ੍ਹਾਂ ਨੇ ਪੰਜਾਬ 'ਚ ਸਿੱਖਾਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ।

1984 ਦੇ ਸ਼ੁਰੂ ਵਿਚ ਪੰਜਾਬ ਦੇ ਹਾਲਾਤ ਏਨੇ ਖਤਰਨਾਕ ਹੋ ਗਏ ਸਨ ਕਿ ਇਨ੍ਹਾਂ ਦੇ ਸੁਧਰਨ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਸਨ। ਸਿੱਖਾਂ ਨੂੰ ਨੁਕਰੇ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਪੰਜਾਬ ਵਿਚ ਹਰੇਕ ਫਸਲ ਦੀ ਭਰਪੂਰ ਪੈਦਾਵਾਰ ਹੁੰਦੀ ਹੈ ਅਤੇ ਕੁਝ ਪੰਜਾਬੀਆਂ ਨੇ ਇਸ ਦੀ ਸਪਲਾਈ ਦੇਸ਼ ਦੇ ਦੂਜੇ ਰਾਜਾਂ ਵਿਚ ਜਾਣ ਤੋਂ ਰੋਕਣ ਦੀ ਧਮਕੀ ਦਿੱਤੀ। ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਧਮਕੀ ਨੂੰ ਬਹਾਨਾ ਬਣਾ ਕੇ ਪੰਜਾਬ ਵਿਚ ਫੌਜ ਭੇਜਣ ਦੇ ਹੁਕਮ ਦਿੱਤੇ। ਇਹ ਉਸ ਲਈ ਪੰਜਾਬ ਵਿਚ ਫੌਜ ਭੇਜਣ ਦਾ ਸਭ ਤੋਂ ਵਧੀਆ ਬਹਾਨਾ ਸੀ, ਜਿਸ ਦੀ ਉਸ ਨੂੰ ਉਸ ਸਮੇਂ ਲੋੜ ਸੀ, ਕਿਉਂਕਿ ਉਹ ਪੰਜਾਬੀਆਂ ਅਤੇ ਖਾਸ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ, ਜਿਨ੍ਹਾਂ ਨੇ 1975 ਵਿਚ ਉਸ ਵੱਲੋਂ ਦੇਸ਼ ਵਿਚ ਲਾਈ ਗਈ ਐਮਰਜੈਂਸੀ ਦੌਰਾਨ ਸਭ ਤੋਂ ਪਹਿਲਾਂ ਇਸ ਦਾ ਭਾਰੀ ਵਿਰੋਧ ਕੀਤਾ ਸੀ ਅਤੇ ਇਸ ਦੇ ਖਿਲਾਫ ਮੋਰਚਾ ਲਾ ਕੇ ਜੇਲ੍ਹਾਂ ਭਰੀਆਂ ਸਨ।

ਹੁਣ 'ਸਾਕਾ ਨੀਲਾ ਤਾਰਾ' ਦੀਆਂ ਵੱਖ-ਵੱਖ ਘਟਨਾਵਾਂ ਵੱਲ ਆਉਂਦੇ ਹਾਂ। ਪਹਿਲੀ ਜੂਨ 1984 ਨੂੰ ਸੀ. ਆਰ. ਪੀ. ਦੇ ਜਵਾਨਾਂ ਅਤੇ ਖਾੜਕੂ ਨੌਜਵਾਨਾਂ ਵਿਚਾਲੇ ਗੋਲੀਬਾਰੀ ਦੀਆਂ ਛੋਟੀਆਂ-ਮੋਟੀਆਂ ਘਟਨਾਵਾਂ ਹੋਈਆਂ ਅਤੇ 2 ਜੂਨ ਨੂੰ ਭਾਰਤੀ ਫੌਜ ਨੇ ਹਰਿਮੰਦਰ ਸਾਹਿਬ ਦੇ ਸਾਰੇ ਕੰਪਲੈਕਸ ਨੂੰ ਘੇਰਾ ਪਾ ਲਿਆ। ਕਿਹਾ ਜਾਂਦਾ ਹੈ ਕਿ ਕੋਈ 1,50,000 ਭਾਰਤੀ ਫੌਜੀ ਜਵਾਨਾਂ ਨੇ ਕੰਪਲੈਕਸ ਦੀ ਇਸ ਘੇਰਾਬੰਦੀ ਵਿਚ ਹਿੱਸਾ ਲਿਆ। ਹੈਲੀਕਾਪਟਰਾਂ ਤੇ ਮਾਰੂ ਗੰਨਾਂ ਨਾਲ ਲੈਸ ਟੈਂਕਾਂ, ਬਖਤਰਬੰਦ ਗੱਡੀਆਂ ਤੇ ਹੋਰ ਆਧੁਨਿਕ ਅਸਲੇ ਦੇ ਨਾਲ ਫੌਜ ਵੱਲੋਂ ਇਹ ਹਮਲਾ ਕੀਤਾ ਗਿਆ, ਜਿਸ ਦੀ ਤਿਆਰੀ ਦੀ ਰਿਹਰਸਲ ਇਕ ਸਾਲ ਪਹਿਲਾਂ ਉਸ ਵੱਲੋਂ ਉਤਰਾਂਚਲ ਦੇ ਇਕ ਪਹਾੜੀ ਇਲਾਕੇ ਵਿਚ ਕੀਤੀ ਗਈ ਸੀ। ਸੂਬਾ ਪੰਜਾਬ ਸਾਰੀ ਦੁਨੀਆਂ ਨਾਲੋਂ ਕੱਟ ਕੇ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ। ਸਾਰੇ ਪੱਤਰਕਾਰਾਂ ਨੂੰ ਸੂਬੇ ਵਿਚੋਂ ਬਾਹਰ ਕੱਢ ਦਿੱਤਾ ਗਿਆ। ਟੈਲੀਫੋਨ ਲਾਈਨਾਂ ਕੱਟ ਦਿੱਤੀਆਂ ਗਈਆਂ ਅਤੇ ਦੇਸ਼-ਵਿਦੇਸ਼ ਨਾਲੋਂ ਇਸ ਦਾ ਸੰਚਾਰ ਸਿਲਸਿਲਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ। ਉਸ ਸਮੇਂ ਸਾਰੀਆਂ ਖਬਰਾਂ ਤੇ ਸੂਚਨਾਵਾਂ ਭਾਰਤ ਸਰਕਾਰ ਦੇ ਕੰਟਰੋਲ ਹੇਠ ਸਨ। ਸਾਰੇ ਖੁਦਮੁਖਤਿਆਰ ਅਖਬਾਰ ਤੇ ਰੇਡੀਓ ਸਟੇਸ਼ਨ ਬੰਦ ਕਰ ਦਿੱਤੇ ਗਏ। ਪੰਜਾਬ ਵਿਚ ਅਣਮਿੱਥੇ ਸਮੇਂ ਲਈ ਕਰਫਿਊ ਲਾ ਦਿੱਤਾ ਗਿਆ। ਇਸ ਤਰ੍ਹਾਂ ਪੰਜਾਬ ਦੀ ਦੋ ਕਰੋੜ ਤੋਂ ਵੱਧ ਜਨਤਾ ਨੂੰ ਪੂਰਨ ਘੇਰਾਬੰਦੀ ਅਤੇ ਘਰਾਂ ਵਿਚ ਕੈਦ ਦੀ ਹਾਲਤ ਵਿਚ ਰੱਖਿਆ ਗਿਆ।

4 ਜੂਨ ਵਾਲੇ ਦਿਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਭਾਰਤੀ ਫੌਜ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖਲ ਹੋਣ ਦਾ ਹੁਕਮ ਦੇ ਦਿੱਤਾ। 3 ਜੂਨ ਨੂੰ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ, ਜਿਸ ਵਿਚ ਸ਼ਾਮਲ ਹੋਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਦਰਬਾਰ ਸਾਹਿਬ ਕੰਪਲੈਕਸ ਵਿਚ ਇਕੱਠੇ ਹੋਏ ਸਨ। ਉਨ੍ਹਾਂ ਨੂੰ ਉਥੋਂ ਬਾਹਰ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੇ 40 ਹੋਰ ਗੁਰਦੁਆਰਾ ਸਾਹਿਬਾਨ 'ਤੇ ਵੀ ਉਸੇ ਦਿਨ ਹੀ ਭਾਰਤੀ ਫੌਜ ਵੱਲੋਂ ਹਮਲਾ ਕੀਤਾ ਗਿਆ। ਮੁੱਠੀ ਭਰ ਹਥਿਆਰਬੰਦ ਖਾੜਕੂ ਸਿੰਘਾਂ, ਜੋ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਨਾਲ ਦਰਬਾਰ ਸਾਹਿਬ ਦੇ ਅੰਦਰ ਮੌਜੂਦ ਸਨ, ਨੂੰ ਫੜ੍ਹਨ ਦੇ ਬਹਾਨੇ ਭਾਰਤੀ ਫੌਜ ਨੇ ਦਰਬਾਰ ਸਾਹਿਬ 'ਤੇ ਇਹ ਵੱਡਾ ਹਮਲਾ ਕੀਤਾ ਅਤੇ ਇਹ 'ਮਹਾਨ ਜੰਗ' ਜਿੱਤਣ ਲਈ ਉਸ ਨੇ ਵਿਜੰਤ ਟੈਂਕਾਂ ਦੀ ਦੁਰਵਰਤੋਂ ਕੀਤੀ। ਇਨ੍ਹਾਂ ਟੈਂਕਾਂ ਨਾਲ ਧਮਾਕੇਦਾਰ ਗੋਲਾਬਾਰੀ ਕੀਤੀ ਗਈ ਅਤੇ ਤੋਪਾਂ ਤੇ ਟੈਂਕਾਂ ਦੇ ਗੋਲਿਆਂ ਨਾਲ ਸ੍ਰੀ ਅਕਾਲ ਤਖਤ ਦਾ ਸਾਹਮਣਾ ਪਾਸਾ ਸਾਰਾ ਹੀ ਤੋੜ ਦਿੱਤਾ ਗਿਆ ਅਤੇ ਇਸ ਦੇ ਗੁੰਬਦਾਂ ਨੂੰ ਢਾਹ-ਢੇਰੀ ਕਰ ਦਿੱਤਾ ਗਿਆ। ਸ੍ਰੀ ਅਕਾਲ ਤਖਤ ਦੇ ਅੰਦਰਲੇ ਕਮਰਿਆਂ ਵਿਚ ਅੱਗਾਂ ਲਾ ਦਿੱਤੀਆਂ, ਜਿਨ੍ਹਾਂ ਵਿਚ ਬੇਸ਼-ਕੀਮਤੀ ਇਤਿਹਾਸਕ ਸਿੱਖ ਨਿਸ਼ਾਨੀਆਂ ਮੌਜੂਦ ਸਨ। ਦਰਸ਼ਨੀ ਡਿਓੜੀ 'ਤੇ ਵੱਜੇ ਤੋਪ ਦੇ ਗੋਲਿਆਂ ਦੇ ਨਾਲ ਇਸ ਦੇ ਉਪਰ ਬਣੇ ਤੋਸ਼ੇਖ਼ਾਨੇ ਵਿਚ ਅੱਗ ਲੱਗਣ ਕਾਰਨ ਕਈ ਬਹੁ-ਮੁੱਲੀਆਂ ਯਾਦਗਾਰੀ ਤੇ ਕੀਮਤੀ ਵਸਤਾਂ ਅੱਗ ਦੇ ਹਵਾਲੇ ਹੋ ਗਈਆਂ।

ਸਾਰੀ ਪਰਿਕਰਮਾ ਵਿਚ ਸਿੱਖਾਂ ਦੀਆਂ ਮ੍ਰਿਤਕ ਦੇਹਾਂ ਪਈਆਂ ਸਨ ਤੇ ਸ੍ਰੀ ਦਰਬਾਰ ਸਾਹਿਬ ਦਾ ਪਵਿੱਤਰ ਜਲ ਖੂਨ ਦੀ ਮੋਟੀ ਤਹਿ ਨਾਲ ਗੂੜ੍ਹਾ ਲਾਲ ਹੋ ਗਿਆ ਸੀ। ਉਸ ਸਮੇਂ ਮਰ ਰਹੇ ਜਾਂ ਜ਼ਖਮੀ ਸਿੱਖਾਂ ਨੂੰ ਕੋਈ ਵੀ ਡਾਕਟਰੀ ਮਦਦ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। 'ਕ੍ਰਿਸਚਨ ਸਾਇੰਸ ਮੌਨੀਟਰ' ਨੇ ਰਿਪੋਰਟ ਕੀਤੀ ਸੀ, "ਸ਼ਨੀਵਾਰ ਨੂੰ ਮੈਡੀਕਲ ਵਰਕਰਜ਼ ਅੰਮ੍ਰਿਤਸਰ ਅਨੁਸਾਰ ਫੌਜੀਆਂ ਨੇ ਉਨ੍ਹਾਂ ਨੂੰ ਗੋਲੀ ਮਾਰਨ ਦੀ ਧਮਕੀ ਦਿੰਦਿਆਂ ਕਿਹਾ ਕਿ ਜੇ ਉਨ੍ਹਾਂ ਨੇ ਜ਼ਖਮੀ ਸਿੱਖ ਸ਼ਰਧਾਲੂਆਂ ਨੂੰ ਪਾਣੀ ਜਾਂ ਖਾਣਾ ਦਿੱਤਾ ਜਾਂ ਉਨ੍ਹਾਂ ਦਾ ਇਲਾਜ ਕੀਤਾ ਤਾਂ ਉਨ੍ਹਾਂ ਨੂੰ ਗੋਲੀ ਨਾਲ ਉਡਾ ਦਿੱਤਾ ਜਾਏਗਾ।"

ਸਿੱਖਾਂ ਦੀ ਅਹਿਮ ਵਿਰਾਸਤ ਨੂੰ ਖਤਮ ਕਰਨ ਦੀ ਕੋਸ਼ਿਸ਼ ਵਿਚ ਭਾਰਤੀ ਫੌਜ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ ਮੌਜੂਦ 'ਸਿੱਖ ਰੈਫਰੈਂਸ ਲਾਇਬ੍ਰੇਰੀ' ਨੂੰ ਅੱਗ ਲਾ ਦਿੱਤੀ। ਸਿੱਖਾਂ ਦੇ ਪਵਿੱਤਰ ਗ੍ਰੰਥ, ਗੁਰੂ ਗ੍ਰੰਥ ਸਾਹਿਬ ਦੀਆਂ ਅਨਮੋਲ ਹੱਥ-ਲਿਖਤ ਬੀੜਾਂ, ਪੁਰਾਤਨ ਇਤਿਹਾਸਕ ਦਸਤਾਵੇਜ਼, ਸਿੱਖਾਂ ਦੇ ਹਰ ਪੀਰੀਅਡ ਦੇ ਇਤਿਹਾਸ ਅਤੇ ਇੱਥੋਂ ਤੀਕ ਕਿ ਪ੍ਰਾਚੀਨ ਕਲਾ-ਕਿਰਤਾਂ, ਗੁਰੂ ਸਾਹਿਬਾਨ ਦੇ ਜੀਵਨ ਸਬੰਧੀ ਇਤਿਹਾਸਕ ਦਸਤਾਵੇਜ਼ ਸਾੜ ਕੇ ਸਵਾਹ ਕਰ ਦਿੱਤੇ ਗਏ। ਲੈਫਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਤੇ ਲੈਫਟੀਨੈਂਟ ਜਨਰਲ ਕੇ. ਐਸ. ਬਰਾੜ (ਦੋਵੇਂ ਸਿੱਖ) ਨੇ ਸਾਰੇ ਹਮਲੇ ਦੀ ਕਮਾਂਡ ਕੀਤੀ। ਅੰਮ੍ਰਿਤਸਰ ਨੇ ਵੀਹਵੀਂ ਸਦੀ ਵਿਚ ਆਪਣੇ ਦੇਸ਼ ਦੀ ਫੌਜ ਵੱਲੋਂ ਸਿੱਖਾਂ ਦਾ ਇਹ ਸਭ ਤੋਂ ਵੱਡਾ ਕਤਲੇਆਮ ਵੇਖਿਆ। ਇਸ ਤੋਂ ਪਹਿਲਾਂ 13 ਅਪਰੈਲ 1919 ਨੂੰ ਵਿਸਾਖੀ ਵਾਲੇ ਦਿਨ ਜੱਲਿਆਂਵਾਲੇ ਬਾਗ ਵਿਚ ਹੋਇਆ ਕਤਲੇਆਮ ਅੰਗਰੇਜ਼ ਹਕੂਮਤ ਵੱਲੋਂ ਕੀਤਾ ਗਿਆ ਸੀ, ਜਿਸ ਵਿਚ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦਾ ਸਾਂਝਾ ਖੂਨ ਡੁੱਲ੍ਹਿਆ ਸੀ।

ਭਾਰਤੀ ਤੇ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਵੱਲੋਂ ਇਸ ਹਮਲੇ ਦੀ ਭਰਪੂਰ ਨਿੰਦਾ ਕੀਤੀ ਗਈ ਅਤੇ ਉਨ੍ਹਾਂ ਨੇ ਇਸ ਨੂੰ ਆਪਣੇ ਧਰਮ 'ਤੇ ਵੱਡਾ ਹਮਲਾ ਤੇ ਭਾਰਤੀ ਫੌਜ ਦਾ ਸ਼ਰਮਨਾਕ ਕਾਰਾ ਦੱਸਿਆ। ਸਾਰੇ ਹੀ ਸਿੱਖ ਭਾਈਚਾਰੇ ਨੇ ਇਸ ਦਾ ਬਹੁਤ ਬੁਰਾ ਮਨਾਇਆ। ਆਮ ਪਬਲਿਕ ਤੇ ਉਘੇ ਲੋਕਾਂ ਨੇ ਭਾਰਤੀ ਫੌਜ ਦੀ ਇਸ ਘਿਨਾਉਣੀ ਹਰਕਤ ਦੀ ਰੱਜ ਕੇ ਨਿੰਦਾ ਕੀਤੀ। ਵਿਦਿਆਰਥੀਆਂ, ਜਿਨ੍ਹਾਂ ਵਿਚ 15 ਸਾਲ ਤੋਂ ਘੱਟ ਉਮਰ ਵਾਲੇ ਵਿਦਿਆਰਥੀ ਵੀ ਸ਼ਾਮਲ ਸਨ, ਵੱਲੋਂ ਵੀ ਇਸ ਦਾ ਵਿਰੋਧ ਕੀਤਾ ਗਿਆ। ਇਸ ਦਾ ਸਖਤ ਵਿਰੋਧ ਕਰਨ ਲਈ ਕਈ ਮੰਤਰੀਆਂ ਨੇ ਅਸਤੀਫੇ ਦਿੱਤੇ ਅਤੇ ਕਈਆਂ ਨੇ ਭਾਰਤ ਸਰਕਾਰ ਵੱਲੋਂ ਮਿਲੇ ਰਾਸ਼ਟਰੀ ਖਿਤਾਬ ਤੇ ਮਾਣ-ਸਨਮਾਨ ਵਾਪਸ ਕਰ ਦਿੱਤੇ। ਕਈ ਧਰਮੀ ਸਿੱਖ ਫੌਜੀ ਬਗਾਵਤ ਕਰਕੇ ਆਪਣੀਆਂ ਫੌਜੀ ਬੈਰਕਾਂ ਤੋਂ ਬਾਹਰ ਆ ਗਏ। ਕਈ ਕਿਸਮ ਦੇ ਮੱਤਭੇਦਾਂ ਦੇ ਬਾਵਜੂਦ ਦੁਨੀਆਂ ਭਰ ਦੇ ਸਿੱਖ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਨੂੰ ਨਾ ਸਹਾਰਦਿਆਂ ਇਕੱਠੇ ਹੋਏ, ਜੋ ਪਹਿਲਾਂ ਕਦੇ ਵੀ ਇੰਜ ਇਕੱਠੇ ਨਹੀਂ ਸੀ ਹੋਏ।

ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਦੀ ਬੇਅਦਬੀ ਦੀ ਇਸ ਮੰਦਭਾਗੀ ਘਟਨਾ ਦਾ ਨਤੀਜਾ ਖਾੜਕੂ ਜਥੇਬੰਦੀਆਂ ਵੱਲੋਂ ਵੱਡੇ ਪੱਧਰ 'ਤੇ ਖਾਲਿਸਤਾਨ ਦੀ ਜ਼ੋਰਦਾਰ ਹਮਾਇਤ ਦੀ ਸ਼ਕਲ ਵਿਚ ਨਿਕਲਿਆ। ਸਿੱਖਾਂ ਦੀ ਇਹ ਦਿਲੀ ਹਮਾਇਤ ਬਾਅਦ ਵਿਚ ਹਥਿਆਰਬੰਦ ਸੰਘਰਸ਼ ਦਾ ਰੂਪ ਧਾਰ ਗਈ, ਜਿਸ ਕਰਕੇ ਪੰਜਾਬ ਵਿਚ ਇਕ ਦਹਾਕੇ ਤੱਕ ਕਤਲੋਗਾਰਤ ਦਾ ਸਿਲਸਿਲਾ ਲਗਾਤਾਰ ਚੱਲਦਾ ਰਿਹਾ ਅਤੇ ਬੜੀ ਮੁਸ਼ਕਿਲ ਨਾਲ ਇਸ ਮੰਦਭਾਗੇ ਹਾਲਾਤ 'ਤੇ ਕਾਬੂ ਪਾਇਆ ਗਿਆ। ਅਜੇ ਵੀ ਵੇਖਣ ਨੂੰ ਤਾਂ ਪੰਜਾਬ ਵਿਚ ਅਮਨ ਤੇ ਸ਼ਾਂਤੀ ਲੱਗਦੀ ਹੈ, ਪਰ ਇਹ ਸਿੱਖਾਂ ਦੇ ਦਿਲਾਂ ਅਤੇ ਦਿਮਾਗਾਂ ਵਿਚ ਨਹੀਂ ਹੈ। ਉਨ੍ਹਾਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਲਗਾਤਾਰ ਵਧੀਕੀਆਂ ਹੁੰਦੀਆਂ ਰਹੀਆਂ ਹਨ ਅਤੇ ਇਹ ਹੁਣ ਵੀ ਹੋ ਰਹੀਆਂ ਹਨ। ਉਨ੍ਹਾਂ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਕਿਸੇ ਵੀ ਧਿਰ ਵੱਲੋਂ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ ਅਤੇ ਉਹ ਹਨੇਰੇ ਵਿਚ ਹੀ ਹੱਥ ਪੈਰ ਮਾਰ ਰਹੇ ਹਨ।

**ਰੱਬ ਖੈਰ ਕਰੇ!**

# ਜੂਨ 84 ਦਾ ਘੱਲੂਘਾਰਾ, ਕੇ. ਜੀ. ਬੀ. ਅਤੇ ਪੰਜਾਬ ਦੇ ਖੱਬੇਪੱਖੀ

***ਸਿੱਖ ਹਲਕਿਆਂ ਦਾ ਇਕ ਹਿੱਸਾ ਸਿੱਖਾਂ ਅਤੇ ਪੰਜਾਬ ਦੀ ਸਿਆਸਤ ਅੰਦਰ ਪੰਜਾਬ ਦੇ ਖੱਬੇਪੱਖੀਆਂ ਦੀ ਭੂਮਿਕਾ ਬਾਰੇ ਗਾਹੇ-ਬਗਾਹੇ ਟਿੱਪਣੀਆਂ ਕਰਦਾ ਰਿਹਾ ਹੈ। ਨੌਜਵਾਨ ਵਿਦਵਾਨ ਪ੍ਰਭਸ਼ਰਨਬੀਰ ਸਿੰਘ ਨੇ ਆਪਣੇ ਇਸ ਲੇਖ ਵਿਚ ਰੂਸ ਦੀ ਖੁਫੀਆ ਏਜੰਸੀ ਕੇ. ਜੀ. ਬੀ. ਦੇ ਏਜੰਟ ਰਹੇ ਵਾਸਿਲੀ ਮਿਤਰੋਖਿਨ ਦੇ ਹਵਾਲੇ ਨਾਲ ਖੱਬੇਪੱਖੀਆਂ ਵੱਲ ਸਵਾਲਾਂ ਦੀ ਵਾਛੜ ਕੀਤੀ ਹੈ। ਲੇਖ ਵਿਚ ਉਸ ਨੇ ਪੰਜਾਬ ਦੇ ਖੱਬੇਪੱਖੀਆਂ ਦੀਆਂ ਤਿੰਨ ਸ਼੍ਰੇਣੀਆਂ ਦਾ ਉਚੇਚਾ ਜ਼ਿਕਰ ਕੀਤਾ ਹੈ। -ਸੰਪਾਦਕ***

**ਪ੍ਰਭਸ਼ਰਨਬੀਰ ਸਿੰਘ**

ਜੂਨ 1984 ਵਿਚ ਭਾਰਤੀ ਹਕੂਮਤ ਵੱਲੋਂ ਸ੍ਰੀ ਦਰਬਾਰ ਸਾਹਿਬ ਅਤੇ ਦਰਜਨਾਂ ਹੋਰ ਗੁਰਦੁਆਰਾ ਸਾਹਿਬਾਨ ਉਤੇ ਕੀਤਾ ਗਿਆ ਹਮਲਾ ਆਧੁਨਿਕ ਇਤਿਹਾਸ ਵਿਚ ਆਪਣੀ ਮਿਸਾਲ ਆਪ ਹੈ। ਕਿਸੇ ਕੌਮ ਦੇ ਸਭ ਤੋਂ ਪਵਿੱਤਰ ਅਸਥਾਨ ਉਤੇ ਫੌਜ ਚਾੜ੍ਹ ਕੇ ਉਥੇ ਆਈ ਸੰਗਤ ਦਾ ਕਤਲੇਆਮ ਕਰਨਾ, ਗੁਰਧਾਮਾਂ ਦੀ ਬੇਅਦਬੀ ਕਰਨੀ ਅਤੇ ਫਿਰ ਇਸ ਕਾਲੇ ਕਾਰੇ ਨੂੰ ਜਾਇਜ਼ ਦੱਸਣਾ, ਇਹਦੀ ਹੋਰ ਕਿਤੇ ਕੋਈ ਮਿਸਾਲ ਨਹੀਂ ਮਿਲਦੀ।

ਸਿੱਖ ਇਤਿਹਾਸ ਵਿਚ ਘੱਲੂਘਾਰਾ ਕੋਈ ਨਵੀਂ ਗੱਲ ਨਹੀਂ। ਅਠਾਰ੍ਹਵੀਂ ਸਦੀ ਵਿਚ ਲੱਖਪਤ ਰਾਏ ਅਤੇ ਅਹਿਮਦ ਸ਼ਾਹ ਅਬਦਾਲੀ ਨੇ ਵੀ ਸਿੱਖਾਂ ਉਤੇ ਘੱਲੂਘਾਰਿਆਂ ਦੇ ਕਹਿਰ ਢਾਹੇ, ਪਰ ਜੂਨ 1984 ਦੇ ਘੱਲੂਘਾਰੇ ਵਿਚ ਇੱਕ ਗੱਲ ਵੱਖਰੀ ਹੈ। ਇਸ ਘੱਲੂਘਾਰੇ ਤੋਂ ਬਾਅਦ ਸਰਕਾਰ ਨੇ ਇਸ ਦਾ ਦੋਸ਼ ਵੀ ਸਿੱਖਾਂ ਦੇ ਸਿਰ ਹੀ ਮੜ੍ਹ ਦਿੱਤਾ। ਸਰਕਾਰ ਦੇ ਇਸ ਕੰਮ ਵਿਚ ਪੰਜਾਬ ਦੇ ਖੱਬੇਪੱਖੀਆਂ ਨੇ ਭਰਪੂਰ ਯੋਗਦਾਨ ਪਾਇਆ। ਉਸ ਵੇਲੇ ਸਰਕਾਰ ਸਿੱਖਾਂ ਦੇ ਮਨਾਂ ਵਿਚੋਂ ਆਪਣੀ ਭਰੋਸੇਯੋਗਤਾ ਗੁਆ ਚੁੱਕੀ ਸੀ। ਸਰਕਾਰ ਦੀ ਗੱਲ ਕਿਸੇ ਨੇ ਨਹੀਂ ਸੀ ਸੁਣਨੀ। ਇਸੇ ਲਈ ਸਰਕਾਰ ਨੂੰ ਕਿਸੇ ਤੀਜੀ ਧਿਰ ਦੀ ਲੋੜ ਸੀ ਜਿਹੜੀ ਲੋਕਾਂ ਵਿਚ ਸਰਕਾਰ ਦਾ ਪ੍ਰਚਾਰ ਕਰਦੀ। ਇਹ ਭੂਮਿਕਾ ਖੱਬੇਪੱਖੀਆਂ ਨੇ ਪੂਰੀ ਤਨਦੇਹੀ ਨਾਲ ਨਿਭਾਈ। ਇਹ ਗੱਲ ਵੀ ਹੈਰਾਨ ਕਰਨ ਵਾਲੀ ਹੈ, ਕਿਉਂਕਿ ਫਲਸਤੀਨ ਤੋਂ ਲੈ ਕੇ ਕਸ਼ਮੀਰ ਤੱਕ, ਖੱਬੇਪੱਖੀ ਆਮ ਕਰਕੇ ਮਜ਼ਲੂਮ ਧਿਰ ਨਾਲ ਖੜ੍ਹਦੇ ਹਨ ਪਰ ਪੰਜਾਬ ਦੇ ਮਸਲੇ ਉਤੇ ਉਨ੍ਹਾਂ ਦਾ ਰੁਖ ਉਲਟਾ ਸੀ। ਉਹ ਸਰਕਾਰ ਦੇ ਬੁਲਾਰਿਆਂ ਵਜੋਂ ਵਿਚਰੇ। ਅਜਿਹਾ ਕਿਉਂ ਵਾਪਰਿਆ, ਇਹ ਜਾਨਣ ਲਈ ਇਤਿਹਾਸ ਦੀਆਂ ਕੁਝ ਪਰਤਾਂ ਫਰੋਲਣ ਦੀ ਲੋੜ ਹੈ।

ਉਸ ਵੇਲੇ ਅਮਰੀਕਾ ਅਤੇ ਸੋਵੀਅਤ ਸੰਘ ਵਿਚਾਲੇ ਠੰਢੀ ਜੰਗ ਚੱਲ ਰਹੀ ਸੀ। ਸਾਰਾ ਸੰਸਾਰ ਦੋ ਕੈਂਪਾਂ ਵਿਚ ਵੰਡਿਆ ਹੋਇਆ ਸੀ। ਕੁਝ ਮੁਲਕ ਅਮਰੀਕਾ ਵੱਲ ਸਨ ਤੇ ਕੁਝ ਰੂਸ ਵੱਲ। ਭਾਰਤ ਦਾ ਝੁਕਾਅ ਵੀ ਰੂਸ ਵੱਲ ਹੀ ਸੀ। ਭਾਰਤ ਨੇ ਭਾਵੇਂ ਗੁੱਟ-ਨਿਰਲੇਪ ਅੰਦੋਲਨ ਨਾਂ ਦੀ ਲਹਿਰ ਚਲਾਈ ਸੀ ਪਰ ਇਸ ਦਾ ਝੁਕਾਅ ਬਹੁਤਾ ਕਰਕੇ ਰੂਸ ਵੱਲ ਹੀ ਰਹਿੰਦਾ ਸੀ। ਰੂਸ ਵੀ ਭਾਰਤ ਦੇ ਹਰ ਜਾਇਜ਼-ਨਾਜਾਇਜ਼ ਕੰਮ ਦੀ ਹਾਮੀ ਭਰਦਾ ਸੀ। ਨਾਲ ਹੀ ਰੂਸ ਦੀ ਗੁਪਤਚਰ ਸੰਸਥਾ ਕੇ.ਜੀ.ਬੀ. ਅਜਿਹੀਆਂ ਚਾਲਾਂ ਚਲਦੀ ਰਹਿੰਦੀ ਸੀ ਜਿਸ ਨਾਲ ਉਸ ਦੇ ਸਿਆਸੀ ਮਕਸਦ ਪੂਰੇ ਹੁੰਦੇ ਹੋਣ।

ਕੇ.ਜੀ.ਬੀ. ਦਾ ਇਕ ਏਜੰਟ ਸੀ ਜਿਸ ਦਾ ਨਾਂ ਸੀ ਵਾਸਿਲੀ ਮਿਤਰੋਖਿਨ। 1991 ਵਿਚ ਸੋਵੀਅਤ ਸੰਘ ਟੁੱਟਣ ਤੋਂ ਬਾਅਦ ਉਹ ਗੁਪਤ ਦਸਤਾਵੇਜ਼ਾਂ ਦਾ ਜ਼ਖੀਰਾ ਲੈ ਕੇ ਇੰਗਲੈਂਡ ਆ ਗਿਆ ਜਿਥੇ ਉਸ ਨੇ ਯੂਨੀਵਰਸਿਟੀ ਆਫ ਕੈਂਬਰਿਜ ਦੇ ਪ੍ਰੋਫੈਸਰ ਕ੍ਰਿਸਟੋਫਰ ਐਂਡ੍ਰਿਊ ਨਾਲ ਮਿਲ ਕੇ ਕੁਝ ਕਿਤਾਬਾਂ ਲਿਖੀਆਂ। ਇਨ੍ਹਾਂ ਵਿਚੋਂ ਸਭ ਤੋਂ ਮਸ਼ਹੂਰ ਕਿਤਾਬ ਦਾ ਨਾਂ ਹੈ 'ਦਿ ਮਿਤਰੋਖਿਨ ਆਰਕਾਈਵਜ਼'। ਇਹ ਵੱਡ-ਆਕਾਰੀ ਪੁਸਤਕ ਦੋ ਭਾਗਾਂ ਵਿਚ ਛਪੀ। ਦੂਜੇ ਭਾਗ ਵਿਚ ਭਾਰਤ ਬਾਰੇ ਕਾਫੀ ਜਾਣਕਾਰੀ ਹੈ ਜਿਸ ਵਿਚ ਸਿੱਖਾਂ ਦਾ ਵੀ ਜ਼ਿਕਰ ਆਉਂਦਾ ਹੈ।

ਇਸ ਪੁਸਤਕ ਵਿਚ ਮਿਤਰੋਖਿਨ ਲਿਖਦਾ ਹੈ, "One of the main aims of KGB active measures in the early 1980s was to manufacture evidence that the CIA and Pakistani intelligence were behind the growth of Sikh separatism in the Punjab."

ਭਾਵ ਇਹ ਕਿ 1980ਵਿਆਂ ਦੇ ਸ਼ੁਰੂ ਵਿਚ ਕੇ.ਜੀ.ਬੀ. ਦਾ ਮੁਖ ਮਕਸਦ ਫਰਜ਼ੀ ਦਸਤਾਵੇਜ਼ਾਂ ਰਾਹੀਂ ਇਹ ਸਾਬਤ ਕਰਨਾ ਸੀ ਕਿ ਸੀ.ਆਈ.ਏ. (ਅਮਰੀਕੀ ਗੁਪਤਚਰ ਸੰਸਥਾ) ਅਤੇ ਪਾਕਿਸਤਾਨੀ ਗੁਪਤਚਰ ਸੰਸਥਾਵਾਂ ਰਲ ਕੇ ਪੰਜਾਬ ਵਿਚ ਸਿੱਖ ਵੱਖਵਾਦ ਫੈਲਾ ਰਹੀਆਂ ਹਨ। ਮਿਤਰੋਖਿਨ ਵਾਰ-ਵਾਰ ਇਸ ਗੱਲ ਦੇ ਸਬੂਤ ਪੇਸ਼ ਕਰਦਾ ਹੈ ਕਿ ਇਹ ਸਾਰਾ ਝੂਠ ਅਸੀਂ ਫੈਲਾ ਰਹੇ ਸੀ। ਭਾਰਤੀ ਹਕੂਮਤ ਨੂੰ ਇਹ ਗੱਲ ਰਾਸ ਆਉਂਦੀ ਸੀ। ਉਨ੍ਹਾਂ ਨੇ ਜਾਣ ਬੁਝ ਕੇ ਵੀ ਇਸ ਝੂਠੀ ਜਾਣਕਾਰੀ ਨੂੰ ਸਿੱਖਾਂ ਦੇ ਖਿਲਾਫ ਵਰਤਿਆ; ਸਿੱਖ ਆਪਣੇ ਬੁਨਿਆਦੀ ਹੱਕਾਂ ਲਈ ਸੰਘਰਸ਼ ਕਰ ਰਹੇ ਸਨ ਤੇ ਭਾਰਤੀ ਹਕੂਮਤ ਉਨ੍ਹਾਂ ਨੂੰ ਬਦੇਸੀ ਤਾਕਤਾਂ ਦੇ ਕਰਿੰਦੇ ਬਣਾ ਕੇ ਪੇਸ਼ ਕਰ ਰਹੀ ਸੀ।


ਮਿਤਰੋਖਿਨ ਲਿਖਦਾ ਹੈ ਕਿ ਜਦੋਂ ਜੁਲਾਈ 1983 ਵਿਚ ਰਾਜੀਵ ਗਾਂਧੀ ਮਾਸਕੋ ਗਿਆ ਤਾਂ ਅਸੀਂ ਉਸ ਨੂੰ ਇਹ ਗੱਲ ਮਨਵਾ ਲਈ ਕਿ ਪੰਜਾਬ ਵਿਚ ਗੜਬੜ ਅਮਰੀਕਾ ਕਰ ਰਿਹਾ ਹੈ ਤੇ ਉਸ ਨੇ ਵਾਪਸ ਆਉਂਦਿਆਂ ਹੀ ਪਹਿਲਾ ਬਿਆਨ ਇਹ ਦਿੱਤਾ ਕਿ ਪੰਜਾਬ ਦੇ ਮਸਲੇ ਨੂੰ ਵਿਗਾੜਨ ਲਈ ਅਮਰੀਕਾ ਜ਼ਿੰਮੇਵਾਰ ਹੈ; ਹਾਲਾਂਕਿ ਅਮਰੀਕਾ ਦੀ ਸਾਰੇ ਮਸਲੇ ਵਿਚ ਕੋਈ ਭੂਮਿਕਾ ਨਹੀਂ ਸੀ ਅਤੇ ਨਾ ਹੀ ਅਮਰੀਕਾ ਨੇ ਕਦੇ ਸਿੱਖਾਂ ਦੀ ਕੋਈ ਅਜਿਹੀ ਮਦਦ ਕੀਤੀ ਹੈ।


ਅਸਲ ਵਿਚ ਉਹ ਖੁਦ ਰੂਸੀ ਤੇ ਭਾਰਤੀ ਹਕੂਮਤਾਂ ਦੇ ਏਜੰਟ ਬਣ ਕੇ ਵਿਚਰ ਰਹੇ ਸਨ।

ਖੱਬੇਪੱਖੀਆਂ ਦੀ ਤਾਕਤ ਇਹ ਸੀ ਕਿ ਉਨ੍ਹਾਂ ਦਾ ਮੀਡੀਆ, ਵਿਦਿਅਕ ਸੰਸਥਾਵਾਂ, ਅਤੇ ਸਾਹਿਤਕ ਹਲਕਿਆਂ ਉਤੇ ਲਗਪਗ ਮੁਕੰਮਲ ਕਬਜ਼ਾ ਸੀ। ਇਹੀ ਤਿੰਨ ਖੇਤਰ ਲੋਕ ਰਾਏ ਪੈਦਾ ਕਰਨ ਲਈ ਜ਼ਰੂਰੀ ਹੁੰਦੇ ਹਨ। ਖੱਬੇਪੱਖੀਆਂ ਨੇ ਸਰਕਾਰੀ ਪੱਖ ਨੂੰ ਸਹੀ ਸਾਬਤ ਕਰਨ ਲਈ ਆਪਣੀ ਪੂਰੀ ਪ੍ਰਾਪੇਗੰਡਾ ਤਾਕਤ ਝੋਕ ਦਿੱਤੀ। ਪੰਜਾਬ ਦੇ ਬਹੁ-ਗਿਣਤੀ ਸਿੱਖਾਂ ਨੇ ਭਾਵੇਂ ਇਨ੍ਹਾਂ ਗੱਲਾਂ ਨੂੰ ਨਕਾਰਨ ਦੇ ਨਾਲ-ਨਾਲ ਖੱਬੇਪੱਖੀਆਂ ਨੂੰ ਵੀ ਨਕਾਰ ਦਿੱਤਾ, ਫਿਰ ਵੀ ਖੱਬੇਪੱਖੀਆਂ ਦੇ ਪ੍ਰਚਾਰ ਦਾ ਸਿੱਖਾਂ ਨੂੰ ਕਾਫੀ ਨੁਕਸਾਨ ਹੋਇਆ। ਜਿਸ ਕਿਸਮ ਦੀ ਲਹਿਰ ਸਿੱਖਾਂ ਦੇ ਹੱਕ ਵਿਚ ਅੰਤਰਰਾਸ਼ਟਰੀ ਪੱਧਰ ਉਤੇ ਬਣਨੀ ਚਾਹੀਦੀ ਸੀ, ਉਹ ਨਾ ਬਣ ਸਕੀ। ਸਰਕਾਰ ਨੂੰ ਸਿੱਖਾਂ ਦਾ ਕਤਲੇਆਮ ਕਰਨ ਦੀ ਖੁੱਲ੍ਹੀ ਛੁੱਟੀ ਮਿਲ ਗਈ। ਸਿੱਖ ਮਰਦੇ ਰਹੇ ਤੇ ਖੱਬੇਪੱਖੀ ਸਿੱਖਾਂ ਦੀਆਂ ਲਾਸ਼ਾਂ 'ਤੇ ਭੰਗੜੇ ਪਾਉਂਦੇ ਰਹੇ।

ਖੱਬੇਪੱਖੀਆਂ ਦੀ ਬੇਹਯਾਈ ਇਸ ਕਦਰ ਵਧ ਗਈ ਸੀ ਕਿ ਇਨ੍ਹਾਂ ਦਾ ਇੱਕ ਉਘਾ ਆਗੂ ਸਤਪਾਲ ਡਾਂਗ ਆਪਣੀ ਕਿਤਾਬ 'ਟੈਰਰਿਜ਼ਮ ਇਨ ਪੰਜਾਬ' ਵਿਚ ਸ਼ਰ੍ਹੇਆਮ ਲਿਖਦਾ ਹੈ ਕਿ ਜਿਨ੍ਹਾਂ ਖਾੜਕੂਆਂ ਨੂੰ ਪੁਲਿਸ ਗ੍ਰਿਫਤਾਰ ਕਰਦੀ ਹੈ, ਉਨ੍ਹਾਂ ਨੂੰ ਹਿਰਾਸਤ ਵਿਚ ਹੀ ਮਾਰ ਦੇਣਾ ਚਾਹੀਦਾ ਹੈ। ਉਨ੍ਹਾਂ ਉਤੇ ਮੁਕੱਦਮੇ ਨਹੀਂ ਚਲਾਉਣੇ ਚਾਹੀਦੇ ਕਿਉਂਕਿ ਜੱਜ ਡਰਦੇ ਸਜ਼ਾਵਾਂ ਨਹੀਂ ਕਰਦੇ। ਸਰਕਾਰੀ ਜਬਰ ਦੀ ਇੰਨੀ ਸਿੱਧੀ ਹਮਾਇਤ ਦੀ ਸ਼ਾਇਦ ਹੀ ਕਿਤੇ ਹੋਰ ਮਿਸਾਲ ਮਿਲਦੀ ਹੋਵੇ। ਜਗਜੀਤ ਆਨੰਦ ਨੇ ਤਾਂ ਪੁਲਿਸ ਅਫਸਰ ਐਸ.ਐਸ.ਪੀ. ਗੋਬਿੰਦ ਰਾਮ ਦੇ ਹੱਕ ਵਿਚ ਸੈਮੀਨਾਰ ਵੀ ਕੀਤਾ ਸੀ ਤੇ ਉਸ ਦੇ ਹੱਕ ਵਿਚ ਕਿਤਾਬ ਵੀ ਛਪਵਾਈ ਸੀ। ਖੱਬੇਪੱਖੀਆਂ ਦੀ ਅਜਿਹੀ ਭੂਮਿਕਾ ਦੀਆਂ ਸੈਂਕੜੇ ਹੋਰ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਸਿਤਮ ਇਹ ਹੈ ਕਿ ਸਥਿਤੀ ਅੱਜ ਵੀ ਇਹੀ ਹੈ। ਖੱਬੇਪੱਖੀ ਸਿੱਖਾਂ ਦੀ ਹਰ ਲਹਿਰ ਨੂੰ ਅਸਫਲ ਬਣਾਉਣ ਦੀ ਹਰ ਕੋਸ਼ਿਸ਼ ਕਰਦੇ ਹਨ ਅਤੇ ਆਪਣੀ ਬਿਰਤਾਂਤਕ ਸ਼ਕਤੀ ਦੇ ਸਹਾਰੇ ਬਹੁਤ ਹੱਦ ਤੱਕ ਕਾਮਯਾਬ ਵੀ ਹੋ ਜਾਂਦੇ ਹਨ। ਕਿੰਡੀ ਹੈਰਾਨੀ ਦੀ ਗੱਲ ਹੈ ਕਿ ਨਿੱਕੀ-ਨਿੱਕੀ ਗੱਲ 'ਤੇ ਧਰਨੇ ਮੁਜ਼ਾਹਰੇ ਕਰਨ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਸਿੱਖਾਂ ਦੇ ਪੂਰਨ ਰੂਪ ਵਿਚ ਸ਼ਾਂਤਮਈ ਵਿਰੋਧ ਨੂੰ ਇਹ ਕਹਿ ਕੇ ਰੱਦ ਕਰਦੇ ਸਨ ਕਿ ਇਸ ਨਾਲ ਆਮ ਲੋਕਾਂ ਨੂੰ ਦਿੱਕਤ ਆਉਂਦੀ ਹੈ। ਇਨਕਲਾਬ ਨੂੰ ਬੰਦੂਕ ਦੀ ਗੋਲੀ ਵਿਚੋਂ ਕੱਢਣ ਵਾਲੇ ਸਿੱਖਾਂ ਨੂੰ ਹਿੰਸਕ ਕਹਿ ਕੇ ਰੱਦ ਕਰਦੇ ਰਹੇ। ਖੱਬੇਪੱਖੀਆਂ ਦਾ ਸਿੱਖ ਮਸਲੇ ਤੇ ਰਵੱਈਆ ਐਨਾ ਕੁ ਗਲਤ ਹੈ ਕਿ ਬਹੁਤੀਆਂ ਦਲੀਲਾਂ ਦੇਣ ਦੀ ਵੀ ਲੋੜ ਨਹੀਂ ਪੈਂਦੀ।






*ਕੇ. ਜੀ. ਬੀ. ਦਾ ਏਜੰਟ ਵਾਸਿਲੀ ਮਿਤਰੋਖਿਨ ਅਤੇ (ਸੱਜੇ) ਉਸ ਵਲੋਂ ਛਪਵਾਈ 'ਮਿਤਰੋਖਿਨ ਆਰਕਾਈਵਜ਼' ਦਾ ਮੁਖੜਾ।*

ਮਿਤਰੋਖਿਨ ਆਖਦਾ ਹੈ ਕਿ ਹਮਲੇ ਤੋਂ ਤੁਰੰਤ ਬਾਅਦ ਸੋਵੀਅਤ ਸੰਘ ਅਤੇ ਸੀ.ਪੀ.ਆਈ. ਦੋਹਾਂ ਨੇ ਇਸ ਦੀ ਹਮਾਇਤ ਕੀਤੀ: "The Soviet Union, like the CPI, quickly expressed 'full understanding of the steps taken by the Indian government to curb terrorism'." ਲਗਪਗ ਸਾਰੀ ਦੁਨੀਆਂ ਵਿਚੋਂ ਰੂਸ ਹੀ ਅਜਿਹੀ ਵੱਡੀ ਤਾਕਤ ਸੀ ਜਿਸ ਨੇ ਦਰਬਾਰ ਸਾਹਿਬ 'ਤੇ ਹਮਲੇ ਦੀ ਖੁੱਲ੍ਹ ਕੇ ਹਮਾਇਤ ਕੀਤੀ ਸੀ।

ਇਹ ਗੱਲ ਵੀ ਕਿਸੇ ਤੋਂ ਲੁਕੀ ਨਹੀਂ ਕਿ ਪੰਜਾਬ ਅਤੇ ਭਾਰਤ ਦੇ ਬਹੁਤ ਸਾਰੇ ਖੱਬੇਪੱਖੀਆਂ ਨੂੰ ਉਸ ਵੇਲੇ ਰੂਸ ਤੋਂ ਹੁਕਮ ਮਿਲਦੇ ਸਨ। ਕਈ ਤਾਂ ਉਨ੍ਹਾਂ ਦੇ ਤਨਖਾਹਦਾਰ ਮੁਲਾਜ਼ਮ ਵੀ ਸਨ। ਉਨ੍ਹਾਂ ਨੂੰ ਇਸ ਝੂਠ ਦਾ ਪ੍ਰਚਾਰ ਕਰਨ ਲਈ ਰੂਸ ਤੋਂ ਹੁਕਮ ਆਉਂਦੇ ਸਨ। ਇਸੇ ਨੀਤੀ ਤੇ ਚਲਦਿਆਂ ਉਨ੍ਹਾਂ ਨੇ ਸਿੱਖਾਂ ਖਿਲਾਫ ਰੱਜ ਕੇ ਪ੍ਰਚਾਰ ਕੀਤਾ। ਸਿੱਖ ਹੱਕਾਂ ਲਈ ਲੜਨ ਵਾਲਾ ਹਰ ਵਿਅਕਤੀ ਉਨ੍ਹਾਂ ਨੂੰ ਅਮਰੀਕਾ ਦਾ ਏਜੰਟ ਲਗਦਾ ਸੀ ਪਰ

ਪਰ ਇਸ ਨਾਲ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖਿਰ ਐਨਾ ਝੂਠ ਪੰਜਾਬ ਵਿਚ ਐਨੇ ਲੰਮੇ ਸਮੇਂ ਤੋਂ ਕਿਵੇਂ ਚੱਲ ਰਿਹਾ ਹੈ। ਉਸ ਦਾ ਸਿੱਧਾ ਕਾਰਨ ਹੈ, ਖੱਬੇਪੱਖੀਆਂ ਦੀ ਪੰਜਾਬ ਦੇ ਬੌਧਿਕ ਅਤੇ ਸਾਹਿਤਕ ਹਲਕਿਆਂ ਉਤੇ ਮਾਫੀਏ ਵਰਗੀ ਮੁਕੰਮਲ ਅਜਾਰੇਦਾਰੀ। ਖੱਬੇਪੱਖੀ ਪੰਜਾਬ ਦੀਆਂ ਸਾਹਿਤਕ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਦੇ ਵਿਭਾਗਾਂ ਨੂੰ ਵਰ੍ਹਿਆਂ ਤੋਂ ਮਾਫੀਏ ਦੇ ਗਰੋਹਾਂ ਵਾਂਗੂੰ ਚਲਾ ਰਹੇ ਹਨ। ਇਹੀ ਪੰਜਾਬ ਦੀ ਬੌਧਿਕ ਕੰਗਾਲੀ ਦਾ ਮੁੱਖ ਕਾਰਨ ਹੈ।



ਜਿੰਨਾ ਚਿਰ ਇਹ ਮਾਫੀਆ ਸਭਿਆਚਾਰ ਜੜ੍ਹੋਂ ਨਹੀਂ ਉਖੜਦਾ, ਪੰਜਾਬ ਦਾ ਭਲਾ ਨਹੀਂ ਹੋ ਸਕਦਾ।

ਅਗਲਾ ਮੁੱਖ ਸੁਆਲ ਇਹ ਹੈ ਕਿ ਇਸ ਸਥਿਤੀ ਦਾ ਕੀਤਾ ਕੀ ਜਾਵੇ? ਇਸ ਲਈ ਪਹਿਲਾ ਕੰਮ ਇਹ ਕਰਨਾ ਚਾਹੀਦਾ ਹੈ ਕਿ ਖੱਬੇਪੱਖੀਆਂ ਦੀਆਂ ਵੱਖ-ਵੱਖ ਵੰਨਗੀਆਂ ਦੀ ਪਛਾਣ ਕੀਤੀ ਜਾਵੇ ਅਤੇ ਉਨ੍ਹਾਂ ਦੇ ਸਿੱਖਾਂ ਪ੍ਰਤੀ ਵਤੀਰੇ ਵਿਚ ਕੀ ਫਰਕ ਹਨ, ਇਸਨੂੰ ਸਮਝਿਆ ਜਾਵੇ। ਮੇਰੀ ਜਾਚੇ ਸਿੱਖਾਂ ਬਾਰੇ ਉਨ੍ਹਾਂ ਦੀ ਪਹੁੰਚ ਦੇ ਆਧਾਰ ਉਤੇ ਖੱਬੇਪੱਖੀਆਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ।

1. ਪਹਿਲੇ ਉਹ ਜਿਹੜੇ ਸਿੱਧਾ ਸਟੇਟ ਦੇ ਸੰਦ ਬਣ ਕੇ ਵਿਚਰਦੇ ਹਨ ਅਤੇ ਸਿੱਖਾਂ ਉਤੇ ਹੋ ਰਹੇ ਸਰਕਾਰੀ ਜਬਰ ਦੀ ਸਿਰਫ ਹਮਾਇਤ ਹੀ ਨਹੀਂ ਕਰਦੇ ਬਲਕਿ ਅੱਗੇ ਵਧ ਕੇ ਇਸ ਵਿੱਚ ਹਿੱਸਾ ਵੀ ਪਾਉਂਦੇ ਹਨ। ਇਨ੍ਹਾਂ ਵਿਚ ਸੀ.ਪੀ.ਆਈ. ਅਤੇ ਹੋਰ ਰਵਾਇਤੀ ਖੱਬੇਪੱਖੀ ਧਿਰਾਂ ਸ਼ਾਮਲ ਹਨ ਅਤੇ ਇਨ੍ਹਾਂ ਦਾ ਜ਼ੋਰ ਅੱਜਕੱਲ੍ਹ ਕੁਝ ਘਟਿਆ ਹੈ।

2. ਦੂਜੇ ਉਹ ਹਨ ਜਿਹੜੇ ਇਹ ਗੱਲ ਤਾਂ ਮੰਨਦੇ ਹਨ ਕਿ ਸਿੱਖਾਂ ਨਾਲ ਵੀ ਹੋਰਨਾਂ ਘੱਟ-ਗਿਣਤੀਆਂ ਵਾਂਗ ਧੱਕਾ ਹੁੰਦਾ ਹੈ ਪਰ ਸਿੱਖੀ ਦੀ ਵੱਖਰੀ ਰਾਜਨੀਤਕ ਹਸਤੀ ਨੂੰ ਪ੍ਰਵਾਨ ਨਹੀਂ ਕਰਦੇ ਅਤੇ ਧਰਮ ਨੂੰ ਬੰਦੇ ਦਾ ਨਿੱਜੀ ਮਸਲਾ ਮੰਨਦੇ ਹਨ। ਇਹ ਉਪਰੋਂ ਵੇਖਣ ਨੂੰ ਤਾਂ ਭਾਵੇਂ ਸਿੱਖਾਂ ਦੇ ਹਮਦਰਦ ਲੱਗਦੇ ਹਨ ਪਰ ਭੁਗਤਦੇ ਹਮੇਸ਼ਾ ਸਿੱਖਾਂ ਦੇ ਵਿਰੁੱਧ ਹੀ ਹਨ। ਜਿਵੇਂ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਦੁਖਦਾਈ ਘਟਨਾਵਾਂ ਹੋਈਆਂ ਤਾਂ ਇਨ੍ਹਾਂ ਤੋਂ ਸਿੱਧਾ ਸਿੱਖਾਂ ਦੇ ਹੱਕ ਵਿਚ ਨਹੀਂ ਖੜ੍ਹਿਆ ਗਿਆ ਸਗੋਂ ਸੁਖਬੀਰ ਬਾਦਲ ਵਾਂਗੂੰ ਸਦਭਾਵਨਾ ਮਾਰਚ ਕੱਢਣ ਲੱਗ ਪਏ ਸਨ। ਇਨ੍ਹਾਂ ਲਈ ਸੈਕੂਲਰ ਨੈਰੇਟਿਵ ਹੀ ਸਾਰਾ ਕੁਝ ਹੈ। ਇਨ੍ਹਾਂ ਦੀ ਮਾਰਕਸਵਾਦ, ਸੈਕੂਲਰਵਾਦ, ਧਰਮ, ਅਤੇ ਜਾਤ-ਪਾਤ ਵਰਗੇ ਅਹਿਮ ਮੁੱਦਿਆਂ ਉਤੇ ਸਮਝ ਬਹੁਤ ਸਤਹੀ ਹੈ ਅਤੇ ਇਹ ਸੋਸ਼ਲ ਮੀਡੀਆ ਸਰਗਰਮੀਆਂ ਵਿਚ ਹੀ ਜਿਆਦਾ ਦਿਲਚਸਪੀ ਰੱਖਦੇ ਹਨ। ਇਨ੍ਹਾਂ ਵਿਚ ਪ੍ਰਮੁੱਖ ਤੌਰ ਉਤੇ ਅੱਜ ਕੱਲ ਦੀਆਂ ਖੱਬੇਪੱਖੀ ਵਿਦਿਆਰਥੀ ਜਥੇਬੰਦੀਆਂ ਸ਼ਾਮਲ ਹਨ ਅਤੇ ਪੜ੍ਹੇ-ਲਿਖੇ ਨੌਜਵਾਨਾਂ ਵਿੱਚ ਇਨ੍ਹਾਂ ਦਾ ਕੁਝ ਆਧਾਰ ਹੈ।

3. ਤੀਜੇ ਉਹ ਹਨ ਜਿਹੜੇ ਸਿੱਖੀ ਦਾ ਨਕਾਬ ਪਹਿਨ ਕੇ ਸੈਕੂਲਰ ਨੈਰੇਟਿਵ ਨੂੰ ਸਿੱਖਾਂ ਦੇ ਸੰਘੋਂ 'ਠਾਂਹ ਕਰਨਾ ਚਾਹੁੰਦੇ ਹਨ। ਸਿੱਖੀ ਦੇ ਬੁਰਕੇ ਹੇਠ ਵਿਚਰਦੇ ਹੋਣ ਕਰਕੇ ਇਨ੍ਹਾਂ ਦੀ ਪਛਾਣ ਕਰਨੀ ਸਭ ਤੋਂ ਔਖੀ ਹੈ। ਇਹ ਉਪਰੋਂ ਦੇਖਣ ਨੂੰ ਸਿੱਖ ਪੱਖੀ ਲੱਗਦੇ ਹਨ ਪਰ ਅੰਦਰੋਂ ਸਭ ਤੋਂ ਵੱਧ ਜੜ੍ਹਾਂ ਵੱਢਦੇ ਹਨ। ਇਨ੍ਹਾਂ ਦੀ ਪਹੁੰਚ ਇਹ ਹੈ ਕਿ ਗੁਰਬਾਣੀ ਅਤੇ ਸਿੱਖ ਸ਼ਹੀਦਾਂ ਬਾਰੇ ਕੁਝ ਪ੍ਰਸ਼ੰਸਾਮਈ ਟਿੱਪਣੀਆਂ ਕਰਕੇ ਸਿੱਖਾਂ ਵਿਚ ਆਪਣੀ ਥਾਂ ਬਣਾਈ ਜਾਵੇ ਅਤੇ ਬਾਅਦ ਵਿਚ ਇਸ ਪ੍ਰਭਾਵ ਨੂੰ ਵਰਤ ਕੇ ਸਿੱਖਾਂ ਨੂੰ ਉਨ੍ਹਾਂ ਦੇ ਮੌਜੂਦਾ ਸੰਘਰਸ਼ ਨਾਲੋਂ ਤੋੜ ਕੇ ਸੈਕੂਲਰ ਧਿਰਾਂ ਦੇ ਇਕ ਨਿਗੂਣੇ ਅੰਸ਼ ਵਜੋਂ ਵਿਚਰਨ ਲਾਇਆ ਜਾਵੇ। ਇਸ ਚਾਲ ਨੂੰ ਸਿਰੇ ਚੜ੍ਹਾਉਣ ਲਈ ਮੁਖ ਤੌਰ ਉਤੇ ਨੇਸ਼ਨ-ਸਟੇਟ ਦੀ ਆਲੋਚਨਾ ਨੂੰ ਖਾਲਿਸਤਾਨ ਦੇ ਖਿਆਲ ਨੂੰ ਰੱਦ ਕਰਨ ਲਈ ਵਰਤਿਆ ਜਾਂਦਾ ਹੈ। ਨੇਸ਼ਨ-ਸਟੇਟ ਦੀ ਆਲੋਚਨਾ ਕੀ ਹੈ ਅਤੇ ਇਸ ਦੀਆਂ ਕੀ ਸਮੱਸਿਆਵਾਂ ਹਨ, ਇਸ ਲਈ ਇੱਕ ਵੱਖਰੇ ਲੇਖ ਵਿਚ ਚਰਚਾ ਕਰਨ ਦੀ ਲੋੜ ਹੈ। ਇਸ ਧਿਰ ਦੀ ਜ਼ਾਹਰਾ ਖੱਬੇਪੱਖੀਆਂ ਨਾਲ ਜਾਤ-ਪਾਤ ਦੇ ਮਸਲੇ ਉਤੇ ਵੀ ਸਹਿਮਤੀ ਹੈ। ਇਨ੍ਹਾਂ ਦਾ ਆਗੂ ਅਜਮੇਰ ਸਿੰਘ ਹੈ। ਇਨ੍ਹਾਂ ਨੇ ਪਿਛਲੇ ਕਾਫੀ ਸਮੇਂ ਤੋਂ 'ਸੰਵਾਦ' ਫੋਰਮ ਦੇ ਨਾਂ ਹੇਠ ਸਰਗਰਮੀ ਆਰੰਭੀ ਹੋਈ ਹੈ ਪਰ 'ਸੰਵਾਦ' ਦੀ ਸਰਗਰਮੀ ਵੇਖ ਕੇ ਲੱਗਦਾ ਹੈ ਕਿ ਇਹ ਸੰਵਾਦ ਥੋੜ੍ਹਾ ਅਤੇ ਇਕਵਾਦ ਜ਼ਿਆਦਾ ਹੈ ਕਿਉਂਕਿ ਅਜਮੇਰ ਸਿੰਘ ਨਾਲ ਥੋੜ੍ਹੀ ਜਿਹੀ ਅਸਹਿਮਤੀ ਰੱਖਣ ਵਾਲੇ ਕਿਸੇ ਵੀ ਖਿਆਲ ਨੂੰ ਇਹ ਕੋਈ ਜਗ੍ਹਾ ਨਹੀਂ ਦਿੰਦੇ। ਜਗ੍ਹਾ ਦੇਣੀ ਤਾਂ ਦੂਰ ਦੀ ਗੱਲ, ਇਹ ਸਮਝਦੇ ਹਨ ਕਿ ਕਿਸੇ ਨੂੰ ਕੋਈ ਹੱਕ ਹੀ ਨਹੀਂ ਕਿ ਉਹ ਅਜਮੇਰ ਸਿੰਘ ਨੂੰ ਕੋਈ ਸੁਆਲ ਵੀ ਕਰ ਜਾਵੇ। ਜੇ ਕੋਈ ਅਜਿਹੀ ਹਿਮਾਕਤ ਕਰਦਾ ਹੈ ਤਾਂ ਉਸਨੂੰ ਜਾਅਲੀ ਆਈਡੀਆਂ ਦੇ ਸਹਾਰੇ ਸੋਸ਼ਲ ਮੀਡੀਆ 'ਤੇ ਖੱਜਲ ਕੀਤਾ ਜਾਂਦਾ ਹੈ। ਇਨ੍ਹਾਂ ਦੀ ਸਰਗਰਮੀ ਵੀ ਮਾਫੀਆ ਗਰੋਹਾਂ ਵਰਗੀ ਹੈ ਕਿ ਜਾਂ ਤਾਂ ਸਾਡੇ ਨਾਲ ਚੱਲੋ ਨਹੀਂ ਤਾਂ ਸਾਡੀ ਦੁਸ਼ਮਣੀ ਸਹੇੜੋ।

ਸਪਸ਼ਟ ਹੈ ਕਿ 'ਸੰਵਾਦ' ਸ਼ੁਰੂ ਕਰਨ ਵਾਸਤੇ ਦੋ ਧਿਰਾਂ ਦੀ ਲੋੜ ਹੁੰਦੀ ਹੈ ਜਿਨ੍ਹਾਂ ਦੀ ਆਪਸ ਵਿਚ ਪੂਰੀ ਜਾਂ ਕੁਝ ਹੱਦ ਤੱਕ ਅਸਹਿਮਤੀ ਹੋਵੇ। ਫਿਰ ਹੀ ਸੰਵਾਦ ਸ਼ੁਰੂ ਹੁੰਦਾ ਹੈ ਤੇ ਕਈ ਵਾਰ ਗੱਲ ਕਿਸੇ ਨਵੇਂ ਮੁਕਾਮ ਨੂੰ ਹਾਸਲ ਕਰਦੀ ਹੈ ਪਰ ਜਦੋਂ ਗੇਂਦ ਨੂੰ ਰੱਖਣਾ ਹੀ ਆਪਣੇ ਪਾਲੇ ਵਿਚ ਹੈ ਤਾਂ ਖੇਡ ਕਿਵੇਂ ਸ਼ੁਰੂ ਹੋਵੇ?

ਇਨ੍ਹਾਂ ਲਗਾਤਾਰ ਤਾਬੜਤੋੜ ਹਮਲਿਆਂ ਦੀ ਝੰਬੀ ਸਿੱਖ ਕੌਮ ਦੀ ਹਾਲਤ ਹੈੱਡਲਾਈਟਾਂ ਦੇ ਸਾਹਮਣੇ ਆਏ ਹਿਰਨ ਵਰਗੀ ਹੋਈ ਪਈ ਹੈ। ਬਹੁਤੇ ਸਿੱਖਾਂ ਨੂੰ ਇਹ ਗੱਲ ਸਮਝ ਹੀ ਨਹੀਂ ਆ ਰਹੀ ਕਿ ਹੋ ਕੀ ਰਿਹਾ ਹੈ। ਸੰਵਾਦ ਸ਼ੁਰੂ ਕਰਨ ਦੀ ਹਰ ਇਮਾਨਦਾਰ ਕੋਸ਼ਿਸ਼ ਕਈ ਲੋਕਾਂ ਨੂੰ ਨਵੇਂ ਵਿਵਾਦ ਪੈਦਾ ਕਰਨ ਵਾਲੀ ਗੱਲ ਲੱਗਦੀ ਹੈ। ਕਾਰਨ ਇਹ ਹੈ ਕਿ ਮਾਫੀਆ ਵਰਗੇ ਗਰੋਹਾਂ ਦੀ ਚਾਰੇ ਪਾਸੇ ਵਧੀ ਹੋਈ ਦਹਿਸ਼ਤ ਨੇ ਪੰਜਾਬ ਵਿਚ ਸੰਵਾਦ ਦਾ ਸਭਿਆਚਾਰ ਪੈਦਾ ਹੀ ਨਹੀਂ ਹੋਣ ਦਿੱਤਾ।

ਸਾਬਕਾ ਕੇ.ਜੀ.ਬੀ. ਹੋਵੇ ਅਤੇ ਭਾਵੇਂ ਪੰਜਾਬ ਦੇ ਮੌਜੂਦਾ ਬੌਧਿਕ-ਸਾਹਿਤਕ ਹਲਕਿਆਂ ਤੇ ਹਾਵੀ ਮਾਫੀਆ ਗਰੋਹ ਹੋਣ, ਇਨ੍ਹਾਂ ਦਾ ਹੱਲ ਇੱਕ ਹੀ ਹੈ ਕਿ ਇਨ੍ਹਾਂ ਦੇ ਕੂੜ-ਪ੍ਰਚਾਰ, ਨਿੱਜੀ-ਹਮਲਿਆਂ, ਅਤੇ ਗੁੱਝੀਆਂ ਚਾਲਾਂ ਦੀ ਪ੍ਰਵਾਹ ਕੀਤੇ ਬਿਨਾਂ ਇਨ੍ਹਾਂ ਦਾ ਪਰਦਾਫਾਸ਼ ਕਰਦੇ ਰਹਿਣਾ ਚਾਹੀਦਾ ਹੈ। ਹਰ ਉਸ ਧੜੇ ਦਾ ਵਿਰੋਧ ਹੋਣਾ ਚਾਹੀਦਾ ਹੈ ਜਿਹੜਾ ਇਹ ਦਾਅਵਾ ਕਰਦਾ ਹੈ ਕਿ ਅੰਤਮ ਸੱਚ ਕੇਵਲ ਉਨ੍ਹਾਂ ਦੇ ਦੋ-ਚਾਰ ਬੰਦਿਆਂ ਕੋਲ ਹੀ ਹੈ। ਇਸ ਅਮਲ ਦੀ ਸ਼ੁਰੂਆਤ ਭਾਵੇਂ ਅਣਸੁਖਾਵੀਂ ਲੱਗ ਸਕਦੀ ਹੈ ਪਰ ਅੰਤ ਨੂੰ ਇਸ ਅਮਲ ਵਿਚੋਂ ਸਾਡੀ ਪਰੰਪਰਾ ਦੇ ਅਟੁੱਟ ਅੰਗ ਗੋਸ਼ਟੀ ਦੇ ਸਭਿਆਚਾਰ ਦਾ ਪੁਨਰ-ਨਿਰਮਾਣ ਹੋਵੇਗਾ। ਜੇ ਕੇ.ਜੀ.ਬੀ. ਆਪਣੇ ਝੂਠਾਂ 'ਤੇ ਆਧਾਰਿਤ ਮਨਸੂਬਿਆਂ ਨਾਲ ਦੁਨੀਆਂ ਦੀ ਦੂਜੀ ਮਹਾਂ-ਸ਼ਕਤੀ ਸੋਵੀਅਤ ਸੰਘ ਨੂੰ ਨਹੀਂ ਬਚਾ ਸਕੀ ਤਾਂ ਪੰਜਾਬ ਦੇ ਵੱਖੋ-ਵੱਖ ਵੰਨਗੀਆਂ ਵਾਲੇ ਖੱਬੇਪੱਖੀ ਵੀ ਭੁੱਲ ਜਾਣ ਕਿ ਇਹ ਪੰਥਕ ਸਪਿਰਿਟ ਨੂੰ ਕਿਸੇ ਵੇਲਾ ਵਿਹਾ ਚੁੱਕੀ ਵਿਚਾਰਧਾਰਾ ਦੇ ਸਾਹਮਣੇ ਝੁਕਾ ਲੈਣਗੇ।

# ਜੂਨ 84 ਦੀਆਂ ਘਟਨਾਵਾਂ ਦਾ ਨਿਰਪੱਖ ਵਿਸ਼ਲੇਸ਼ਣ ਕਦੋਂ ਹੋਵੇਗਾ?

## ਪ੍ਰਤੀਕਰਮ

***ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਦੀ ਲਿਖਤ 'ਖਾਲਿਸਤਾਨ ਦਾ ਐਲਾਨਨਾਮਾ: ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ' ਬਾਰੇ ਪਿਛਲੇ ਅੰਕਾਂ ਵਿਚ ਅਸੀਂ ਹਜ਼ਾਰਾ ਸਿੰਘ ਮਿਸੀਸਾਗਾ, ਹਰਜੀਤ ਦਿਓਲ ਬਰੈਂਪਟਨ, ਗੁਰਬਚਨ ਸਿੰਘ, ਡਾ. ਬਲਕਾਰ ਸਿੰਘ, ਅਮਰਜੀਤ ਸਿੰਘ ਮੁਲਤਾਨੀ, ਕਮਲਜੀਤ ਸਿੰਘ ਬਾਸੀ ਅਤੇ ਹਾਕਮ ਸਿੰਘ ਦੇ ਵਿਚਾਰ ਪਾਠਕਾਂ ਦੇ ਰੂ-ਬ-ਰੂ ਕਰ ਚੁਕੇ ਹਾਂ। ਐਤਕੀਂ ਕੈਨੇਡਾ ਤੋਂ ਛਪਦੇ ਪਰਚੇ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਸਿੰਘ ਪਰਮਾਰ ਦੇ ਵਿਚਾਰ ਛਾਪ ਰਹੇ ਹਾਂ, ਜੋ ਉਨ੍ਹਾਂ ਉਚੇਚੇ ਸਾਨੂੰ ਭੇਜੇ ਹਨ। ਇਸ ਵਿਚ ਉਨ੍ਹਾਂ ਜੂਨ 84 ਦੀਆਂ ਘਟਨਾਵਾਂ, ਇਸ ਦੇ ਪਿਛੋਕੜ ਅਤੇ ਪਿਛਲੇ 36 ਸਾਲਾਂ ਤੋਂ ਚੱਲ ਰਹੀ ਸਿਆਸਤ ਬਾਰੇ ਟਿੱਪਣੀ ਕੀਤੀ ਹੈ। -ਸੰਪਾਦਕ***

ਦਰਬਾਰ ਸਾਹਿਬ ਅੰਮ੍ਰਿਤਸਰ ਵਿਚ 3-6 ਜੂਨ 1984 ਨੂੰ ਭਾਰਤੀ ਫੌਜ ਨੇ ਜੋ ਕਾਰਵਾਈ ਕੀਤੀ, ਉਸ ਨੂੰ ਉਨ੍ਹਾਂ ਨੇ 'ਅਪਰੇਸ਼ਨ ਬਲੂ ਸਟਾਰ' ਦਾ ਨਾਮ ਦਿੱਤਾ। ਸਿੱਖ ਇਤਿਹਾਸ ਵਿਚ 18ਵੀਂ ਸਦੀ ਵਿਚ ਮੁਗਲ ਤੇ ਪਠਾਣ ਵਿਦੇਸ਼ੀ ਹਮਲਾਵਰਾਂ ਦੀਆਂ ਸਿੱਖਾਂ ਖਿਲਾਫ ਕਾਰਵਾਈਆਂ ਤੋਂ ਕਰੀਬ 2 ਸੌ ਸਾਲ ਪਿਛੋਂ ਇਹ ਅਜਿਹੀ ਘਟਨਾ ਵਾਪਰੀ ਸੀ, ਜਿਸ ਬਾਰੇ ਨਾ ਤਾਂ ਸਰਕਾਰ ਨੇ ਸਿੱਖਾਂ ਦੇ ਪ੍ਰਤੀਕਰਮ ਬਾਰੇ ਅੰਦਾਜ਼ਾ ਲਾਇਆ ਸੀ ਅਤੇ ਨਾ ਹੀ ਸਿੱਖਾਂ ਨੇ ਕਦੇ ਇਹ ਆਸ ਕੀਤੀ ਸੀ ਕਿ ਸਰਕਾਰ ਟੈਂਕਾਂ ਤੋਪਾਂ ਨਾਲ ਫੌਜ ਰਾਹੀਂ ਅਜਿਹੀ ਕਾਰਵਾਈ ਦਰਬਾਰ ਸਾਹਿਬ ਵਿਚ ਕਰੇਗੀ। ਇਹ ਅਜਿਹੀ ਘਟਨਾ ਸੀ, ਜਿਸ ਨੇ ਸਿੱਖਾਂ ਦੇ ਮਨਾਂ ਵਿਚ ਭਾਰਤੀ ਸਟੇਟ, ਭਾਰਤੀ ਫੌਜ, ਬਹੁ-ਗਿਣਤੀ ਹਿੰਦੂ ਭਾਈਚਾਰੇ ਅਤੇ ਭਾਰਤੀ ਸਟੇਟ ਨਾਲ ਕੰਮ ਕਰਦੀਆਂ ਰਾਜਨੀਤਕ ਧਿਰਾਂ ਬਾਰੇ ਸੋਚ ਹੀ ਬਦਲ ਦਿੱਤੀ।

ਇਸੇ ਤਰ੍ਹਾਂ 1984 ਤੋਂ ਬਾਅਦ ਦੇਸ਼-ਵਿਦੇਸ਼ ਵਿਚ ਸਿੱਖਾਂ ਵਲੋਂ ਦਿਖਾਏ ਪ੍ਰਤੀਕਰਮ ਪਿਛੋਂ ਭਾਰਤੀ

**ਹਰਚਰਨ ਸਿੰਘ ਪਰਹਾਰ**
**ਫੋਨ: 403-681-8689**
**Email: hp8689@gmail.com**

ਸਟੇਟ ਅਤੇ ਏਜੰਸੀਆਂ ਦਾ ਰਵੱਈਆ ਵੀ ਸਿੱਖਾਂ ਪ੍ਰਤੀ ਹੋਰ ਹਮਲਾਵਰ ਰੁਖ ਅਖਤਿਆਰ ਕਰ ਗਿਆ। ਇਸ ਘਟਨਾ ਤੋਂ ਸਿੱਖ ਅਜੇ ਸੰਭਲੇ ਵੀ ਨਹੀਂ ਸਨ ਕਿ ਨਵੰਬਰ 84 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਜਿਸ ਤਰ੍ਹਾਂ ਕਾਂਗਰਸੀ ਸਰਕਾਰ ਨੇ ਯੋਜਨਾਬੱਧ ਢੰਗ ਨਾਲ ਸਿੱਖਾਂ ਦਾ ਕਤਲੇਆਮ ਕੀਤਾ, ਉਸ ਨੇ ਬਲਦੀ 'ਤੇ ਤੇਲ ਵਾਲਾ ਕੰਮ ਕੀਤਾ। 13 ਅਪਰੈਲ, 1978 ਦੇ ਸਿੱਖ ਨਿਰੰਕਾਰੀ ਕਾਂਡ ਪਿਛੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਬੱਬਰ ਖਾਲਸਾ ਤੇ ਦਲ ਖਾਲਸਾ ਵਲੋਂ ਚਲਾਈ ਜਾ ਰਹੀ ਖਾੜਕੂ ਲਹਿਰ ਨੂੰ ਇੱਕਦਮ ਹੁਲਾਰਾ ਮਿਲਿਆ ਅਤੇ ਆਮ ਸਿੱਖ ਨੌਜਵਾਨ (ਖਾਸਕਰ ਜੱਟਾਂ ਦੇ ਅੱਲ੍ਹੜ ਮੁੰਡੇ) ਪਿੰਡਾਂ ਵਿਚੋਂ ਉਠ ਕੇ ਹਥਿਆਰਬੰਦ ਲਹਿਰ ਵਿਚ ਕੁਦ ਪਏ। ਇਨ੍ਹਾਂ ਕੋਲ ਕੋਈ ਲੀਡਰਸ਼ਿਪ ਨਹੀਂ ਸੀ, ਕੋਈ ਜਥੇਬੰਦੀ ਨਹੀਂ ਸੀ, ਕੋਈ ਵਿਜ਼ਨ ਨਹੀਂ ਸੀ, ਸਿਰਫ ਇੱਕੋ ਗੱਲ ਸੀ ਕਿ ਭਾਰਤੀ ਫੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਹੈ ਤੇ ਅਸੀਂ ਬਦਲਾ ਲੈਣਾ ਹੈ। ਭਾਰਤੀ ਸਟੇਟ ਦੀਆਂ ਏਜੰਸੀਆਂ ਅਤੇ ਸਿੱਖਾਂ ਦੇ ਸ਼ਾਤਰ ਲੀਡਰਾਂ ਨੇ ਸਿੱਖ ਨੌਜਵਾਨਾਂ ਨੂੰ ਬਦਲੇ ਹਾਲਾਤ ਵਿਚ ਸਹੀ ਸੇਧ ਦੇਣ ਦੀ ਥਾਂ ਸੰਤ ਭਿੰਡਰਾਂਵਾਲੇ ਦੀ ਕਿਸੇ ਸਪੀਚ ਵਿਚੋਂ ਦੋ ਲਾਈਨਾਂ ਮਿਸ਼ਨ ਦੇ ਤੌਰ 'ਤੇ ਫੜਾ ਦਿੱਤੀਆਂ, 'ਜੇ ਭਾਰਤੀ ਫੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।' ਪਰ ਭਾਰਤ ਸਰਕਾਰ ਸਿੱਖਾਂ ਨੂੰ ਸਬਕ ਸਿਖਾਉਣ ਲਈ ਲੰਮੀ ਵਿਉਂਤਬੰਦੀ ਕਰ ਰਹੀ ਸੀ, ਜਿਸ ਨੂੰ ਸਿੱਖਾਂ ਦੀ ਨਰਮ ਦਲ ਜਾਂ ਗਰਮ ਦਲ ਲੀਡਰਸ਼ਿਪ ਸਮਝ ਨਾ ਸਕੀ ਅਤੇ ਨੌਜਵਾਨੀ ਨੂੰ ਉਸੇ ਵਹਿਣ ਵਿਚ ਵਹਿਣ ਦਿੱਤਾ, ਜਿਸ ਦਾ ਨਤੀਜਾ ਜਿਥੇ ਖਾੜਕੂਆਂ ਹੱਥੋਂ ਹਜ਼ਾਰਾਂ ਬੇਗੁਨਾਹ ਲੋਕਾਂ ਦੇ ਕਤਲੇਆਮ ਵਿਚ ਨਿਕਲਿਆ, ਉਥੇ ਪੁਲਿਸ ਨੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਹਜ਼ਾਰਾਂ ਨੌਜਵਾਨ ਮੌਤ ਦੇ ਘਾਟ ਉਤਾਰ ਦਿੱਤੇ।

1984 ਦੀਆਂ ਘਟਨਾਵਾਂ ਵੇਲੇ ਭਾਵੇਂ ਮੈਨੂੰ ਧਰਮ, ਰਾਜਨੀਤੀ ਆਦਿ ਬਾਰੇ ਕੋਈ ਸੋਝੀ ਨਹੀਂ ਸੀ, ਪਰ ਸਾਡੇ ਸਾਹਮਣੇ ਹੀ ਇਹ ਕੁਝ ਵਾਪਰਿਆ ਸੀ, ਇਸ ਦੌਰ ਵਿਚ ਹੀ ਅਸੀਂ ਜਵਾਨ ਹੋਏ ਅਤੇ ਬਹੁਤ ਕੁਝ ਆਪਣੇ ਪਿੰਡੇ 'ਤੇ ਵੀ ਹੰਢਾਇਆ। ਉਸ ਪਿਛੋਂ ਸਿੱਧੇ-ਅਸਿੱਧੇ ਢੰਗ ਨਾਲ ਇਸ ਸਿੱਖ ਸੰਘਰਸ਼ ਵਿਚ ਵਿਚਰਦੇ ਰਹੇ, ਪਰ ਇੱਕ ਗੱਲ ਇਨ੍ਹਾਂ 36 ਸਾਲਾਂ ਵਿਚ ਜ਼ਰੂਰ ਮਹਿਸੂਸ ਕੀਤੀ ਕਿ 1984 ਵਿਚ ਹੀ ਵਾਪਰੇ ਦੋ ਵੱਡੇ ਘੱਲੂਘਾਰਿਆਂ ਬਾਰੇ ਗੁਰਦੁਆਰਿਆਂ, ਸਿੱਖ ਜਥੇਬੰਦੀਆਂ, ਸਿੱਖ ਵਿਦਵਾਨਾਂ ਵਿਚ ਕਦੇ ਸਾਰਥਕ ਵਿਚਾਰ ਨਹੀਂ ਹੋਈ। 1984 ਤੋਂ 1994 ਤੱਕ ਚੱਲੀ ਜਜ਼ਬਾਤੀ ਅਤੇ ਬੇਮੁਹਾਰੀ ਖਾੜਕੂ ਲਹਿਰ ਬਾਰੇ ਕਦੇ ਕਿਸੇ ਨੇ ਨਿਰਪੱਖਤਾ ਨਾਲ ਵਿਸ਼ਲੇਸ਼ਣ ਨਹੀਂ ਕੀਤਾ। ਵੈਸੇ ਤਾਂ ਪੰਜਾਬੀ ਸਿੱਖ ਸੁਭਾਅ ਪੱਖੋਂ ਜਜ਼ਬਾਤੀ ਤੇ ਉਲਾਰ ਬਿਰਤੀ ਵਾਲੇ ਲੋਕ ਹਨ ਅਤੇ ਇਨ੍ਹਾਂ ਨੂੰ ਸ਼ਾਤਰ ਲੀਡਰ ਹਮੇਸ਼ਾ ਗਰਮ ਤੇ ਜਜ਼ਬਾਤੀ ਨਾਅਰਿਆਂ ਰਾਹੀਂ ਵਰਤ ਜਾਂਦੇ ਰਹੇ ਹਨ, ਪਰ ਪਿਛਲੇ 36 ਸਾਲਾਂ ਦੇ ਵੱਡੇ ਨੁਕਸਾਨਾਂ ਤੋਂ ਬਾਅਦ ਕੋਈ ਸਬਕ ਸਿੱਖਣ, ਜਥੇਬੰਦਕ ਢੰਗ ਨਾਲ ਕੰਮ ਕਰਨ, ਲਹਿਰ ਦਾ ਵਿਸ਼ਲੇਸ਼ਣ ਕਰਨ ਦੀ ਥਾਂ ਅਜੇ ਤੱਕ ਵੀ ਸਭ ਪਾਸੇ ਜਜ਼ਬਾਤੀ ਤੇ ਸ਼ਾਤਰ ਲੋਕ ਹੀ ਭਾਰੂ ਹਨ। ਉਹ ਇੰਨੇ ਹਮਲਾਵਰ ਹਨ ਕਿ ਜੇ ਕੋਈ ਸੁਹਿਰਦ ਯਤਨ ਕਰਨ ਦੀ ਕੋਸ਼ਿਸ਼ ਵੀ ਕਰੇ ਤਾਂ ਗੱਦਾਰ, ਡਰਪੋਕ, ਏਜੰਸੀਆਂ ਦੇ ਬੰਦੇ ਆਦਿ ਦੇ ਇਲਜ਼ਾਮ ਲਾ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ। ਇਸ ਸੰਘਰਸ਼ ਨਾਲ ਜੁੜੇ ਬਹੁਤ ਲੋਕ ਅਜਿਹੇ ਵੀ ਹਨ, ਜਿਨ੍ਹਾਂ ਦੀ ਲੀਡਰਸ਼ਿਪ ਇਨ੍ਹਾਂ ਘਟਨਾਵਾਂ 'ਤੇ ਕਾਬਜ਼ ਧਿਰਾਂ ਨਾਲ ਹੀ ਜੁੜੀ ਹੋਈ ਹੈ ਤੇ ਉਹ ਨਾ ਕੁਝ ਆਪ ਕਰਦੇ ਹਨ ਅਤੇ ਨਾ ਹੀ ਕਿਸੇ ਨੂੰ ਕੁਝ ਕਰਨ ਦਿੰਦੇ ਹਨ। ਉਹ ਲੋਕ ਹੀ ਗੁਰਦੁਆਰਿਆਂ (ਖਾਸਕਰ ਵਿਦੇਸ਼ਾਂ ਵਿਚ) 'ਤੇ ਕਾਬਜ਼ ਹਨ ਤੇ ਉਹ ਕੁਝ ਵੀ ਠੀਕ ਨਹੀਂ ਹੋਣ ਦੇਣਾ ਚਾਹੁੰਦੇ ਤਾਂ ਕਿ ਉਨ੍ਹਾਂ ਦੀ ਸਰਦਾਰੀ ਬਣੀ ਰਹੇ।

ਇਸ ਲੇਖ ਰਾਹੀਂ ਮੇਰੀ ਇਸ ਟਿੱਪਣੀ ਦਾ ਮਕਸਦ, ਜਿਥੇ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਨੀਆਂ ਹੈ, ਉਥੇ ਸੁਹਿਰਦ ਵਿਦਵਾਨਾਂ ਤੇ ਸੂਝਵਾਨ ਲੀਡਰਾਂ ਨੂੰ ਸੁਨੇਹਾ ਦੇਣਾ ਹੈ ਕਿ ਪਿਛਲੇ 36 ਸਾਲਾਂ ਵਿਚ ਜਜ਼ਬਾਤੀ ਵਹਿਣ ਵਿਚ ਬੈਠ ਕੇ, ਤੇ ਨਾ-ਅਹਿਲ ਲੀਡਰਸ਼ਿਪ ਕਰਕੇ ਸਿੱਖਾਂ, ਪੰਜਾਬੀਆਂ ਤੇ ਪੰਜਾਬ ਦਾ ਬਹੁਤ ਨੁਕਸਾਨ ਹੋ ਚੁਕਾ ਹੈ, ਹੁਣ ਸਿੱਖ ਸਿਰਫ ਪੰਜਾਬ ਤੱਕ ਹੀ ਸੀਮਤ ਨਹੀਂ, ਸਗੋਂ ਸਾਰੀ ਦੁਨੀਆਂ ਵਿਚ ਫੈਲ੍ਹ ਚੁਕੇ ਹਨ। ਸਾਡੇ ਸਾਰੇ ਮੁੱਦੇ ਹੁਣ ਉਹ ਨਹੀਂ ਰਹੇ, ਜਦੋਂ ਅਸੀਂ ਸਿਰਫ ਪੰਜਾਬ ਜਾਂ ਭਾਰਤ ਤੱਕ ਸੀਮਤ ਸਾਂ। ਸਾਡੀ ਵੱਡੀ ਗਿਣਤੀ ਵਿਦੇਸ਼ਾਂ ਵਿਚ ਵਸਦੀ ਹੈ। 1984 ਤੋਂ ਬਾਅਦ ਦੇਸ਼-ਵਿਦੇਸ਼ ਵਿਚ ਪੈਦਾ ਹੋਈ ਨਵੀਂ ਪੀੜ੍ਹੀ ਦੀ ਆਪਣੀ ਸੋਚ ਹੈ, ਉਨ੍ਹਾਂ ਦੇ ਆਪਣੇ ਮਸਲੇ ਹਨ, ਉਨ੍ਹਾਂ ਨੂੰ ਵੱਖਰੇ ਚੈਲਿੰਜ ਹਨ, ਇਸ ਲਈ ਸਾਨੂੰ ਹੁਣ ਸਿਰਫ ਪੰਜਾਬ ਦੇ ਪੱਖ ਤੋਂ ਹੀ ਨਹੀਂ, ਸੰਸਾਰ ਪੱਧਰ 'ਤੇ ਵੱਸਦੇ ਸਿੱਖਾਂ ਦੇ ਪੱਖ ਤੋਂ ਵੀ ਵਿਚਾਰਨ ਦੀ ਲੋੜ ਹੈ। ਮੈਂ ਇਨ੍ਹਾਂ 36 ਸਾਲਾਂ ਵਿਚ ਜੋ ਦੇਖਿਆ, ਸਮਝਿਆ ਤੇ ਅਨੁਭਵ ਕੀਤਾ, ਉਸ ਬਾਰੇ ਇਤਿਹਾਸਕ ਪੱਖ ਤੋਂ ਆਪਣੇ ਵਿਚਾਰ ਇਸ ਮਕਸਦ ਨਾਲ ਲਿਖ ਰਿਹਾ ਹਾਂ ਤਾਂ ਕਿ ਪੰਜਾਬੀ ਸਿੱਖਾਂ ਵਿਚ '84 ਤੋਂ ਵਾਪਰ ਰਹੀਆਂ ਘਟਨਾਵਾਂ ਨੂੰ ਜਜ਼ਬਾਤੀ ਤੇ ਉਲਾਰ ਪਹੁੰਚ ਦੀ ਥਾਂ ਸੁਹਿਰਦਤਾ ਨਾਲ ਵਿਚਾਰਨ ਦੀ ਗੱਲ ਤੁਰ ਸਕੇ।

ਮੇਰਾ ਇਹ ਮੰਨਣਾ ਹੈ ਕਿ ਗੁਰੂ ਸਾਹਿਬਾਨ ਨੇ ਬਾਣੀ ਰਾਹੀਂ ਜੋ ਵਿਚਾਰਧਾਰਾ ਮਨੁੱਖਤਾ ਨੂੰ ਦਿੱਤੀ ਸੀ, ਉਹ ਪੁਜਾਰੀਆਂ ਆਧਾਰਿਤ ਪ੍ਰਚਲਿਤ ਜਥੇਬੰਦਕ (ਸੰਸਥਾਈ) ਧਾਰਮਿਕ ਦੇ ਖਿਲਾਫ ਸੀ, ਉਨ੍ਹਾਂ ਦਾ ਮਕਸਦ ਦੂਜੇ ਫਿਰਕਿਆਂ ਨੂੰ ਰੱਦ ਕਰਕੇ ਕੋਈ ਨਵਾਂ ਫਿਰਕਾ ਬਣਾਉਣਾ ਨਹੀਂ ਸੀ, ਜਿਸ ਤਰ੍ਹਾਂ ਦਾ ਅੱਜ ਬਣਾ ਦਿੱਤਾ ਗਿਆ ਹੈ ਅਤੇ ਨਾ ਹੀ ਦੂਜਿਆਂ ਦੇ ਕਰਮਕਾਂਡਾਂ ਨੂੰ ਰੱਦ ਕਰਕੇ ਆਪਣੇ ਨਵੇਂ ਕਰਮਕਾਂਡ ਸ਼ੁਰੂ ਕਰਨਾ ਸੀ। ਗੁਰੂਆਂ ਦੀ ਲਹਿਰ ਧਰਮਾਂ, ਫਿਰਕਿਆਂ ਦੇ ਪੁਜਾਰੀਆਂ ਵਲੋਂ ਸਮੇਂ ਦੇ ਹਾਕਮਾਂ ਤੇ ਸਰਮਾਏਦਾਰਾਂ ਨਾਲ ਰਲ ਕੇ ਕੀਤੀ ਜਾ ਰਹੀ ਲੁੱਟ ਖਿਲਾਫ ਮਨੁੱਖਤਾਵਾਦੀ ਇਨਕਲਾਬੀ ਲਹਿਰ ਸੀ ਤੇ ਅਜਿਹੇ ਸਮਾਜ ਦੀ ਸਿਰਜਣਾ ਸੀ, ਜਿਥੇ ਸਾਰੇ ਲੋਕ ਧਰਮਾਂ, ਕੌਮਾਂ, ਜਾਤਾਂ, ਨਸਲਾਂ ਦੇ ਝਗੜਿਆਂ ਤੋਂ ਉਪਰ ਉਠ ਕੇ ਮਨੁੱਖ ਦੇ ਤੌਰ 'ਤੇ ਭਾਈ-ਭਾਈ ਬਣ ਕੇ ਰਹਿ ਸਕਣ। ਉਨ੍ਹਾਂ ਦਾ ਸੰਘਰਸ਼ ਸਮਾਜ ਤੇ ਕਾਬਜ਼ ਧਾਰਮਿਕ ਪੁਜਾਰੀਆਂ, ਸਿਆਸੀ ਹਾਕਮਾਂ ਤੇ ਸਰਮਾਏਦਾਰ ਲੁਟੇਰਿਆਂ ਖਿਲਾਫ ਸੀ, ਪਰ ਗੁਰੂਆਂ ਦੇ ਸਮੇਂ ਹੀ ਉਨ੍ਹਾਂ ਦੇ ਵਿਰੋਧੀਆਂ ਨੇ ਸਿੱਖ ਲਹਿਰ ਨੂੰ ਕੁਰਾਹੇ ਪਾਉਣ ਲਈ ਬਾਨਣੂੰ ਬੰਨ੍ਹ ਲਏ ਸਨ ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿਛੋਂ ਗੁਰੂ ਘਰ ਵਿਰੋਧੀ ਤਾਕਤਾਂ ਸਿੱਖੀ 'ਤੇ ਕਾਬਜ਼ ਹੋ ਗਈਆਂ ਸਨ।

18ਵੀਂ ਸਦੀ ਵਿਚ ਗੁਰੂਆਂ ਦੀ ਵਿਚਾਰਧਾਰਾ ਦੀਆਂ ਅਸਲੀ ਵਾਰਿਸ ਧਿਰਾਂ ਮੌਕੇ ਦੀਆਂ ਮੁਗਲੀਆਂ ਹਕੂਮਤਾਂ ਖਿਲਾਫ ਲੜਦੀਆਂ ਰਹੀਆਂ। ਜਦੋਂ ਉਨ੍ਹਾਂ ਦੇ ਸੰਘਰਸ਼ ਨਾਲ ਰਾਜ ਪ੍ਰਬੰਧ ਦੇ ਹਾਲਾਤ ਬਣੇ ਤਾਂ ਮਹਾਰਾਜਾ ਰਣਜੀਤ ਸਿੰਘ ਰਾਹੀਂ ਉਹੀ ਵਿਰੋਧੀ ਤਾਕਤਾਂ ਫਿਰ ਆ ਕਾਬਜ਼ ਹੋਈਆਂ। ਇਸ ਸਮੇਂ ਦੌਰਾਨ ਹੀ ਸਿੱਖ ਲਹਿਰ ਨੂੰ ਹੋਰ ਫਿਰਕਿਆਂ ਜਿਹਾ ਪੁਜਾਰੀ ਆਧਾਰਿਤ ਧਾਰਮਿਕ ਫਿਰਕਾ ਬਣਾਉਣ ਲਈ ਭਰਪੂਰ ਯਤਨ ਹੋਏ। ਅੰਗਰੇਜ਼ਾਂ ਨੇ ਸਾਜ਼ਿਸ਼ਾਂ ਅਤੇ ਲੜਾਈਆਂ ਨਾਲ ਜਿੱਤ ਕੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਤਮ ਕਰਨ ਪਿਛੋਂ ਇਨ੍ਹਾਂ ਵਿਰੋਧੀ ਤਾਕਤਾਂ ਨੂੰ ਆਪਣੇ ਹਿੱਤਾਂ ਲਈ ਯੋਜਨਾਬੱਧ ਢੰਗ ਨਾਲ ਕਾਬਜ਼ ਕਰਾਇਆ। 18ਵੀਂ ਸਦੀ ਵਾਂਗ 19ਵੀਂ ਤੇ 20ਵੀਂ ਸਦੀ ਵਿਚ ਵੀ ਇਨਕਲਾਬੀ ਸਿੱਖ ਵੱਖ-ਵੱਖ ਢੰਗਾਂ ਨਾਲ ਅੰਗਰੇਜ਼ਾਂ ਖਿਲਾਫ ਲੜਦੇ ਰਹੇ, ਪਰ ਸਿੱਖੀ 'ਤੇ ਕਾਬਜ਼ ਧਿਰਾਂ ਗੁਰੂ ਦੇ ਵਾਰਿਸਾਂ ਖਿਲਾਫ ਸਾਜ਼ਿਸ਼ਾਂ ਕਰਦੀਆਂ ਰਹੀਆਂ ਤੇ ਅੰਗਰੇਜ਼ਾਂ ਨਾਲ ਰਲ ਕੇ ਚਲਦੀਆਂ ਰਹੀਆਂ। ਜਦੋਂ ਅੰਗਰੇਜ਼ ਭਾਰਤ ਛੱਡ ਕੇ ਗਏ ਤਾਂ ਇਹੀ ਵਿਰੋਧੀ ਤਾਕਤਾਂ ਨਵੇਂ ਬਣੇ ਦੇਸੀ ਹਾਕਮਾਂ ਨਾਲ ਰਲ ਕੇ ਸਰਕਾਰੀ ਮੌਜਾਂ ਮਾਣਨ ਲੱਗੀਆਂ।

ਇਸ ਸਮੁੱਚੇ ਵਰਤਾਰੇ ਵਿਚੋਂ ਇੱਕ ਗੱਲ ਹੋਰ ਸਮਝਣ ਵਾਲੀ ਹੈ ਕਿ ਗੁਰੂਆਂ ਨੇ ਆਪਣੇ 239 ਸਾਲਾਂ ਦੇ ਸਮੇਂ ਦੌਰਾਨ ਪੁਜਾਰੀਆਂ ਵਾਲੇ ਧਾਰਮਿਕ ਫਿਰਕਿਆਂ ਵਲੋਂ ਮੌਕੇ ਦੇ ਹਾਕਮਾਂ ਨਾਲ ਰਲ ਕੇ ਧਰਮ ਦੇ ਨਾਮ 'ਤੇ ਲੋਕਾਂ ਨੂੰ ਕਰਮਕਾਂਡਾਂ, ਵਹਿਮਾਂ-ਭਰਮਾਂ, ਪੂਜਾ-ਪਾਠਾਂ ਰਾਹੀਂ ਮਚਾਈ ਲੁੱਟ ਦੇ ਖਿਲਾਫ ਜੋ ਮਨੁੱਖਤਾਵਾਦੀ ਪੈਂਤੜੇ ਤੋਂ ਲਹਿਰ ਖੜ੍ਹੀ ਕੀਤੀ ਸੀ, ਉਹ ਸਿੱਖਾਂ ਵਿਚੋਂ ਕਦੇ ਖਤਮ ਨਹੀਂ ਹੋਈ; ਬੇਸ਼ਕ ਗੁਰੂਆਂ ਦੇ ਸਮੇਂ ਤੋਂ ਵਿਰੋਧੀ ਪਹਿਲਾਂ ਗੁਰੂਆਂ ਖਿਲਾਫ, ਤੇ ਫਿਰ ਇਸ ਵਿਚਾਰਧਾਰਾ ਦੇ ਵਾਰਿਸਾਂ ਖਿਲਾਫ ਹਮਲਾਵਰ ਹੋ ਗਏ ਸਨ ਤੇ ਅਖੀਰ ਸਿੱਖੀ 'ਤੇ ਕਾਬਜ਼ ਹੋ ਕੇ ਇਸ ਲਹਿਰ ਨੂੰ ਛੋਟਾ ਜਿਹਾ ਧਾਰਮਿਕ ਫਿਰਕਾ ਬਣਾ ਦਿੱਤਾ। ਗੁਰੂ ਦੇ ਅਸਲੀ ਸਿੱਖ ਮੁਗਲਾਂ ਦੇ ਸਮੇਂ ਵੀ, ਅੰਗਰੇਜ਼ਾਂ ਦੇ ਸਮੇਂ ਵੀ ਘੱਟ ਗਿਣਤੀ ਵਿਚ ਹੋਣ ਦੇ ਬਾਵਜੂਦ ਹੱਕ, ਸੱਚ, ਇਨਸਾਫ ਲਈ ਮਨੁੱਖਤਾਵਾਦੀ ਨਜ਼ਰੀਏ ਤੋਂ ਲੜਦੇ ਰਹੇ ਸਨ। ਅੰਗਰੇਜ਼ਾਂ ਨੇ ਜਿਥੇ ਸਿੱਖਾਂ ਨੂੰ ਜਥੇਬੰਦਕ ਧਾਰਮਿਕ ਫਿਰਕਾ ਬਣਾਉਣ ਵਿਚ ਅਹਿਮ ਰੋਲ ਅਦਾ ਕੀਤਾ, ਉਥੇ ਸਿੱਖਾਂ ਦੇ ਇਨਕਲਾਬੀ ਤੱਤ ਨੂੰ ਵਰਤਣ ਲਈ ਆਪਣੀਆਂ ਫੌਜਾਂ ਵਿਚ ਭਰਤੀ ਕਰਕੇ ਸਰਕਾਰ ਭਗਤ ਬਣਾਉਣ ਦੇ ਸੁਚੇਤ ਯਤਨ ਕੀਤੇ, ਜੋ ਪਿਛੋਂ ਮੌਜੂਦਾ ਭਾਰਤੀ ਹਾਕਮਾਂ ਦੇ ਕੰਮ ਆਏ।

ਅੰਗਰੇਜ਼ਾਂ ਦੇ ਜਾਣ ਪਿਛੋਂ ਜਿਥੇ ਨਵੇਂ ਹਿੰਦੂ ਹਾਕਮਾਂ ਨੇ ਨਹਿਰੂ ਦੇ ਜ਼ਮਾਨੇ ਤੋਂ ਹੀ ਸਿੱਖਾਂ ਨੂੰ ਬ੍ਰਾਹਮਣਵਾਦੀ ਰੰਗ ਵਿਚ ਰੰਗਣ ਦੇ ਯੋਜਨਾਬੱਧ ਯਤਨ ਅਰੰਭ ਦਿੱਤੇ ਸਨ, ਉਥੇ ਬੜੇ ਸਾਜ਼ਿਸ਼ੀ ਢੰਗ ਨਾਲ ਗਰਮ ਖਿਆਲੀ ਜਾਂ ਇਨਕਲਾਬੀ ਹਲਕਿਆਂ ਨੂੰ ਗੁਰੂਆਂ ਦੇ ਮਨੁੱਖਤਾਵਾਦੀ ਪੱਖ ਤੋਂ ਸੋਚਣ ਜਾਂ ਕੁਝ ਕਰਨ ਦੀ ਥਾਂ ਫਿਰਕਾਵਾਦੀ ਨਜ਼ਰੀਏ ਤੋਂ ਕੁਝ ਕਰਨ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ ਤਾਂ ਕਿ ਸਮਾਂ ਆਉਣ 'ਤੇ ਆਪਣੇ ਹਿੱਤਾਂ ਲਈ ਵਰਤ ਕੇ ਹਿੰਦੂ ਬਹੁ ਗਿਣਤੀ ਨੂੰ ਖੁਸ਼ ਕਰਨ ਲਈ ਅਤਿਵਾਦ ਦਾ ਰੂਪ ਦਿੱਤਾ ਜਾ ਸਕੇ। ਇਸ ਕੰਮ ਲਈ ਪਹਿਲਾਂ ਨਹਿਰੂ ਸਰਕਾਰ ਨੇ ਪ੍ਰਤਾਪ ਸਿੰਘ ਕੈਰੋਂ, ਗਿਆਨੀ ਕਰਤਾਰ ਸਿੰਘ ਆਦਿ ਜਿਹੇ ਸਿੱਖ ਲੀਡਰਾਂ ਰਾਹੀਂ ਅਤੇ ਬਾਅਦ ਵਿਚ ਇੰਦਰਾ ਗਾਂਧੀ ਨੇ ਗਿਆਨੀ ਜ਼ੈਲ ਸਿੰਘ ਤੇ ਦਰਬਾਰਾ ਸਿੰਘ ਜਿਹੇ ਸਿੱਖ ਲੀਡਰਾਂ ਰਾਹੀਂ ਸਿੱਖਾਂ ਵਿਚ ਅਤਿਵਾਦ ਦੇ ਬੀਜ ਬੀਜਣੇ ਸ਼ੁਰੂ ਕਰ ਦਿੱਤੇ ਸਨ। ਉਸ ਵਕਤ ਤੱਕ ਸਿੱਖ ਵੀ ਗੁਰੂਆਂ ਦੀ ਮਨੁੱਖਤਾਵਾਦੀ ਪਹੁੰਚ ਛੱਡ ਕੇ ਸਿੱਖ ਫਿਰਕੇ ਦੇ ਨਜ਼ਰੀਏ ਤੋਂ ਸੋਚਣ ਲੱਗ ਪਏ ਸਨ ਅਤੇ ਵੈਸੇ ਵੀ ਸਿੱਖ ਧਰਮ ਵੀ ਹੋਰ ਫਿਰਕਿਆਂ ਜਿਹਾ ਧਾਰਮਿਕ ਫਿਰਕਾ ਬਣ ਗਿਆ ਸੀ, ਜਿਸ ਨੂੰ ਉਨ੍ਹਾਂ 'ਵੱਖਰੀ ਕੌਮ' ਅਤੇ 'ਵੱਖਰਾ ਧਰਮ' ਕਹਿਣਾ ਸ਼ੁਰੂ ਕਰ ਦਿੱਤਾ ਸੀ।

ਪਹਿਲਾਂ ਨਹਿਰੂ ਤੇ ਬਾਅਦ ਵਿਚ ਇੰਦਰਾ ਦੇ ਸਮੇਂ ਹੀ ਭਾਰਤੀ ਸਟੇਟ ਨੇ ਬੇਸ਼ਕ ਬਾਹਰੋਂ ਧਰਮ ਨਿਰਪੱਖਤਾ (ਸੈਕੂਲਰਿਜ਼ਮ) ਦਾ ਬੁਰਕਾ ਪਾ ਲਿਆ ਸੀ, ਪਰ ਅੰਦਰੋਂ ਬਹੁ-ਗਿਣਤੀ ਹਿੰਦੂ ਭਾਈਚਾਰੇ ਨੂੰ ਇਹ ਅਹਿਸਾਸ ਕਰਾਉਣਾ ਸ਼ੁਰੂ ਕਰ ਦਿੱਤਾ ਸੀ ਕਿ ਹੁਣ ਹਜ਼ਾਰਾਂ ਸਾਲਾਂ ਦੀ ਗੁਲਾਮੀ ਪਿਛੋਂ ਉਨ੍ਹਾਂ ਦਾ ਰਾਮ ਰਾਜ ਆ ਗਿਆ ਹੈ। ਇਸ ਲਈ ਉਨ੍ਹਾਂ ਅਜਿਹੀਆਂ ਨੀਤੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ, ਜਿਸ ਨਾਲ ਬਹੁ-ਗਿਣਤੀ ਨੂੰ ਖੁਸ਼ ਕਰਨ ਲਈ ਘੱਟ-ਗਿਣਤੀਆਂ 'ਤੇ ਦਬਾਅ ਬਣਾ ਕੇ ਰੱਖਿਆ ਜਾ ਸਕੇ ਤਾਂ ਕਿ ਇੱਕ ਤਾਂ ਉਹ ਆਪਣੇ ਆਪ ਨੂੰ ਅਸੁਰੱਖਿਅਤ ਸਮਝ ਕੇ ਕਾਂਗਰਸ ਨਾਲ ਜੁੜੀਆਂ ਰਹਿਣ, ਦੂਜਾ ਅਜਿਹੇ ਗਰਮ ਖਿਆਲੀ ਤੱਤਾਂ ਨੂੰ ਉਭਾਰਿਆ ਜਾਂਦਾ ਰਿਹਾ, ਜਿਨ੍ਹਾਂ ਰਾਹੀਂ ਕਿਸੇ ਵੇਲੇ ਵੀ ਘੱਟ-ਗਿਣਤੀਆਂ 'ਤੇ ਅਤਿਵਾਦ ਦਾ ਠੱਪਾ ਲਾ ਕੇ ਦੇਸ਼ ਦੀ ਏਕਤਾ ਅਖੰਡਤਾ ਨੂੰ ਖਤਰਾ ਦੱਸ ਕੇ ਉਨ੍ਹਾਂ ਨੂੰ ਦਬਾਇਆ ਜਾਵੇ ਤੇ ਬਹੁ-ਗਿਣਤੀ ਨੂੰ ਖੁਸ਼ ਕਰਕੇ ਇਹ ਅਹਿਸਾਸ ਦਿਵਾਇਆ ਜਾਵੇ ਕਿ ਹੁਣ ਹਿੰਦੂਆਂ ਦਾ ਰਾਜ ਹੈ, ਘੱਟ-ਗਿਣਤੀਆਂ ਨੂੰ ਉਨ੍ਹਾਂ ਦੇ ਰਹਿਮੋ-ਕਰਮ 'ਤੇ ਰਹਿਣਾ ਪਵੇਗਾ।

ਪੰਜਾਬ ਵਿਚ ਇਸ ਦਾ ਸਫਲ ਤਜਰਬਾ ਸਿੱਖਾਂ 'ਤੇ ਕੀਤਾ ਗਿਆ। ਇਸ ਲਈ ਸਿੱਖਾਂ ਵਿਚ ਕੱਟੜ ਧਾਰਮਿਕ ਗਰੁੱਪ ਟਕਸਾਲ (ਜਥਾ ਭਿੰਡਰਾਂ) ਅਤੇ ਅਖੰਡ ਕੀਰਤਨੀ ਜਥੇ (ਬੱਬਰ ਖਾਲਸਾ) ਨੂੰ ਚੁਣਿਆ ਗਿਆ। ਇੱਕ ਪਾਸੇ ਸਿੱਖਾਂ ਵਿਚੋਂ ਨਿਕਲੇ ਨਵੇਂ ਫਿਰਕੇ ਨਿਰੰਕਾਰੀ ਮਿਸ਼ਨ, ਰਾਧਾ ਸਵਾਮੀ ਮੱਤ (ਬਾਅਦ ਵਿਚ ਸਿਰਸੇ ਵਾਲਾ ਸੱਚਾ ਸੌਦਾ, ਭਨਿਆਰੇ ਵਾਲਾ, ਆਸ਼ੂਤੋਸ਼ ਆਦਿ) ਨੂੰ ਸ਼ਹਿ ਦਿੱਤੀ ਗਈ, ਦੂਜੇ ਪਾਸੇ ਟਕਸਾਲ ਤੇ ਅਖੰਡ ਕੀਰਤਨੀ ਜਥੇ ਨੂੰ ਹਥਿਆਰਬੰਦ ਹੋ ਕੇ ਨਿਰੰਕਾਰੀ ਮਿਸ਼ਨ ਖਿਲਾਫ ਕਾਰਵਾਈਆਂ ਲਈ ਉਕਸਾਇਆ ਗਿਆ। ਇਸ ਦਾ ਨਤੀਜਾ 1978 ਦਾ ਅੰਮ੍ਰਿਤਸਰ ਦਾ ਖੂਨੀ ਕਾਂਡ ਬਣਿਆ, ਜਿਸ ਵਿਚ 13 ਸਿੱਖ ਸ਼ਹੀਦ ਹੋਏ। ਇਥੇ ਇਹ ਵੀ ਵਰਣਨਯੋਗ ਹੈ ਕਿ ਜਦੋਂ ਤੱਕ ਤਾਂ ਪੰਜਾਬ ਇਕੱਠਾ ਸੀ, ਉਸ ਵਕਤ ਤੱਕ ਤਾਂ ਪੰਜਾਬ ਵਿਚ ਹਿੰਦੂ ਬਹੁ-ਗਿਣਤੀ ਸੀ ਤੇ ਉਨ੍ਹਾਂ ਦਾ ਹੀ ਰਾਜ ਸੀ, ਪਰ ਜਦੋਂ ਸਿੱਖਾਂ ਖਿਲਾਫ ਨਹਿਰੂ ਨੇ ਆਪਣੀ ਨਵੀਂ ਨੀਤੀ ਲਾਗੂ ਕਰਨੀ ਸ਼ੁਰੂ ਕਰ ਦਿੱਤੀ ਤਾਂ ਅਕਾਲੀਆਂ ਨੂੰ ਇਹ ਲੱਗਣਾ ਸ਼ੁਰੂ ਹੋ ਗਿਆ ਕਿ ਅਸੀਂ ਬਹੁ-ਗਿਣਤੀ ਦੇ ਦਬਾਅ ਹੇਠ ਦਬ ਕੇ ਰਹਿ ਜਾਵਾਂਗੇ ਤੇ ਸਾਨੂੰ ਰਾਜ ਕਰਨ ਦਾ ਕਦੇ ਮੌਕਾ ਨਹੀਂ ਮਿਲੇਗਾ। ਇਸ ਲਈ ਜੇ ਪੰਜਾਬ ਵਿਚ ਸਿੱਖਾਂ (ਅਕਾਲੀਆਂ) ਨੇ ਰਾਜ ਕਰਨਾ ਹੈ, ਜੇ ਸਿੱਖ ਰਾਜ ਦਾ ਨਾਹਰਾ ਦਿੱਤਾ ਤਾਂ ਸਟੇਟ ਨੇ ਸਾਨੂੰ ਵੱਖਵਾਦੀ ਕਹਿ ਕੇ ਭੰਡਣਾ ਹੈ ਤੇ ਅਸੀਂ ਭਾਰਤੀ ਸਟੇਟ ਖਿਲਾਫ ਲੜਨ ਯੋਗੇ ਨਹੀਂ ਹਾਂ, ਪਰ ਜੇ ਪੰਜਾਬ ਵਿਚ ਸਿੱਖਾਂ ਦੀ ਬਹੁ-ਗਿਣਤੀ ਬਣਾਉਣ ਲਈ ਪੰਜਾਬੀ ਸੂਬੇ ਦੀ ਮੰਗ ਰੱਖੀ ਜਾਵੇ ਤਾਂ ਸਾਡੇ ਦੋਨੋਂ ਮਸਲੇ ਹੱਲ ਹੋ ਸਕਦੇ ਹਨ।

ਵੈਸੇ ਵੀ ਇਹ ਮੰਗ ਵਾਜਿਬ ਸੀ, ਕਿਉਂਕਿ ਭਾਰਤ ਵਿਚ ਅਨੇਕਾਂ ਸੂਬੇ ਭਾਸ਼ਾ ਦੇ ਆਧਾਰ 'ਤੇ ਬਣਾਏ ਜਾ ਚੁਕੇ ਸਨ। ਕਾਂਗਰਸ ਤੇ ਹਿੰਦੂ ਲੀਡਰਸ਼ਿਪ ਇਹ ਸਭ ਸਮਝਦੀ ਸੀ, ਇਸ ਲਈ ਉਸ ਸਮੇਂ ਤੋਂ ਹੀ ਉਨ੍ਹਾਂ ਨੇ ਇੱਕ ਪਾਸੇ ਪੰਜਾਬ ਦੇ ਹਿੰਦੂਆਂ ਨੂੰ ਸਿੱਖਾਂ ਖਿਲਾਫ ਖੜ੍ਹਾ ਕਰ ਲਿਆ (ਪੰਜਾਬੀ ਨੂੰ ਮਾਂ ਬੋਲੀ ਲਿਖਵਾਉਣ ਤੋਂ ਵੀ ਮੁਕਰਾ ਲਿਆ) ਅਤੇ ਦੂਜੇ ਪਾਸੇ ਸੈਕੂਲਰਿਜ਼ਮ ਦੀ ਆੜ ਹੇਠ ਜੋੜੀਆਂ ਹੋਈਆਂ ਕਮਿਊਨਿਸਟ ਪਾਰਟੀਆਂ ਤੇ ਕਮਿਊਨਿਸਟ ਵਿਦਵਾਨਾਂ (ਯਾਦ ਰਹੇ, ਪੰਜਾਬ ਦੀਆਂ ਕਮਿਊਨਿਸਟ ਪਾਰਟੀਆਂ ਤੇ ਕਮਿਊਨਿਸਟ ਵਿਦਵਾਨਾਂ ਵਿਚ ਬਹੁ-ਗਿਣਤੀ ਜੱਟ ਸਿੱਖਾਂ ਦੀ ਹੀ ਹੈ) ਨੂੰ ਵੀ ਦੇਸ਼ ਦੀ ਏਕਤਾ ਤੇ ਅਖੰਡਤਾ ਅਤੇ ਧਰਮ ਨਿਰਪੱਖਤਾ ਦੇ ਨਾਮ ਹੇਠ ਸਿੱਖਾਂ ਖਿਲਾਫ ਵਰਤਣਾ ਸ਼ੁਰੂ ਕਰ ਦਿੱਤਾ। ਅਖੀਰ ਅਕਾਲੀਆਂ ਦੇ ਸੰਘਰਸ਼ ਅੱਗੇ ਝੁਕਦਿਆਂ, 1966 ਵਿਚ ਜੋ ਪੰਜਾਬੀ ਸੂਬਾ ਬਣਾਇਆ ਗਿਆ, ਉਹ ਇਸ ਢੰਗ ਦਾ ਸੀ ਕਿ ਸਿੱਖ (ਅਕਾਲੀ) ਕਦੇ ਵੀ ਹਿੰਦੂਆਂ ਤੋਂ ਬਿਨਾ ਆਪਣੀ ਬਹੁ-ਗਿਣਤੀ ਸਿੱਖ ਸਰਕਾਰ ਨਾ ਬਣਾ ਸਕਣ।

ਇਨ੍ਹਾਂ ਹੀ ਸਮਿਆਂ ਵਿਚ ਸੰਤ ਫਤਿਹ ਸਿੰਘ, ਸੰਤ ਚੰਨਣ ਸਿੰਘ ਆਦਿ ਰਾਹੀਂ ਜੱਟ-ਭਾਪੇ (ਉਸ ਸਮੇਂ ਤੱਕ ਮਾਸਟਰ ਤਾਰਾ ਸਿੰਘ, ਜੋ ਸ਼ਹਿਰੀ ਹਿੰਦੂ ਪਰਿਵਾਰ ਤੋਂ ਸਿੱਖ ਬਣਿਆ ਸੀ) ਦਾ ਵਿਵਾਦ ਖੜ੍ਹਾ ਕਰਕੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਮਾਸਟਰ ਤਾਰਾ ਸਿੰਘ ਨੂੰ ਸਿੱਖ ਲੀਡਰਸ਼ਿਪ ਤੋਂ ਲਾਂਭੇ ਕਰਨ ਲਈ, ਆਪਣੀ ਪਸੰਦ ਦੀ ਲੀਡਰਸ਼ਿਪ ਖੜੀ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਵਿਚ ਉਹ ਕਾਮਯਾਬ ਵੀ ਹੋਏ ਤੇ ਮਾਸਟਰ ਤਾਰਾ ਸਿੰਘ ਵਾਲੀ ਲੀਡਰਸ਼ਿਪ ਦਾ ਭੋਗ ਪਾ ਦਿੱਤਾ ਗਿਆ। ਇਸ ਪਿਛੋਂ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਜੱਟਾਂ ਦੀ ਪਾਰਟੀ ਬਣਾ ਦਿੱਤਾ ਗਿਆ ਅਤੇ ਬਾਕੀ ਕਮਿਊਨਿਟੀਆਂ (ਜਾਤਾਂ) ਨੂੰ ਸਿੱਖ ਸਿਆਸਤ ਵਿਚੋਂ ਮਨਫੀ ਕਰ ਦਿੱਤਾ ਗਿਆ ਤਾਂ ਕਿ ਉਹ ਕਾਂਗਰਸ ਦੇ ਹੱਕ ਵਿਚ ਭੁਗਤਣ। ਜੇ ਪੰਜਾਬ ਦੀ ਸਾਰੀ ਸਿਆਸਤ ਨੂੰ ਦੇਖੋ ਤਾਂ ਨਵੇਂ ਹਿੰਦੂ ਹਾਕਮਾਂ ਵਲੋਂ ਸਿੱਖ ਸਿਆਸਤ ਵਿਚ ਭਾਰੂ ਜੱਟ ਕਮਿਊਨਿਟੀ ਨੂੰ ਕਾਬੂ ਕਰਨ ਦੀ ਹੀ ਸਿਆਸਤ ਹੈ।

1978 ਦੇ ਅੰਮ੍ਰਿਤਸਰ ਵਿਚ ਵਾਪਰੇ ਸਿੱਖ-ਨਿਰੰਕਾਰੀ ਖੂਨੀ ਕਾਂਡ ਦੀ ਆੜ ਵਿਚ ਇੰਦਰਾ ਗਾਂਧੀ ਤੇ ਸਟੇਟ ਦੀਆਂ ਏਜੰਸੀਆਂ ਨੇ ਗਿਆਨੀ ਜ਼ੈਲ ਸਿੰਘ, ਦਰਬਾਰਾ ਸਿੰਘ ਤੇ ਦਿੱਲੀ ਦੇ ਸਿੱਖ ਨੇਤਾ ਸੰਤੋਖ ਸਿੰਘ (ਜਿਸ ਦਾ ਲੜਕਾ ਮਨਜੀਤ ਸਿੰਘ ਜੀ. ਕੇ. ਪਿਛਲੇ ਕਈ ਸਾਲ ਬਾਦਲ ਦਲ ਵਲੋਂ ਦਿੱਲੀ ਕਮੇਟੀ ਦਾ ਪ੍ਰਧਾਨ ਰਿਹਾ ਸੀ) ਰਾਹੀਂ ਸਿੱਖਾਂ ਵਿਚਲੇ ਗਰਮ ਖਿਆਲੀ ਧੜਿਆਂ, ਖਾਸ ਕਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਅਖੰਡ ਕੀਰਤਨੀ ਜਥੇ ਦੀ ਸ਼ਾਖ ਬੱਬਰ ਖਾਲਸਾ ਤੇ ਦਲ ਖਾਲਸਾ ਨੂੰ ਮਾਸਟਰ ਤਾਰਾ ਸਿੰਘ ਤੋਂ ਬਾਅਦ ਬਾਦਲ, ਟੌਹੜਾ, ਤੁੜ, ਤਲਵੰਡੀ, ਬਰਨਾਲਾ ਆਦਿ ਰਾਹੀਂ ਨਵੀਂ ਉਭਰੀ ਅਕਾਲੀ ਲੀਡਰਸ਼ਿਪ ਨੂੰ ਕਮਜ਼ੋਰ ਕਰਨ ਲਈ ਉਭਾਰਨਾ ਤੇ ਹਥਿਆਰਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ। ਅਕਾਲੀਆਂ ਨੇ ਇੱਕ ਪਾਸੇ ਕਾਂਗਰਸ ਦਾ ਮੁਕਾਬਲਾ ਕਰਨ ਅਤੇ ਹਿੰਦੂਆਂ ਦੀਆਂ ਵੋਟਾਂ ਲਈ ਪਹਿਲਾਂ ਜਨ ਸੰਘ ਤੇ ਫਿਰ ਭਾਜਪਾ ਨਾਲ ਗੱਠਜੋੜ ਕਰ ਲਿਆ, ਜਿਸ ਦੇ ਨਤੀਜੇ ਵਜੋਂ 1975 ਦੀ ਐਮਰਜੈਂਸੀ ਤੋਂ ਬਾਅਦ 1977 ਵਿਚ ਬਾਦਲ ਦੀ ਅਗਵਾਈ ਵਿਚ ਪਹਿਲੀ ਵਾਰ ਬਣੀ ਅਕਾਲੀ ਸਰਕਾਰ (ਬੇਸ਼ਕ ਇਸ ਤੋਂ ਪਹਿਲਾਂ ਕੁਝ ਚਿਰ ਲਈ 1-2 ਵਾਰ ਅਕਾਲੀਆਂ ਦੀ ਕੁਝ ਚਿਰ ਲਈ ਗੱਠਜੋੜ ਸਰਕਾਰ ਬਣੀ ਸੀ) ਬਣਾਈ ਸੀ, ਭਾਵੇਂ ਇਸ ਨੂੰ ਇੰਦਰਾ ਨੇ ਦੁਬਾਰਾ ਸੱਤਾ ਵਿਚ ਆ ਕੇ 1980 ਵਿਚ ਭੰਗ ਕਰ ਦਿੱਤਾ ਸੀ ਤੇ ਕਾਂਗਰਸ ਨੇ ਦਰਬਾਰਾ ਸਿੰਘ ਦੀ ਅਗਵਾਈ ਵਿਚ ਕਾਂਗਰਸ ਸਰਕਾਰ ਬਣਾ ਲਈ ਸੀ।

1978 ਤੋਂ 1980 ਤੱਕ ਜਿਥੇ ਗਰਮ ਖਿਆਲੀ ਧੜਿਆਂ ਨੂੰ ਸਿੱਖ-ਨਿਰੰਕਾਰੀ ਟਕਰਾਅ ਨੂੰ ਵਧਾਉਣ ਵਿਚ ਅੰਦਰਖਾਤੇ ਮਦਦ ਕੀਤੀ ਗਈ, ਉਥੇ 1980 ਤੋਂ ਕਾਂਗਰਸ ਨੇ ਸਿੱਧੇ ਰੂਪ ਵਿਚ ਇਨ੍ਹਾਂ ਰਾਹੀਂ ਪੰਜਾਬ ਵਿਚ ਹਿੰਸਾ ਫੈਲਾਉਣ ਦੀ ਖੁੱਲ੍ਹ ਦੇ ਦਿੱਤੀ ਸੀ। ਅਕਾਲੀਆਂ ਨੇ ਉਸ ਵਕਤ 1980 ਵਿਚ ਆਪਣੀ ਸਾਖ ਬਚਾਉਣ ਤੇ ਕਾਂਗਰਸ ਨੂੰ ਸਬਕ ਸਿਖਾਉਣ ਦੇ ਪੈਂਤੜੇ ਤੋਂ ਸਰਕਾਰ ਟੁੱਟਣ ਦੇ ਗੁੱਸੇ ਵਿਚ 1982 ਵਿਚ ਪੰਜਾਬ ਤੇ ਸਿੱਖਾਂ ਦੀਆਂ ਧਾਰਮਿਕ ਮੰਗਾਂ ਨੂੰ ਲੈ ਕੇ 'ਧਰਮ ਯੁੱਧ ਮੋਰਚਾ' ਸ਼ੁਰੂ ਕਰ ਦਿੱਤਾ, ਜਿਸ ਨੂੰ ਜਲਦੀ ਹੀ ਬੜੀ ਵਿਉਂਤਬੰਦੀ ਨਾਲ ਟਕਸਾਲ ਤੇ ਬੱਬਰ ਖਾਲਸਾ ਨੇ ਹਾਈਜੈਕ ਕਰ ਲਿਆ ਅਤੇ ਬਾਅਦ ਵਿਚ ਸਾਰਾ ਕੰਟਰੋਲ ਸੰਤ ਭਿੰਡਰਾਂਵਾਲੇ ਕੋਲ ਚਲਾ ਗਿਆ। 1982 ਤੋਂ 1984 ਤੱਕ ਅਕਾਲੀ ਲੀਡਰਸ਼ਿਪ ਕਹਿਣ ਨੂੰ ਮੋਰਚਾ ਚਲਾਉਂਦੀ ਰਹੀ, ਪਰ ਉਹ ਬੜੀ ਨਿਪੁੰਸਕ ਸਾਬਿਤ ਹੋਈ। ਆਪਣੀ ਰਾਜਸੀ ਲਾਲਸਾ ਅਧੀਨ ਨਾ ਤਾਂ ਉਹ ਮੋਰਚਾ ਵਾਪਿਸ ਲੈ ਕੇ ਕਾਂਗਰਸ ਦੀ ਪੰਜਾਬ ਤੇ ਖਾਸਕਰ ਸਿੱਖਾਂ ਨੂੰ ਬਰਬਾਦ ਕਰਨ ਦੀ ਚਾਲ ਨੂੰ ਫੇਲ੍ਹ ਕਰ ਸਕੇ ਅਤੇ ਨਾ ਹੀ ਪੰਜਾਬ ਵਿਚ ਕਾਂਗਰਸ ਦੀ ਸ਼ਹਿ 'ਤੇ ਅਤਿਵਾਦ ਫੈਲਾ ਰਹੇ ਤੱਤਾਂ ਖਿਲਾਫ ਕੋਈ ਸਖਤ ਸਟੈਂਡ ਲੈ ਸਕੇ। ਅਖੀਰ ਜੂਨ 84 ਦਾ ਭਾਣਾ ਵਾਪਰਿਆ, ਜੋ ਵਾਪਰਨਾ ਹੀ ਸੀ।

***(ਬਾਕੀ ਅਗਲੇ ਸਫੇ 'ਤੇ)***

ਵਿਚਾਰ-ਚਰਚਾ

# ਕੀ ਸਿੱਖ ਵੱਸਦੇ ਹਨ, ਗੁਰਾਂ ਦੇ ਨਾਂ 'ਤੇ?

ਪੰਜਾਬੀ ਦੇ ਪ੍ਰਸਿੱਧ ਲੇਖਕ ਤੇ ਦਰਵੇਸ਼ ਕਵੀ ਪ੍ਰੋ. ਪੂਰਨ ਸਿੰਘ ਦਾ ਇਹ ਲਿਖਣਾ, 'ਪੰਜਾਬ ਵੱਸਦਾ ਗੁਰਾਂ ਦੇ ਨਾਂ 'ਤੇ' ਉਨ੍ਹਾਂ ਭਲਿਆਂ ਸਮਿਆਂ ਦੇ ਵਿਸ਼ਾਲ ਪੰਜਾਬ 'ਤੇ ਬਿਲਕੁਲ ਸਟੀਕ ਬੈਠਦਾ ਹੈ। ਉਨ੍ਹਾਂ ਦਿਨਾਂ ਵਿਚ ਅਣ ਵੰਡਿਆ ਵਿਸ਼ਾਲ ਪੰਜਾਬ ਵਾਕਈ ਗੁਰਾਂ ਦੇ ਨਾਮ 'ਤੇ ਹੀ ਵੱਸਦਾ ਸੀ। ਸਿੱਖਾਂ ਦੀ ਟੇਕ ਤਾਂ ਗੁਰਾਂ 'ਤੇ ਹੈ ਈ ਸੀ, ਪਰ ਵੱਡੀ ਗਿਣਤੀ ਵਿਚ ਹਿੰਦੂ ਅਬਾਦੀ ਦੀ ਟੇਕ ਵੀ ਗੁਰਾਂ 'ਤੇ ਹੀ ਸੀ। ਸਾਡੇ ਗੁਰੂਆਂ ਦੀ ਵੰਸਾਵਲੀ ਵੀ ਸ਼ਾਇਦ ਹਿੰਦੂਆਂ ਦੀ ਗੁਰਾਂ 'ਤੇ ਟੇਕ ਦਾ ਵੱਡਾ

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਕਾਰਨ ਸੀ। ਉਨ੍ਹਾਂ ਦਿਨਾਂ ਵਿਚ ਪੰਜਾਬ ਦਾ ਚੜ੍ਹਦਾ ਹਿੱਸਾ ਹੋਵੇ ਜਾਂ ਲਹਿੰਦਾ, ਅੱਜ ਦੇ ਪੰਜਾਬ ਵਾਂਗ ਹਰ ਗਲੀ ਮੁਹੱਲੇ ਵਿਚ ਸ਼ਰਤੀਆ ਮੰਦਿਰ ਨਹੀਂ ਸੀ ਹੁੰਦਾ। ਹਾਂ, ਉਨ੍ਹਾਂ ਦਿਨੀਂ ਗਿਣਤੀ ਦੇ ਹੀ ਪੁਰਾਤਨ ਜਾਂ ਇਤਿਹਾਸਕ ਮਹੱਤਤਾ ਵਾਲੇ ਮੰਦਿਰ ਜਾਂ ਸ਼ਿਵਾਲੇ ਹੁੰਦੇ ਸਨ। ਇਸ ਗੱਲ ਦਾ ਗਵਾਹ ਤਾਂ ਮੈਂ ਵੀ ਹਾਂ। ਅਸੀਂ ਛੋਟੇ ਹੁੰਦੇ ਜਦੋਂ ਕਦੇ ਦਰਬਾਰ ਸਾਹਿਬ ਮੱਥਾ ਟੇਕਣ ਜਾਇਆ ਕਰਦੇ ਸਾਂ ਤੇ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਵੱਡੀ ਗਿਣਤੀ ਸਿਆਣੀ ਉਮਰ ਦੇ ਹਿੰਦੂਆਂ ਨੂੰ ਸਿਰ 'ਤੇ ਸ਼ਮਲੇ ਵਾਲੀ ਪੱਗ ਨਾਲ ਵੇਖਦੇ ਹੁੰਦੇ ਸਾਂ।

ਵੰਡ ਨਾਲ ਪਹਿਲਾਂ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ। ਫਿਰ ਵੰਡ ਦੇ ਸਿਲਸਿਲਿਆਂ ਦਾ ਅਜਿਹਾ ਦੌਰ ਸ਼ੁਰੂ ਹੋਇਆ, ਜੋ ਅੱਜ ਵੀ ਬਾਦਸਤੂਰ ਜਾਰੀ ਹੈ। ਦੋ ਜਾਂ ਤਿੰਨ ਦਹਾਕਿਆਂ ਬਾਅਦ ਹੀ ਸਿੱਖਾਂ ਨੇ ਦਾਅਵਾ ਠੋਕ ਦਿੱਤਾ ਕਿ ਪੰਜਾਬ ਹੁਣ ਗੁਰਾਂ ਦੇ ਨਾਮ 'ਤੇ ਨਹੀਂ ਵੱਸਦਾ, ਸਗੋਂ ਸਿੱਖਾਂ ਦੀਆਂ ਵੱਖ-ਵੱਖ ਕਈ ਪਾਤਸ਼ਾਹੀਆਂ ਦੇ ਨਾਮ 'ਤੇ ਵੱਸਦਾ ਹੈ। ਅਪਣੀ ਸਿਆਣਪ ਵਿਖਾਉਣ ਦੇ ਚੱਕਰ ਵਿਚ ਆਪਣੇ ਆਪ ਨੂੰ ਪੱਕੇ ਸਿੱਖ ਅਖਵਾਉਣ ਵਾਲਿਆਂ ਨੇ ਹਿੰਦੂਆਂ ਨੂੰ ਮੱਤਾਂ ਦਿੱਤੀਆਂ ਕਿ ਹੁਣ ਅੱਗੇ ਤੋਂ ਸਾਡੇ ਗੁਰਾਂ 'ਤੇ ਟੇਕ ਨਹੀਂ ਰੱਖਣੀ, ਸਗੋਂ ਆਪਣੇ ਦੇਵੀ-ਦੇਵਤਿਆਂ ਕੋਲ ਜਾਓ; ਤੇ ਉਹ ਸਾਰੇ ਚਲੇ ਗਏ।

ਜਦੋਂ ਪੰਜਾਬ ਵਿਚ ਸਿੱਖੀ ਮਰਿਆਦਾ ਦੀ ਆੜ ਵਿਚ 'ਅਸੀਂ ਅਸਲੀ, ਤੁਸੀਂ ਨਕਲੀ' ਦੀ ਲਹਿਰ ਚੱਲੀ ਤਾਂ ਇਸ ਦੀ ਜ਼ੱਦ ਵਿਚ ਸਿੰਧੀ ਵੀ ਆ ਗਏ, ਜੋ ਵੱਡੀ ਗਿਣਤੀ ਵਿਚ ਸਹਿਜਧਾਰੀ ਸਰੂਪ ਵਿਚ ਗੁਰੂ ਨਾਨਕ ਨਾਮ ਲੇਵਾ ਸਨ। ਇਹ ਵਪਾਰੀ ਲੋਕ ਵੰਡ ਪਿਛੋਂ ਕਲਕੱਤਾ, ਬੰਬਈ ਤੇ ਭਾਰਤ ਦੇ ਹੋਰਨਾਂ ਕਈ ਸ਼ਹਿਰਾਂ ਵਿਚ ਰਹਿਣ ਲੱਗ ਪਏ ਸਨ। ਹਰ ਥਾਂ ਸਿੰਧੀਆਂ ਨੇ ਆਪਣੇ ਗੁਰਦੁਆਰੇ ਬਣਾਏ ਹੋਏ ਸਨ, ਜਿੱਥੇ ਸਵੇਰੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਸੰਧਿਆ ਵੇਲੇ ਸੁਖ ਆਸਨ ਹੁੰਦਾ ਸੀ। ਉਨ੍ਹਾਂ ਲਈ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬਹੁਤ ਵੱਡਾ ਦਿਨ ਹੁੰਦਾ ਸੀ। ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੇ ਨਾਮ 'ਤੇ ਪ੍ਰਚੰਡ ਸਿੱਖੀ ਸਰੂਪ ਦੀ ਮਰਿਆਦਾ ਦੀ ਲਹਿਰ ਅਤੇ ਗੱਲ-ਗੱਲ 'ਤੇ 'ਅਸੀਂ ਹਿੰਦੂ ਨਹੀਂ' ਦੇ ਵਾਰਤਾਲਾਪਾਂ ਨੇ ਸਹਿਜਧਾਰੀ ਸਿੰਧੀਆਂ ਦੀ ਨਵੀਂ ਪਨੀਰੀ ਨੂੰ ਮੋਕਲੇ ਤੇ ਸਹਿਜ ਹਿੰਦੂ ਧਰਮ ਵਲ ਨੂੰ ਧੱਕ ਦਿੱਤਾ। ਸਿੰਧੀਆਂ ਦੀ ਗੁਰੂ ਨਾਨਕ ਪ੍ਰਤੀ ਸ਼ਰਧਾ ਤੇ ਲਗਾਓ ਦੀ ਇਕ ਵੱਡੀ ਮਿਸਾਲ ਸਿੰਧੀ ਦਾਦਾ ਚੇਲਾ ਰਾਮ ਦੇ ਪਰਿਵਾਰ ਵੱਲੋਂ ਗੁਰਬਾਣੀ ਦੇ ਕੀਰਤਨ ਪ੍ਰਤੀ ਪੂਰਨ ਸਮਰਪਣ ਦੀ ਹੈ, ਪਰ ਸਿੱਖਾਂ ਨੇ ਗੁਰੂ ਨਾਨਕ ਦੇ ਸਹਿਜਧਾਰੀ ਪੈਰੋਕਾਰਾਂ ਦਾ ਮਾਣ ਨਹੀਂ ਰੱਖਿਆ ਤੇ ਫਿਰ ਸਿੰਧੀ ਵੀ ਚਲੇ ਗਏ।

ਆਜ਼ਾਦੀ ਪਿਛੋਂ ਜਦੋਂ ਤੋਂ ਸਿੱਖਾਂ ਨੇ ਪੜ੍ਹਾਈ ਵਿਚ ਵੱਡੀਆਂ-ਵੱਡੀਆਂ ਡਿਗਰੀਆਂ ਹਾਸਿਲ ਕਰਨੀਆਂ ਸ਼ੁਰੂ ਕੀਤੀਆਂ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਪਾੜ੍ਹਿਆਂ (ਪੜ੍ਹੇ-ਲਿਖੇ) ਦੀ ਵੱਡੀ ਗਿਣਤੀ ਨੇ ਪੜ੍ਹਾਈ ਤੋਂ ਪ੍ਰਾਪਤ ਵਿਦਵਤਾ ਦੇ ਨਾਮ 'ਤੇ ਬਹੁਤਾਤ ਵਿਚ ਅਜਿਹੇ ਕਾਰਜ ਕੀਤੇ, ਜੋ ਸਿੱਖ ਕੌਮ ਅਤੇ ਸਿੱਖ ਧਰਮ 'ਤੇ ਹੋਏ ਅਪਰੇਸ਼ਨਾਂ ਤੁੱਲ ਹਨ। ਆਜ਼ਾਦੀ ਤੋਂ ਪਹਿਲਾਂ ਜਦੋਂ ਸਿੱਖ ਗੁਲਾਮ ਅਤੇ ਵੱਡੀ ਗਿਣਤੀ ਵਿਚ ਅਸਿੱਖਿਅਤ ਵੀ ਸਨ, ਪਰ ਵਿੱਦਿਆ ਦੀ ਘਾਟ ਦੇ ਬਾਵਜੂਦ ਸਿੱਖ ਸੁੱਚੇ ਅਤੇ ਉਚੇ ਕਿਰਦਾਰਾਂ ਵਾਲੇ ਸਨ। ਗੁਲਾਮ ਹੁੰਦੇ ਹੋਏ ਉਨ੍ਹਾਂ ਗੁਰੂ ਘਰਾਂ ਵਿਚ ਧਰਮ ਅਤੇ ਪੂਜਾ ਦੇ ਨਾਮ 'ਤੇ ਮਹੰਤਾਂ ਅਤੇ ਉਨ੍ਹਾਂ ਦੇ ਪੂਜਾਰੀਆਂ ਵੱਲੋਂ ਕੀਤੇ ਜਾ ਰਹੇ ਅਨਰਥਾਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਜਦੋਂ ਉਨ੍ਹਾਂ ਵੇਖਿਆ ਕਿ ਹਾਕਮ ਅੰਗਰੇਜ਼ ਸਿੱਖਾਂ ਦੀ ਅਵਾਜ਼ ਨਹੀਂ ਸੁਣ ਰਹੇ ਅਤੇ ਭ੍ਰਿਸ਼ਟ ਪੂਜਾਰੀਆਂ ਦਾ ਪੱਖ ਲੈ ਰਹੇ ਹਨ, ਸਿੱਖਾਂ ਵਿਚੋਂ ਹੀ ਕੁਝ ਰੌਸ਼ਨ ਦਿਮਾਗ ਸੱਜਣ ਸਿੱਖ ਅੱਗੇ ਆਏ ਤੇ ਸਿੱਖ ਕੌਮ ਨੂੰ ਲਾਮਬੰਦ ਕਰਕੇ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਸਮੇਤ ਬਾਕੀ ਗੁਰੂ ਅਸਥਾਨਾਂ ਦੀ ਆਜ਼ਾਦੀ ਲਈ ਸਾਕੇ ਕੀਤੇ, ਮੋਰਚੇ ਲਾਏ ਤੇ ਸਫਲਤਾਵਾਂ ਹਾਸਿਲ ਕੀਤੀਆਂ। ਇਥੇ ਹੀ ਬਸ ਨਹੀਂ, ਗੁਰਦੁਆਰਿਆਂ ਦੇ ਸੁਚੱਜੇ ਪ੍ਰਬੰਧਾਂ ਲਈ ਵੱਡੀ ਜੱਦੋ ਜਹਿਦ ਪਿਛੋਂ ਹਾਕਮ ਅੰਗਰੇਜ਼ਾਂ ਤੋਂ ਸਿੱਖ ਸਟੇਟ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਨੂੰਨ ਪਾਸ ਕਰਵਾਇਆ। ਇਹ ਤਾਂ ਸਨ ਉਹ ਘਟ ਪੜ੍ਹੇ-ਲਿਖੇ, ਰੱਬ ਦਾ ਭਉ ਮੰਨਣ ਵਾਲੇ, ਉਚੇ ਕਿਰਦਾਰਾਂ ਲਈ ਬਲੀਦਾਨ ਦੇਣ ਵਾਲੇ ਅਸੂਲ ਪ੍ਰਸਤ ਗੁਰੂ ਨਾਨਕ ਦੇ ਸਿੱਖ ਲੋਕ।

***ਹੁਣ ਪੜ੍ਹੇ-ਲਿਖੇ ਸਿੱਖਾਂ ਨੇ ਉਚ ਵਿਦਵਤਾ ਅਤੇ ਰੌਸ਼ਨ ਦਿਮਾਗੀ ਦੇ ਨਾਮ 'ਤੇ ਸਿੱਖ ਧਰਮ, ਸਿੱਖ ਸਮਾਜ ਅਤੇ ਸਿੱਖ ਰਵਾਇਤਾਂ ਦੀ ਅਜਿਹੀ ਘਾਣੀ ਪੀੜਨੀ ਅਰੰਭ ਕੀਤੀ ਹੈ ਕਿ ਹਰ ਆਮ ਨਾਨਕ ਨਾਮ ਲੇਵਾ ਅਚੰਭਿਤ ਹੈ ਤੇ ਕੁਝ ਸਮਝ ਨਾ ਪਾ ਕੇ ਮੂਕ ਦਰਸ਼ਕ ਬਣਿਆ ਬੈਠਾ ਹੈ। ਹਰ ਕੰਮ ਧਰਮ ਵਿਚ ਸੋਧ ਦੇ ਨਾਮ 'ਤੇ ਹੋ ਰਿਹਾ ਹੈ, ਜੋ ਕਿ ਸਿੱਖ ਧਰਮ ਦੇ ਸੰਸਥਾਪਕ ਵਲੋਂ ਵਰਜਿਤ ਹੈ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਨੂੰ ਹੌਲੀ-ਹੌਲੀ ਬਾਣੀ ਤੇ ਬਾਣੇ ਦੇ ਨਾਮ 'ਤੇ ਮਨਫੀ ਕੀਤਾ ਜਾ ਰਿਹਾ ਹੈ।***

ਹੁਣ ਪੜ੍ਹੇ-ਲਿਖੇ ਸਿੱਖਾਂ ਨੇ ਉਚ ਵਿਦਵਤਾ ਅਤੇ ਰੌਸ਼ਨ ਦਿਮਾਗੀ ਦੇ ਨਾਮ 'ਤੇ ਸਿੱਖ ਧਰਮ, ਸਿੱਖ ਸਮਾਜ ਅਤੇ ਸਿੱਖ ਰਵਾਇਤਾਂ ਦੀ ਅਜਿਹੀ ਘਾਣੀ ਪੀੜਨੀ ਅਰੰਭ ਕੀਤੀ ਹੈ ਕਿ ਹਰ ਆਮ ਨਾਨਕ ਨਾਮ ਲੇਵਾ ਅਚੰਭਿਤ ਹੈ ਤੇ ਕੁਝ ਸਮਝ ਨਾ ਪਾ ਕੇ ਮੂਕ ਦਰਸ਼ਕ ਬਣਿਆ ਬੈਠਾ ਹੈ। ਹਰ ਕੰਮ ਧਰਮ ਵਿਚ ਸੋਧ ਦੇ ਨਾਮ 'ਤੇ ਹੋ ਰਿਹਾ ਹੈ, ਜੋ ਕਿ ਸਿੱਖ ਧਰਮ ਦੇ ਸੰਸਥਾਪਕ ਵਲੋਂ ਵਰਜਿਤ ਹੈ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਨੂੰ ਹੌਲੀ-ਹੌਲੀ ਬਾਣੀ ਤੇ ਬਾਣੇ ਦੇ ਨਾਮ 'ਤੇ ਮਨਫੀ ਕੀਤਾ ਜਾ ਰਿਹਾ ਹੈ। ਇਸੇ ਕਰਕੇ ਕਈ ਸਿੱਖ ਵੀ ਅਖੌਤੀ ਸਮਾਨੰਤਰ ਸੰਪਰਦਾਵਾਂ ਵਿਚ ਚਲੇ ਗਏ।

ਸਿੱਖ ਦੀ ਬਾਹਰੀ ਦਿੱਖ ਯਾਨਿ ਬਾਣੇ ਉਪਰ ਇਸ ਵੇਲੇ ਵਿਦਵਾਨ ਬਹੁਤ ਹੀ ਜ਼ਿਆਦਾ ਅਹਿਮੀਅਤ ਦੇ ਰਹੇ ਹਨ, ਇਸ ਮੁਹਿੰਮ ਦੇ ਪ੍ਰਗਟਾਵੇ ਵਿਚ ਗੁਰੂ ਨਾਨਕ ਅਤੇ ਉਸ ਦੀਆਂ ਮੁਢਲੀਆਂ ਸਿੱਖਿਆਵਾਂ ਹਕੀਕੀ ਤੌਰ 'ਤੇ ਨਜ਼ਰ ਨਹੀਂ ਆਉਂਦੀਆਂ। ਗੁਰੂ ਨਾਨਕ ਦੇ ਸਾਦਗੀ ਤੇ ਨਿਮਰਤਾ ਦੇ ਸਿਧਾਂਤਾਂ ਨੂੰ ਤਾਂ ਸਿੱਖਾਂ ਨੇ ਪੂਰੀ ਤਰ੍ਹਾਂ ਨਾਲ ਦਰਕਿਨਾਰ ਕਰ ਦਿੱਤਾ ਹੈ। ਸਿੱਖ ਰਹਿਣ-ਬਹਿਣ ਤੇ ਸਿੱਖ ਧਰਮ ਦੇ ਪਾਲਨ ਵਿਚ ਸਾਦਗੀ ਅਤੇ ਨਿਮਰਤਾ ਰਹੀ ਹੀ ਨਹੀਂ। ਸਿੱਖਾਂ ਦਾ ਰਹਿਣ-ਬਹਿਣ ਤੇ ਵਿਚਰਨ ਦਾ ਢੰਗ ਤਾਂ ਬਿਲਕੁਲ ਸ਼ਾਹੀ ਅੰਦਾਜ਼ ਵਾਲਾ ਬਣ ਗਿਆ ਹੈ। ਉਨ੍ਹਾਂ ਦੇ ਸਮਾਜਕ ਸਰੋਕਾਰਾਂ ਨੇ ਸ਼ਾਨੋ-ਸ਼ੌਕਤ ਨਾਲ ਗੂੜ੍ਹਾ ਰਿਸ਼ਤਾ ਜੋੜ ਲਿਆ ਹੈ। ਹਰ ਕੰਮ ਹੁਣ ਉਹ ਸ਼ਾਨ ਨਾਲ ਕਰਦੇ ਹਨ। ਕਿਸੇ ਵੀ ਪੱਖੋਂ ਅੱਜ ਦੇ ਸਿੱਖਾਂ ਦਾ, ਆਮ ਵਿਅਕਤੀ ਦੇ ਮਸੀਹਾ ਅਤੇ ਗਰੀਬੀ ਵੇਸ ਨੂੰ ਸ਼ਿੰਗਾਰ ਸਮਝਣ ਵਾਲੇ ਗੁਰੂ ਨਾਨਕ ਨਾਲ ਸਬੰਧ ਜੁੜਦਾ ਨਜ਼ਰ ਨਹੀਂ ਆਉਂਦਾ। ਅਜਿਹੇ ਹਾਲਾਤ ਵਿਚ ਗਰੀਬ ਸਿੱਖ ਆਪਣੇ ਆਪ ਨੂੰ ਲਾਵਾਰਿਸ ਸਮਝ ਕੇ ਕ੍ਰਿਸ਼ਚੈਨਿਟੀ ਵੱਲ ਨੂੰ ਚਲੇ ਗਏ।

ਗੁਰੂ ਨਾਨਕ ਨੇ 'ਘਰ ਘਰ ਅੰਦਰ ਧਰਮਸਾਲ' ਦਾ ਪੈਗਾਮ ਦਿੱਤਾ ਸੀ, ਪਰ ਸਿੱਖਾਂ ਨੇ ਗੁਰਦਆਰੇ ਬਣਾ ਲਏ। ਸਿੱਖਾਂ ਦੇ ਵੱਡੇ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਗੁਰਦੁਆਰੇ ਦਾ ਅਰਥ ਹੁੰਦਾ ਹੈ, "ਸਿੱਖਾਂ ਦਾ ਗੁਰੂਦਵਾਰਾ, ਵਿੱਦਿਆਰਥੀਆਂ ਲਈ ਸਕੂਲ, ਆਤਮ ਜਗਿਆਸਾ ਵਾਲਿਆਂ ਲਈ ਉਪਦੇਸ਼ਕ ਆਚਰਯ, ਰੋਗੀਆਂ ਲਈ ਸ਼ਫਾਖਾਨਾ, ਭੁੱਖਿਆਂ ਲਈ ਅੰਨਪੂਰਨਾ, ਇਸਤਰੀ ਜਾਤੀ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਿਰਾਂ ਲਈ ਵਿਸ਼ਰਾਮ ਦਾ ਸਥਾਨ।" ਸ਼ਾਇਦ ਹੀ ਕੋਈ ਗੁਰਦੁਆਰਾ ਇਸ ਕਸੌਟੀ 'ਤੇ ਖਰਾ ਉਤਰਦਾ ਹੋਵੇ। ਉਥੇ ਹੁੰਦਾ ਹੈ ਅਹੰਕਾਰਾਂ ਦਾ ਖੂਨੀ ਟਕਰਾਅ, ਪ੍ਰਬੰਧਕਾਂ ਵਲੋਂ ਮਾਇਕ ਘਪਲੇ, ਪੂਜਾਰੀਆਂ ਵਲੋਂ ਅਨੈਤਿਕ ਕਰਮ!

ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ, ਉਹ ਵੀ ਗੁਰੂ ਸਾਹਿਬ ਦੀ ਆੜ ਵਿਚ ਸਿੱਖਾਂ ਨੂੰ ਇਕੱਠੇ ਕਰਨ ਲਈ। ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਦਿਖਾਵਾ ਮਾਤਰ ਹੀ ਹੁੰਦਾ ਹੈ। ਇਥੇ ਹੀ ਬੱਸ ਨਹੀਂ, ਵੱਡੇ ਇਕੱਠ ਕਰਨ ਲਈ ਆਮ ਸਿੱਖਾਂ ਨੂੰ 'ਗੁਰੂ ਕਾ ਲੰਗਰ' ਦੇ ਨਾਮ 'ਤੇ ਭਾਂਤ-ਭਾਂਤ ਦੇ ਭੋਜਨ ਪਰੋਸੇ ਜਾਂਦੇ ਹਨ। ਇਨ੍ਹਾਂ ਪੜ੍ਹੇ-ਲਿਖਿਆਂ ਦੇ ਦੌਰ ਵਿਚ ਮਾਨ ਸਿੰਘ ਪਿਹੋਵੇ ਵਾਲਾ, ਜੋ ਸੰਤ ਤੇ ਬਾਬਾ ਲਕਬਾਂ ਦਾ ਘੋਰ ਅਪਮਾਨ ਹੈ, ਦੇ ਹਜ਼ੂਰ ਸਾਹਿਬ ਵਿਖੇ 350 ਸਾਲਾ ਸਮਾਰੋਹ ਦੌਰਾਨ ਲਾਏ ਲੰਗਰ ਵਿਚ ਭੋਜਨਾਂ ਦੀਆਂ ਇੰਨੀਆਂ ਵੰਨਗੀਆਂ ਪਰੋਸੀਆਂ ਗਈਆਂ ਸਨ ਕਿ ਗੁਰੂ ਨਾਨਕ ਵੱਲੋਂ ਠੁਕਰਾਏ ਮਲਿਕ ਭਾਗੋ ਦੇ ਭੋਜ ਨੂੰ ਵੀ ਪਛਾੜ ਦੇਣ!

ਵਿਦੇਸ਼ਾਂ ਵਿਚ ਵੱਡੀ ਗਿਣਤੀ ਵਿਚ ਪੜ੍ਹੇ-ਲਿਖੇ ਤਰੱਕੀ ਪਸੰਦ ਸਿੱਖਾਂ ਵਲੋਂ ਥਾਂ-ਥਾਂ ਸਥਾਪਿਤ ਕੀਤੇ ਗੁਰਦੁਆਰੇ ਸਕੂਲਾਂ ਤੋਂ ਵਿਹੀਨ ਹਨ। ਪੜ੍ਹਾਈ ਦੇ ਨਾਮ 'ਤੇ ਖਾਨਾਪੂਰਤੀ ਲਈ ਹਫਤੇ ਦੇ ਅਖੀਰ ਵਿਚ ਪੰਜਾਬੀ ਸਿਖਾਉਣ ਦੇ ਨਾਮ 'ਤੇ ਅਸਥਾਈ ਕਲਾਸਾਂ ਲੱਗਦੀਆਂ ਹਨ। ਵਿਦੇਸ਼ਾਂ ਵਿਚ ਗੁਰਦੁਆਰੇ ਰਾਹੀਂ ਕਾਲਜ ਜਾਂ ਵਿਦਿਅਕ ਅਦਾਰੇ ਸਥਾਪਤ ਕਰਕੇ ਵਿੱਦਿਆ ਦੇ ਪਸਾਰ ਦਾ ਰੁਝਾਨ ਨਾਦਾਰਦ ਹੈ। ਹਰ ਇਕ ਗੁਰਦੁਆਰੇ ਦੀ ਸ਼ਾਨਦਾਰ ਤੇ ਵੱਡੀ ਇਮਾਰਤ ਹੈ। ਸੰਗਤਾਂ ਨੂੰ ਪਾਰਕਿੰਗ ਦੀ ਅਸੁਵਿਧਾ ਨਾ ਹੋਏ, ਇਸ ਲਈ ਵੱਡੇ-ਵੱਡੇ ਪਾਰਕਿੰਗ ਲਾਟਾਂ ਦੀ ਵਿਵਸਥਾ ਜਰੂਰ ਕੀਤੀ ਜਾਂਦੀ ਹੈ; ਪਰ ਵਿੱਦਿਆ ਦੇ ਪਸਾਰ ਲਈ ਸਕੂਲ ਦਾ ਪ੍ਰਬੰਧ ਕਦੇ ਵੀ ਕਿਸੇ ਵੀ ਪ੍ਰਬੰਧਕ ਕਮੇਟੀ ਲਈ ਪ੍ਰਾਥਮਿਕਤਾ ਦਾ ਵਿਸ਼ਾ ਨਹੀਂ ਰਿਹਾ। ਜੇ ਤੁਸੀਂ ਇਸ ਵਿਸ਼ੇ 'ਤੇ ਉਨ੍ਹਾਂ ਨਾਲ ਗੱਲ ਕਰੋਗੇ ਤਾਂ ਉਹ ਅਣਗਿਣਤ ਸਮੱਸਿਆਵਾਂ ਤੁਹਾਨੂੰ ਗਿਣਾ ਦੇਣਗੇ।

ਲੱਗਦਾ ਹੈ ਕਿ ਅਸੀਂ ਕੁਝ ਜ਼ਿਆਦਾ ਹੀ ਵਿਦਵਤਾ ਦੀ ਪ੍ਰਾਪਤੀ ਕਰ ਲਈ ਹੈ, ਇੰਨੀ ਕਿ ਦੂਜੇ ਕਿਸੇ ਗੱਲ ਦੀ ਗੱਲ ਸਾਨੂੰ ਸਮਝ ਹੀ ਨਹੀਂ ਆਉਂਦੀ। ਹਰ ਕੋਈ ਵਿਸਥਾਰ ਦੀਆਂ ਯੋਜਨਾਵਾਂ ਬਣਾਉਂਦਾ ਹੈ, ਪਰ ਸਿੱਖ ਆਪਸੀ ਘਾਤ ਤੇ ਫਿਰ ਘਾਣ ਦੀ ਨੀਤੀ 'ਤੇ ਸਰਪਟ ਚੱਲਦੇ ਜਾ ਰਹੇ ਹਨ।

# ਜੂਨ 84 ਦੀਆਂ ਘਟਨਾਵਾਂ ਦਾ ਨਿਰਪੱਖ ਵਿਸ਼ਲੇਸ਼ਣ ਕਦੋਂ ਹੋਵੇਗਾ?

***(ਪਿਛਲੇ ਸਫੇ ਦੀ ਬਾਕੀ)***

ਮੈਨੂੰ ਅਕਾਲੀਆਂ, ਖਾਸਕਰ ਖਾਲਿਸਤਾਨੀ ਲੀਡਰਸ਼ਿਪ ਦੀ ਇਹ ਗੱਲ ਕਦੇ ਸਮਝ ਨਹੀਂ ਆਈ, ਜਦੋਂ ਉਹ ਇਹ ਕਹਿੰਦੇ ਹਨ ਕਿ ਸਰਕਾਰ ਨੇ ਜੂਨ 84 ਦੇ ਹਮਲੇ ਦੀ ਯੋਜਨਾ ਲੰਮਾ ਸਮਾਂ ਪਹਿਲਾਂ ਬਣਾ ਲਈ ਸੀ; ਕਰੀਬ ਸਾਲ ਪਹਿਲਾਂ ਹਿਮਾਚਲ ਦੇ ਮਿਲਟਰੀ ਬੇਸ ਵਿਚ ਦਰਬਾਰ ਸਾਹਿਬ ਤੇ ਅਕਾਲ ਤਖਤ ਦਾ ਮਾਡਲ ਬਣਾ ਕੇ ਕਮਾਂਡੋ ਟਰੇਨਿੰਗ ਦਿੱਤੀ ਗਈ ਸੀ ਅਤੇ ਰੂਸ ਤੇ ਇੰਗਲੈਂਡ ਤੋਂ ਵੀ ਇਸ ਲਈ ਮਦਦ ਲਈ ਗਈ ਸੀ। ਫਿਰ ਉਹ ਇਹ ਕਿਉਂ ਨਹੀਂ ਮੰਨਦੇ ਕਿ ਦਰਬਾਰ ਸਾਹਿਬ ਅੰਦਰ ਸਾਰੇ ਹਥਿਆਰ ਸਰਕਾਰ ਨੇ ਮਰਜ਼ੀ ਨਾਲ ਭੇਜੇ ਸਨ ਤੇ ਮਰਜ਼ੀ ਨਾਲ ਹੀ ਮੋਰਚੇ ਬਣਨ ਦਿੱਤੇ ਸਨ? ਜੇ ਅਕਾਲੀ ਲੀਡਰ ਅਤੇ ਭਿੰਡਰਾਂਵਾਲਾ ਦੇ ਸਾਥੀ ਸਿੱਖਾਂ ਤੇ ਦਰਬਾਰ ਸਾਹਿਬ ਪ੍ਰਤੀ ਸੁਹਿਰਦ ਹੁੰਦੇ ਤਾਂ ਅੰਦਰ ਹਥਿਆਰ ਜਮ੍ਹਾਂ ਨਾ ਹੋਣ ਦਿੰਦੇ ਜਾਂ ਜੇ ਫੌਜ ਚੜ੍ਹ ਕੇ ਆ ਹੀ ਗਈ ਸੀ ਤਾਂ ਕਹਿ ਦਿੰਦੇ ਕਿ ਅਸੀਂ ਲੜਾਈ ਲੜ ਕੇ ਦਰਬਾਰ ਸਾਹਿਬ ਜਾਂ ਅਕਾਲ ਤਖਤ ਦਾ ਨੁਕਸਾਨ ਨਹੀਂ ਕਰਵਾਉਣਾ, ਅਸੀਂ ਬਾਹਰ ਆ ਜਾਂਦੇ ਹਾਂ। ਵੈਸੇ ਵੀ ਜਿਸ ਤਰ੍ਹਾਂ ਦੇ ਹਥਿਆਰ ਅੰਦਰ ਸਨ, ਉਸ ਨਾਲ ਟੈਂਕਾਂ ਤੋਪਾਂ ਨਾਲ ਲੈਸ ਫੌਜ ਦਾ ਕਿੰਨਾ ਕੁ ਚਿਰ ਮੁਕਾਬਲਾ ਹੋ ਸਕਦਾ ਸੀ?

ਸਾਡੇ ਕੋਲ ਤਾਂ ਗੁਰੂਆਂ ਦੀਆਂ ਮਿਸਾਲਾਂ ਵੀ ਮੌਜੂਦ ਸਨ, ਜਦੋਂ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਛੱਡ ਕੇ ਕੀਰਤਪੁਰ ਚਲੇ ਗਏ ਸਨ ਅਤੇ ਗੁਰੂ ਗੋਬਿੰਦ ਸਿੰਘ ਆਨੰਦਪੁਰ ਸਾਹਿਬ ਛੱਡ ਕੇ ਚਲੇ ਗਏ ਸਨ; ਪਰ ਨਹੀਂ, ਸਿੱਖਾਂ ਦੀ ਨਰਮ ਖਿਆਲੀ ਤੇ ਗਰਮ ਖਿਆਲੀ ਲੀਡਰਸ਼ਿਪ ਨਾ-ਅਹਿਲ, ਕਮਜ਼ੋਰ, ਮੱਕਾਰ, ਧੋਖੇਬਾਜ਼, ਸਿੱਖ ਵਿਰੋਧੀ ਸਾਬਿਤ ਹੋਈ। ਇਸ ਨਾਲ ਸਿੱਖਾਂ ਦਾ ਪਹਿਲਾਂ ਜੂਨ 84 ਵਿਚ, ਤੇ ਫਿਰ ਨਵੰਬਰ 84 ਵਿਚ ਭਾਰੀ ਕਤਲੇਆਮ ਹੋਇਆ। ਇਨ੍ਹਾਂ ਦੋ ਵੱਡੇ ਘੱਲੂਘਾਰਿਆਂ ਤੋਂ ਵੀ ਲੀਡਰਸ਼ਿਪ ਨੇ ਸਬਕ ਨਹੀਂ ਸਿੱਖਿਆ, ਸਗੋਂ ਜਜ਼ਬਾਤ ਵਿਚ ਆ ਕੇ ਹਥਿਆਰ ਚੁੱਕੀ ਫਿਰਦੇ ਬੇਮੁਹਾਰ ਖਾੜਕੂਆਂ ਨੂੰ ਵੀ ਨਾ ਤਾਂ ਕੋਈ ਸੇਧ ਦੇ ਸਕੇ, ਨਾ ਹੀ ਪਿਛੇ ਹਟ ਕੇ ਘਰ ਬੈਠੇ, ਸਗੋਂ ਨਰਮ ਖਿਆਲੀ ਸਾਰੀ ਲੀਡਰਸ਼ਿਪ ਸਰਕਾਰ ਨਾਲ ਰਲ ਕੇ ਇੱਕ ਪਾਸੇ ਖਾੜਕੂਆਂ ਨੂੰ ਪੁਲਿਸ ਮੁਕਾਬਲਿਆਂ ਵਿਚ ਮਰਵਾਉਣ ਦੀ ਭਾਗੀਦਾਰ ਬਣੀ ਹੋਈ ਸੀ ਅਤੇ ਦੂਜੇ ਪਾਸੇ ਖਾੜਕੂਆਂ ਦੇ ਭੋਗਾਂ 'ਤੇ ਜਾ ਕੇ ਗਰਮ ਭਾਸ਼ਣ ਦਿੰਦੇ ਸਨ। ਅੱਜ ਦੀ ਬਾਦਲ ਦੀ ਅਗਵਾਈ ਵਿਚ ਚੱਲ ਰਹੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਕਦੇ ਕੋਈ ਫੈਸਲਾ ਮਜ਼ਬੂਤੀ ਨਾਲ ਕਰਨ ਤੋਂ ਨਾਕਾਮ ਰਹੀ ਹੈ।

ਜ਼ਮੀਨੀ ਪੱਧਰ 'ਤੇ ਵਿਚਰ ਰਹੇ ਗਰਮ ਖਿਆਲੀ ਖਾਲਿਸਤਾਨੀ ਧੜੇ ਅਤੇ ਪੰਥਕ ਜਥੇਬੰਦੀਆਂ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈਆਂ ਹਨ। ਇਹ ਪਿਛਲੇ 36 ਸਾਲਾਂ ਵਿਚ ਇੱਕ ਵੀ ਸੂਝਵਾਨ ਲੀਡਰ ਪੈਦਾ ਨਹੀਂ ਕਰ ਸਕੀਆਂ? ਇਹੀ ਹਾਲ ਵਿਦੇਸ਼ਾਂ ਵਿਚ ਹੈ। ਇਨ੍ਹਾਂ ਸਾਲਾਂ ਦੌਰਾਨ ਇੱਕ ਵੀ ਸਾਂਝੀ ਜਥੇਬੰਦੀ ਬਣਾ ਕੇ ਸਿੱਖਾਂ ਦਾ ਪੱਖ ਦੁਨੀਆਂ ਸਾਹਮਣੇ ਨਹੀਂ ਰੱਖਿਆ ਗਿਆ? ਗੁਰਦੁਆਰਿਆਂ 'ਤੇ ਕਬਜ਼ੇ ਰੱਖਣ ਜਾਂ ਆਪਣੀ ਚੌਧਰ ਤੇ ਨਿੱਜੀ ਲਾਭਾਂ ਲਈ ਜੂਨ ਮਹੀਨੇ ਸ਼ਹੀਦੀ ਦਿਵਸ ਮਨਾ ਕੇ ਖਾਲਿਸਤਾਨ ਦੇ ਨਾਹਰੇ ਮਾਰ ਕੇ ਲੋਕਾਂ ਨੂੰ ਮੂਰਖ ਬਣਾਇਆ ਜਾਂਦਾ ਹੈ।

ਇਸ ਵੇਲੇ ਸਿੱਖਾਂ ਕੋਲ ਕੋਈ ਲੀਡਰਸ਼ਿਪ ਨਹੀਂ, ਕੋਈ ਜਥੇਬੰਦੀ ਨਹੀਂ, ਕੋਈ ਆਗੂ ਨਹੀਂ, ਕੋਈ ਏਜੰਡਾ ਨਹੀਂ, ਕੋਈ ਵਿਜ਼ਨ ਨਹੀਂ? ਜਜ਼ਬਾਤੀ ਲੋਕਾਂ ਨੂੰ ਜਜ਼ਬਾਤੀ ਲੋਕ ਲੁੱਟ ਰਹੇ ਹਨ, ਸਰਕਾਰਾਂ ਤੋਂ ਕੁੱਟ ਪਵਾਈ ਜਾਂਦੇ ਹਨ, ਸਿੱਖਾਂ ਦੀ ਬਦਨਾਮੀ ਕਰਾਈ ਜਾਂਦੇ ਹਨ। 1984 ਤੋਂ 1994 ਤੱਕ ਚੱਲੇ ਖੂਨੀ ਸੰਘਰਸ਼ ਵਿਚ ਜਿਥੇ ਹਜ਼ਾਰਾਂ ਖਾੜਕੂ ਪੁਲਿਸ ਮੁਕਾਬਲਿਆਂ ਵਿਚ ਮਰੇ, ਉਥੇ ਹਜ਼ਾਰਾਂ ਬੇਗੁਨਾਹ ਲੋਕ ਖਾੜਕੂਆਂ ਵਲੋਂ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇੱਕ ਪਾਸੇ ਸਿੱਖ ਝੂਠੇ ਮੁਕਾਬਲਿਆਂ ਵਿਚ ਮਰੇ ਨੌਜਵਾਨਾਂ ਲਈ ਇਨਸਾਫ ਦੀ ਮੰਗ ਕਰਦੇ ਹਨ, ਦੂਜੇ ਪਾਸੇ ਖਾੜਕੂਆਂ ਵਲੋਂ ਮਾਰੇ ਬੇਗੁਨਾਹ ਲੋਕਾਂ ਬਾਰੇ ਗੱਲ ਕਰਨ ਲਈ ਤਿਆਰ ਨਹੀਂ ਹੁੰਦੇ, ਸਗੋਂ ਇਹ ਕਹਿ ਕੇ ਪੱਲਾ ਝਾੜਨ ਦੀ ਕੋਸ਼ਿਸ਼ ਕਰਦੇ ਹਨ ਕਿ ਸਰਕਾਰੀ ਏਜੰਸੀਆਂ ਨੇ ਆਪਣੇ ਬੰਦੇ ਖਾੜਕੂਆਂ ਵਿਚ ਵਾੜੇ ਹੋਏ ਸਨ। ਇਹ ਲੋਕ ਗਲਤ ਕੰਮ ਕਰਦੇ ਸਨ, ਪਰ ਇਸ ਗੱਲ ਲਈ ਕਦੇ ਵਿਚਾਰ ਨਹੀਂ ਕਰਦੇ ਕਿ ਕਿਹੜੇ ਖਾੜਕੂ ਅਸਲੀ ਸਨ ਅਤੇ ਕਿਹੜੇ ਨਕਲੀ ਸਨ? ਜਦੋਂ ਗਿਣਤੀ ਦੱਸਣੀ ਹੁੰਦੀ ਹੈ ਤਾਂ ਸਾਰੇ ਖਾੜਕੂ ਹੁੰਦੇ ਹਨ ਅਤੇ ਸਾਰੇ ਕੌਮ ਲਈ ਮਰਨ ਵਾਲੇ ਸ਼ਹੀਦ ਹੁੰਦੇ ਹਨ।

ਇੱਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਕੋਈ ਕੌਮ ਜਾਂ ਧਿਰ ਕਿਸੇ ਸਟੇਟ ਖਿਲਾਫ ਵੱਖਰਾ ਦੇਸ਼ ਬਣਾਉਣ ਲਈ ਲੜਦੀ ਹੈ ਤਾਂ ਉਸ ਦੇ ਕਾਨੂੰਨ ਨੂੰ ਵੀ ਨਹੀਂ ਮੰਨਦੀ। ਦੋਨੋਂ ਧਿਰਾਂ ਇੱਕ ਦੂਜੇ 'ਤੇ ਹਮਲੇ ਕਰਦੀਆਂ ਹਨ, ਤਕੜੀ ਧਿਰ ਜਿੱਤ ਜਾਂਦੀ ਹੈ, ਪਰ ਇਹ ਕਿਥੋਂ ਦਾ ਇਨਸਾਫ ਹੈ, ਜਾਂ ਕਿਹੜਾ ਸੰਘਰਸ਼ ਹੈ ਕਿ ਵਿਰੋਧੀ ਧਿਰ ਤੁਹਾਡੇ ਬੰਦੇ ਮਾਰੇ ਤਾਂ ਤੁਸੀਂ ਕਹੋ ਕਿ ਸਾਨੂੰ ਕੋਰਟਾਂ ਰਾਹੀਂ ਇਨਸਾਫ ਵੀ ਦਿਉ ਤੇ ਮੁਆਵਜ਼ੇ ਵੀ ਦਿਉ? ਜਿਨ੍ਹਾਂ ਨੂੰ ਤੁਸੀਂ ਮਾਰਿਆ, ਉਨ੍ਹਾਂ ਨੂੰ ਮਾਰਨਾ ਤੁਹਾਡਾ ਹੱਕ ਸੀ? ਜਦੋਂ ਤੁਸੀਂ ਸਟੇਟ ਖਿਲਾਫ ਹਥਿਆਰ ਚੁੱਕ ਲਏ, ਕਾਨੂੰਨ 'ਤੇ ਯਕੀਨ ਨਹੀਂ ਰਿਹਾ ਤਾਂ ਫਿਰ ਉਨ੍ਹਾਂ ਤੋਂ ਇਨਸਾਫ ਕਿਉਂ ਮੰਗਦੇ ਹੋ? ਸਿੱਖਾਂ ਦੀ ਬਦਕਿਸਮਤੀ ਇਹ ਹੈ ਕਿ ਦੂਰ ਅੰਦੇਸ਼ ਤੇ ਸਿਆਣੇ ਲੀਡਰਾਂ ਦੀ ਘਾਟ ਅਤੇ ਕਿਸੇ ਜਥੇਬੰਦਕ ਢਾਂਚੇ ਦੀ ਅਣਹੋਂਦ ਕਾਰਨ ਸਿੱਖਾਂ ਵਿਚ ਹਮੇਸ਼ਾ ਆਪੋ-ਧਾਪੀ ਰਹਿੰਦੀ ਹੈ। ਜਿਸ ਦਾ ਜ਼ੋਰ ਚੱਲਦਾ ਹੈ, ਚਲਾਈ ਜਾਂਦਾ ਹੈ ਜਾਂ ਜਿਹੜਾ ਵੱਧ ਸ਼ਾਤਰ ਤੇ ਕਮੀਨਾ ਹੈ, ਉਹ ਕਾਮਯਾਬ ਹੋ ਜਾਂਦਾ ਹੈ।

ਅਖੀਰ ਵਿਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ 36 ਸਾਲਾਂ ਵਿਚ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ ਹੈ, ਜਿਸ ਤਰ੍ਹਾਂ ਦੀ ਲਡਿਰਸ਼ਿਪ ਕਾਬਜ਼ ਹੈ, ਜੇ ਉਸ ਨੂੰ ਰੋਕਿਆ ਨਾ ਗਿਆ ਤਾਂ ਅਗਲੇ 36 ਸਾਲ ਵੀ ਨੁਕਸਾਨ ਹੁੰਦਾ ਰਹਿਣਾ ਹੈ। ਦੂਜਾ, ਸਾਨੂੰ ਪਿਛਲੇ 36 ਸਾਲਾਂ ਵਿਚ ਵਾਪਰੀਆਂ ਘਟਨਾਵਾਂ ਨੂੰ ਹਰ ਪੱਖੋਂ ਸਮਝਣ ਅਤੇ ਚਿੰਤਨ ਕਰਨ ਦੀ ਲੋੜ ਹੈ। ਆਪਣੇ ਆਪ ਨੂੰ ਦੁੱਧ ਧੋਤੇ ਤੇ ਧਰਮਰਾਜ ਦੇ ਪੁੱਤਰ ਨਾ ਸਮਝੀਏ। ਜਿਥੇ ਸਾਡੇ ਕੋਲੋਂ ਗਲਤੀਆਂ ਹੋਈਆਂ ਹਨ, ਅਸੀਂ ਵਰਤੇ ਗਏ ਹਾਂ, ਉਸ ਨੂੰ ਸਵੀਕਾਰ ਕਰੀਏ। ਗੁਰੂਆਂ ਦੀ ਮਨੁੱਖਤਾਵਾਦੀ ਤੇ ਸਰਬ ਸਾਂਝੀ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਸਰਬੱਤ ਦੇ ਭਲੇ ਵਾਲੇ ਸਮਾਜ ਦੀ ਸਿਰਜਣਾ ਲਈ, ਬੀਤੇ ਤੋਂ ਸਬਕ ਸਿੱਖੀਏ। ਇਮਾਨਦਾਰੀ ਨਾਲ ਬੀਤੇ ਦਾ ਵਿਸ਼ਲੇਸ਼ਣ ਕਰੀਏ ਤੇ ਦੁਨੀਆਂ ਭਰ ਵਿਚ ਵਸਦੇ ਸਿੱਖਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਫੈਸਲੇ ਕਰੀਏ। ਅੱਜ ਦੇ ਨਵੇਂ ਹਾਲਾਤ ਵਿਚ ਜਿਸ ਤਰ੍ਹਾਂ ਹਿੰਦੂਤਵੀ-ਫਾਸ਼ੀਵਾਦੀ ਤਾਕਤਾਂ ਆਪਣੇ ਏਜੰਡੇ ਨਾਲ ਲੈਸ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਰਾਹ ਤੁਰੀਆਂ ਹੋਈਆਂ ਹਨ, ਜੇ ਅਜਿਹੇ ਹਾਲਾਤ ਵਿਚ ਸਿਆਣਪ ਤੇ ਦੂਰਅੰਦੇਸ਼ ਨੀਤੀਆਂ ਨਾ ਬਣਾਈਆਂ ਤਾਂ '84 ਵਰਗੇ ਹਮਲੇ ਹੁੰਦੇ ਰਹਿਣੇ ਹਨ। ਸਵਾਲ ਇਹ ਵੀ ਹੈ ਕਿ ਅੱਜ ਦੇ ਬਦਲੇ ਹਾਲਾਤ ਵਿਚ ਧਰਮ ਆਧਾਰਿਤ ਸਟੇਟ ਸਿੱਖਾਂ ਦੇ ਹਿੱਤ ਵਿਚ ਹੋਵੇਗੀ? ਜਜ਼ਬਾਤੀ ਅਤੇ ਉਲਾਰ ਪਹੁੰਚ ਸਿਆਸਤ ਵਿਚ ਕਦੇ ਕੰਮ ਨਹੀਂ ਆਉਂਦੀ! ਇਸ ਦਾ ਸਿੱਖ ਹਮੇਸ਼ਾ ਸ਼ਿਕਾਰ ਰਹਿੰਦੇ ਹਨ, ਇਸੇ ਲਈ ਵਾਰ-ਵਾਰ ਵਰਤੇ ਜਾਂਦੇ ਹਨ।

## ਜੂਨ 1984

ਆਉਂਦਾ ਜੂਨ ਮਹੀਨਾ ਹਰ ਸਾਲ ਰੋਂਦਾ ਅੱਥਰੂ ਰੱਤ
ਸੁਹਾਗਣ ਹੋਈ ਛੁੱਟੜ, ਜਿਉਂ ਕੋਈ ਨੱਕੋਂ ਲੱਥੀ ਨੱਥ
ਖੁੱਲ੍ਹੀਆਂ ਮੇਢੀਆਂ, ਖਿਲਰੇ ਵਾਲ, ਮਹਿੰਦੀ ਸੱਖਣੇ ਹੱਥ
ਪੁਰਾਣੇ ਰਿਸਦੇ ਜ਼ਖਮਾਂ ਦੀ ਪੀੜਾ ਲਹਿੰਦੀ ਅੰਦਰ ਤੱਕ।

ਪਰਛਾਵੇਂ ਅਤੀਤ ਦੇ ਮੂੰਹ 'ਤੇ ਉਗੇ, ਸਭ ਕੁਝ ਰਹੇ ਦੱਸ
ਕਿਵੇਂ ਜ਼ਾਬਰ, ਜ਼ਾਲਮ, ਬੇ-ਗੈਰਤਾਂ ਜ਼ੁਲਮ ਕਮਾਏ ਰੱਜ
ਚੜ੍ਹਾ ਲਿਆਏ ਕਟਕ ਫੌਜ ਦੇ ਉਹ ਅਤਿਵਾਦ ਬਹਾਨੇ ਪੱਜ
ਬੇ-ਹੁਰਮਤੀ ਹਰਿਮੰਦਰ ਸਹਿਬ ਦੀ ਕੀਤੀ ਬਣ ਨਿਲੱਜ
ਉਨ੍ਹਾਂ ਢਾਹਿਆ ਤਖਤ ਅਕਾਲ ਦਾ, ਸ਼ਊਰ ਤੇ ਅਕਲ ਤੱਜ।

ਮਜਬੂਰ, ਆਬਰੂ, ਇੱਜਤਾਂ ਰੋਲੀਆਂ, ਬਾਬਰ ਨੂੰ ਕੀਤਾ ਮਾਤ
ਬਾਹਵਾਂ ਬੰਨ੍ਹ ਬੰਨ੍ਹ ਮਾਰੀਆਂ ਗੋਲੀਆਂ, ਕਿਸੇ ਨਾ ਪੁੱਛੀ ਵਾਤ
ਰੱਖ ਭੁੱਖੇ, ਪਿਆਸੇ ਕੋਹ ਕੋਹ ਮਾਰੇ, ਬੱਚੇ ਬਾਲ ਵਰੇਸ
ਕਿਵੇਂ ਕਹੀਏ ਓ ਦੁਨੀਆਂ ਵਾਲਿਓ, ਇਹਨੂੰ ਆਪਣਾ ਦੇਸ਼?

ਨਾਨਕ ਦੇ ਘਰ ਦੇ ਨਾਲ ਪਾਪੀਆਂ, ਰੱਜ ਕਮਾਇਆ ਕਹਿਰ
ਵਿਸਾਹ ਵਿਸਾਹ ਸਾਡੇ ਨਾਲ ਕੱਢਿਆ, ਪੰਜ ਸਦੀਆਂ ਦਾ ਵੈਰ
ਢੱਠਾ 'ਅਕਾਲ ਤਖਤ', ਢਹਿ ਗਿਆ ਸਾਰਾ ਜਿਵੇਂ ਪੰਜਾਬ
ਰਾਵੀ, ਜਿਹਲਮ, ਸਤਲੁਜ, ਬਿਆਸ, ਰੋਏ ਅਟਕ, ਚਨਾਬ।

ਬੇਸ਼ੱਕ ਵੈਰੀ ਨੇ ਲੱਖਾਂ ਦੀ ਗਿਣਤੀ 'ਚ 'ਕੱਠੀ ਸੀ ਕੀਤੀ ਫੌਜ
ਓਧਰ ਅੱਗੇ ਸੀ 'ਖਾਲਸਾ' ਗੁਰੂ ਦਾ, ਪਰਮਾਤਮ ਦੀ ਮੌਜ।
ਦੇ ਕੇ ਕੁਰਬਾਨੀਆਂ ਧਰਮ ਦੀ ਖਾਤਰ ਕੀਤੇ ਕੌਲ ਨਿਭਾ ਗਏ
ਬੇ-ਗੈਰਤ, ਜ਼ਾਬਰ ਹਕੂਮਤ ਦੇ ਗਲ ਤੌਕ ਲਾਹਨਤ ਦਾ ਪਾ ਗਏ।

**-ਚੰਨ**
**ਫੋਨ: *908-788-8427***

ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਦਲਭੰਜਨ ਗੁਰੁ ਸੂਰਮਾ



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਨੇ ਸਮੇਂ ਦੇ ਸ਼ਾਸ਼ਕਾਂ ਵਲੋਂ ਦਿਤੇ ਗਏ ਅਕਹਿ ਅਤੇ ਅਸਹਿ ਜ਼ੁਲਮਾਂ ਨੂੰ ਉਸ ਅਕਾਲ ਪੁਰਖ ਦਾ ਮਿੱਠਾ ਭਾਣਾ ਕਰ ਕੇ ਮੰਨਿਆ ਤੇ ਆਪਣੇ ਸਿਖਾਂ ਨੂੰ ਸ਼ਾਂਤ ਰਹਿਣ ਦਾ ਉਪਦੇਸ਼ ਦਿੱਤਾ। ਸਮਾਂ ਆਉਣ 'ਤੇ ਗੁਰੂ ਹਰਗੋਬਿੰਦ ਸਾਹਿਬ ਨੇ ਸ਼ਸਤਰ ਧਾਰਨ ਕੀਤੇ, ਕਲਗੀ ਸਜਾਈ ਅਤੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਉਨ੍ਹਾਂ ਨੇ ਦੁਸ਼ਮਣ ਨਾਲ ਦੋ ਹੱਥ ਕੀਤੇ ਅਤੇ ਉਨ੍ਹਾਂ ਦੇ ਦੰਦ ਖੱਟੇ ਕੀਤੇ। ਸਿੱਖ ਇਤਿਹਾਸ 'ਤੇ ਝਾਤ ਮਾਰਿਆਂ ਪਤਾ ਚਲਦਾ ਹੈ ਕਿ ਸ਼ਹਾਦਤ ਲਈ ਲਾਹੌਰ ਨੂੰ ਜਾਣ ਸਮੇਂ ਬਾਲ ਹਰਗੋਬਿੰਦ ਸਿਰਫ ਬਾਰਾਂ ਸਾਲ ਦੇ ਹੀ ਸਨ। ਉਨ੍ਹਾਂ ਦੇ ਤੁਰਨ ਤੋਂ ਪਹਿਲਾਂ ਪੰਚਮ ਪਾਤਸ਼ਾਹ ਨੇ ਬਾਲ ਹਰਗੋਬਿੰਦ ਨੂੰ ਸਪਸ਼ਟ ਆਦੇਸ਼ ਦਿੱਤੇ ਸਨ ਕਿ ਗੁਰਗੱਦੀ 'ਤੇ ਬੈਠਣ ਤੋਂ ਪਹਿਲਾਂ ਹਥਿਆਰਬੰਦ ਹੋ ਜਾਣਾ ਹੈ ਅਤੇ ਫੌਜ ਵੀ ਇਕੱਤਰ ਕਰਨੀ ਹੈ। ਬਾਬਾ ਬੁੱਢਾ ਜੀ ਨੂੰ ਇਹ ਵੀ ਦੱਸਿਆ ਕਿ ਗੁਰਗੱਦੀ ਸੰਭਾਲਣ ਸਮੇਂ ਸੇਲੀ ਟੋਪੀ ਨੂੰ ਧਾਰਨ ਕਰਨ ਦੀ ਚਲ ਰਹੀ ਰੀਤ ਨੂੰ ਅਪਨਾਉਣ ਦੀ ਥਾਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਨੂੰ ਪਹਿਨਾਇਆ ਜਾਵੇ। (ਹਵਾਲਾ ਸ. ਜਗਜੀਤ ਸਿੰਘ ਦੀ ਪੁਸਤਕ 'ਦੀ ਸਿੱਖ ਰੈਵੋਲੂਸ਼ਨ', ਪੰਨਾ 172)

ਗੁਰਿਆਈ ਪ੍ਰਾਪਤ ਕਰਨ ਸਮੇਂ ਤੋਂ ਥੋੜੇ ਹੀ ਦਿਨਾਂ ਪਿੱਛੋਂ ਇਹ ਆਦੇਸ਼ ਜਾਰੀ ਕਰ ਦਿੱਤੇ ਗਏ ਕਿ ਸਿੱਖ ਸੰਗਤਾਂ ਘੋੜਿਆਂ ਅਤੇ ਹਥਿਆਰਾਂ ਦੀ ਭੇਟਾ ਹਾਜ਼ਰ ਕਰਿਆ ਕਰਨ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ,

ਪੰਜਿ ਪਿਆਲੇ ਪੰਜ ਪੀਰ
ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨ ਕਾਇਆ ਪਲਟਿਕੈ
ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ
ਰੂਪੁ ਦਿਖਾਵਣਿ ਵਾਰੋ ਵਾਰੀ।
ਦਲਭੰਜਨ ਗੁਰੁ ਸੂਰਮਾ
ਵਡ ਜੋਧਾ ਬਹੁ ਪਰਉਪਕਾਰੀ।

ਗੁਰੂ ਅਰਜਨ ਦੇਵ ਜੀ ਨੇ ਸਮੇਂ ਦੇ ਸ਼ਾਸ਼ਕਾਂ ਨੂੰ ਸਾਫ ਸਾਫ ਦੱਸ ਦਿੱਤਾ ਸੀ ਕਿ ਅਸੀਂ ਸਿਰਫ ਤੇ ਸਿਰਫ ਅਕਾਲ ਪੁਰਖ ਨੂੰ ਹੀ ਮੰਨਦੇ ਹਾਂ ਅਤੇ ਉਸ ਅਕਾਲ ਪੁਰਖ ਤੋਂ ਬਿਨਾ ਹੋਰ ਕਿਸੇ ਬਾਦਸ਼ਾਹ ਨੂੰ ਨਹੀਂ ਮੰਨਦੇ। ਛੇਵੇਂ ਪਾਤਸ਼ਾਹ ਨੇ ਇਸ ਸਿਧਾਂਤ ਨੂੰ ਠੋਸ ਰੂਪ ਵਿਚ ਮੰਨਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਅਕਾਲ ਤਖਤ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਮੀਰੀ-ਪੀਰੀ ਦੇ ਝੰਡੇ ਝੂਲਦੇ ਕਰ ਦਿਤੇ। ਅਕਾਲ ਤਖਤ 'ਤੇ ਬੈਠ ਉਨ੍ਹਾਂ ਨੇ ਸੰਗਤਾਂ ਨੂੰ ਆਦੇਸ਼ ਦੇਣੇ ਸ਼ੁਰੂ ਕਰ ਦਿੱਤੇ। ਸਿੱਖਾਂ ਨੂੰ ਜ਼ੁਲਮ ਦੇ ਵਿਰੁੱਧ ਤਿਆਰ ਕਰਨਾ ਗੁਰੂ ਜੀ ਦੀ ਲਗਨ ਹੀ ਬਣ ਗਈ ਅਤੇ ਇਹ ਅਧਿਆਤਮਕ ਲੋੜ ਵੀ ਸੀ। ਉਹ ਸਿੱਖਾਂ ਨੂੰ ਸੰਤ ਸਿਪਾਹੀ ਬਣਾਉਣਾ ਚਾਹੁੰਦੇ ਸਨ, ਜੋ ਪਹਿਲਾਂ ਸੰਤ ਹੋਣ ਤੇ ਫਿਰ ਸਿਪਾਹੀ। ਇਸ ਲਈ ਸਿੱਖ ਸੰਗਤਾਂ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਹਥਿਆਰ ਅਤੇ ਘੋੜੇ ਲੈ ਕੇ ਗੁਰੂ ਸਾਹਿਬ ਦੀ ਭੇਟਾ ਵਿਚ ਹਾਜ਼ਰੀ ਭਰਨ ਲੱਗ ਪਈਆਂ। ਰੋਜ਼ਾਨਾ ਸਵੇਰ ਵੇਲੇ ਦੇ ਦੀਵਾਨ ਤੋਂ ਬਾਅਦ ਗੁਰੂ ਜੀ ਆਪ ਸੂਰਮਿਆਂ ਦਾ ਯੁੱਧ ਅਭਿਆਸ ਕਰਵਾਇਆ ਕਰਦੇ ਸਨ। ਰੋਜ਼ਾਨਾ ਹੀ ਸੰਤ ਸਿਪਾਹੀ ਜੰਗਲਾਂ ਵਿਚ ਸ਼ਿਕਾਰ ਖੇਡਣ ਲਈ ਜਾਇਆ ਕਰਦੇ, ਘੋੜ ਸਵਾਰੀ ਕੀਤੀ ਜਾਂਦੀ ਅਤੇ ਸ਼ਸਤਰ ਅਭਿਆਸ ਵੀ ਕੀਤਾ ਜਾਂਦਾ। ਜਿਸਮਾਨੀ ਖੇਡਾਂ ਦਾ ਇੰਤਜ਼ਾਮ ਕੀਤਾ ਜਾਂਦਾ ਅਤੇ ਜੇਤੂਆਂ ਨੂੰ ਉਤਸ਼ਾਹਿਤ ਕਰਨ ਹਿਤ ਇਨਾਮਾਂ ਦੀ ਬਖਸ਼ਿਸ਼ ਕੀਤੀ ਜਾਂਦੀ। ਜਲਦੀ ਹੀ ਗੁਰੂ ਜੀ ਦੇ ਸੈਨਿਕਾਂ ਦੀ ਗਿਣਤੀ ਹਜ਼ਾਰਾਂ ਵਿਚ ਹੋ ਗਈ। ਕਾਫੀ ਗਿਣਤੀ ਵਿਚ ਬੰਦੂਕਚੀ ਵੀ ਤਿਆਰ ਕਰ ਲਏ ਗਏ। ਅਕਾਲ ਤਖਤ ਸੈਨਾ ਲਈ ਹਥਿਆਰਾਂ ਅਤੇ ਜੰਗੀ ਮਸ਼ਕਾਂ ਦਾ ਕੇਂਦਰ ਬਣ ਗਿਆ। ਸਿੱਖ ਸੰਗਤਾਂ ਵਿਚੋਂ ਪੰਜ ਸੈਨਾਪਤੀ ਥਾਪ ਦਿੱਤੇ ਗਏ ਅਤੇ ਉਨ੍ਹਾਂ ਨੂੰ 100-100 ਸੈਨਿਕਾਂ ਦੀ ਜਿੰਮੇਵਾਰੀ ਦਿੱਤੀ ਗਈ। ਭਾਈ ਗੁਰਦਾਸ ਨੂੰ ਅਕਾਲ ਤਖਤ ਸਾਹਿਬ ਦੇ ਪਹਿਲੇ ਜਥੇਦਾਰ ਦੇ ਰੂਪ ਵਿਚ ਨਿਯੁਕਤ ਕਰ ਦਿਤਾ ਗਿਆ।

1628 ਵਿਚ ਗੁਰੂ ਜੀ ਨੇ ਅੰਮ੍ਰਿਤਸਰ ਵਿਚ ਉਚੇ ਟਿੱਬੇ 'ਤੇ ਕਿਲਾ ਲੋਹਗੜ੍ਹ ਬਣਵਾ ਕੇ ਝੰਡਾ ਲਹਿਰਾਇਆ ਅਤੇ ਉਸ ਦੇ ਆਲੇ-ਦੁਆਲੇ ਇੱਕ ਮਜ਼ਬੂਤ ਕੰਧ ਵੀ ਬਣਵਾਈ ਗਈ। ਕਿਲੇ ਦੇ ਨਾਲ ਨਾਲ ਹੋਰ ਛਾਉਣੀਆਂ ਵਸਾਉਣ ਦੇ ਨਾਲ ਇੱਕ ਨਗਾਰਾ ਵੀ ਬਣਵਾਇਆ ਗਿਆ, ਜਿਸ ਨੂੰ ਵਜਾ ਕੇ ਸਵੇਰੇ ਤੇ ਸ਼ਾਮ ਸਮੇਂ ਸੰਗਤਾਂ ਨੂੰ ਇਕੱਠੇ ਹੋਣ ਦੇ ਸੰਦੇਸ਼ ਦਿੱਤੇ ਜਾਂਦੇ। ਇੰਜ ਛੇਵੇਂ ਪਾਤਸ਼ਾਹ ਨੇ ਫੌਜਾਂ ਨੂੰ ਤਿਆਰ-ਬਰ-ਤਿਆਰ ਕਰ ਲਿਆ ਤਾਂ ਜੋ ਧਰਮ ਦੀ ਰੱਖਿਆ ਲਈ, ਸਿੱਖਾਂ ਦੇ ਬਚਾਓ ਲਈ ਤੇ ਸੱਚਾਈ ਦੀ ਖਾਤਿਰ ਲੜਿਆ ਜਾ ਸਕੇ।

ਸ਼ਾਹਜਹਾਨ ਦੇ ਸਮੇਂ ਗੁਰੂ ਸਾਹਿਬਾਨ ਨੂੰ ਚਾਰ ਜੰਗਾਂ ਮੁਗਲ ਹਕੂਮਤ ਦੇ ਵਿਰੁੱਧ ਲੜਨੀਆਂ ਪਈਆਂ ਅਤੇ ਇਨ੍ਹਾਂ ਚਾਰਾਂ ਹੀ ਯੁੱਧਾਂ ਵਿਚ ਦੁਸ਼ਮਣ ਨੂੰ ਕਰਾਰੀ ਹਾਰ ਹੋਈ ਸੀ। ਮੁਗਲ ਫੌਜਾਂ ਨਾਲ ਪਹਿਲੀ ਲੜਾਈ 1628 ਵਿਚ ਅੰਮ੍ਰਿਤਸਰ ਵਿਖੇ ਹੋਈ। ਲੜਾਈ ਦਾ ਕਾਰਨ ਸੀ ਕਿ ਗੁਰੂ ਸਾਹਿਬ ਅਤੇ ਬਾਦਸ਼ਾਹ ਸ਼ਹਿਨਸ਼ਾਹ ਇੱਕ ਦੂਜੇ ਦੇ ਨੇੜੇ-ਤੇੜੇ ਹੀ ਸ਼ਿਕਾਰ ਖੇਡ ਰਹੇ ਸਨ ਤੇ ਗੁਰੂ ਜੀ ਦੇ ਸ਼ਿਕਾਰੀਆਂ ਨੇ ਮੁਗਲਾਂ ਦੇ ਬਾਜ ਨੂੰ ਥੱਲੇ ਡੇਗ ਲਿਆ। ਇਹ ਚਿੱਟਾ ਬਾਜ ਮੁਗਲ ਹਾਕਮ ਨੂੰ ਵਧੇਰੇ ਪਿਆਰਾ ਸੀ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਇਹ ਬਾਜ ਵਾਪਸ ਕਰਨ ਦਾ ਹੁਕਮ ਦਿੱਤਾ ਅਤੇ ਸਿੱਖਾਂ ਪ੍ਰਤੀ ਅਪਮਾਨ ਭਰੇ ਤੇ ਭੱਦੇ ਸ਼ਬਦ ਵਰਤੇ। ਗੁਰੂ ਜੀ ਦੇ ਸਾਥੀਆਂ ਨੇ ਚਿੱਟਾ ਬਾਜ ਮੋੜਨ ਤੋਂ ਇਹ ਆਖ ਕੇ ਨਾਂਹ ਕਰ ਦਿੱਤੀ ਕਿ ਇਹ ਬਾਜ ਆਪਣੀ ਮਰਜ਼ੀ ਨਾਲ ਗੁਰੂ ਜੀ ਦੀ ਸ਼ਰਨ ਵਿਚ ਆਇਆ ਹੈ। ਗੁੱਸੇ ਵਿਚ ਸ਼ਾਹਜਹਾਨ ਨੇ ਮੁਖਲਿਸ ਖਾਂ ਦੀ ਅਗਵਾਈ ਵਿਚ 7,000 ਦੀ ਫੌਜ ਦੇ ਕੇ ਗੁਰੂ ਜੀ 'ਤੇ ਹਮਲਾ ਕਰਨ ਲਈ ਭੇਜ ਦਿੱਤਾ। ਗੁਰਬਿਲਾਸ ਅਨੁਸਾਰ ਇਸ ਘਟਨਾ ਬਾਰੇ ਗੁਰੂ ਹਰਗੋਬਿੰਦ ਜੀ ਨੇ ਫੁਰਮਾਇਆ,

ਤਿਨ ਕੋ ਬਾਜ ਨਹੀਂ ਮੈਂ ਦੇਨਾ।
ਤਾਜ ਬਾਜ ਤਿਨ ਤੇ ਸਭ ਲੇਨਾ।
ਦੇਸ ਰਾਜ ਮੈਂ ਤਿਨ ਕਾ ਲੈਹੁ।
ਗਰੀਬ ਅਨਾਥਨ ਕੋ ਸਭ ਦੇਹੋ।

ਮੁਗਲ ਫੌਜਾਂ ਨੇ ਪਹਿਲਾਂ ਲੋਹਗੜ੍ਹ 'ਤੇ ਹਮਲਾ ਕੀਤਾ, ਜਿਥੇ ਲਗਭਗ 700 ਸੰਤ ਸਿਪਾਹੀ ਆਪਣੇ ਬਚਾਓ ਲਈ ਤਿਆਰ ਸਨ। ਪਹਿਲੀ ਰਾਤ ਮੁਗਲਾਂ ਦਾ ਪਾਸਾ ਹਾਵੀ ਰਿਹਾ। ਗੁਰੂ ਜੀ ਦੀ ਰਿਹਾਇਸ਼ ਨੂੰ ਵੀ ਲੁਟਿਆ ਗਿਆ, ਜਿਸ ਵਿਚੋਂ ਪਰਿਵਾਰ ਨੂੰ ਪਹਿਲਾਂ ਹੀ ਸੁਰੱਖਿਅਤ ਥਾਂ ਭੇਜਿਆ ਜਾ ਚੁਕਾ ਸੀ। ਘਰ ਦੀ ਲੁੱਟ ਮਾਰ ਸਮੇਂ ਮੁਗਲ ਫੌਜਾਂ ਨੇ ਉਹ ਮਠਿਆਈ ਵੀ ਖਾ ਲਈ, ਜੋ ਬੀਬੀ ਵੀਰੋ ਜੀ ਦੇ ਵਿਆਹ ਲਈ ਲਿਆ ਕੇ ਰੱਖੀ ਹੋਈ ਸੀ। ਅਗਲੀ ਸਵੇਰ ਸਿੱਖ ਫੌਜਾਂ ਅਤੇ ਮੁਗਲ ਫੌਜਾਂ ਦੇ ਕਾਫੀ ਸਿਪਾਹੀ ਮਾਰੇ ਗਏ। ਗੁਰੂ ਸਾਹਿਬ ਨੇ ਮੁਖਲਿਸ ਖਾਂ ਨੂੰ ਆਹਮੋ ਸਾਹਮਣੀ ਲੜਾਈ ਲਈ ਲਲਕਾਰਿਆ ਤੇ ਪਹਿਲਾ ਵਾਰ ਕਰਨ ਦਾ ਮੌਕਾ ਵੀ ਦਿਤਾ। ਮਗਰੋਂ ਗੁਰੂ ਸਾਹਿਬ ਨੇ ਆਪਣੀ ਦੋ ਧਾਰੀ ਤਲਵਾਰ ਨਾਲ ਮੁਖਲਿਸ ਖਾਂ ਨੂੰ ਪਾਰ ਬੁਲਾ ਦਿਤਾ। ਇਸ ਇਤਿਹਾਸਕ ਪਹਿਲੀ ਲੜਾਈ ਵਿਚ ਗੁਰੂ ਜੀ ਵਲੋਂ ਤਿਆਰ ਸੰਤ ਸਿਪਾਹੀਆਂ ਦੀ ਜਿੱਤ ਹੋਈ।

ਸਿੱਖਾਂ ਦੀ ਦੂਜੀ ਲੜਾਈ ਮੁਗਲ ਫੌਜਾਂ ਨਾਲ 1629 ਵਿਚ ਹੋਈ, ਜਿਸ ਵਿਚ ਸੰਤ ਸਿਪਾਹੀਆਂ ਨੂੰ ਫਤਿਹ ਪ੍ਰਾਪਤ ਹੋਈ ਸੀ। ਲੜਾਈ ਵਾਲੇ ਸਥਾਨ ਪਿੰਡ ਰੁਹੇਲਾ ਦੇ ਵਾਸੀਆਂ ਦੀ ਮਦਦ ਨਾਲ ਹਰਗੋਬਿੰਦਪੁਰ ਨਗਰ ਦੀ ਉਸਾਰੀ ਕੀਤੀ ਗਈ। ਇਤਿਹਾਸ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਪਿੰਡ ਰੁਹੇਲਾ ਵਿਚ ਇੱਕ ਨਗਰੀ ਦੀ ਉਸਾਰੀ ਸ਼ੁਰੂ ਕਰਵਾਈ ਸੀ, ਪਰ ਉਸ ਜ਼ਮੀਨ ਦਾ ਮਾਲਕ ਭਗਵਾਨ ਦਾਸ ਇਸ ਨਗਰੀ ਦੀ ਉਸਾਰੀ ਲਈ ਰਜ਼ਾਮੰਦ ਨਹੀਂ ਸੀ। ਉਹ ਇਹ ਮਹਿਸੂਸ ਕਰਦਾ ਸੀ ਕਿ ਗੁਰੂ ਜੀ ਉਸ ਦੀ ਥਾਂ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਜਦੋਂ ਛੇਵੇਂ ਨਾਨਕ ਉਸ ਸਥਾਨ 'ਤੇ ਪੁਜੇ ਤਾਂ ਉਹ ਰਮਣੀਕ ਜਗ੍ਹਾ ਉਨ੍ਹਾਂ ਨੂੰ ਭਾਅ ਗਈ ਤੇ ਉਹ ਵੀ ਉਸ ਥਾਂ ਨਗਰੀ ਸਥਾਪਿਤ ਕਰਨ ਲਈ ਤਿਆਰ ਹੋ ਗਏ; ਪਰ ਮਾੜੇ ਵਿਚਾਰ ਭਗਵਾਨ ਦਾਸ ਦੇ ਮਨ ਵਿਚ ਭਰ ਜਾਣ ਕਾਰਨ ਉਸ ਨੇ ਛੇਵੇਂ ਗੁਰੂ ਲਈ ਬੜੇ ਮਾੜੇ ਅਤੇ ਘੋਰ ਅਪਮਾਨਜਨਕ ਸ਼ਬਦ ਬੋਲਣੇ ਸ਼ੁਰੂ ਕਰ ਦਿੱਤੇ। ਜਦੋਂ ਗੁਰੂ ਜੀ ਦੇ ਵਾਰ ਵਾਰ ਸਮਝਾਉਣ 'ਤੇ ਉਹ ਨਾ ਹਟਿਆ ਤਾਂ ਸਿੱਖਾਂ ਨੇ ਉਸ ਨੂੰ ਚੁੱਕ ਕੇ ਬਿਆਸ ਦਰਿਆ ਦੇ ਅੰਦਰ ਵਗਾਹ ਮਾਰਿਆ।

ਆਪਣੇ ਬਾਪ ਦੀ ਮੌਤ ਹੋ ਜਾਣ ਕਾਰਨ ਭਗਵਾਨ ਦਾਸ ਦਾ ਪੁੱਤਰ ਰਤਨ ਚੰਦ ਗੁੱਸੇ ਵਿਚ ਆ ਗਿਆ ਅਤੇ ਉਸ ਨੇ ਜਲੰਧਰ ਦੇ ਸੂਬੇਦਾਰ ਅਬਦੁਲਾ ਖਾਨ ਕੋਲ ਅਰਜ਼ ਗੁਜ਼ਾਰੀ ਤੇ ਮਦਦ ਲਈ ਗੁਹਾਰ ਲਾਈ। ਅਬਦੁਲਾ ਖਾਨ ਨੇ ਆਪਣੀਆਂ ਫੌਜਾਂ ਨੂੰ ਵੱਖ-ਵੱਖ ਸੈਨਾਪਤੀਆਂ ਦੀ ਅਗਵਾਈ ਹੇਠ ਗੁਰੂ ਜੀ 'ਤੇ ਹਮਲਾ ਕਰਨ ਲਈ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਹਿੱਤ ਭੇਜਿਆ। ਪਹਿਲੇ ਦਿਨ ਹੀ ਸੰਤ ਸਿਪਾਹੀਆਂ ਵਲੋਂ ਉਨ੍ਹਾਂ ਨੂੰ ਹਰਾ ਦਿੱਤਾ ਗਿਆ ਅਤੇ ਅਬਦੁਲਾ ਖਾਨ ਦੇ ਦੋ ਪੁੱਤਰ ਵੀ ਇਸ ਵਿਚ ਮਾਰੇ ਗਏ। ਅਗਲੇ ਦਿਨ ਅਬਦੁਲਾ ਖਾਨ ਆਪਣੀ ਪੂਰੀ ਫੌਜ ਨਾਲ ਗੁਰੂ ਜੀ ਦੇ ਅਸਥਾਨ ਵੱਲ ਹਮਲੇ ਲਈ ਵਧਿਆ। ਇਸ ਲੜਾਈ ਵਿਚ ਗੁਰੂ ਜੀ ਆਪ ਵੀ ਅਬਦੁਲਾ ਖਾਨ ਨਾਲ ਸਾਹਮਣੇ ਹੋਏ। ਗੁਰੂ ਜੀ ਦੀ ਤਲਵਾਰ ਦੇ ਵਾਰਾਂ ਨਾਲ ਰਤਨ ਚੰਦ ਅਤੇ ਅਬਦੁਲਾ ਖਾਨ ਵੀ ਮਾਰੇ ਗਏ। ਲੜਾਈ ਖਤਮ ਹੋਣ ਪਿਛੋਂ ਸ਼ਾਮ ਨੂੰ ਸਿੱਖ ਸੰਤ ਸਿਪਾਹੀਆਂ ਦਾ ਸਸਕਾਰ ਕਰ ਦਿੱਤਾ ਗਿਆ ਅਤੇ ਮੁਸਲਮਾਨਾਂ ਦੀਆਂ ਲਾਸ਼ਾਂ ਨੂੰ ਟੋਏ ਪੁਟਵਾ ਕੇ ਹਥਿਆਰਾਂ ਸਮੇਤ ਦਫਨਾ ਦਿੱਤਾ ਗਿਆ।



ਮੀਰੀ-ਪੀਰੀ ਦੇ ਝੂਲਦੇ ਝੰਡੇ

ਗੁਰੂ ਸਾਹਿਬ ਦੇ ਸੰਤ ਸਿਪਾਹੀਆਂ ਦੀ ਤੀਜੀ ਲੜਾਈ ਮੁਗਲ ਫੌਜਾਂ ਨਾਲ ਨਥਾਣੇ ਪਿੰਡ ਦੀ ਢਾਬ 'ਤੇ ਹੋਈ, ਜਿਸ ਨੂੰ ਹੁਣ ਗੁਰੂਸਰ ਕਿਹਾ ਜਾਂਦਾ ਹੈ। ਇਸ ਲੜਾਈ ਦਾ ਕਾਰਨ ਦੋ ਘੋੜੇ ਬਣੇ, ਜੋ ਗੁਰੂ ਸਾਹਿਬਾਨ ਨੂੰ ਭੇਟਾ ਕਰਨ ਖਾਤਿਰ ਸੇਠ ਕਰੋੜੀ ਮੱਲ ਕਾਬੁਲ ਤੋਂ ਪੰਜਾਬ ਵਲ ਲੈ ਕੇ ਆ ਰਿਹਾ ਸੀ। ਰਸਤੇ ਵਿਚ ਇਹ ਦੋਵੇਂ ਘੋੜੇ, ਜਿਨ੍ਹਾਂ ਦੇ ਨਾਮ ਦਿਲਬਾਗ ਤੇ ਗੁਲਬਾਗ ਸਨ ਅਤੇ ਬਹੁਤ ਹੀ ਫੁਰਤੀਲੇ ਸਨ, ਨੂੰ ਲਾਹੌਰ ਵਿਚ ਸੂਬੇਦਾਰ ਨੇ ਜ਼ਬਰਦਸਤੀ ਖੋਹ ਕੇ ਆਪਣੇ ਕੋਲ ਰੱਖ ਲਏ। ਜਦੋਂ ਗੁਰੂ ਜੀ ਨੂੰ ਦੱਸਿਆ ਗਿਆ ਤਾਂ ਉਨ੍ਹਾਂ ਨੇ ਭਾਈ ਬਿਧੀ ਚੰਦ ਨੂੰ ਕਿਸੇ ਵੀ ਢੰਗ ਨਾਲ ਘੋੜੇ ਵਾਪਿਸ ਲਿਆਉਣ ਲਈ ਆਖਿਆ। ਭਾਈ ਬਿਧੀ ਚੰਦ ਨੇ ਬੜੀ ਹੀ ਹੁਸ਼ਿਆਰੀ ਨਾਲ ਦੋਵੇਂ ਘੋੜੇ ਗੁਰੂ ਜੀ ਕੋਲ ਹਾਜ਼ਰ ਕਰ ਦਿੱਤੇ। (ਭਾਈ ਬਿਧੀ ਚੰਦ ਦਾ ਇੱਕ ਵਾਰਸ, ਹਾਕੀ ਵਿਚ ਸੋਨ ਤਮਗੇ ਜਿੱਤ ਕੇ ਭਾਰਤ ਨੂੰ ਦੇਣ ਵਾਲਾ ਖਿਡਾਰੀ ਸ. ਬਲਬੀਰ ਸਿੰਘ ਸੀਨੀਅਰ ਹੁਣੇ ਹੁਣੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ ਹੈ। ਉਸ ਦੇ ਹਾਕੀ ਦੇ ਖੇਤਰ ਵਿਚ ਗੋਲ ਕਰਨ ਦਾ ਵਿਸ਼ਵ ਰਿਕਾਰਡ ਹਾਲੇ ਵੀ ਕਾਇਮ ਹੈ।)

ਜਾਣੀ ਜਾਣ ਗੁਰੂ ਸਾਹਿਬ ਨੇ ਸੰਗਤਾਂ ਅਤੇ ਸੰਤ ਸਿਪਾਹੀਆਂ ਨੂੰ ਹੋਣ ਵਾਲੇ ਯੁੱਧ ਲਈ ਤਿਆਰ-ਬਰ-ਤਿਆਰ ਕਰ ਲਿਆ। ਉਨ੍ਹਾਂ ਇਹ ਭਾਸ ਲਿਆ ਕਿ ਘੋੜੇ ਵਾਪਿਸ ਲੈਣ ਖਾਤਿਰ ਹਮਲਾ ਕੀਤਾ ਜਾਵੇਗਾ। ਸ਼ਾਹਜਹਾਂ ਪਹਿਲੀਆਂ ਦੋਵੇਂ ਲੜਾਈਆਂ ਹਾਰ ਜਾਣ ਕਾਰਨ ਗੁਰੂ ਜੀ ਨਾਲ ਕਾਫੀ ਰੰਜਸ਼ ਰੱਖਦਾ ਸੀ। ਇਸ ਲਈ ਸੂਬੇਦਾਰ ਸੈਨਾਪਤੀ ਲੱਲਾਬੇਗ ਤੇ ਉਸ ਦੇ ਭਰਾ ਦੀ ਅਗਵਾਈ ਵਿਚ ਕਈ ਹਜ਼ਾਰ ਫੌਜਾਂ ਗੁਰੂ ਸਾਹਿਬਾਨ 'ਤੇ ਹਮਲਾ ਕਰਨ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਭੇਜੀਆਂ। ਮੁਗਲ ਫੌਜਾਂ ਨੇ ਨਥਾਣੇ ਦੀ ਢਾਬ ਨੇੜੇ ਪੁਜਦਿਆਂ ਹੀ ਹਮਲਾ ਕਰ ਦਿੱਤਾ। ਸੰਤ ਸਿਪਾਹੀਆਂ ਵਲੋਂ ਡੱਟ ਕੇ ਮੁਕਾਬਲਾ ਕੀਤਾ ਗਿਆ। ਲੜਾਈ ਦਿਨ ਰਾਤ ਹੀ ਚਲਦੀ ਰਹੀ। ਜਰਨੈਲ ਲੱਲਾਬੇਗ ਤੇ ਉਸ ਦਾ ਭਰਾ ਕਮਰਬੇਗ ਗੁਰੂ ਜੀ ਦੇ ਹੱਥੋਂ ਦੋ ਧਾਰੀ ਤਲਵਾਰ ਨਾਲ ਮਾਰੇ ਗਏ। ਲੜਾਈ ਖਤਮ ਹੋਣ 'ਤੇ ਫੱਟੜਾਂ ਦੀ ਮਲ੍ਹਮ ਪੱਟੀ ਕਰਵਾਈ ਗਈ। ਸ਼ਹੀਦ ਸਿੱਖਾਂ ਦਾ ਆਪਣੇ ਹੱਥੀਂ ਗੁਰੂ ਜੀ ਨੇ ਸਸਕਾਰ ਕੀਤਾ। ਮੁਸਲਿਮ ਮ੍ਰਿਤਕ ਦੇਹਾਂ ਨੂੰ ਵੀ ਉਸੇ ਥਾਂ ਦਫਨਾ ਦਿੱਤਾ ਗਿਆ।

ਸਿੱਖਾਂ ਦੀ ਚੌਥੀ ਲੜਾਈ ਕਰਤਾਰਪੁਰ ਦੇ ਸਥਾਨ 'ਤੇ ਹੋਈ ਸੀ। ਇਸ ਲੜਾਈ ਦਾ ਕਾਰਨ ਓਹੋ ਹੀ ਬਾਜ ਬਣਿਆ, ਜੋ ਪਹਿਲੀ ਲੜਾਈ ਤੋਂ ਪਹਿਲਾਂ ਗੁਰੂ ਜੀ ਦੀ ਸ਼ਰਨ ਆ ਗਿਆ ਸੀ। ਗੁਰੂ ਸਾਹਿਬਾਨ ਕੋਲ ਇਕ ਮੁਸਲਿਮ ਸਰਦਾਰ ਪੈਂਦਾ ਖਾਨ ਸੀ, ਜੋ ਬਹੁਤ ਸੁੰਦਰ ਤੇ ਸੁਨੱਖਾ ਗੱਭਰੂ ਸੀ ਅਤੇ ਬਹੁਤ ਹੀ ਤਾਕਤਵਰ ਵੀ ਸੀ। ਗੁਰੂ ਜੀ ਉਸ ਨੂੰ ਆਪਣਾ ਮਿੱਤਰ ਮੰਨਦੇ ਸਨ ਅਤੇ ਪਿਆਰ ਸਹਿਤ ਬਹੁਤ ਬਖਸ਼ਿਸ਼ਾਂ ਵੀ ਦਿਆ ਕਰਦੇ ਸਨ। ਇਸ ਨਾਲ ਪੈਂਦਾ ਖਾਨ ਹੰਕਾਰੀ ਹੋ ਗਿਆ। ਆਪਣੇ ਸੁੰਦਰ ਕੱਪੜੇ ਅਤੇ ਵਧੀਆ ਘੋੜਾ, ਜੋ ਗੁਰੂ ਸਾਹਿਬਾਨ ਵਲੋਂ ਬਖਸ਼ਿਆ ਹੋਇਆ ਸੀ, ਉਸ ਨੇ ਆਪਣੇ ਜਵਾਈ ਉਸਮਾਨ ਖਾਨ ਨੂੰ ਦੇ ਦਿੱਤੇ। ਉਸਮਾਨ ਖਾਨ ਨੇ ਚਿੱਟਾ ਬਾਜ, ਜੋ ਗੁਰੂ ਜੀ ਦੇ ਸਿੱਖਾਂ ਵਲੋਂ ਫੜਿਆ ਹੋਇਆ ਸੀ, ਫੜ ਲਿਆ ਅਤੇ ਵਾਪਸ ਨਾ ਕੀਤਾ। ਜਦੋਂ ਪੁੱਛਿਆ ਗਿਆ ਤਾਂ ਪੈਂਦੇ ਖਾਨ ਨੇ ਝੂਠ ਬੋਲਿਆ। ਗੁਰੂ ਜੀ ਪੈਂਦਾ ਖਾਨ 'ਤੇ ਨਾਰਾਜ਼ ਹੋ ਗਏ ਅਤੇ ਉਸ ਨੂੰ ਨੌਕਰੀਓਂ ਕੱਢ ਦਿਤਾ। ਉਹ ਮੁਗਲ ਫੌਜਾਂ ਨਾਲ ਜਾ ਰਲਿਆ ਅਤੇ ਗੁਰੂ ਜੀ ਦੇ ਖਿਲਾਫ ਯੁੱਧ ਕਰਨ ਲਈ ਤਿਆਰ ਹੋ ਗਿਆ। ਬਾਦਸ਼ਾਹ ਸ਼ਾਹਜਹਾਂ ਨੇ 50,000 ਫੌਜਾਂ ਸੈਨਾਪਤੀ ਕਾਲੇ ਖਾਨ ਦੀ ਅਗਵਾਈ ਵਿਚ ਹਮਲਾ ਕਰਨ ਲਈ ਭੇਜੀਆਂ। ਦੋਹਾਂ ਦਲਾਂ ਦਾ ਆਹਮੋ-ਸਾਹਮਣਾ ਮੁਕਾਬਲਾ ਹੋਇਆ। ਉਸਮਾਨ ਖਾਨ ਇਸ ਲੜਾਈ ਵਿਚ ਮਾਰਿਆ ਗਿਆ। ਗੁਰੂ ਸਾਹਿਬ ਨੂੰ ਇਕੱਲਾ ਸਮਝ ਕੇ ਪੈਂਦਾ ਖਾਨ ਉਨ੍ਹਾਂ 'ਤੇ ਟੁੱਟ ਪਿਆ। ਕਰੁਣਾਮਈ ਹਿਰਦੇ ਵਾਲੇ ਗੁਰੂ ਸਾਹਿਬ ਜੀ ਨੇ ਉਸ ਨੂੰ ਸਮਝਾਇਆ ਕਿ ਹਾਲੇ ਵੀ ਆਪਣੇ ਕੀਤੇ ਗੁਨਾਹਾਂ ਨੂੰ ਕਬੂਲ ਕਰ ਤੇ ਮੁਆਫੀ ਮੰਗ ਲੈ; ਪਰ ਜਦੋਂ ਉਹ ਨਾ ਸਮਝਿਆ ਤੇ ਮੁੜ ਮੁੜ ਵਾਰ ਕਰੀ ਜਾ ਰਿਹਾ ਸੀ ਤਾਂ ਗੁਰੂ ਸਾਹਿਬ ਨੇ ਆਪਣੀ ਤਲਵਾਰ ਨਾਲ ਉਸ ਨੂੰ ਪਾਰ ਬੁਲਾ ਦਿੱਤਾ। ਫਿਰ ਜਰਨੈਲ ਕਾਲੇ ਖਾਨ ਨੇ ਗੁਰੂ ਜੀ ਨੂੰ ਲਲਕਾਰਿਆ ਕਿ ਘੋੜੇ ਤੋਂ ਉਤਰ ਕੇ ਉਸ ਨਾਲ ਯੁੱਧ ਕਰਨ। ਗੁਰੂ ਜੀ ਨੇ ਘੋੜੇ ਤੋਂ ਉਤਰ ਕੇ ਕਾਲੇ ਖਾਨ ਨਾਲ ਲੜਾਈ ਕੀਤੀ ਤੇ ਉਸ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ। ਇਸ ਲੜਾਈ ਵਿਚ 700 ਸੰਤ ਸਿਪਾਹੀ ਸ਼ਹੀਦ ਹੋਏ। ਮੁਗਲ ਫੌਜਾਂ ਦਾ ਭਾਰੀ ਨੁਕਸਾਨ ਹੋਇਆ।

ਇਹ ਚਾਰੇ ਹੀ ਲੜਾਈਆਂ ਗੁਰੂ ਜੀ ਨੇ ਰਾਜ ਭਾਗ 'ਤੇ ਕਬਜ਼ਾ ਕਰਨ ਲਈ ਨਹੀਂ ਸਨ ਲੜੀਆਂ, ਸਗੋਂ ਸਿੱਖਾਂ ਨੂੰ ਨਿਡਰ ਬਣਾਉਣ ਖਾਤਿਰ ਲੜੀਆਂ ਸਨ। ਧਰਮ ਅਤੇ ਸੱਚਾਈ ਦੀ ਰਖਿਆ ਖਾਤਿਰ ਲੜੀਆਂ ਲੜਾਈਆਂ ਵਿਚ ਕਦੇ ਵੀ ਗੁਰੂ ਸਾਹਿਬ ਨੇ ਪਹਿਲ ਨਹੀਂ ਕੀਤੀ ਅਤੇ ਆਪਣੇ ਬਚਾਅ ਵਾਸਤੇ ਹੀ ਜੰਗ ਵਿਚ ਕੁੱਦਣਾ ਪਿਆ ਸੀ। ਉਹ ਹਮੇਸ਼ਾ ਪਹਿਲਾਂ ਹਮਲਾ ਕਰਨ ਵਾਲੇ ਨੂੰ ਲਲਕਾਰਦੇ ਸਨ ਅਤੇ ਪਹਿਲਾ ਵਾਰ ਕਰਨ ਦਾ ਮੌਕਾ ਵੀ ਦੁਸ਼ਮਣ ਨੂੰ ਹੀ ਦਿੱਤਾ ਜਾਂਦਾ ਸੀ। ਦੁਸ਼ਮਣ ਫੌਜਾਂ ਦੇ ਸ਼ਸਤਰ ਲੜਾਈ ਜਿੱਤਣ ਪਿਛੋਂ ਉਨ੍ਹਾਂ ਨੂੰ ਵਾਪਿਸ ਕਰ ਦਿੱਤੇ ਜਾਂਦੇ ਸਨ।

ਗੁਰਬਾਣੀ ਗਿਆਨ

# ਸਗਲ ਸਿਆਨਪ ਛਾਡਿ

**ਰਾਮਕਲੀ ਮਹਲਾ ੫॥**

ਸਗਲ ਸਿਆਨਪ ਛਾਡਿ॥
ਕਰਿ ਸੇਵਾ ਸੇਵਕ ਸਾਜਿ॥
ਅਪਨਾ ਆਪੁ ਸਗਲ ਮਿਟਾਇ॥
ਮਨ ਚਿੰਦੇ ਸੇਈ ਫਲ ਪਾਇ॥
ਹੋਹੁ ਸਾਵਧਾਨ ਅਪੁਨੇ ਗੁਰ ਸਿਉ॥
ਆਸਾ ਮਨਸਾ ਪੂਰਨ ਹੋਵੈ
ਪਾਵਹਿ ਸਗਲ ਨਿਧਾਨ ਗੁਰ ਸਿਉ॥ ਰਹਾਉ॥
ਦੂਜਾ ਨਹੀ ਜਾਨੈ ਕੋਇ॥
ਸਤਿਗੁਰੁ ਨਿਰੰਜਨੁ ਸੋਇ॥
ਮਾਨੁਖ ਕਾ ਕਰਿ ਰੂਪ ਨ ਜਾਨੁ॥
ਮਿਲੀ ਨਿਮਾਨੇ ਮਾਨੁ॥
ਗੁਰ ਕੀ ਹਰਿ ਟੇਕ ਟਿਕਾਇ॥
ਅਵਰ ਆਸਾ ਸਭ ਲਾਹਿ॥
ਹਰਿ ਕਾ ਨਾਮੁ ਮਾਗੁ ਨਿਧਾਨ॥
ਤਾ ਦਰਗਹ ਪਾਵਹਿ ਮਾਨੁ॥
ਗੁਰ ਕਾ ਬਚਨੁ ਜਪਿ ਮੰਤੁ॥
ਏਹਾ ਭਗਤਿ ਸਾਰ ਤਤੁ॥
ਸਤਿਗੁਰ ਭਏ ਦਇਆਲ॥
ਨਾਨਕ ਦਾਸ ਨਿਹਾਲ॥

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਰਾਹੀਂ ਸਾਨੂੰ ਕਲਜੁਗ ਦੇ ਜੀਵਾਂ ਨੂੰ ਉਪਦੇਸ਼ ਕਰ ਕੇ ਸਮਝਾਉਂਦੇ ਹਨ, ਹੇ ਭਾਈ! ਤੂੰ ਇਹੋ ਜਿਹੇ ਸਾਰੇ ਖਿਆਲ ਅੰਦਰੋਂ ਕੱਢ ਦੇਹ ਕਿ ਤੂੰ ਬਹੁਤ ਸਿਆਣਾ ਹੈਂ ਅਤੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਵੇਂਗਾ; ਸੇਵਕ ਵਾਲੀ ਭਾਵਨਾ ਨਾਲ ਗੁਰੂ ਦਰ 'ਤੇ ਸੇਵਾ ਕਰਿਆ ਕਰ। ਜਿਹੜਾ ਮਨੁੱਖ ਆਪਾ-ਭਾਵ ਤਿਆਗ ਕੇ ਸੇਵਾ ਕਰਦਾ ਹੈ, ਉਹੀ ਮਨ ਚਿਤਵੇ ਫਲ ਪਾਉਂਦਾ ਹੈ।

ਹੋਹੁ ਸਾਵਧਾਨ ਅਪੁਨੇ ਗੁਰ ਸਿਉ॥
ਆਸਾ ਮਨਸਾ ਪੂਰਨ ਹੋਵੈ
ਪਾਵਹਿ ਸਗਲ ਨਿਧਾਨ ਗੁਰ ਸਿਉ॥ ਰਹਾਉ॥

ਜਗਤ ਨੂੰ ਤਾਰਨ ਵਾਲੇ ਬਖਸ਼ਿੰਦ ਸਤਿਗੁਰੂ ਆਖ ਰਹੇ ਹਨ, ਹੇ ਭਾਈ! ਆਪਣੇ ਗੁਰੂ ਦੇ ਦਿੱਤੇ ਉਪਦੇਸ਼ ਵੱਲ ਸਾਵਧਾਨ ਹੋ ਕੇ ਪੂਰਾ ਧਿਆਨ ਦਿਆ ਕਰ; ਜਦ ਤੂੰ ਆਪਣਾ ਮਨ ਲਾ ਕੇ ਅੰਦਰੋਂ ਗੁਰੂ ਉਪਦੇਸ਼ ਨਾਲ ਜੁੜੇਂਗਾ ਤਾਂ ਤੇਰੀ ਹਰ ਇਕ ਆਸ ਪੂਰੀ ਹੋ ਜਾਵੇਗੀ; ਤੇਰੇ ਮਨ ਦਾ ਹਰ ਫੁਰਨਾ ਗੁਰੂ ਆਪ ਪੂਰਾ ਕਰੇਗਾ ਅਤੇ ਤੂੰ ਆਪਣੇ ਮਿਹਰਬਾਨ ਸਤਿਗੁਰੂ ਪਾਸੋਂ ਸਾਰੇ ਖਜਾਨੇ ਹਾਸਲ ਕਰ ਲਵੇਂਗਾ।

ਦੂਜਾ ਨਹੀ ਜਾਨੈ ਕੋਇ॥
ਸਤਿਗੁਰੁ ਨਿਰੰਜਨੁ ਸੋਇ॥
ਮਾਨੁਖ ਕਾ ਕਰਿ ਰੂਪ ਨ ਜਾਨੁ॥
ਮਿਲੀ ਨਿਮਾਨੇ ਮਾਨੁ॥

ਗੁਰਦੇਵ ਆਖਦੇ ਹਨ, ਹੇ ਭਾਈ! ਗੁਰੂ ਉਸ ਮਾਇਆ ਤੋਂ ਨਿਰਲੇਪ ਪ੍ਰਭੂ ਨੂੰ ਹਰ ਥਾਂ ਵੱਸਦਾ ਜਾਣਦਾ ਹੈ, ਗੁਰੂ ਪ੍ਰਭੂ ਤੋਂ ਬਿਨਾ ਕਿਸੇ ਹੋਰ ਨੂੰ ਵੱਖਰੀ ਹਸਤੀ ਨਹੀਂ ਜਾਣਦਾ, ਇਸ ਲਈ ਤੂੰ ਗੁਰੂ ਨੂੰ ਨਿਰਾ ਮਨੁੱਖ ਦਾ ਰੂਪ ਹੀ ਨਾ ਸਮਝੀ ਰੱਖ! ਹੇ ਭਾਈ, ਸਤਿਗੁਰੂ ਦੇ ਦਰ ਤੋਂ ਉਸੇ ਮਨੁੱਖ ਨੂੰ ਆਦਰ ਮਾਣ ਮਿਲਦਾ ਹੈ, ਜੋ ਆਪਣੀ ਸਿਆਣਪ ਤੇ ਚਤੁਰਾਈ ਦਾ ਅਹੰਕਾਰ ਛੱਡ ਕੇ ਗੁਰੂ ਦੇ ਚਰਨਾਂ 'ਤੇ ਢਹਿ ਪੈਂਦਾ ਹੈ ਅਤੇ ਗੁਰੂ ਦੇ ਹੁਕਮ ਵਿਚ ਰਹਿ ਕੇ ਆਪਣਾ ਜੀਵਨ ਸੰਵਾਰ ਲੈਂਦਾ ਹੈ। ਸੋ ਪ੍ਰਭੂ ਦਾ ਸਿਮਰਨ ਕਰਿਆ ਕਰ।

ਗੁਰ ਕੀ ਹਰਿ ਟੇਕ ਟਿਕਾਇ॥
ਅਵਰ ਆਸਾ ਸਭ ਲਾਹਿ॥
ਹਰਿ ਕਾ ਨਾਮੁ ਮਾਗੁ ਨਿਧਾਨ॥
ਤਾ ਦਰਗਹ ਪਾਵਹਿ ਮਾਨੁ॥

ਸਤਿਗੁਰੂ ਪਿਤਾ ਮਿਹਰਾਂ ਵਿਚ ਆਏ ਕਹਿੰਦੇ ਹਨ, ਹੇ ਜੀਵ! ਗੁਰੂ ਪਰਮਾਤਮਾ ਦਾ ਹੀ ਰੂਪ ਹੈ, ਇਸ ਲਈ ਤੂੰ ਪ੍ਰਭੂ ਰੂਪ ਗੁਰੂ ਦੇ ਆਸਰੇ ਵਿਚ ਹੀ ਰਹਿ, ਗੁਰੂ ਦਾ ਪੱਲਾ ਫੜੀ ਰੱਖ ਅਤੇ ਗੁਰੂ ਤੋਂ ਬਿਨਾ ਹੋਰ ਸਾਰੀਆਂ ਦੁਨਿਆਵੀ ਆਸਾਂ ਨੂੰ ਮਨ ਵਿਚੋਂ ਦੂਰ ਕਰ ਦੇਹ। ਭਾਈ, ਤੂੰ ਗੁਰੂ ਦੇ ਦਰ ਤੋਂ ਪਰਮਾਤਮਾ ਦਾ ਨਾਮ ਰੂਪੀ ਖਜਾਨਾ ਹੀ ਮੰਗਿਆ ਕਰ, ਤਾਂ ਹੀ ਤੂੰ ਦਰਗਹਿ ਭਾਵ ਪ੍ਰਭੂ ਦੇ ਦਰਬਾਰ ਵਿਚ ਆਦਰ ਸਤਿਕਾਰ ਪਾ ਸਕੇਂਗਾ।

ਗੁਰ ਕਾ ਬਚਨੁ ਜਪਿ ਮੰਤੁ॥
ਏਹਾ ਭਗਤਿ ਸਾਰ ਤਤੁ॥
ਸਤਿਗੁਰ ਭਏ ਦਇਆਲ॥
ਨਾਨਕ ਦਾਸ ਨਿਹਾਲ॥

ਗੁਰਦੇਵ ਪਿਤਾ ਕਹਿੰਦੇ ਹਨ, ਹੇ ਭਾਈ! ਗੁਰੂ ਦਾ ਬਚਨ ਹੀ ਗੁਰੂ ਦਾ ਸ਼ਬਦ ਮੰਤਰ ਹੈ, ਉਸ ਨੂੰ ਤੂੰ ਸਦਾ ਹੀ ਜਪਿਆ ਕਰ; ਇਹੋ ਹੀ ਉਤਮ ਭਗਤੀ ਹੈ, ਇਹੋ ਹੀ ਭਗਤੀ ਦਾ ਅਸਲੀ ਸਾਰ ਤੱਤ ਹੈ। 'ਸਤਿਗੁਰ ਭਏ ਦਇਆਲ॥ ਨਾਨਕ ਦਾਸ ਨਿਹਾਲ॥' ਭਾਵ ਨਾਨਕ ਆਖਦਾ ਹੈ, ਜਿਨ੍ਹਾਂ ਮਨੁੱਖਾਂ ਉਤੇ ਸਤਿਗੁਰੂ ਜੀ ਦਇਆਵਾਨ ਹੁੰਦੇ ਹਨ, ਉਹ ਦਾਸ ਸਦਾ ਹੀ ਚੜ੍ਹਦੀ ਕਲਾ ਵਿਚ ਰਹਿੰਦੇ ਹਨ ਅਤੇ ਮਾਲਕ ਦੇ ਘਰ ਪਰਵਾਨ ਹੋ ਜਾਂਦੇ ਹਨ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

## ਗੁਰਬਾਣੀ ਗਿਆਨ

# ਅਸੰਖ ਮੂਰਖ ਅੰਧ ਘੋਰ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਕਈ ਸਿੱਖ ਵਿਦਵਾਨਾਂ ਨੂੰ ਵਹਿਮ ਹੈ ਕਿ 'ਅਸੰਖ' ਦਾ ਭਾਵ ਸੰਖਿਆ ਰਹਿਤ ਜਾਂ ਗਿਣਤੀ ਦਾ ਅਖੀਰਲਾ ਅੰਕ ਹੁੰਦਾ ਹੈ, ਜਿਸ ਤੋਂ ਅੱਗੇ ਗਿਣਤੀ ਨਹੀਂ ਹੋ ਸਕਦੀ; ਪਰ ਇਹ ਕਹਿਣਾ ਉਨ੍ਹਾਂ ਦੀ 'ਪੰਚ ਪ੍ਰਧਾਨੀ' ਸੋਚ ਦਾ ਪ੍ਰਤੀਕ ਹੈ, ਕਿਉਂਕਿ ਆਖਰੀ ਸੰਖਿਆ ਤਾਂ ਕੋਈ ਬਣੀ ਹੀ ਨਹੀਂ ਤੇ ਨਾ ਹੀ ਕੋਈ ਸੰਖਿਆ ਗਿਣਤੀ ਅੱਗੇ ਦੀਵਾਰ ਬਣੀ ਹੈ। ਕੁਦਰਤ ਦੀ ਇਸ ਅਨੰਤਤਾ ਨੂੰ ਦੱਸਣ ਲਈ ਹੀ ਤਾਂ ਗੁਰੂ ਸਾਹਿਬ ਨੇ ਇਸ ਵਿਸ਼ੇ ਨੂੰ ਛੋਹਿਆ ਹੈ। ਕੋਈ ਸਮਝੇ, ਨਾ ਸਮਝੇ, ਉਨ੍ਹਾਂ ਦਾ ਇਕ ਇਕ ਸ਼ਬਦ ਸੂਝ-ਸਿਆਣਪ ਨਾਲ ਗੁੰਦਿਆ ਹੋਇਆ ਹੈ ਅਤੇ ਇਕ ਇਕ ਧਾਰਨਾ ਪਿੱਛੇ ਅਜੋਕੇ ਵਿਗਿਆਨ ਦੀ ਢੋਅ ਹੈ। ਗਣਿੱਤ ਵਿਗਿਆਨਾਂ ਦਾ ਵਿਗਿਆਨ ਹੈ। ਵਿਗਿਆਨ ਦੀ ਉਨਤੀ ਦੇ ਨਾਲ ਨਾਲ ਗਣਿੱਤ ਵਿਚ ਵੀ ਬਹੁਤ ਵਾਧਾ ਹੋਇਆ ਹੈ ਤੇ ਇਸ ਨੇ ਕੁਦਰਤ ਬਾਰੇ ਮਨੁੱਖ ਦੀ ਮੱਤ 'ਤੇ ਪਏ ਕਈ ਪਰਦਿਆਂ ਨੂੰ ਤਾਰ ਤਾਰ ਕਰ ਦਿੱਤਾ ਹੈ। ਜੋ ਕੁਝ ਪਹਿਲਾਂ ਅਮ੍ਰਿਤ ਵੇਲੇ ਦੇ ਹਨੇਰੇ ਵਿਚ ਪਈ ਚੀਜ਼ ਵਾਂਗ ਸਾਫ ਨਹੀਂ ਸੀ ਦਿਸਦਾ, ਉਹ ਅੱਜ ਗਣਿੱਤੀ ਗਿਆਨ ਦੀ ਲਾਲਿਮਾ ਵਿਚ ਚਮਕਣ ਲੱਗਾ ਹੈ।

ਜਿਸ 'ਪੰਜ' ਨੂੰ ਪੰਡਿਤਾਂ ਨੇ ਅਕਾਰਣ ਸ੍ਰੇਸ਼ਠ ਮੰਨਿਆ ਹੋਇਆ ਸੀ ਤੇ ਜਿਸ ਨੂੰ ਬ੍ਰਾਹਮਣ ਬੁੱਧੀ ਵਾਲੇ ਲੋਕ ਹੁਣ ਵੀ ਇਵੇਂ ਹੀ ਮੰਨਦੇ ਹਨ, ਉਸ ਜਿਹੇ 'ਸ੍ਰੇਸ਼ਠ' ਅੰਕਾਂ (Prime Numbers) ਦੀ ਲੜੀ ਬਹੁਤ ਲੰਮੀ ਹੈ। ਗਣਿੱਤ ਵਿਗਿਆਨ ਵਿਚ ਸ੍ਰੇਸ਼ਠ ਸੰਖਿਆਵਾਂ ਦੀ ਪਛਾਣ ਬੜੀ ਪੁਰਾਣੀ ਹੈ। ਇਹ ਸੰਖਿਆਵਾਂ ਉਹ ਹੁੰਦੀਆਂ ਹਨ, ਜੋ ਆਪਣੇ 'ਤੇ ਇਕ ਤੋਂ ਬਿਨਾ ਕਿਸੇ ਹੋਰ ਦੁਆਰਾ ਵਿਭਾਜਿਤ ਨਾ ਹੋ ਸਕਣ, ਜਿਵੇਂ 2, 3, 5, 7, 11, 13 ਆਦਿ। ਈਸਾ ਤੋਂ ਚਾਰ ਸਦੀਆਂ ਪਹਿਲਾਂ ਯੂਨਾਨੀ ਹਿਸਾਬਦਾਨ ਯੁਕਲਿਡ (Euclid) ਨੇ ਇਨ੍ਹਾਂ ਦੀ ਗਿਣਤੀ ਬੇਅੰਤ ਦੱਸੀ ਸੀ। ਗਣਿਤ-ਵਿਗਿਆਨੀ ਉਦੋਂ ਤੋਂ ਹੀ ਇਨ੍ਹਾਂ ਸੰਖਿਆਵਾਂ ਨੂੰ ਅੱਗੇ ਤੋਂ ਅੱਗੇ ਖੋਜਦੇ ਚਲੇ ਆ ਰਹੇ ਹਨ। ਆਈਜ਼ਕ ਐਸਿਮੋਵ (Issac Asimov) ਦੀ ਪੁਸਤਕ 'Of Matters Great and Small' (1975) ਮੁਤਾਬਿਕ ਇਨ੍ਹਾਂ ਦੀ ਗਿਣਤੀ ਕੁਝ ਹਜ਼ਾਰ ਸੀ, ਅੱਜ ਕੰਪਿਊਟਰ ਦੀ ਵਰਤੋਂ ਨਾਲ ਇਹ ਪੰਜ ਕਰੋੜ ਤੋਂ ਵੀ ਵੱਧ ਹੋ ਗਈ ਹੈ। ਜਿਵੇਂ ਪੁਲਾੜ ਵਿਗਿਆਨੀ ਅੱਜ ਹੱਬਲ (Hubble) ਤੇ ਜੇਮਜ਼ ਵੈਬ (James Webb) ਜਿਹੀਆਂ ਆਧੁਨਿਕ ਦੂਰਬੀਨਾਂ ਨਾਲ ਅਸਮਾਨ ਪੁਣ-ਛਾਣ ਰਹੇ ਹਨ, ਉਵੇਂ ਹੀ ਸੁਪਰ ਕੰਪਿਊਟਰਾਂ ਅੱਗੇ ਬੈਠੇ ਅਨੇਕਾਂ ਗਣਿੱਤ ਵਿਗਿਆਨੀ ਬਿੱਟ-ਕੋਇਨ (Bit-coins) ਦੀ ਤਰ੍ਹਾਂ ਸ੍ਰੇਸ਼ਠ ਅੰਕਾਂ ਦੀ ਖੋਜ ਕਰ ਰਹੇ ਹਨ।

ਅੱਜ ਤੀਕ ਦਾ ਸਭ ਤੋਂ ਵੱਡਾ ਸ੍ਰੇਸ਼ਠ ਅੰਕ $2^{82,589,933}$ -1 ਹੈ, ਜੋ ਜਨਵਰੀ 2020 ਵਿਚ ਲੱਭਿਆ ਗਿਆ ਹੈ। ਜੇ ਇਸ ਸੰਖਿਆ ਨੂੰ ਆਮ ਗਿਣਤੀ ਅਨੁਸਾਰ ਲਿਖਿਆ ਜਾਵੇ ਤਾਂ ਇਸ ਦੀ ਲੰਬਾਈ 24,862,048 ਅੰਕਾਂ ਦੀ ਹੋਵੇਗੀ ਭਾਵ ਏਕੇ ਪਿੱਛੇ ਢਾਈ ਕਰੋੜ ਜ਼ੀਰੋਆਂ! ਪਰ ਇਹ ਆਖਰੀ ਸ੍ਰੇਸ਼ਠ ਸੰਖਿਆ ਨਹੀਂ ਹੈ। ਇੰਨੇ ਜ਼ਿਆਦਾ ਸ੍ਰੇਸ਼ਠ ਅੰਕਾਂ ਨੂੰ ਛੱਡ ਕੇ ਸਿਰਫ ਪੰਚ (ਪੰਜ) ਪਿੱਛੇ ਪੈਣਾ ਵਹਿਮੀਪੁਣੇ ਤੇ ਪਿੱਛਾਖਰਤਾ ਦੀ ਹੱਦ ਹੈ। ਗੁਰੂ ਸਾਹਿਬ ਏਹੀ ਗੱਲ ਸਮਝਾ ਕੇ ਗਏ ਹਨ।

ਕਈ ਅਧਿਆਤਮਵਾਦੀ ਵਿਦਵਾਨ ਸੋਚਣਗੇ ਕਿ ਚਲੋ ਪੰਜ ਦਾ ਤਾਂ ਕੁਝ ਨਹੀਂ, ਬਸ ਇਕ (1) ਦੀ ਸੰਖਿਆ ਸਲਾਮਤ ਰਹੇ, ਕਿਉਂਕਿ ਇਸ ਦਾ ਸਿੱਖੀ ਵਿਚ ਖਾਸ ਮਹਤੱਵ ਹੈ; ਪਰ ਕੁਦਰਤ ਦੇ ਰੰਗ ਹੀ ਐਸੇ ਨਿਆਰੇ ਹਨ ਕਿ 'ਜੋ ਤੁਧੁ ਭਾਵੈ ਸਾਈ ਭਲੀ ਕਾਰ' ਕਹਿਣਾ ਪੈਂਦਾ ਹੈ। ਇਸ ਵਲੋਂ ਇਕ ਦਾ ਵੀ ਕੋਈ ਠੋਸ ਵਜੂਦ ਨਹੀਂ ਹੈ। ਸੰਖਿਆ ਰੇਖਾ 'ਤੇ ਚਲਦਿਆਂ ਪਹਿਲਾਂ .9 ਆਉਂਦਾ ਹੈ। ਇਸ ਤੋਂ ਅੱਗੇ ਵਧੀਏ ਤਾਂ .99, .999, .9999 ਆਦਿ ਸੰਖਿਆਵਾਂ ਆਉਂਦੀਆਂ ਰਹਿਣਗੀਆਂ। ਭਾਵੇਂ ਸਾਰੀ ਉਮਰ .9 ਪਿੱਛੇ 9 ਦੇ ਅੰਕ ਵਾਹੀ ਜਾਓ, ਇਕ (1) ਦੇ ਨੇੜੇ ਨੇੜੇ ਤਾਂ ਚਲੇ ਜਾਓਗੇ, ਪਰ ਇਕ ਕਦੇ ਨਹੀਂ ਆਵੇਗਾ। ਵਾਰ ਵਾਰ ਇੰਦਾਂ ਕਰਨ ਨਾਲ .99999... ਹੀ ਇੱਡੀ ਵੱਡੀ ਸੰਖਿਆ ਹੋ ਜਾਵੇਗੀ ਕਿ ਹਿਸਾਬ ਵਿਗਿਆਨੀਆਂ ਨੂੰ ਹੱਦ (limit) ਦਾ ਫਾਰਮੂਲਾ ਲਾ ਕੇ ਇਸ ਨੂੰ ਇਕ ਮੰਨਣਾ ਪਵੇਗਾ। ਇਹ ਉਹੀ ਹੱਦ ਹੈ, ਜਿਸ ਅਨੁਸਾਰ ਸਾਰੇ ਦਰਖਤ, ਸਾਰੇ ਮਨੁੱਖ ਤੇ ਸਾਰੇ ਦੇਸ਼ ਆਦਿ ਇਕ ਮੰਨੇ ਤਾਂ ਜਾਂਦੇ ਹਨ, ਪਰ ਉਹ ਬਰਾਬਰ ਦੇ ਇਕ ਹੁੰਦੇ ਨਹੀਂ। ਫਿਰ ਕਿੱਥੇ ਹੈ ਇਕ? ਜਿਸ ਇਕ ਜਾਂ ਪੰਜ ਨੂੰ ਬ੍ਰਾਹਮਣਵਾਦੀ ਅੱਡੀ ਚੋਟੀ ਦਾ ਜੋਰ ਲਾ ਕੇ ਪਵਿੱਤਰ ਮੰਨ ਰਹੇ ਹਨ, ਉਸ ਦੀ ਤਾਂ ਕੋਈ ਠੋਸ ਹੋਂਦ ਹੀ ਨਹੀਂ। ਇਸ ਸੰਸਾਰ ਦਾ ਢਾਂਚਾ ਹੀ ਉਸ ਮਾਯਾ 'ਤੇ ਟਿਕਿਆ ਹੈ, ਜੋ ਹੈ ਵੀ ਤੇ ਹੈ ਵੀ ਨਹੀਂ। ਇਸੇ ਲਈ ਗੁਰੂ ਸਾਹਿਬ ਨੇ ਦਿਮਾਗ ਦੀ ਵਰਤੋਂ ਨਾਲ ਇਸ ਦੀ ਪਿੱਠ-ਭੂਮੀ ਨੂੰ ਖੋਜਣ ਲਈ ਕਿਹਾ ਹੈ। ਪਰ ਛੋਟੇ ਹਿਸਾਬਾਂ ਵਿਚ ਉਲਝ ਰਹੇ ਅਜੋਕੇ ਵਿਦਵਾਨ ਤੇ ਪੁਜਾਰੀ ਗੁਰੂ ਸਾਹਿਬ ਦੀ ਇਸ ਸਿੱਖਿਆ ਵਲ ਧਿਆਨ ਹੀ ਨਹੀਂ ਦੇ ਰਹੇ। ਸ਼ਾਇਦ ਇਸ ਲਈ ਕਿ ਜੇ ਉਹ ਦੇਣ ਤਾਂ ਉਨ੍ਹਾਂ ਪੱਲੇ ਕੁਝ ਰਹਿੰਦਾ ਨਹੀਂ, ਨਾ ਆਪੂੰ ਘੜਿਆ ਅਧਿਆਤਮਕ ਗਿਆਨ, ਨਾ ਉਗਰਾਹੀ ਗੋਲਕ!

ਕੋਈ ਇਹ ਵੀ ਨਾ ਸਮਝੇ ਕਿ ਗੁਰੂ ਸਾਹਿਬ ਸੰਖਿਆ-ਰਹਿਤ ਹਿਸਾਬ ਤੋਂ ਅਣਜਾਣ ਸਨ। ਉਨ੍ਹਾਂ ਨੂੰ ਇਸ ਦਾ ਪੱਕਾ ਪਤਾ ਸੀ ਤੇ ਉਨ੍ਹਾਂ ਨੇ ਇਸ ਲਈ ਅਨੰਤ (Infinity) ਦਾ ਸ਼ਬਦ ਵਰਤਿਆ ਹੈ। ਉਹ ਅਨੰਤ ਤੇ ਅਸੰਖ ਦੇ ਫਰਕ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਨ੍ਹਾਂ ਨੇ ਅਨੰਤ ਸ਼ਬਦ ਨੂੰ ਆਪਣੀ ਬਾਣੀ ਵਿਚ ਕਈ ਵਾਰ ਵਰਤਿਆ ਹੈ, ਪਰ ਅਸੰਖ ਵਾਲੀਆਂ ਪਉੜੀਆਂ ਵਿਚ ਅਸੰਖ ਹੀ ਵਰਤਿਆ ਹੈ। ਇਹ ਇਸ ਲਈ ਕਿ ਉਥੇ ਜਿਨ੍ਹਾਂ ਲੋਕਾਂ ਦੀ ਗਿਣਤੀ ਦਾ ਉਹ ਜ਼ਿਕਰ ਕਰ ਰਹੇ ਹਨ, ਉਹ ਅਨੰਤ ਨਹੀਂ, ਅਸੰਖ ਹੀ ਹਨ। ਕਿਸੇ ਵੀ ਸਮਾਜ ਵਿਚ ਪੂਜਾ ਪਾਠ ਕਰਨ ਵਾਲੇ ਤੇ ਗਲਵੱਢ ਹਤਿਆ ਕਮਾਉਣ ਵਾਲੇ ਗਿਣਤੀ ਵਿਚ ਭਾਵੇਂ ਕਿੰਨੇ ਵੀ ਹੋਣ, ਪਰ ਅਨੰਤ ਨਹੀਂ ਹੋ ਸਕਦੇ। ਜੇ ਗੁਰੂ ਸਾਹਿਬ ਦਾ ਮਨੋਰਥ ਗਿਣਤੀ ਦੱਸਣ ਦਾ ਹੁੰਦਾ ਤਾਂ ਉਹ ਕਰੋੜ (ਕੋਟਿ) ਦੀ ਸੰਖਿਆ ਵਰਤਦੇ। ਪ੍ਰਸਿੱਧ ਇਤਿਹਾਸਕਾਰ ਕੇ. ਐਸ. ਲਾਲ ਅਨੁਸਾਰ 1500 ਈ. ਵਿਚ ਪੂਰੇ ਭਾਰਤ ਦੀ ਜਨ ਸੰਖਿਆ ਹੀ 15 ਕਰੋੜ ਤੋਂ ਵੱਧ ਨਹੀਂ ਸੀ, ਜੋ ਕੋਟਾਂ ਵਿਚ ਗਿਣੀ ਜਾ ਸਕਦੀ ਸੀ, ਪਰ ਇੱਥੇ ਉਨ੍ਹਾਂ ਨੇ ਕੋਟਿ ਸ਼ਬਦ ਨਹੀਂ ਵਰਤਿਆ। ਇਸ ਲਈ ਅਸੰਖ ਤੋਂ ਉਨ੍ਹਾਂ ਦੀ ਮੁਰਾਦ ਇਕ ਨਿਸ਼ਚਿਤ ਗਿਣਤੀ ਤੋਂ ਨਾ ਹੋ ਕੇ ਕਿਸੇ ਗਿਣਤੀ ਬਾਹਰੀ ਭਾਰੀ ਸੰਖਿਆ ਤੋਂ ਸੀ, ਜੋ ਪੰਜ ਦੀ ਸ੍ਰੇਸ਼ਠਤਾ ਦਾ ਪਾਜ ਆਸਾਨੀ ਨਾਲ ਉਘਾੜ ਸਕਦੀ। ਇਸ ਲਈ ਉਨ੍ਹਾਂ ਨੇ ਅਨਿਸ਼ਚਿਤ, ਪਰ ਬਹੁਲਤਾ ਦੇ ਭਾਵ ਵਾਲਾ 'ਅਸੰਖ' ਸ਼ਬਦ ਵਰਤਣਾ ਹੀ ਠੀਕ ਸਮਝਿਆ।

ਗੁਰੂ ਸਾਹਿਬ ਅਨੁਸਾਰ ਕੁਦਰਤ ਵਿਚ ਗਿਆਨ ਤੇ ਗਣਿੱਤ ਦਾ ਡੂੰਘਾ ਰਿਸ਼ਤਾ ਹੈ। ਕੁਦਰਤ ਦੇ ਵਰਤਾਰੇ ਇੱਡੇ ਵੱਡੇ ਪੈਮਾਨੇ ਦੇ ਹਨ ਕਿ ਪੰਜ-ਸੱਤ ਦੀਆਂ ਅਖੌਤੀ ਪਵਿਤਰ ਸੰਖਿਆਵਾਂ 'ਤੇ ਟਿਕੇ ਰਹਿਣ ਨਾਲ ਇਨ੍ਹਾਂ ਦੀ ਸਮਝ ਨਹੀਂ ਆਉਣੀ। ਪ੍ਰਕਿਰਤੀ ਦੇ ਸਹੀ ਗਿਆਨ ਲਈ ਦਿਮਾਗ ਤੇ ਗਣਿੱਤ ਦੀ ਵਰਤੋਂ ਜਰੂਰੀ ਹੈ। ਇਹ ਗੱਲ ਉਨ੍ਹਾਂ ਨੇ ੴ ਦਾ ਗਣਿੱਤੀ ਗੁਰ ਦੇ ਕੇ ਪਹਿਲਾਂ ਹੀ ਨਿਸ਼ਚਿਤ ਕਰ ਦਿੱਤੀ ਹੋਈ ਹੈ। ਇਸੇ ਥੀਮ (Theme) ਭਾਵ ਸੰਸਾਰ ਦੀ ਵਿਵਿਧਤਾ ਦੇ ਵਿਸ਼ੇ ਨੂੰ ਉਹ ਅਗਲੀਆਂ ਪਉੜੀਆਂ ਵਿਚ ਵੀ ਜਾਰੀ ਰੱਖਦੇ ਹਨ। ਉਨ੍ਹਾਂ ਦੀ ਲਿਖੀ 18ਵੀਂ ਪਉੜੀ ਇਸ ਤਰ੍ਹਾਂ ਹੈ,

> ਅਸੰਖ ਮੂਰਖ ਅੰਧ ਘੋਰ॥
> ਅਸੰਖ ਚੋਰ ਹਰਾਮਖੋਰ॥
> ਅਸੰਖ ਅਮਰ ਕਰਿ ਜਾਹਿ ਜੋਰ॥
> ਅਸੰਖ ਗਲਵਢ ਹਤਿਆ ਕਮਾਹਿ॥
> ਅਸੰਖ ਪਾਪੀ ਪਾਪੁ ਕਰਿ ਜਾਹਿ॥
> ਅਸੰਖ ਕੂੜਿਆਰ ਕੂੜੇ ਫਿਰਾਹਿ॥
> ਅਸੰਖ ਮਲੇਛ ਮਲੁ ਭਖਿ ਖਾਹਿ॥
> ਅਸੰਖ ਨਿੰਦਕ ਸਿਰਿ ਕਰਹਿ ਭਾਰੁ॥
> ਨਾਨਕੁ ਨੀਚੁ ਕਹੈ ਵੀਚਾਰੁ॥
> ਵਾਰਿਆ ਨ ਜਾਵਾ ਏਕ ਵਾਰ॥
> ਜੋ ਤੁਧੁ ਭਾਵੈ ਸਾਈ ਭਲੀ ਕਾਰ॥
> ਤੂ ਸਦਾ ਸਲਾਮਤਿ ਨਿਰੰਕਾਰ॥੧੮॥

ਇਸ ਪਉੜੀ 'ਤੇ ਸਰਸਰੀ ਝਾਤ ਮਾਰਿਆਂ ਕੁਝ ਮੁੱਖ ਗੱਲਾਂ ਸਾਹਮਣੇ ਆਉਂਦੀਆਂ ਹਨ। ਪਹਿਲੀ ਇਹ ਕਿ ਇਸ ਵਿਚ ਸਮਾਜ ਵਿਰੋਧੀ ਤੇ ਨਿੰਦਣਯੋਗ ਕੰਮਾਂ ਵਿਚ ਲੱਗੇ ਲੋਕਾਂ ਦਾ ਜ਼ਿਕਰ ਹੈ। ਇਸ ਤੋਂ ਪਹਿਲੀ ਪਉੜੀ ਵਿਚ ਪੂਜਾ ਪਾਠ ਤੇ ਹੋਰ ਚੰਗੇ ਸਮਝੇ ਜਾਂਦੇ ਕੰਮਾਂ ਵਿਚ ਲੱਗੇ ਲੋਕਾਂ ਦਾ ਵੇਰਵਾ ਸੀ। ਭਾਵੇਂ ਦੋਹਾਂ ਪਉੜੀਆਂ ਦਾ ਸਬੰਧ ਵਿਪਰੀਤ ਧੰਦੇ ਕਰਨ ਵਾਲਿਆਂ ਨਾਲ ਹੈ, ਪਰ ਗੁਰੂ ਸਾਹਿਬ ਨੇ ਇਨ੍ਹਾਂ ਵਿਚੋਂ ਸਿੱਧੀ ਉਸਤਤ-ਨਿੰਦਾ ਕਿਸੇ ਦੀ ਨਹੀਂ ਕੀਤੀ। ਉਹ ਤਾਂ ਨਿਰਪੱਖ ਰਹਿ ਕੇ ਉਨ੍ਹਾਂ ਦੇ ਵੇਰਵੇ ਦੱਸ ਰਹੇ ਹਨ ਤੇ ਕੁਦਰਤ ਦੀ ਵੰਨ-ਸਵੰਨਤਾ ਦਰਸਾ ਰਹੇ ਹਨ। ਇਹ ਗੱਲ ਵੀ ਪ੍ਰਤੱਖ ਹੈ ਕਿ ਉਨ੍ਹਾਂ ਨੇ ਚੰਗਿਆਂ ਦਾ ਵੇਰਵਾ ਪਹਿਲਾਂ ਦਿੱਤਾ ਤੇ ਮਾੜਿਆਂ ਦਾ ਬਾਅਦ ਵਿਚ। ਇਹ ਚੜ੍ਹਦੀ ਕਲਾ ਵਾਲੀ ਗੱਲ ਹੈ, ਜੋ ਦਰਸਾਉਂਦੀ ਹੈ ਕਿ ਉਹ ਸੰਵੇਦਨਸ਼ੀਲ ਸਮਾਜ ਗਿਆਨੀ ਸਨ। ਨਿਰਪੇਖ ਰਹਿ ਕੇ ਲੜੀਵਾਰ ਵਰਣਨ ਕਰਨਾ ਗੁਰੂ ਸਾਹਿਬ ਦੀ ਵਿਗਿਆਨਕ ਰੁਚੀ ਦਾ ਪ੍ਰਤੀਕ ਹੈ। ਸਭ ਵਿਗਿਆਨੀ ਆਪਣੇ ਡੈਟੇ ਦਾ ਪ੍ਰਦਰਸ਼ਨ ਤੇ ਵਿਸ਼ਲੇਸ਼ਣ ਵਰਗ-ਵੰਡ (Classify) ਕਰ ਕੇ ਹੀ ਕਰਦੇ ਹਨ।

ਦੂਜੀ ਗੱਲ ਇਹ ਕਿ ਜਿੱਥੇ 16ਵੀਂ, 17ਵੀਂ ਤੇ 19ਵੀਂ ਪਉੜੀਆਂ ਵਿਚ 'ਕੁਦਰਤਿ ਕਵਣ ਕਹਾ ਵੀਚਾਰੁ' ਲਿਖਿਆ ਹੋਇਆ ਹੈ, ਉਥੇ 18ਵੀਂ ਪਉੜੀ ਵਿਚ 'ਨਾਨਕੁ ਨੀਚੁ ਕਹੈ ਵੀਚਾਰੁ' ਲਿਖਿਆ ਹੈ। ਕਈ ਵਿਦਵਾਨ ਇਸ ਦੇ ਸ਼ਬਦੀ ਅਰਥ ਕਰਦਿਆਂ ਲਿਖਦੇ ਹਨ ਕਿ ਗੁਰੂ ਸਾਹਿਬ ਆਪਣੇ ਆਪ ਨੂੰ ਨੀਚ ਦੱਸ ਕੇ ਨੀਵੇਂ ਲੋਕਾਂ ਨਾਲ ਖੜ੍ਹਦੇ ਸਨ। ਇਸ ਦਾ ਸਿੱਧਾ ਅਰਥ ਇਹ ਹੋਇਆ ਕਿ ਉਹ ਗਲ ਵੱਢ ਹਤਿਆ ਕਮਾਉਣ ਵਾਲਿਆਂ ਦਾ ਸਮਰਥਨ ਕਰਦੇ ਸਨ। ਇਸ ਦਾ ਭਾਵ ਇਹ ਵੀ ਹੋਇਆ ਕਿ ਉਂਜ ਨੀਚ ਤਾਂ ਉਹ ਆਪਣੇ ਆਪ ਨੂੰ ਵੀ ਸਮਝਦੇ ਸਨ, ਪਰ ਇਹ ਗਲਵੱਢ ਹਤਿਆਰੇ ਤਾਂ ਬਹੁਤ ਹੀ ਹੇਠਲੇ ਦਰਜੇ ਦੇ ਨੀਚ ਸਨ, ਇਸ ਲਈ ਉਹ ਉਨ੍ਹਾਂ ਨਾਲ ਨਹੀਂ ਸਨ ਖੜ੍ਹਦੇ। ਵਿਦਵਾਨਾਂ ਦੀ ਵਿਆਕਰਣ ਭਾਵੇਂ ਕੁਝ ਵੀ ਕਹੇ, ਇਸ ਤਰ੍ਹਾਂ ਦੇ ਅਰਥ ਸਹੀ ਨਹੀਂ ਹਨ। ਗੁਰਬਾਣੀ ਕਾਵਿ ਹੈ ਤੇ ਕਾਵਿ ਰੂਪ ਵਿਚ ਸ਼ਬਦ ਲਿਖਿਆ ਕਿਤੇ ਹੁੰਦਾ ਹੈ ਤੇ ਉਸ ਦਾ ਸਬੰਧ ਕਿਤੇ ਹੋਰ ਹੁੰਦਾ ਹੈ। ਇਸ ਲਈ ਇਸ ਦੇ ਅਰਥ ਪੜ੍ਹਿਆਂ ਹੀ ਪੱਲੇ ਪੈਂਦੇ ਹਨ, ਵਿਆਕਰਣਕ ਸੇਧਾਂ ਨਾਲ ਨਹੀਂ।

ਗੁਰੂ ਸਾਹਿਬ ਸੋਚ ਵਿਚਾਰ ਕੇ ਆਪਣੀ ਗੱਲ ਰੱਖ ਰਹੇ ਹਨ, ਉਹ ਨੀਚ ਕਿਵੇਂ ਹੋਏ? ਸ਼ਬਦ ਨੀਚ ਉਨ੍ਹਾਂ ਧੰਦਿਆਂ ਦੇ ਸਬੰਧ ਵਿਚ ਹੈ, ਜਿਨ੍ਹਾਂ ਦਾ ਉਹ ਜ਼ਿਕਰ ਕਰ ਰਹੇ ਹਨ। ਸੋ, ਤੁਕ ਦਾ ਅਰਥ ਬਣਦਾ ਹੈ ਕਿ ਨਾਨਕ ਮਾੜੇ (ਨੀਚ) ਕੰਮਾਂ ਵਿਚ ਪਏ ਲੋਕਾਂ ਦੀ ਸੰਖਿਆ ਦਾ ਵਿਚਾਰ ਕਰ ਕੇ ਕਹਿੰਦਾ ਹੈ ਕਿ ਕੁਦਰਤ ਦਾ ਸਰਵੇਖਣ ਇਕ ਵਾਰ ਕਰਨਾ ਵੀ ਮੁਸ਼ਕਿਲ ਹੈ। ਉਨ੍ਹਾਂ ਦਾ ਇੱਥੇ ਆਪਣੇ ਆਪ ਨੂੰ ਨੀਚ ਦੱਸਣ ਦਾ ਨਾ ਕੋਈ ਅਰਥ ਹੈ, ਨਾ ਮਨੋਰਥ ਤੇ ਨਾ ਸੰਦਰਭ। ਹਲੀਮੀ ਨਾਲ ਹੀ ਸਹੀ, ਇਸ ਵੇਰਵਿਆਂ ਭਰੀ ਹਿਸਾਬੀ-ਕਿਤਾਬੀ ਗੱਲ ਵਿਚ ਉਨ੍ਹਾਂ ਦੇ ਆਪਣੇ ਆਪ ਨੂੰ ਨੀਚ ਕਹਿਣ ਨਾਲ ਉਨ੍ਹਾਂ ਦੀ ਦਲੀਲ ਕਿਸੇ ਤਰ੍ਹਾਂ ਵੀ ਵਜ਼ਨਦਾਰ ਨਹੀਂ ਬਣਦੀ। ਉਹ ਤਾਂ ਦਿਮਾਗ ਨੂੰ ਰੂੜੀਵਾਦ ਤੋਂ ਮੁਕਤ ਕਰ ਕੇ ਗਣਿਤੀ ਸੂਝ (Mathematical Sense) ਨਾਲ ਜੋੜਨ ਦਾ ਸੁਝਾਅ ਦੇ ਰਹੇ ਹਨ।

ਗੁਰਬਾਣੀ ਵਿਆਕਰਣ ਵਾਲੇ ਵਿਦਵਾਨ ਇਹ ਵੀ ਇਤਰਾਜ਼ ਕਰਨਗੇ ਕਿ ਇੱਥੇ ਗੁਰੂ ਸਾਹਿਬ 'ਸੋਚ ਵਿਚਾਰ ਕੇ' ਨਹੀਂ ਕਹਿ ਰਹੇ, ਸਗੋਂ 'ਵਿਚਾਰ' ਰੱਖ ਰਹੇ ਹਨ, "ਰ" ਦੇ ਪੈਰ ਔਂਕੜ (ਰੁ) ਜੋ ਹੈ। ਇਸ ਲਈ "ਵਿਚਾਰੁ" ਇਕ-ਵਚਨ ਭਾਵ-ਵਾਚਕ ਸੰਗਿਆ ਹੈ, ਕ੍ਰਿਆ-ਵਿਸ਼ੇਸ਼ਣ ਨਹੀਂ। ਉਹ ਇਹ ਵੀ ਕਹਿਣਗੇ ਕਿ ਸ਼ਬਦ 'ਵਿਚਾਰੁ' ਤੋਂ ਬਾਅਦ "ਕੇ" ਜਿਹਾ ਕੋਈ ਸਬੰਧਕ ਵੀ ਨਹੀਂ ਲੱਗਾ ਹੋਇਆ, ਜੋ ਇਸ ਨੂੰ ਕ੍ਰਿਆ ਦਾ ਰੂਪ ਦੇਵੇ। ਗੱਲ ਉਨ੍ਹਾਂ ਦੀ ਵੀ ਠੀਕ ਹੈ, ਕਿਉਂਕਿ ਉਨ੍ਹਾਂ ਨੂੰ ਗਰਦਨ ਪਿੱਛੋਂ ਹੱਥ ਘੁਮਾ ਕੇ ਹੀ ਕੰਨ ਫੜਨਾ ਸਿਖਾਇਆ ਗਿਆ ਹੈ। ਇਹ ਵਿਦਵਾਨ ਇਹ ਭੁੱਲ ਜਾਂਦੇ ਹਨ ਕਿ ਗੁਰਬਾਣੀ ਵਸਤੂ (Content) ਪ੍ਰਧਾਨ ਹੈ, ਰੂਪ (Form) ਪ੍ਰਧਾਨ ਨਹੀਂ। ਇਹ ਕਵਿਤਾ ਰੂਪ ਹੈ ਜਰੂਰ, ਪਰ ਕਾਵਿ ਰੂਪ ਇਕ ਸੰਦੇਸ਼ ਦੇਣ ਲਈ ਅਪਨਾਇਆ ਗਿਆ ਹੈ, ਜੋ ਕੀਰਤਨ ਕਰਨ ਨਾਲੋਂ ਵਧੇਰੇ ਅਹਿਮ ਹੈ।

ਸੰਦੇਸ਼ ਵਧੇਰੇ ਅਹਿਮ ਇਸ ਲਈ ਹੈ ਕਿ ਇਹ ਕ੍ਰਿਆਸ਼ੀਲ ਹੈ। ਇਸ ਲਈ ਵਿਆਖਿਆ ਸੰਦੇਸ਼ ਦੀ ਹੁੰਦੀ ਹੈ, ਨਾ ਕਿ ਰੂਪ ਦੀ। ਰੂਪ ਤਾਂ ਪਹਿਲਾਂ ਹੀ ਪੱਕੀਆਂ ਇੱਟਾਂ ਵਾਂਗ ਜੜਿਆ ਹੁੰਦਾ ਹੈ। ਇਸ ਨੂੰ ਹਿਲਾਉਣ ਨਾਲ ਤਾਂ ਬਾਣੀ ਦੀ ਬੇਅਦਬੀ ਹੁੰਦੀ ਹੈ। ਇਸ ਪੱਕੀ ਬਣਤਰ ਨੂੰ ਮਨਸੂਈ ਵਿਆਕਰਣ ਵਿਚ ਹੋਰ ਕੱਸਣ ਦੀ ਕੀ ਲੋੜ? ਜਿਵੇਂ ਕੁਦਰਤ ਦੇ ਹਰ ਖੇਤਰ ਵਿਚ ਹੁੰਦਾ ਹੈ, ਵਸਤੂ ਦੇ ਵਿਕਾਸ ਨਾਲ ਰੂਪ ਬਦਲਦਾ ਨਹੀਂ ਟੁੱਟਦਾ ਹੈ। ਅੰਡੇ ਵਿਚ ਜੀਵ ਵੱਡਾ ਹੋਣ 'ਤੇ ਇਸ ਦਾ ਖੋਲ ਟੁੱਟਦਾ ਹੈ, ਪਰ ਜੀਵ ਦਾ ਵਿਕਾਸ ਨਹੀਂ ਰੁਕਦਾ। ਬਾਣੀ ਵਿਚ ਵੀ ਵਸਤ ਜਰੂਰੀ (Necessary) ਹੈ ਤੇ ਬਾਹਰੀ ਪ੍ਰਗਟਾਵਾ ਆਰਜੀ (Incidental) ਹੈ, ਪਰ ਬਾਣੀ ਦੇ ਵਿਚਾਰ ਪਹਿਲਾਂ ਹੀ ਇੰਨੇ ਵਿਗਿਆਨਕ ਹਨ, ਤੇ ਇਸ ਦਾ ਰੂਪ ਇੰਨਾ ਸੁਖਾਵਾਂ ਕਿ ਇਹ ਆਪਸ ਵਿਚ ਨਹੀਂ ਖਹਿੰਦੇ। ਇਸ ਲਈ ਵਿਆਕਰਣ ਹਿਤੈਸ਼ੀਆਂ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਘੜੇ ਨਿਯਮ ਵਿਸ਼ੇ-ਵਸਤੂ ਦੇ ਵਿਕਾਸ ਤੇ ਵਿਆਖਿਆ ਨੂੰ ਰੋਕ ਨਹੀਂ ਸਕਦੇ। ਭਾਵੇਂ ਉਹ 'ਰ' ਨੂੰ ਔਂਕੜ ਲਾ ਕੇ "ਵਿਚਾਰ" ਸ਼ਬਦ ਨੂੰ ਨਾਂਵ ਬਣਾਉਣ ਦੀ ਲੱਖ ਕੋਸ਼ਿਸ਼ ਕਰਨ, ਸੰਦਰਭ ਮੁਤਾਬਿਕ ਇਸ ਦੇ ਢੁਕਵੇਂ ਅਰਥ "ਵਿਚਾਰ ਕੇ ਕਹਿਣਾ" ਹੀ ਬਣਨਗੇ।

ਇਸ ਨਿਯਮ ਤੋਂ ਉਲਟ ਚਲਦੇ ਕਈ ਬ੍ਰਾਹਮਣਵਾਦੀ ਰੁਚੀ ਦੇ ਮਾਲਕ ਰੂਪ ਨੂੰ ਤਾਲਾ ਲਾਉਣ ਦਾ ਯਤਨ ਕਰਦੇ ਹਨ। ਉਨ੍ਹਾਂ ਨੂੰ ਖਦਸ਼ਾ ਹੈ ਕਿ 'ਵਿਚਾਰ ਕੇ ਕਹਿਣਾ' ਸੁਰਖਿਅਤ ਨਹੀਂ ਹੈ, ਕਿਉਂਕਿ ਸੋਚ ਵਿਚਾਰ ਕਰਨ ਵਿਚ ਦਿਮਾਗ ਦੀ ਵਰਤੋਂ ਹੋਵੇਗੀ, ਸਵਾਲ ਜਵਾਬ ਹੋਣਗੇ ਤੇ ਇਸ ਕ੍ਰਿਆ ਦੌਰਾਨ ਤਬਦੀਲੀ ਸੰਭਵ ਹੈ। ਦੂਜੇ ਪਾਸੇ 'ਵਿਚਾਰ ਰੱਖਣਾ' ਕਹਿਣ ਵਿਚ ਵਿਚਾਰ ਦੇ ਬਦਲਣ ਦੀ ਕੋਈ ਗੁੰਜਾਇਸ਼ ਨਹੀਂ, ਕਿਉਂਕਿ ਵਿਚਾਰ ਤਾਂ ਪਹਿਲਾਂ ਹੀ ਪੂਰੀ ਤਰ੍ਹਾਂ ਬਣ ਚੁਕਾ ਹੈ। ਇਸ ਤਰ੍ਹਾਂ ਕਹਿ ਕੇ ਉਹ ਗੁਰਬਾਣੀ ਦੀ ਵਿਆਖਿਆ ਆਪਣੇ ਹੱਥ ਰੱਖਣਾ ਚਾਹੁੰਦੇ ਹਨ, ਦੂਜਿਆਂ ਦੇ ਹੱਥ ਨਹੀਂ ਜਾਣ ਦੇਣਾ ਚਾਹੁੰਦੇ।

ਤੀਜੀ ਵੱਡੀ ਗੱਲ ਇਹ ਕਿ ਸਭ ਅਜੋਕੇ ਸਿੱਖ ਵਿਦਵਾਨ "ਵਾਰਿਆ ਨ ਜਾਵਾ ਏਕ ਵਾਰ" ਦੇ ਅਰਥ ਕਰਦਿਆਂ ਕਹਿੰਦੇ ਹਨ ਕਿ ਕੁਦਰਤ ਦੀ ਵਿਸ਼ਾਲਤਾ ਨੂੰ ਦੇਖਦਿਆਂ ਗੁਰੂ ਸਾਹਿਬ ਦਾ ਪਰਮਾਤਮਾ ਤੋਂ ਵਾਰ ਵਾਰ ਕੁਰਬਾਨ ਹੋਣ ਨੂੰ ਦਿਲ ਕਰਦਾ ਹੈ, ਪਰ ਉਹ ਇਕ ਵਾਰ ਵੀ ਨਹੀਂ ਹੋ ਸਕਦੇ। ਉਹ ਇਹ ਨਹੀਂ ਸੋਚਦੇ ਕਿ ਗੱਲ ਤਾਂ ਤਿੰਨ ਪਉੜੀਆਂ ਤੋਂ ਗਿਣਤੀ ਮਿਣਤੀ ਤੇ ਸੋਚ ਵਿਚਾਰ ਦੀ ਚੱਲ ਰਹੀ ਹੈ, ਵਿਚ ਕੁਰਬਾਨ ਹੋਣ ਦੀ ਗੱਲ ਕਿਥੋਂ ਆ ਗਈ?

ਕਹਿ ਤਾਂ ਗੁਰੂ ਸਾਹਿਬ ਇਹ ਰਹੇ ਹਨ ਕਿ ਕੁਦਰਤ ਇੰਨੀ ਵਿਰਾਟ ਹੈ ਕਿ ਇਸ ਦੇ ਵੇਰਵਿਆਂ ਦਾ ਇਕ ਵਾਰ ਵੀ ਜਾਇਜ਼ਾ ਨਹੀਂ ਲਿਆ ਜਾ ਸਕਦਾ, ਇਸ ਨਾਲ ਮਰਨ ਦਾ ਖਿਆਲ ਕਿਵੇਂ ਆ ਜੁੜਿਆ? ਕੀ ਗੁਰੂ ਸਾਹਿਬ ਸਮਝਦੇ ਸਨ ਕਿ ਕੁਰਬਾਨ ਹੋਣ ਨਾਲ ਜਾਂ ਸਵੈ-ਬਲੀਦਾਨ ਨਾਲ ਵਿਸ਼ਾਲਤਾ ਦਾ ਅੰਦਾਜ਼ਾ ਲੱਗ ਸਕੇਗਾ? ਵੇਰਵਿਆਂ ਦੀ ਬਹੁਲਤਾ ਨਾਲ ਉਨ੍ਹਾਂ ਨੂੰ ਵਿਸਮਾਦ ਤਾਂ ਹੋ ਸਕਦਾ ਸੀ, ਕੁਰਬਾਨ ਹੋਣ ਦਾ ਵਿਚਾਰ ਕਿਉਂ ਆਉਂਦਾ? ਸਪਸ਼ਟ ਹੈ ਕਿ ਅਜੋਕੇ ਵਿਦਵਾਨਾਂ ਦੇ ਮਨਾਂ ਵਿਚ ਬੈਠਿਆ ਪੁਜਾਰੀ ਸਿੱਖ ਸ਼ਰਧਾਲੂਆਂ ਨੂੰ ਇਹ ਕਹਿ ਰਿਹਾ ਹੈ ਕਿ ਜੇ ਗੁਰੂ ਸਾਹਿਬ ਪਰਮਾਤਮਾ 'ਤੇ ਕੁਰਬਾਨ ਹੋਣ ਦੀ ਸੋਚਦੇ ਹਨ ਤਾਂ ਉਹ ਵੀ ਗੁਰੂਧਾਮਾਂ ਵਿਚ ਆਪਣਾ ਤਨ, ਮਨ, ਧਨ ਅਰਪਨ ਕਰਨ!

ਵਿਦਵਾਨਾਂ ਦੇ ਮਨ ਦਾ ਇਹ ਝੁਕਾਅ ਪੂਰੀ ਪੁਜਾਰੀ ਸ਼੍ਰੇਣੀ ਵਿਚ ਫੈਲਿਆ ਹੋਇਆ ਹੈ। ਇਸ ਦੀ ਹੋੜ ਵਿਚ ਉਹ ਗੁਰਬਾਣੀ ਦਾ ਰੁਖ ਹਰ ਹੀਲੇ ਬੌਧਿਕਤਾ ਤੋਂ ਵਿਸ਼ਵਾਸ ਵਲ ਘੁਮਾਉਣ ਦੀ ਕੋਸ਼ਿਸ਼ ਕਰਦੇ ਹਨ। ਇਥੋਂ ਤੀਕ ਕਿ ਪਦ-ਰੂਪ ਗੁਰਬਾਣੀ ਲਈ ਵੀ ਵਿਆਕਰਣ ਤਿਆਰ ਕਰ ਲੈਂਦੇ ਹਨ। ਮਿਸਾਲ ਵਜੋਂ 18ਵੀਂ ਪਉੜੀ ਜਪੁਜੀ ਦੀਆਂ ਅਤਿ ਆਸਾਨ ਤੇ ਪ੍ਰਤੱਖ ਭਾਵ ਵਾਲੀਆਂ ਪਉੜੀਆਂ ਵਿਚੋਂ ਇਕ ਹੈ। ਇਸ ਨੂੰ ਹਰ ਪਾਠਕ ਸਹਿਜ ਨਾਲ ਸਮਝ ਸਕਦਾ ਹੈ, ਪਰ ਇਸ ਦੀ ਵੀ ਉਹ ਇਕੋ ਜਿਹੀ ਅਧਿਆਤਮਕ ਵਿਆਖਿਆ ਕਰਦੇ ਹਨ। ਸਭ ਦੇ ਸਭ ਪੰਚ ਜਿਹੀਆਂ ਸ੍ਰੇਸ਼ਠ ਸੰਖਿਆਵਾਂ ਦੇ ਵਹਿਮ ਬਾਰੇ ਚੁੱਪ ਰਹਿ ਕੇ ਗੁਰੂ ਸਾਹਿਬ ਦੇ ਮੁਢਲੇ ਨੁਕਤੇ ਤੋਂ ਮੁਕੰਮਲ ਤੌਰ 'ਤੇ ਮੂੰਹ ਫੇਰ ਲੈਂਦੇ ਹਨ। ਉਹ ਕੁਦਰਤ ਨੂੰ ਨਿਹਾਰਨ ਦੀ ਥਾਂ ਨਿਰੰਕਾਰ ਨੂੰ ਪੂਜਣ ਦੀ ਗੱਲ ਕਰਦੇ ਹਨ। ਉਹ ਮਾੜੇ ਕੰਮਾਂ ਨੂੰ ਭੈ ਰੂਪ ਵਿਚ ਪੇਸ਼ ਕਰ ਕੇ ਮਾਸੂਮ ਸ਼ਰਧਾਲੂਆਂ ਨੂੰ ਸੋਚਣ ਦੀ ਥਾਂ ਪ੍ਰਭੂ-ਭਗਤੀ ਵਲ ਪ੍ਰੇਰਦੇ ਹਨ। ਉਹ ਹੁਕਮ ਨੂੰ ਕੁਦਰਤ ਦਾ ਨਿਯਮ ਪਛਾਣਨ ਦੀ ਥਾਂ ਅਕਾਲ ਪੁਰਖ ਦਾ ਫੁਰਮਾਨ ਦੱਸਦੇ ਹਨ। ਗੁਰੂ ਸਾਹਿਬ ਕਰਤਾ ਪੁਰਖੁ ਨੂੰ ਭਾਵ ਨਿਰਜਿੰਦ ਕਹਿੰਦੇ ਹਨ, ਪਰ ਉਹ ਜਿਉਂਦਾ ਜਾਗਦਾ ਹੁਕਮਰਾਨ ਸਮਝਦੇ ਹਨ। ਉਹ ਗਿਣਤੀ ਕਰਨ ਨੂੰ ਕੁਰਬਾਨ ਹੋਣਾ ਦੱਸਦੇ ਹਨ ਤੇ ਬਲੀਦਾਨ ਦਾ ਪਾਤਰ ਗੁਰੂ ਸਾਹਿਬ ਨੂੰ ਬਣਾਉਂਦੇ ਹਨ।

ਚੌਥੇ, ਸਭ ਅਜੋਕੇ ਸਿੱਖ ਵਿਦਵਾਨ ਇਸ ਪਉੜੀ ਦੀਆਂ ਆਖਰੀ ਸਤਰਾਂ ਦੀ ਵਿਆਖਿਆ ਕਰਦੇ ਦਵੰਧ-ਗ੍ਰਸਥ ਹੋ ਜਾਂਦੇ ਹਨ। ਮਿਸਾਲ ਵਜੋਂ ਗੁਰਬਾਣੀ ਵਿਆਕਰਣ ਦਾ ਥੰਮ ਪ੍ਰੋ. ਸਾਹਿਬ ਸਿੰਘ ਲਿਖਦਾ ਹੈ, "ਅਸਾਂ ਜੀਵਾਂ ਲਈ ਤੇਰੀ ਰਜ਼ਾ ਵਿਚ ਰਹਿਣਾ ਹੀ ਭਲੀ ਗੱਲ ਹੈ।" ਅਰਥਾਤ ਹੁਕਮ ਦੀ ਰਜ਼ਾ ਵਿਚ ਰਹਿਣਾ ਮਨੁੱਖ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ। ਭਾਵ, ਕਈ ਮਨੁੱਖ ਹੁਕਮ ਵਿਚ ਰਹਿ ਨਹੀਂ ਰਹੇ ਤੇ ਉਨ੍ਹਾਂ ਦੀ ਭਲਾਈ ਹੁਕਮ ਵਿਚ ਰਹਿਣ ਵਿਚ ਹੈ, ਪਰ ਪ੍ਰੀਹਾਸਕ ਗੱਲ ਇਹ ਹੈ ਕਿ ਇਹੀ ਵਿਦਵਾਨ ਪਹਿਲੀ ਪਉੜੀ ਦੀ ਵਿਆਖਿਆ ਵੇਲੇ ਲਿਖਦਾ ਹੈ ਕਿ ਜੀਵਾਂ ਲਈ ਹੁਕਮ ਦੀ ਰਜ਼ਾ ਵਿਚ ਚਲਣਾ ਤਾਂ ਧੁਰੋਂ ਲਿਖਿਆ ਹੋਇਆ ਹੈ। ਪਹਿਲੀ ਪਉੜੀ ਦੀ ਧੁਰੋਂ ਲਿਖੀ ਲਾਜ਼ਮੀ ਗੱਲ 18ਵੀਂ ਵਿਚ ਇੱਛਤ ਕਿਵੇਂ ਹੋ ਗਈ? ਸਪਸ਼ਟ ਹੈ ਕਿ ਇਹ ਵਿਦਵਾਨ ਇਸ ਪਉੜੀ ਦੇ ਅਰਥਾਂ ਦੇ ਨਾਲ ਨਾਲ ਪਹਿਲੀ ਪਉੜੀ ਦੇ ਅਰਥ ਵੀ ਖਰਾਬ ਕਰ ਆਇਆ ਹੈ!

ਇਕ ਵਾਰ ਨਹੀਂ, ਸਗੋਂ ਗੁਰਬਾਣੀ ਵਿਆਕਰਣ ਦਾ ਸਿਰਜਣਹਾਰ ਇਹ ਵਿਦਵਾਨ ਆਪਣੇ ਹੀ ਟੀਕਿਆਂ ਵਿਚ ਆਪਣੀ ਬਣਾਈ ਵਿਆਕਰਣ ਦੀ ਵਾਰ ਵਾਰ ਉਲੰਘਣਾ ਕਰਦਾ ਹੈ। ਉਹ ਦੱਸਦਾ ਹੈ ਕਿ ਕਿਸੇ ਸ਼ਬਦ ਦੇ ਆਖਰੀ ਅੱਖਰ ਨੂੰ ਔਂਕੜ ਲਾਇਆਂ ਉਸ ਦਾ ਇਕਵਚਨ ਕਰਤਾ ਬਣਦਾ ਹੈ। ਇਸ ਪਉੜੀ ਵਿਚ ਪਾਪੁ ਨੂੰ ਔਂਕੜ ਲੱਗਾ ਹੈ, ਜਿਸ ਦਾ ਅਰਥ ਹੋਇਆ ਕਿ ਅਸੰਖ ਲੋਕਾਂ ਨੇ ਇਕੋ ਪਾਪ ਕੀਤਾ ਹੈ। ਉਹ ਆਪ ਵੀ ਇਕਵਚਨੀ ਅਰਥ ਕਰਦਾ ਹੈ। ਜੇ ਇੱਥੇ ਇਕ ਪਾਪ ਵੱਲ ਇਸ਼ਾਰਾ ਹੁੰਦਾ ਤਾਂ ਗੁਰੂ ਸਾਹਿਬ ਨਿੰਦਾ ਕਰਨ, ਝੂਠ ਬੋਲਣ ਤੇ ਕਤਲ ਕਰਨ ਦੇ ਪਾਪਾਂ ਵਾਂਗ ਉਸ ਦਾ ਨਾਂ ਲਿਖਦੇ; ਪਰ ਉਨ੍ਹਾਂ ਨੇ ਇੰਦਾਂ ਨਹੀਂ ਕੀਤਾ। ਇਸ ਲਈ ਉਨ੍ਹਾਂ ਦਾ ਭਾਵ ਇਕ ਪਾਪ ਤੋਂ ਨਹੀਂ ਹੈ, ਸਗੋਂ ਬਹੁਗਿਣਤੀ ਪਾਪਾਂ ਤੋਂ ਹੈ। ਤੁਕ ਦੇ ਉਚਾਰਣ ਤੋਂ ਵੀ ਇਹੀ ਭਾਸਦਾ ਹੈ। ਫਿਰ ਅਜਿਹੀ ਗੁਰਬਾਣੀ ਵਿਆਕਰਣ ਦਾ ਕੀ ਲਾਭ, ਜਿਸ ਵਿਚ ਉਲਝ ਕੇ ਉਸ ਦਾ ਨਿਰਮਾਤਾ ਆਪ ਆਤਮ-ਵਿਰੋਧੀ ਵਿਆਖਿਆਵਾਂ ਕਰ ਰਿਹਾ ਹੋਵੇ?

ਉਪਰੋਕਤ ਸਭ ਪਹਿਲੂਆਂ ਨੂੰ ਵਿਚਾਰਦਿਆਂ ਇਸ ਪਉੜੀ ਦੀ ਭਾਵ ਭਾਉਂਦੀ ਵਿਆਖਿਆ ਇਉਂ ਬਣਦੀ ਹੈ, "ਇਸ ਵਿਸ਼ਾਲ ਦੁਨੀਆਂ ਵਿਚ ਜਿਵੇਂ ਅਣਗਿਣਤ ਲੋਕ ਵੱਖ ਵੱਖ ਤਰ੍ਹਾਂ ਦੀ ਪੂਜਾ ਪਾਠ ਨਾਲ ਜੁੜੇ ਹੋਏ ਹਨ, ਉਵੇਂ ਮਾੜੇ ਕੰਮਾਂ ਨਾਲ ਜੁੜੇ ਲੋਕਾਂ ਦੀ ਗਿਣਤੀ ਵੀ ਕੋਈ ਪੰਜ ਸੱਤ ਨਹੀਂ ਹੈ। ਬਹੁਤ ਸਾਰੇ ਲੋਕ ਕੋਰੇ ਹੀ ਬੇਵਕੂਫ ਹਨ ਤੇ ਬਹੁਤੇ ਚੋਰੀ ਚਕਾਰੀ ਜਾਂ ਹਰਾਮਖੋਰੀ ਭਾਵ ਦੂਜਿਆਂ ਦੀ ਕਮਾਈ ਨੂੰ ਹੜੱਪਣ ਦਾ ਕੋਈ ਹੋਰ ਧੰਦਾ ਕਰਦੇ ਹਨ। ਅਣਗਿਣਤ ਲੋਕ ਅਜਿਹੇ ਹਨ, ਜੋ ਆਪਣੀ ਸ਼ਕਤੀ ਜਾਂ ਜੋਰ ਦਾ ਦੁਰਉਪਯੋਗ ਕਰ ਕੇ ਬਲ ਦੀ ਪਰਿਭਾਸ਼ਾ ਨੂੰ ਸਦਾ ਲਈ ਕਲੰਕਤ ਕਰ ਜਾਂਦੇ ਹਨ। ਭਾਵ ਅਜਿਹੇ ਲੋਕ ਨਿਰਦਈ ਹਾਕਮ ਵੀ ਹੋ ਸਕਦੇ ਹਨ, ਜੁਲਮੀ ਅਹਿਲਕਾਰ ਤੇ ਦੁਸ਼ਟ ਬਲਾਤਕਾਰੀ ਵੀ। ਅਸੰਖ ਲੋਕ ਤਾਂ ਅਜਿਹੇ ਹਨ, ਜੋ ਦੂਜਿਆਂ ਦੇ ਗਲੇ ਵੱਢ ਕੇ ਹੱਤਿਆ ਦੇ ਦੋਸ਼ ਕਮਾਈ ਜਾਂਦੇ ਹਨ। ਅਣਗਿਣਤ ਪਾਪੀ ਚੁੱਪ ਚਾਪ ਪਾਪ ਕਰ ਜਾਂਦੇ ਹਨ। ਅਨੇਕਾਂ ਝੂਠ ਬੋਲਣ ਵਾਲਿਆਂ ਨੇ ਝੂਠ ਫੈਲਾਉਣ 'ਤੇ ਹੀ ਲੱਕ ਬੰਨਿਆ ਹੋਇਆ ਹੈ। ਬਾਹਰੋਂ ਵਸੇ ਅਣਗਿਣਤ ਧਾੜਵੀ ਆਪਣੇ ਗੰਦੇ-ਮੰਦੇ ਭਾਵ ਵਿਦੇਸ਼ੀ ਰਹੁ-ਰੀਤ ਵਾਲੇ ਖਾਣਿਆਂ ਨੂੰ ਮੰਤਰ ਕਲਮਿਆਂ ਰਾਹੀਂ ਪਵਿਤਰ ਕਰ ਕੇ ਖਾਂਦੇ ਹਨ। (ਕਈ ਵਿਦਵਾਨ ਇਸ ਦਾ ਅਰਥ ਕਰਦੇ ਹਨ ਕਿ ਅਣਗਿਣਤ ਅਸਭਿਅਕ ਲੋਕ ਆਪਣੇ ਬੇਕਾਰ ਖਾਣੇ ਨੂੰ ਹਾਬੜ੍ਹਿਆਂ ਵਾਂਗ ਖਾਈ ਜਾਂਦੇ ਹਨ, ਪਰ ਇਹ ਉਹੀ ਜਾਣਨ ਕਿ 'ਮਲੇਛ' ਦਾ ਅਰਥ ਅਸਭਿਅਕ ਤੇ 'ਮਲੁ ਭਖਿ ਖਾਹਿ' ਦਾ ਅਰਥ ਹਾਬੜ੍ਹਿਆਂ ਵਾਂਗ ਖਾਣਾ ਕਿਵੇਂ ਹੋਇਆ)।

ਇਸ ਤੋਂ ਬਿਨਾ ਅਨੇਕਾਂ ਚੁਗਲਖੋਰ ਚੁਗਲੀ ਨਿੰਦਿਆ ਕਰਕੇ ਆਪਣੇ ਸਿਰ ਵਾਧੂ ਭਾਰ ਚੜ੍ਹਾਈ ਜਾਂਦੇ ਹਨ। ਭਾਵ ਉਨ੍ਹਾਂ ਸਿਰ ਇਹ ਭਾਰ ਨਿੰਦਾ ਦਾ ਪਤਾ ਲੱਗ ਜਾਣ ਦੀ ਸੂਰਤ ਵਿਚ ਜਵਾਬਦੇਹੀ ਦਾ ਹੈ, ਜੋ ਦਿਮਾਗ 'ਤੇ ਬੋਝ ਬਣ ਬੈਠਦਾ ਹੈ। ਨੀਚ ਦਰਜੇ ਦੇ ਇਨ੍ਹਾਂ ਕੰਮਾਂ ਵਿਚ ਲੱਗੇ ਅਸੰਖ ਲੋਕਾਂ ਬਾਰੇ ਸੋਚ ਵਿਚਾਰ ਕੇ ਨਾਨਕ ਕਹਿੰਦਾ ਹੈ ਕਿ ਕੁਦਰਤ ਦੀ ਵੰਨ-ਸੁਵੰਨਤਾ ਦੇ ਵੇਰਵੇ ਇੰਨੇ ਬਹੁ-ਪੱਖੀ ਤੇ ਬਹੁ-ਭਾਂਤੀ ਹਨ ਕਿ ਇਨ੍ਹਾਂ ਦੇ ਰੰਗਾਂ ਰੂਪਾਂ ਦੀ ਗਿਣਤੀ ਇਕ ਵਾਰ ਵੀ ਨਹੀਂ ਕੀਤੀ ਜਾ ਸਕਦੀ। ਕੁਦਰਤ ਦੇ ਇਸ ਅਣਦਿਸਦੇ ਵਿਅਕਤੀਕ੍ਰਿਤ (Personified) ਰਚਨਾਕਾਰ ਨੂੰ ਜੋ ਚੰਗਾ ਲਗਦਾ ਹੈ, ਉਹੀ ਕਾਰਜ ਸਹੀ ਹੈ, ਭਾਵ ਉਸ ਸਥਿਤੀ ਵਿਚ ਉਹੀ ਹੋ ਸਕਦਾ ਹੈ, ਕੋਈ ਹੋਰ ਨਹੀਂ। ਉਸ ਦਾ ਇਹ ਨਿਜ਼ਾਮ ਸਦਾ ਤੋਂ ਚਲ ਰਿਹਾ ਹੈ।"

# ਵਿਦਿਅਕ ਸੁਧਾਰਾਂ ਬਿਨਾ ਨਹੀਂ ਬਚੇਗਾ ਪੰਜਾਬ

## ਪੰਜਾਬ ਦੇ ਪੁਨਰ-ਨਿਰਮਾਣ ਦਾ ਉਤਰ-ਪੂੰਜੀਵਾਦੀ ਏਜੰਡਾ

*ਪੰਜਾਬ ਵਿਚ ਨਵੀਂ ਵਿਦਿਆ ਦੀ ਲੋੜ ਬਾਰੇ ਸ. ਅਮਰਜੀਤ ਸਿੰਘ ਗਰੇਵਾਲ ਨੇ ਲੰਮਾ ਲੇਖ ਭੇਜਿਆ ਹੈ। ਅੱਜ ਆਰਥਕ ਨਾਬਰਾਬਰੀ ਕਾਰਨ ਪੰਜਾਬ ਦੇ ਬਹੁਤੇ ਤਬਕੇ ਵਿਦਿਆ ਹਾਸਲ ਕਰਨ ਤੋਂ ਵੀ ਵਿਰਵੇ ਰਹਿ ਰਹੇ ਹਨ, ਪਰ ਲਿਖਾਰੀ ਨੇ ਆਪਣੀ ਇਸ ਲਿਖਤ ਵਿਚ ਸੰਸਾਰ ਪੱਧਰ 'ਤੇ ਚੱਲ ਰਹੀ ਉਥਲ-ਪੁਥਲ ਨੂੰ ਧਿਆਨ ਵਿਚ ਰੱਖ ਕੇ ਦਾਅਵਾ ਪੇਸ਼ ਕੀਤਾ ਹੈ ਕਿ ਹੁਣ ਨਵੀਂ ਵਿਦਿਆ ਦੇ ਪਸਾਰ ਤੋਂ ਬਗੈਰ ਪੰਜਾਬ ਕੋਈ ਉਡਾਣ ਭਰ ਸਕਣ ਦੇ ਯੋਗ ਨਹੀਂ ਹੋ ਸਕੇਗਾ। ਇਸ ਲੰਮੇ ਲੇਖ ਦੀ ਪਹਿਲੀ ਕਿਸ਼ਤ ਅਸੀਂ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ, ਜਿਸ ਵਿਚ ਉਨ੍ਹਾਂ ਇਸ ਵਿਦਿਆ ਦੇ ਆਧਾਰ ਬਾਰੇ ਕੁਝ ਨੁਕਤੇ ਸਾਂਝੇ ਕੀਤੇ ਹਨ। -ਸੰਪਾਦਕ*

ਅਮਰਜੀਤ ਸਿੰਘ ਗਰੇਵਾਲ



ਕਰੋਨਾ ਦੇ ਸੰਕਟ ਨੇ ਸਾਬਤ ਕਰ ਦਿੱਤਾ ਹੈ ਕਿ ਕੇਵਲ ਸਰਮਾਏ, ਗਿਆਨ, ਤਕਨਾਲੋਜੀ, ਕਿਰਤ, ਵਸਤੂਆਂ ਅਤੇ ਸੇਵਾਵਾਂ ਦਾ ਹੀ ਨਹੀਂ, ਬਿਮਾਰੀਆਂ ਅਤੇ ਉਨ੍ਹਾਂ ਦੇ ਇਲਾਜਾਂ ਦਾ ਵੀ ਵਿਸ਼ਵੀਕਰਨ ਹੋ ਰਿਹਾ ਹੈ। ਦੁਨੀਆਂ ਦੇ ਦੁਖ-ਸੁਖ; ਸੰਕਟ, ਸਮਾਧਾਨ ਤੇ ਸੁਪਨੇ ਸਭ ਸਾਂਝੇ ਹੋ ਗਏ ਹਨ। ਸਾਂਝ ਦਾ ਅਰਥ ਸਮਰੂਪੀਕਰਨ ਨਹੀਂ, ਸਹਿਯੋਗ ਅਤੇ ਸਾਂਝੀਵਾਲਤਾ ਹੈ। ਇਸ ਲੇਖ ਵਿਚ ਅਸੀਂ ਦੁਨੀਆਂ ਦੀ ਨਹੀਂ, ਭਾਰਤੀ ਪੰਜਾਬ ਦੇ ਭਵਿਖ ਦੀ ਗੱਲ ਕਰਨੀ ਹੈ। ਇਹ ਭਾਵੇਂ ਪੰਜਾਬ ਦੀਆਂ ਸਮੱਸਿਆਵਾਂ ਹੋਣ, ਤੇ ਭਾਵੇਂ ਉਨ੍ਹਾਂ ਦੇ ਸਮਾਧਾਨ, ਇਨ੍ਹਾਂ ਨੂੰ ਹੁਣ ਗਲੋਬਲੀ ਪ੍ਰਸੰਗ ਵਿਚ ਹੀ ਦੇਖਣਾ ਹੋਵੇਗਾ।

ਪੰਜਾਬ ਦੇ ਭਵਿਖ ਬਾਰੇ ਸੋਚਣ ਲਈ ਇਸ ਦੇ ਮੌਜੂਦਾ ਸੰਕਟ ਨੂੰ ਸਮਝਣਾ ਜ਼ਰੂਰੀ ਹੈ। ਸੰਕਟ ਵਿਚੋਂ ਹੀ ਸੰਭਾਵਨਾਵਾਂ ਨੇ ਜਨਮ ਲੈਣਾ ਹੁੰਦਾ ਹੈ। ਸੁਰਜੀਤ ਪਾਤਰ ਦੀ ਕਵਿਤਾ 'ਪੰਛੀ ਤਾਂ ਉਡ ਗਏ ਨੇ' ਇਸ ਸੰਕਟ ਦੇ ਲੱਛਣਾਂ ਵੱਲ ਸੰਕੇਤ ਕਰਦੀ ਹੈ:

ਪੰਛੀ ਤਾਂ ਉਡ ਗਏ ਨੇ
ਰੁੱਖ ਵੀ ਸਲਾਹਾਂ ਕਰਨ
ਚਲੋ ਏਥੋਂ ਚੱਲੀਏ

ਘਰ ਘਰ ਪੁੱਤ ਕਹਿਣ
ਛੱਡ ਬਾਪੂ ਹੁਣ ਕੀ ਏ
ਰੱਖਿਆ ਜ਼ਮੀਨ ਵਿਚ
ਵੇਚ ਕੇ ਸਿਆੜ ਚਾਰ
ਕਰ ਕੇ ਜੁਗਾੜ ਕੋਈ
ਚੱਲ ਏਥੋਂ ਚੱਲੀਏ

ਤੂੰ ਨੀ ਸੁਣੇ, ਟਿਕੀ ਰਾਤੇ
ਪਿੰਡ ਦੇ ਉਜਾੜਾਂ ਵਿਚ
ਮੋਏ ਕਿਰਸਾਨ ਸਾਰੇ
ਏਹੀ ਵ੍ਰਿੰਦਗਾਨ ਗਾਉਂਦੇ
ਚਲੋ ਏਥੋਂ ਚੱਲੀਏ

ਏਹੀ ਹੈ ਵ੍ਰਿੰਦਗਾਨ
ਏਹੀ ਹੈ ਸਮੂਹ-ਗਾਨ
ਚਲੋ ਏਥੋਂ ਚੱਲੀਏ

ਇਹ ਜਿਹੜੇ
ਨਸ਼ਿਆਂ ਦੇ ਉਡਣ-ਖਟੋਲੇ ਵਿਚ ਬੈਠ ਜਾਂਦੇ
ਓਨ੍ਹਾਂ ਨੇ ਵੀ
ਬੱਸ ਏਥੋਂ ਜਾਣ ਦਾ ਹੀ ਰਾਹ ਜਾਣੀਂ ਲੱਭਿਆ।

ਕੇਵਲ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਅਤੇ ਨਸ਼ਿਆਂ ਵਿਚ ਦਮ ਤੋੜ ਰਹੀ ਨੌਜੁਆਨ ਪੀੜ੍ਹੀ ਹੀ ਨਹੀਂ, ਪੰਜਾਬ ਵਿਚ ਫੈਲ ਰਹੇ ਜੁਰਮ, ਪ੍ਰਦੂਸ਼ਣ, ਬੇਰੁਜ਼ਗਾਰੀ, ਨਾਬਰਾਬਰੀ, ਭ੍ਰਿਸ਼ਟਾਚਾਰ ਅਤੇ ਸਮਾਜਕ ਕਦਰਾਂ ਕੀਮਤਾਂ ਨੂੰ ਲੱਗਣ ਵਾਲਾ ਖੋਰਾ ਆਦਿ ਪੰਜਾਬ ਦੇ ਉਸ ਸੰਕਟ ਦੀਆਂ ਅਲਾਮਤਾਂ ਹਨ ਜਿਸ ਕਾਰਨ 'ਚਲੋ ਏਥੋਂ ਚੱਲੀਏ' ਦਾ ਸਮੂਹ-ਗਾਨ ਗਾ ਰਿਹਾ ਪੰਜਾਬ ਆਖਦਾ ਹੈ ਕਿ 'ਵੇਚ ਕੇ ਸਿਆੜ ਚਾਰ, ਕਰ ਕੇ ਜੁਗਾੜ ਕੋਈ, ਚੱਲ ਏਥੋਂ ਚੱਲੀਏ।'

ਕਵਿਤਾ ਅਖੀਰ 'ਚ ਇਹ ਸੁਆਲ ਛੱਡ ਜਾਂਦੀ ਹੈ ਕਿ ਪੰਜਾਬ ਦੀ ਧਰਤੀ ਨੂੰ ਮੁੜ ਤੋਂ ਵਸਣਯੋਗ ਅਤੇ ਰਸਣਯੋਗ ਕਿਵੇਂ ਬਣਾਇਆ ਜਾਵੇ? ਇਸ ਸੁਆਲ ਦਾ ਜੁਆਬ ਢੂੰਡਣ ਤੋਂ ਪਹਿਲਾਂ ਜ਼ਰੂਰੀ ਹੈ ਕਿ ਉਸ ਸੰਕਟ ਦੀ ਨਿਸ਼ਾਨਦੇਹੀ ਕੀਤੀ ਜਾਵੇ ਜਿਸ ਸੰਕਟ ਦੀਆਂ ਅਲਾਮਤਾਂ ਦਾ ਇਸ ਕਵਿਤਾ ਵਿਚ ਜ਼ਿਕਰ ਹੋਇਆ ਹੈ।

ਕਿਸਾਨ ਕੇਵਲ ਇਸ ਲਈ ਖੁਦਕੁਸ਼ੀਆਂ ਨਹੀਂ ਕਰ ਰਹੇ ਕਿ ਉਨ੍ਹਾਂ ਦੇ ਸਿਰਾਂ 'ਤੇ ਕਰਜ਼ੇ ਦਾ ਭਾਰ ਹੈ। ਇਹ ਭਾਰ ਤਾਂ ਉਨ੍ਹਾਂ 'ਤੇ ਹਮੇਸ਼ਾ ਰਿਹਾ ਹੈ। ਪਹਿਲਾਂ ਇਸ ਭਾਰ ਨੂੰ ਉਤਾਰਨ ਲਈ ਉਨ੍ਹਾਂ ਕੋਲ ਭਰੋਸੇਯੋਗ ਫਾਰਮੂਲਾ ਹੁੰਦਾ ਸੀ: ਦੱਬ ਕੇ ਅਕਲ ਨਾਲ ਵਾਹ ਤੇ ਰੱਜ ਕੇ ਖਾਹ; ਭਾਵ ਜੇ ਤੁਸੀਂ ਸਖਤ ਮਿਹਨਤ ਨਾਲ ਯੂਨੀਵਰਸਟੀ/ਸਰਕਾਰ ਦੀਆਂ ਸਿਫਾਰਸ਼ਾਂ ਉਪਰ ਅਮਲ ਕਰਦੇ ਹੋ ਤਾਂ ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ: ਪੰਜਾਬ/ਭਾਰਤ ਦੀ ਆਰਥਕ-ਰਾਜਨੀਤਕ ਵਿਵਸਥਾ ਤੁਹਾਡਾ ਖਿਆਲ ਆਪ ਰੱਖੇਗੀ।

ਹੁਣ ਜਦੋਂ ਇਹ ਫਾਰਮੂਲਾ ਫੇਲ੍ਹ ਹੋ ਚੁਕਿਆ ਹੈ; ਜਦੋਂ ਪਰੰਪਰਾਗਤ ਤਕਨਾਲੋਜੀ ਅਤੇ ਕਿਸਾਨਾਂ ਦੀ ਸਖਤ ਮਿਹਨਤ ਉਨ੍ਹਾਂ ਲਈ ਸਨਮਾਨਯੋਗ ਜ਼ਿੰਦਗੀ ਦਾ ਪ੍ਰਬੰਧ ਕਰਨ ਵਿਚ ਅਸਮਰੱਥ ਹੋ ਗਏ ਹਨ; ਪੰਜਾਬ/ਭਾਰਤ ਦੀ ਆਰਥਕ-ਰਾਜਨੀਤਕ ਵਿਵਸਥਾ ਵੀ ਉਨ੍ਹਾਂ ਦੀ ਕੋਈ ਮੱਦਦ ਨਹੀਂ ਕਰ ਪਾ ਰਹੀ, ਤਾਂ ਇਨ੍ਹਾਂ ਕਿਸਾਨ ਪਰਿਵਾਰਾਂ ਨੇ ਆਪਣੇ ਬੱਚਿਆਂ ਦੀ ਪੇਸ਼ੇਵਰ ਸਿਖਿਆ (ਪ੍ਰੋਫੈਸ਼ਨਲ ਐਜੂਕੇਸ਼ਨ) ਵਿਚ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ। ਇੰਜਨੀਅਰਿੰਗ, ਮੈਨੇਜਮੈਂਟ, ਬੀ.ਐਡ, ਫਾਰਮੇਸੀ ਅਤੇ ਨਰਸਿੰਗ ਕਾਲਜ ਖੁੰਬਾਂ ਵਾਂਗ ਉਗ ਆਏ।



ਕੋਈ ਸਮਾਂ ਸੀ, ਜਦੋਂ ਇਨ੍ਹਾਂ ਕਿਸਾਨ ਪਰਿਵਾਰਾਂ ਦੇ ਮੁੰਡੇ ਕੁੜੀਆਂ ਇੰਜੀਨੀਅਰਿੰਗ ਦੀ ਡਿਗਰੀ ਕਰਕੇ ਸਿੱਧੇ ਐਸ.ਡੀ.ਓ. ਲਗਦੇ ਸਨ। ਸਰਕਾਰੀ ਨੌਕਰੀਆਂ ਦੀ ਸੀਮਾ ਹੁੰਦੀ ਹੈ। ਪ੍ਰਾਈਵੇਟ ਉਦਯੋਗ ਵਿਕਸਤ ਨਾ ਹੋਇਆ। ਨਤੀਜੇ ਵਜੋਂ ਅੱਜ ਦੇ ਬੱਚੇ ਜਦੋਂ ਉਹੋ ਡਿਗਰੀਆਂ ਹਾਸਲ ਕਰਕੇ ਦਿਹਾੜੀਦਾਰ ਕਾਮੇ ਤੋਂ ਵੀ ਘੱਟ ਤਨਖਾਹ ਲੈਂਦੇ ਹਨ ਤਾਂ ਉਨ੍ਹਾਂ ਦਾ ਆਪਣੇ ਮਾਪਿਆਂ ਨੂੰ ਇਹ ਕਹਿਣਾ ਜਾਇਜ਼ ਹੋ ਜਾਂਦਾ ਹੈ:

ਛੱਡ ਬਾਪੂ ਹੁਣ ਕੀ ਏ ਰੱਖਿਆ ਜ਼ਮੀਨ ਵਿਚ
ਵੇਚ ਕੇ ਸਿਆੜ ਚਾਰ, ਕਰ ਕੇ ਜੁਗਾੜ ਕੋਈ
ਚੱਲ ਏਥੋਂ ਚੱਲੀਏ।

ਬੇਕਾਰੀ ਦੇ ਇਸ ਮਾਹੌਲ ਵਿਚ ਜਦੋਂ ਸੰਭਾਵਨਾਵਾਂ ਦੇ ਉਹ ਦੁਆਰ ਜੋ ਪੰਜਾਬ/ਭਾਰਤ ਵਿਚ ਬੰਦ ਹੋ ਗਏ ਸਨ, ਕੈਨੇਡਾ ਵਰਗੇ ਮੁਲਕਾਂ ਵਿਚ ਖੁੱਲ੍ਹੇ ਪਏ ਹੋਣ ਤਾਂ ਪੰਜਾਬ ਦੇ ਉਸ ਸੰਕਟ ਦੀ ਨਿਸ਼ਾਨਦੇਹੀ ਵੀ ਹੋ ਜਾਂਦੀ ਹੈ ਜਿਸ ਸੰਕਟ ਦੇ ਦੁਖਾਂ ਦਾ ਇਹ ਸਮੂਹ-ਗਾਨ ਅੱਜ ਸਾਰਾ ਪੰਜਾਬ ਗਾ ਰਿਹਾ ਹੈ। ਮੇਰੇ ਪਿੰਡ ਦੇ ਨਿਰਾਸ਼ਾ ਵਿਚ ਘਿਰੇ ਇਕ ਕਿਸਾਨ ਨੇ ਇਸ ਸੰਕਟ ਨੂੰ ਕੁਝ ਇਸ ਤਰ੍ਹਾਂ ਦੇ ਲਫਜ਼ਾਂ ਵਿਚ ਬਿਆਨ ਕੀਤਾ:

"ਇਛਾਵਾਂ ਨਾਲ ਭਰੇ ਜੀਵਨ ਵਿਚ ਬੇਕਾਰੀ ਦੀ ਭਾਵਨਾ ਬੰਦੇ ਨੂੰ ਜੀਣ ਜੋਗਾ ਨਹੀਂ ਛੱਡਦੀ; ਖਾਸ ਕਰਕੇ ਉਸ ਵਕਤ ਜਦੋਂ ਉਸ ਨੂੰ ਇਹ ਪਤਾ ਹੋਵੇ ਕਿ ਏਥੇ ਕੁਝ ਵੀ ਨਹੀਂ ਹੋ ਸਕਦਾ ਪਰ ਬੱਚਿਆਂ ਨੂੰ ਪਤਾ ਹੋਵੇ ਕਿ ਬਾਹਰ ਸਭ ਸੰਭਵ ਹੈ।" ਹਰੇ ਇਨਕਲਾਬ ਦੌਰਾਨ ਖੁਸ਼ਹਾਲੀ ਦਾ ਝਲਕਾਰਾ ਲੈ ਚੁਕੇ ਪੰਜਾਬੀ ਬੰਦੇ ਦਾ ਬੱਸ ਇਹੋ ਸੰਕਟ ਹੈ।

ਪੰਜਾਬ ਦੇ ਬਰੈਂਡ ਤੋਂ ਗੱਲ ਸ਼ੁਰੂ ਕਰਦੇ ਹਾਂ। ਹਰੇ ਇਨਕਲਾਬ ਦੌਰਾਨ ਪੰਜਾਬ ਨੂੰ 'ਅੰਨ ਦਾਤਾ' ਕਿਹਾ ਜਾਂਦਾ ਸੀ। ਭਾਰਤ ਵਿਚ ਪੰਜਾਬ ਦੀ ਪ੍ਰਤੀ ਜੀਅ ਆਮਦਨ ਸਾਰੇ ਰਾਜਾਂ ਨਾਲੋਂ ਵੱਧ ਸੀ। ਪੰਜਾਬੀ ਕੇਵਲ ਖਾਣ-ਪੀਣ ਵਿਚ ਹੀ ਨਹੀਂ, ਹਰ ਖੇਤਰ ਵਿਚ ਅੱਗੇ ਸਨ। ਉਨ੍ਹਾਂ ਨੇ ਜ਼ਿੰਦਗੀ ਦਾ ਜਸ਼ਨ ਮਨਾਉਣ ਦੀ ਜਾਚ ਵੀ ਸਿੱਖ ਲਈ ਸੀ। ਉਹ ਭਾਰਤ ਦੇ ਸਭ ਤੋਂ ਖੁਸ਼ਹਾਲ ਲੋਕ ਸਨ। ਉਨ੍ਹਾਂ ਦੀਆਂ ਚਾਹਤਾਂ ਅਸਮਾਨ ਛੂਹ ਰਹੀਆਂ ਸਨ। ਹਰੇ ਇਨਕਲਾਬ ਦੀ ਚਮਕ ਮੱਧਮ ਪੈਣ ਨਾਲ ਪੰਜਾਬ ਦਾ ਵਰਤਮਾਨ ਦੌਰ ਸ਼ੁਰੂ ਹੁੰਦਾ ਹੈ। ਬੌਲੀਵੁਡ ਨੇ ਇਸ ਨੂੰ 'ਉਡਤਾ ਪੰਜਾਬ' ਨਾਮ ਦਿੱਤਾ ਹੈ। ਖੁਸ਼ਹਾਲੀ ਦਾ ਅਨੁਭਵ ਮਾਣ ਚੁਕੀ ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਨੂੰ ਸਾਂਭਣ ਲਈ, ਕਿਉਂਕਿ ਪੰਜਾਬ ਵਿਚ ਆਧੁਨਿਕ ਸਨਅਤੀ ਸੈਕਟਰ ਦਾ ਨਿਰਮਾਣ ਹੀ ਨਹੀਂ ਸੀ ਕੀਤਾ ਗਿਆ, ਇਸ ਲਈ ਕੁਝ ਦੇਰ ਇਧਰ ਉਧਰ ਭਟਕਣ ਤੋਂ ਬਾਅਦ ਇਹ ਬੇਰੁਜ਼ਗਾਰੀ, ਨਸ਼ਿਆਂ ਅਤੇ ਜੁਰਮ ਦੀ ਦਲਦਲ ਵਿਚ ਡੁਬਦੀ ਗਈ।



ਹਰ ਕਿਸੇ ਦੀ ਇਹੋ ਇਛਾ ਹੈ ਕਿ ਇਸ ਬਰੈਂਡ ਨੂੰ ਬਦਲਿਆ ਜਾਵੇ। ਪੰਜਾਬ ਦਾ ਨਵਾਂ ਬਰੈਂਡ ਕੀ ਹੋਵੇ ਅਤੇ ਉਸ ਨੂੰ ਕਿਵੇਂ ਹਾਸਲ ਕਰਨਾ ਹੈ, ਇਸ ਲਿਖਤ ਰਾਹੀਂ ਇਹੋ ਖੋਜਣ ਦਾ ਯਤਨ ਕੀਤਾ ਜਾਵੇਗਾ।

ਵਿਦੇਸ਼ਾਂ ਨੂੰ ਦੌੜ ਰਹੀ ਨੌਜਵਾਨ ਪੀੜ੍ਹੀ ਇਸ ਗੱਲ ਦੀ ਗਵਾਹ ਹੈ ਕਿ ਉਹ ਦਰਵਾਜ਼ੇ ਜੋ ਪੰਜਾਬ ਵਿਚ ਬੰਦ ਹਨ, ਕੈਨੇਡਾ ਵਰਗੇ ਮੁਲਕਾਂ ਵਿਚ ਖੁੱਲ੍ਹੇ ਪਏ ਹਨ। ਇਸ ਲਈ ਸਭ ਤੋਂ ਪਹਿਲਾਂ ਵਿਸ਼ਵ ਪ੍ਰਸੰਗ ਵਿਚ ਕਿਰਤ ਦੀਆਂ ਸੰਭਾਵਨਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਦੂਸਰੇ ਨੰਬਰ 'ਤੇ ਇਹ ਸਮਝਣ ਦਾ ਯਤਨ ਕਰਾਂਗੇ ਕਿ ਪੰਜਾਬ ਵਿਚ ਉਨ੍ਹਾਂ ਸੰਭਾਵਨਾਵਾਂ ਦੇ ਬੂਹੇ ਬੰਦ ਕਿਉਂ ਹਨ। ਜਦੋਂ ਬੰਦ ਬੂਹਿਆਂ ਦੇ ਕਾਰਨਾਂ ਦੀ ਸਮਝ ਪੈ ਗਈ, ਫੇਰ ਉਨ੍ਹਾਂ ਨੂੰ ਖੋਲ੍ਹਣ ਦੀ ਨੀਤੀ ਤਿਆਰ ਕਰਨੀ ਮੁਸ਼ਕਿਲ ਨਹੀਂ ਹੋਵੇਗੀ। ਮਿਹਨਤ ਨਾਲ ਵਿਕਸਤ ਕਰਨ ਲਈ ਪੰਜਾਬ ਦਾ ਨਵਾਂ ਬਰੈਂਡ ਵੀ ਮਿਲ ਜਾਵੇਗਾ।

## ਵਿਸ਼ਵ ਪ੍ਰਸੰਗ

**1. ਬੇਕਾਰੀ:** ਸਮੱਸਿਆ ਬੇਰੁਜ਼ਗਾਰੀ ਦੀ ਨਹੀਂ, ਬੇਕਾਰੀ ਦੀ ਹੈ। ਬੇਰੁਜ਼ਗਾਰ ਬੰਦੇ/ਔਰਤ ਵਿਚ ਰੁਜ਼ਗਾਰ ਹਾਸਲ ਕਰਨ ਦੀ ਕਾਬਲੀਅਤ ਤਾਂ ਹੁੰਦੀ ਹੈ ਪਰ ਸਮਾਜ ਵਿਚ ਸਹੂਲਤਾਂ ਦੀ ਘਾਟ ਕਾਰਨ ਉਸ ਨੂੰ ਅਜੇ ਰੁਜ਼ਗਾਰ ਪ੍ਰਾਪਤ ਨਹੀਂ ਹੋਇਆ ਹੁੰਦਾ। ਬੇਕਾਰ ਬੰਦਾ ਉਹ ਹੁੰਦਾ ਹੈ ਜਿਸ ਵਿਚ ਰੁਜ਼ਗਾਰ ਹਾਸਲ ਕਰਨ ਦੀ ਕਾਬਲੀਅਤ ਹੀ ਨਾ ਰਹੀ ਹੋਵੇ। ਉਸ ਦੇ ਪੁਰਾਣੇ ਹੁਨਰ ਦਾ ਸਮਾਜ ਵਿਚ ਕੋਈ ਮੁੱਲ ਨਾ ਰਹਿ ਗਿਆ ਹੋਵੇ ਅਤੇ ਨਵਾਂ ਹੁਨਰ ਸਿਖਣ ਦੀ ਲੋੜ ਸਿਰ 'ਤੇ ਆ ਪਵੇ। ਬੇਕਾਰੀ ਕੋਈ ਲਾਇਲਾਜ ਬਿਮਾਰੀ ਨਹੀਂ। ਪ੍ਰਾਸੰਗਿਕ ਹੁਨਰ ਗ੍ਰਹਿਣ ਕਰਨ ਨਾਲ ਖਤਮ ਹੋ ਜਾਂਦੀ ਹੈ। ਇਹ ਸੰਭਵ ਹੈ ਕਿ ਤੇਜ਼ ਗਤੀ ਨਾਲ ਤਬਦੀਲ ਹੋ ਰਹੇ ਸੰਸਾਰ ਵਿਚ ਪੰਜ ਸੱਤ ਸਾਲਾਂ ਬਾਅਦ ਇਸ ਹੁਨਰ ਦਾ ਵੀ ਕੋਈ ਮੁੱਲ ਨਾ ਰਹੇ ਅਤੇ ਕੋਈ ਹੋਰ ਨਵਾਂ ਹੁਨਰ ਸਿਖਣ ਦੀ ਲੋੜ ਪੈ ਜਾਵੇ। ਕਿਰਤ ਅਤੇ ਸਿਖਿਆ ਉਮਰ ਭਰ ਲਈ ਰਿਸ਼ਤੇ ਵਿਚ ਬੱਝ ਗਏ ਹਨ।

ਤਬਦੀਲੀ ਦੀ ਗਤੀ ਜ਼ਰੂਰ ਵਧੀ ਹੈ, ਤੇਜ਼ੀ ਨਾਲ ਵਧ ਵੀ ਰਹੀ ਹੈ। ਨਵੇਂ ਹਾਲਾਤ ਵਿਚ ਢਲਣ ਲਈ ਵਕਤ ਦੀ ਘਾਟ ਕਾਰਨ ਮੁਸ਼ਕਿਲਾਂ ਵੀ ਬਹੁਤ ਆ ਰਹੀਆਂ ਹਨ ਪਰ ਇਹ ਕੋਈ ਨਵੀਂ ਗੱਲ ਨਹੀਂ, ਹਮੇਸ਼ਾ ਇਸੇ ਤਰ੍ਹਾਂ ਹੁੰਦਾ ਆਇਆ ਹੈ। ਜੇ ਸਮੱਸਿਆਵਾਂ ਦੀ ਗਤੀ ਵਧੀ ਹੈ ਤਾਂ ਸਮਾਧਾਨ (ਹੱਲ) ਵੀ ਤੇਜ਼ ਹੋ ਜਾਣਗੇ ਪਰ ਯੂਵਲ ਹਰਾਰੀ ਵਰਗੇ ਲੋਕ ਆਪਣੀਆਂ ਕਿਤਾਬਾਂ ਵੇਚਣ ਲਈ ਲੋਕਾਂ ਅੰਦਰ ਇਹ ਸਨਸਨੀ ਫੈਲਾਅ ਰਹੇ ਹਨ ਕਿ ਤਕਨਾਲੋਜੀ ਕੇਵਲ ਉਨ੍ਹਾਂ ਦਾ ਰੁਜ਼ਗਾਰ ਹੀ ਨਹੀਂ ਸਗੋਂ ਰੁਜ਼ਗਾਰ ਦੀਆਂ ਸੰਭਾਵਨਾਵਾਂ ਵੀ ਖਾ ਜਾਵੇਗੀ। ਜੇ ਉਹ ਤਕਨਾਲੋਜੀ ਦੀਆਂ ਸੀਮਾਵਾਂ ਨੂੰ ਨਹੀਂ ਦੇਖਣਾ ਚਾਹੁੰਦੇ ਤਾਂ ਨਾ ਦੇਖਣ। ਕੋਈ ਗੱਲ ਨਹੀਂ ਪਰ ਮਾਨਵ ਚੇਤਨਾ ਦੀਆਂ ਸੰਭਾਵਨਾਵਾਂ ਨੂੰ ਘਟਾ ਕੇ ਦੇਖਣਾ ਤਾਂ ਨਿਸ਼ਚੇ ਹੀ ਗਲਤ ਹੈ।

**2. ਕਿਰਤ:** ਯੂਰਪ ਦੀਆਂ ਕਈ ਵੱਡੀਆਂ ਕੰਪਨੀਆਂ ਲਈ ਸੂਝਵਾਨ ਸਹਾਇਕ (ਇੰਟੈਲੀਜੈਂਟ ਅਸਿਸਟੈਂਟ) ਦਾ ਕੰਮ ਕਰਨ ਵਾਲੀ ਆਮੀਲੀਆ ਜੋ ਇਕ ਦਰਜਨ ਤੋਂ ਵੀ ਵੱਧ ਜ਼ੁਬਾਨਾਂ ਵਿਚ ਇਕੋ ਸਮੇਂ ਹਜ਼ਾਰਾਂ ਲੋਕਾਂ ਦੁਆਰਾ ਵੱਖੋ-ਵੱਖਰੀਆਂ ਟੈਲੀਫੋਨ ਲਾਈਨਾਂ 'ਤੇ ਪੁੱਛੇ ਸੁਆਲਾਂ ਦਾ ਤਸੱਲੀ ਨਾਲ ਜੁਆਬ ਦਿੰਦੀ ਹੈ, ਕੇਵਲ ਸਮਾਰਟ ਰੋਬੋ ਹੀ ਹੋ ਸਕਦੀ ਹੈ।

ਅਮਰੀਕਾ ਵਿਚ ਰਹਿੰਦੇ ਚੇਤਨ ਦੂਬੇ ਦੀ ਵਿਕਸਤ ਕੀਤੀ ਏ.ਆਈ. (ਆਰਟੀਫੀਸ਼ਲ ਇੰਟੈਲੀਜੈਂਸ-ਮਸਨੂਈ ਬੌਧਿਕਤਾ) ਨਾਲ ਲੈਸ, ਬਿਨਾ ਤਨਖਾਹ ਦੇ ਕੰਮ ਕਰਨ ਵਾਲੀ ਇਸ ਰੋਬੋ ਨੇ ਆਪੋ-ਆਪਣੇ ਦਫਤਰਾਂ ਵਿਚ ਸੁਰੱਖਿਅਤ ਬੈਠੇ ਲੱਖਾਂ ਕਰੋੜਾਂ ਚਿਟ-ਕਪੜੀਏ ਕਾਮਿਆਂ ਦੇ ਕੰਨਾਂ ਵਿਚ ਖਤਰੇ ਦੀਆਂ ਘੰਟੀਆਂ ਵਜਾ ਦਿੱਤੀਆਂ ਹਨ। ਇਹ ਸੂਝਵਾਨ ਮਸ਼ੀਨਾਂ ਤਨਖਾਹਦਾਰ ਮੁਲਾਜ਼ਮਾਂ ਦੀ ਕਾਰਜਕੁਸ਼ਲਤਾ ਵਧਾਉਣ ਲਈ ਨਹੀਂ, ਉਨ੍ਹਾਂ ਦੀ ਥਾਂ ਲੈਣ ਲਈ ਆ ਰਹੀਆਂ ਹਨ।

ਹੁਣ ਤੱਕ ਅਸੀਂ ਇਹੋ ਸੋਚਦੇ ਰਹੇ ਕਿ ਆਟੋਮੇਸ਼ਨ ਤੋਂ ਕੇਵਲ ਖੇਤਾਂ ਅਤੇ ਫੈਕਟਰੀਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਹੀ ਖਤਰਾ ਹੈ। ਸੇਵਾ ਸੈਕਟਰ ਵਿਚ ਬੈਠੇ ਪ੍ਰੋਫੈਸ਼ਨਲ ਲੋਕ ਆਪਣੇ ਆਪ ਨੂੰ ਸੁਰੱਖਿਅਤ ਸਮਝਦੇ ਰਹੇ। ਉਨ੍ਹਾਂ ਨੂੰ ਵਹਿਮ ਸੀ ਕਿ ਸੋਚ ਵਿਚਾਰ ਵਾਲਾ, ਪੜ੍ਹਨ ਲਿਖਣ ਅਤੇ ਫੈਸਲੇ ਕਰਨ ਦਾ ਕੰਮ ਮਸ਼ੀਨਾਂ ਨਹੀਂ ਕਰ ਸਕਦੀਆਂ; ਕੇਵਲ ਮਨੁੱਖ ਹੀ ਕਰਨਗੇ। ਦੂਸਰੀਆਂ ਮਸ਼ੀਨਾਂ ਵਾਂਗ ਇਹ ਵੀ ਮਨੁੱਖ ਦੀ ਕਾਰਜ ਕੁਸ਼ਲਤਾ ਹੀ ਵਧਾ ਸਕਦੀਆਂ ਹਨ, ਉਸ ਦੀ ਥਾਂ ਨਹੀਂ ਲੈ ਸਕਦੀਆਂ। ਮਸ਼ੀਨ ਲਰਨਿੰਗ ਨੇ ਇਨ੍ਹਾਂ ਮਸ਼ੀਨਾਂ ਨੂੰ ਪੜ੍ਹਨ, ਲਿਖਣ, ਬੋਲਣ, ਸੁਣਨ, ਪਛਾਨਣ ਅਤੇ ਖੁਦ ਫੈਸਲੇ ਕਰਨ ਦੀ ਸਮਰੱਥਾ ਦੇ ਦਿੱਤੀ ਹੈ। ਮਾਨਵਜਾਤੀ ਦਾ ਬੌਧਿਕ ਏਕਾਧਿਕਾਰ ਖਤਮ ਹੋ ਰਿਹਾ ਹੈ।

ਕੇਵਲ ਵਿਕਸਤ ਮੁਲਕਾਂ ਵਿਚ ਹੀ ਨਹੀਂ, ਇਹ ਭਾਣਾ ਤਾਂ ਹੁਣ ਸਾਰੀ ਦੁਨੀਆਂ ਵਿਚ ਵਾਪਰੇਗਾ। ਤਨਖਾਹਦਾਰ ਮੁਲਾਜ਼ਮ ਭਲਾ ਇਨ੍ਹਾਂ ਡਿਜੀਟਲ ਕਾਮਿਆਂ ਦਾ ਕੀ ਮੁਕਾਬਲਾ ਕਰਨਗੇ। ਨਾ ਇਨ੍ਹਾਂ ਨੂੰ ਕਿਸੇ ਛੁਟੀ ਦੀ ਲੋੜ ਹੈ, ਨਾ ਕੰਮ ਕਰਨ ਦੀ ਸੀਮਾ। ਬਿਮਾਰੀ-ਸ਼ੁਮਾਰੀ, ਰਿਹਾਇਸ਼, ਆਵਾਜਾਈ, ਜਣੇਪੇ, ਕਿਰਤ ਕਾਨੂੰਨ ਅਤੇ ਯੂਨੀਅਨਵਾਦ ਵਰਗੇ ਵੀ ਕੋਈ ਝੰਜਟ ਨਹੀਂ।

ਵਿਸ਼ਵ ਪੱਧਰ 'ਤੇ ਵਾਪਰ ਰਹੀ ਇਹ ਵਿਘਨਕਾਰੀ ਤਬਦੀਲੀ ਸਾਡੇ ਸਾਹਮਣੇ ਕਈ ਸੁਆਲ ਖੜ੍ਹੇ ਕਰਦੀ ਹੈ ਜਿਨ੍ਹਾਂ ਦੇ ਜੁਆਬ ਢੂੰਡਣੇ ਅਤਿ ਜਰੂਰੀ ਹੋ ਗਏ ਹਨ। ਉਨੀਵੀਂ ਸਦੀ ਸਨਅਤੀ ਉਤਪਾਦਨ ਦੀ ਸਦੀ ਸੀ; ਹੱਥ ਪ੍ਰਧਾਨ ਸੀ ਪਰ ਵੀਹਵੀਂ ਸਦੀ ਵਿਚ ਗਿਆਨ ਅਤੇ ਸੰਚਾਰ ਤਕਨਾਲੋਜੀ ਆਉਣ ਨਾਲ ਸਨਅਤੀ ਉਤਪਾਦਨ ਦੀ ਥਾਂ ਸੇਵਾ ਸੈਕਟਰ ਪ੍ਰਧਾਨ ਹੋ ਗਿਆ। ਸਨਅਤੀ ਸੈਕਟਰ ਦੀਆਂ ਜਿੰਨੀਆਂ ਨੌਕਰੀਆਂ ਜਾ ਰਹੀਆਂ ਸਨ, ਉਸ ਤੋਂ ਕਿਤੇ ਵਧੇਰੇ ਸੇਵਾ ਸੈਕਟਰ ਵਿਚ ਆ ਰਹੀਆਂ ਸਨ। ਨਤੀਜੇ ਵਜੋਂ ਵੀਹਵੀਂ ਸਦੀ ਵਿਚ ਆ ਕੇ ਹੱਥ ਦੀ ਥਾਂ ਦਿਮਾਗ ਦੀ ਚੌਧਰ ਸਥਾਪਤ ਹੋ ਗਈ। ਕੇਵਲ ਉਹੋ ਨੌਕਰੀਆਂ ਸੁਰੱਖਿਅਤ ਰਹਿ ਗਈਆਂ ਜੋ ਦਿਮਾਗ ਨਾਲ ਜੁੜੀਆਂ ਹੋਈਆਂ ਸਨ।

ਇੰਝ ਮਹਿਸੂਸ ਕੀਤਾ ਜਾ ਰਿਹਾ ਹੈ, ਜਿਵੇਂ ਉਹ ਦਿਨ ਆਉਣ ਵਾਲਾ ਹੈ, ਜਦੋਂ ਆਰਟੀਫੀਸ਼ਲ ਇੰਟੈਲੀਜੈਂਸ, ਇੰਟਰਨੈਟ ਆਫ ਥਿੰਗਜ਼, ਬਿਗ ਡੇਟਾ ਐਨਾਲਿਟਕਸ, 3ਡੀ ਪਰਿੰਟਿੰਗ, ਨੈਨੋ ਤਕਨਾਲੋਜੀ, ਸਿੰਥੈਟਿਕ ਬਾਇਆਲੋਜੀ ਅਤੇ ਬਲੌਕ ਚੇਨ ਵਰਗੀਆਂ ਤਕਨੀਕਾਂ ਮਨੁੱਖ ਦੀ ਦਿਮਾਗੀ ਸਮਰੱਥਾ (ਕੇਵਲ ਦਿਮਾਗੀ ਸਮਰੱਥਾ, ਮਨੁੱਖੀ ਸਮਰੱਥਾ ਨਹੀਂ) ਨੂੰ ਪਾਰ ਕਰ ਜਾਣਗੀਆਂ। ਰੇਅ ਕੁਰਜ਼ਵੇਲ ਨੇ ਇਸ ਨੂੰ ਸਿੰਗੂਲੈਰਿਟੀ ਦਾ ਨਾਂ ਦਿੱਤਾ ਹੈ; ਭਾਵ ਅਜਿਹਾ ਯੁਗ ਆਉਣ ਵਾਲਾ ਹੈ ਜਦੋਂ ਮਸ਼ੀਨ ਇੰਟੈਲੀਜੈਂਸ ਇਨ੍ਹਾਂ ਤਕਨੀਕਾਂ ਵਿਚ ਘਾਤਕ (ਐਕਸਪੋਨੈਂਸ਼ੀਅਲ) ਵਾਧੇ ਰਾਹੀਂ ਮਾਨਵ ਬੁਧੀ (ਹਿਊਮਨ ਇੰਟੈਲੀਜੈਂਸ) ਨੂੰ ਪਛਾੜ ਦੇਵੇਗੀ।

ਕੀ ਸਚਮੁਚ ਹੀ ਉਹ ਵਕਤ ਆਉਣ ਵਾਲਾ ਹੈ, ਜਦੋਂ ਮਸ਼ੀਨਾਂ ਬੰਦਿਆਂ ਨੂੰ ਕੰਟਰੋਲ ਕਰਿਆ ਕਰਨਗੀਆਂ? ਜੁਆਬ ਬੰਦੇ 'ਤੇ ਹੀ ਨਿਰਭਰ ਹੈ। ਜੇ ਉਹ ਚਾਹੁੰਦਾ ਹੈ ਕਿ ਆਰਟੀਫੀਸ਼ਲ ਇੰਟੈਲੀਜੈਂਸ ਉਸ ਨੂੰ ਕੰਟਰੋਲ ਨਾ ਕਰੇ ਤਾਂ ਉਸ ਨੂੰ ਦੂਸਰੇ ਸੰਦਾਂ ਵਾਂਗ ਹੀ ਇਸ ਨਵੀਂ ਤਕਨਾਲੋਜੀ ਨੂੰ ਵੀ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਇਸਤੇਮਾਲ ਕਰਨ ਦੀ ਜਾਚ ਸਿਖਣੀ ਹੋਵੇਗੀ।

ਆਰਟੀਫੀਸ਼ਲ ਇੰਟੈਲੀਜੈਂਸ ਬਾਰੇ ਆਖਿਆ ਜਾ ਰਿਹਾ ਹੈ ਕਿ ਇਨ੍ਹਾਂ ਨਵੀਆਂ ਮਸ਼ੀਨਾਂ ਸਾਹਮਣੇ ਮਨੁੱਖ ਦਾ ਉਹੋ ਰੁਤਬਾ ਹੋਣ ਵਾਲਾ ਹੈ ਜੋ ਅੱਜ ਦੇ ਮਨੁੱਖ ਸਾਹਮਣੇ ਬੰਦਰ ਅਤੇ ਚਿੰਪੈਂਜ਼ੀ ਵਰਗੇ ਉਸ ਦੇ ਪੁਰਖਿਆਂ ਦਾ ਹੈ। ਨਿਰਸੰਦੇਹ, ਸਰੀਰਕ ਸਮਰੱਥਾ ਵਾਂਗ ਬੁਧੀ ਵੀ ਮਨੁੱਖ ਦੀਆਂ ਸੰਭਾਵਨਾਵਾਂ ਉਜਾਗਰ ਕਰਨ ਵਾਲੀ ਇਕ ਹੋਰ ਸਮਰੱਥਾ ਹੀ ਹੈ ਜਿਸ ਨੂੰ ਏ.ਆਈ. ਵਰਗੇ ਬੌਧਿਕ ਸੰਦ (ਕੌਗਨਿਟਵ ਟੂਲ) ਉਵੇਂ ਵਧਾ ਰਹੇ ਹਨ, ਜਿਵੇਂ ਮਸ਼ੀਨੀ ਟੂਲ ਸਰੀਰਕ ਸਮਰੱਥਾ ਨੂੰ ਵਧਾਉਂਦੇ ਸਨ। ਨਾ ਸਰੀਰ ਦਾ ਮਹੱਤਵ ਘਟਿਆ ਹੈ, ਨਾ ਬੁਧੀ ਦਾ ਘਟੇਗਾ। ਇਨ੍ਹਾਂ ਦੀ ਸਮਰੱਥਾ ਵਧਾਉਣ ਲਈ ਨਵੇਂ-ਨਵੇਂ ਸੰਦ ਆਉਂਦੇ ਰਹਿਣਗੇ।

ਇਹ ਠੀਕ ਹੈ ਕਿ ਪੇਚਕਸ ਹੱਥ ਦੀ ਥਾਂ ਲੈਣ ਲਈ ਨਹੀਂ ਸੀ ਆਇਆ, ਉਸ ਦੀ ਸਮਰੱਥਾ ਵਧਾਉਣ ਲਈ ਆਇਆ ਸੀ ਪਰ ਹੌਲੀ-ਹੌਲੀ ਹੱਥ ਦੇ ਕੰਮਾਂ ਨੂੰ ਆਟੋਮੇਟ ਕਰਕੇ ਬੁਧੀ ਨੇ ਆਪਣੇ ਕੰਟਰੋਲ ਅਧੀਨ ਕਰ ਲਿਆ ਹੈ। ਉਵੇਂ ਹੀ ਅੱਜ ਏ.ਆਈ. (ਆਰਟੀਫੀਸ਼ਲ ਇੰਟੈਲੀਜੈਂਸ) ਵੀ ਮਾਨਵ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਲਈ ਹੀ ਆਈ ਹੈ ਪਰ ਲੋਕ ਸੁਆਲ ਕਰਦੇ ਹਨ ਕਿ ਜਿਵੇਂ ਹੱਥ ਦੇ ਕੰਮਾਂ ਨੂੰ ਬੁੱਧੀ ਨੇ ਆਪਣੇ ਕੰਟਰੋਲ ਅਧੀਨ ਕਰ ਲਿਆ ਸੀ, ਉਸੇ ਤਰ੍ਹਾਂ ਹੁਣ ਜਦੋਂ ਬੁਧੀ ਦੇ ਕੰਮ ਆਟੋਮੇਟ ਹੋਏ ਤਾਂ

(ਬਾਕੀ ਅਗਲੇ ਸਫੇ 'ਤੇ)

ਇਨ੍ਹਾਂ ਨੂੰ ਕਿਹੜੀ ਮਾਨਵੀ ਸਮਰੱਥਾ ਕੰਟਰੋਲ ਕਰੇਗੀ?

ਕੀ ਏ.ਆਈ. ਆਪਣੇ ਆਪ ਨੂੰ ਆਪ ਹੀ ਕੰਟਰੋਲ ਕਰੇਗੀ, ਜਾਂ ਫੇਰ ਮਨੁੱਖ ਦੀ ਤੀਸਰੀ ਸਮਰੱਥਾ, ਜਿਸ ਨੂੰ ਮਾਨਵ ਚੇਤਨਾ (ਕਾਨਸ਼ਸਨੈਸ) ਦੇ ਨਾਮ ਨਾਲ ਜਾਣਿਆਂ ਜਾਂਦਾ ਹੈ, ਇਸ ਨੂੰ ਆਪਣੇ ਕੰਟਰੋਲ ਅਧੀਨ ਲੈ ਲਵੇਗੀ। ਅਸੀਂ ਜਾਣਦੇ ਹਾਂ ਕਿ ਬੁਧੀ ਤਾਂ ਪਹਿਲਾਂ ਹੀ ਮਾਨਵ-ਚੇਤਨਾ ਦੀ ਨਿਗਰਾਨੀ ਹੇਠ ਕੰਮ ਕਰਦੀ ਹੈ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਅਸੀਂ ਚੇਤਨਾ ਦੀ ਕੋਈ ਥਹੁ ਨਹੀਂ ਪਾ ਸਕੇ, ਇਸ ਲਈ ਅਸੀਂ ਇਸ ਨੂੰ ਬੁਧੀ ਦਾ ਹੀ ਭਾਗ ਮੰਨ ਕੇ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਗੱਲ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਏ.ਆਈ. ਦੀ ਸਵੈ-ਚਾਲਕਤਾ ਦਾ ਵਿਚਾਰ ਸਾਡੀ ਮਾਨਵ-ਚੇਤਨਾ ਬਾਰੇ ਅਗਿਆਨਤਾ ਵਿਚੋਂ ਪੈਦਾ ਹੋਇਆ ਹੈ।

ਜਿਵੇਂ ਉਨੀਵੀਂ ਸਦੀ ਵਿਚ ਹੱਥ ਅਤੇ ਵੀਹਵੀਂ ਸਦੀ ਵਿਚ ਦਿਮਾਗ ਦੀ ਚੌਧਰ ਰਹੀ ਹੈ, ਉਸੇ ਤਰ੍ਹਾਂ ਇਕੀਵੀਂ ਸਦੀ ਵਿਚ ਉਸ ਮਾਨਵੀ ਸਮਰੱਥਾ ਦੀ ਚੌਧਰ ਹੋਵੇਗੀ ਜੋ ਆਪਣੀ ਹੋਂਦ ਨੂੰ ਅਰਥ ਦੇਣ ਲਈ ਸਰੀਰ ਅਤੇ ਬੁਧੀ ਦਾ ਸੰਦਾਂ ਵਾਂਗ ਇਸਤੇਮਾਲ ਕਰਦੀ ਹੈ। ਉਸ ਸਮਰੱਥਾ ਨੂੰ ਚੇਤਨਾ ਕਹਿਣਾ ਚਾਹੋ ਤਾਂ ਕਹਿ ਸਕਦੇ ਹੋ ਪਰ ਸੁਰਤ-ਸ਼ਬਦ ਵਧੇਰੇ ਢੁਕਵਾਂ ਨਾਮ ਹੈ। ਇਹ ਨਾਮ ਮਨੁੱਖੀ ਸਮਰੱਥਾ ਨੂੰ ਉਸ ਦੇ ਸੰਸਾਰ ਨਾਲੋਂ ਨਿਖੇੜ ਕੇ ਨਹੀਂ, ਉਸ ਨਾਲ ਜੋੜ ਕੇ ਸਮੁੱਚਤਾ ਵਿਚ ਦੇਖਦਾ ਹੈ। ਸੁਰਤ-ਸ਼ਬਦ ਦੀ ਇਸ ਸਮਰੱਥਾ ਨੂੰ ਵਧਾਉਣ ਲਈ ਕਿਹੜੇ ਹੁਨਰਾਂ, ਕਿਹੜੀਆਂ ਗਿਆਨ ਪਰੰਪਰਾਵਾਂ ਅਤੇ ਕਿਸ ਕਿਸਮ ਦੀ ਵਿਦਿਅਕ ਤਕਨਾਲੋਜੀ ਦੀ ਜ਼ਰੂਰਤ ਹੈ, ਇਸ ਦੀ ਖੋਜ ਕਰਨੀ ਜ਼ਰੂਰੀ ਹੈ।

**3. ਰਿਜ਼ਕ ਅਤੇ ਰੁਜ਼ਗਾਰ:** ਜੀਣ ਲਈ ਰਿਜ਼ਕ ਦੀ ਲੋੜ ਹੁੰਦੀ ਹੈ। ਰਿਜ਼ਕ ਕੁਦਰਤ ਪੈਦਾ ਕਰਦੀ ਹੈ। ਜੀਵ ਕੇਵਲ ਸੰਘਰਸ਼ ਕਰਦੇ ਹਨ ਪਰ ਰੁਜ਼ਗਾਰ ਕੁਦਰਤ ਦੀ ਨਹੀਂ, ਮਨੁੱਖ ਦੀ ਘਾੜਤ ਹੈ। ਰਿਜ਼ਕ ਜੈਵਿਕ ਵਰਤਾਰਾ ਹੈ ਅਤੇ ਰੁਜ਼ਗਾਰ ਸਭਿਆਚਾਰਕ। ਦੋਨਾਂ ਦਾ ਸਬੰਧ ਕਿਰਤ ਨਾਲ ਹੈ। ਰਿਜ਼ਕ ਦਾ ਸਬੰਧ ਜੀਵ ਦੀਆਂ ਜਿੰਦਾ ਰਹਿਣ ਲਈ ਮਹਿਜ਼ ਸਰੀਰਕ ਲੋੜਾਂ ਦੀ ਪੂਰਤੀ ਨਾਲ ਜੁੜਿਆ ਹੁੰਦਾ ਹੈ। ਇਸ ਲਈ ਰਿਜ਼ਕ ਨੂੰ ਸਮਝਣ ਵਾਸਤੇ ਡਾਰਵਿਨ ਦੇ ਸਿਧਾਂਤਾਂ ਦੀ ਲੋੜ ਪੈਂਦੀ ਹੈ। ਦੂਸਰੇ ਪਾਸੇ ਰੁਜ਼ਗਾਰ ਦਾ ਸਬੰਧ ਸਭਿਆਚਾਰ ਦੁਆਰਾ ਨਿਰਮਿਤ ਮਨੁੱਖ ਦੀਆਂ ਅਸੀਮ ਚਾਹਤਾਂ ਨਾਲ ਜੁੜਿਆ ਹੁੰਦਾ ਹੈ। ਇਸ ਲਈ ਰੁਜ਼ਗਾਰ ਦੇ ਮਸਲਿਆਂ ਨੂੰ ਸਮਝਣ ਵਾਸਤੇ, ਕਿਰਤ ਨਾਲ ਸਬੰਧਤ ਸਭਿਆਚਾਰਕ ਤੇ ਆਰਥਕ ਫੈਸਲੇ ਕਰਨ ਵਾਲੀ ਰਾਜਨੀਤੀ ਨੂੰ ਜਾਣਨ ਦੀ ਜ਼ਰੂਰਤ ਹੁੰਦੀ ਹੈ।

ਇਕ ਸੁਆਲ ਕਰਨਾ ਬਣਦਾ ਹੈ। ਜਦੋਂ ਸਰੀਰਕ ਲੋੜਾਂ ਦੀ ਪੂਰਤੀ ਨਾਲ ਜੀਵ ਸੰਸਾਰ ਦਾ ਕੰਮ ਵਧੀਆ ਚੱਲ ਰਿਹਾ ਸੀ, ਫੇਰ ਕੁਦਰਤ ਨੇ ਮਨੁੱਖ ਨੂੰ ਉਸ ਅੰਦਰ ਚਾਹਤਾਂ ਦੀ ਅਸੀਮ ਹਵਸ ਜਗਾ ਕੇ, ਕੁਦਰਤੀ ਵਸੀਲਿਆਂ ਦੀ ਬਰਬਾਦੀ ਦੇ ਰਾਹੇ ਕਿਉਂ ਪਾ ਦਿੱਤਾ? ਦੂਸਰੇ ਜੀਵਾਂ ਵਾਂਗ ਜੰਗਲਾਂ ਵਿਚੋਂ ਆਪਣਾ ਭੋਜਨ ਇਕੱਤਰ ਕਰਕੇ ਮਨੁੱਖ ਵੀ ਚੰਗਾ ਭਲਾ ਜੀਵਨ ਬਤੀਤ ਕਰ ਹੀ ਰਿਹਾ ਸੀ। ਉਸ ਨੂੰ ਖੇਤੀ ਦੇ ਧੰਦੇ ਵਿਚ ਪੈ ਕੇ ਵਾਧੂ ਅਨਾਜ ਉਤਪਾਦਨ ਰਾਹੀਂ ਪੁਜਾਰੀਆਂ, ਸੈਨਿਕਾਂ, ਸ਼ਿਲਪੀਆਂ, ਸਿਆਸਤਦਾਨਾਂ, ਵਪਾਰੀਆਂ ਆਦਿ ਦੀਆਂ ਪਰਜੀਵੀ ਜਮਾਤਾਂ ਖੜ੍ਹੀਆਂ ਕਰਨ ਦੀ ਕਿਉਂ ਲੋੜ ਪੈ ਗਈ? ਇਹੀ ਉਹ ਸਭਿਆਚਾਰਕ ਮੋੜ ਹੈ, ਜਦੋਂ ਮਨੁੱਖ ਦੀਆਂ ਜੈਵਿਕ ਲੋੜਾਂ ਮਾਨਵੀ ਚਾਹਤਾਂ ਵਿਚ ਅਤੇ ਰਿਜ਼ਕ ਰੁਜ਼ਗਾਰ ਵਿਚ ਤਬਦੀਲ ਹੁੰਦੇ ਹਨ। ਮਾਨਵਤਾ ਨੇ ਇਹ ਮੋੜ ਕਿਵੇਂ ਕੱਟਿਆ, ਇਹ ਵੱਡਾ ਸੁਆਲ ਨਹੀਂ। ਸੁਆਲ ਤਾਂ ਇਹ ਹੈ ਕਿ ਇਸ ਸਭਿਆਚਾਰਕ ਮੋੜ ਪਿਛੇ ਕੁਦਰਤ ਦਾ ਕਿਹੜਾ ਲਕਸ਼ ਤੇ ਡਿਜ਼ਾਈਨ ਕੰਮ ਕਰ ਰਿਹਾ ਸੀ?

ਕੁਦਰਤ ਜਿਸ ਦਿਸ਼ਾ ਵੱਲ ਜਾ ਰਹੀ ਹੈ, ਉਹ ਹੈ ਉਸ ਦੀ ਐਨਟਰਾਪੀ ਵਿਚ ਨਿਰੰਤਰ ਵਾਧੇ ਦੀ ਦਿਸ਼ਾ। ਊਰਜਾ ਦੀ ਵੱਧ ਤੋਂ ਵੱਧ ਖਪਤ ਰਾਹੀਂ ਉਸ ਵਿਚੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ (ਵੇਸਟ) ਦੇ ਨਤੀਜੇ ਵਜੋਂ ਕੁਦਰਤ ਦਾ ਆਪਣੇ ਅੰਤ ਵਲ ਵਧਣਾ ਤੈਅ ਹੈ ਪਰ ਡਾਰਵਿਨ ਦਾ ਸਿਧਾਂਤ ਸਰੀਰਾਂ ਦੇ ਵਿਨਾਸ਼ ਦੀ ਨਹੀਂ, ਉਨ੍ਹਾਂ ਦੇ ਵਿਕਾਸ ਦੀ ਕਹਾਣੀ ਪੇਸ਼ ਕਰਦਾ ਹੈ। ਇਹ ਕੋਈ ਵਿਰੋਧਾਭਾਸ ਨਹੀਂ। ਕੁਦਰਤ ਜੈਵਿਕ ਸੰਸਾਰ ਦਾ ਇਸ ਲਈ ਨਿਰਮਾਣ ਕਰਦੀ ਹੈ, ਕਿਉਂਕਿ ਨਿਰਜੀਵ ਸੰਸਾਰ ਦੇ ਮੁਕਾਬਲੇ ਜੈਵਿਕ ਸੰਸਾਰ ਊਰਜਾ ਦੀ ਵਧੇਰੇ ਵਰਤੋਂ ਰਾਹੀਂ ਐਨਟਰਾਪੀ ਦੇ ਵਾਧੇ ਦੀ ਦਰ ਨੂੰ ਤੇਜ਼ ਕਰ ਦਿੰਦਾ ਹੈ। ਇਸੇ ਤਰ੍ਹਾਂ ਮਾਨਵ ਦੀਆਂ ਅਸੀਮ ਚਾਹਤਾਂ ਐਨਟਰਾਪੀ ਵਿਚ ਵਾਧੇ ਦੀ ਇਸ ਦਰ ਨੂੰ ਹੋਰ ਵੀ ਤੇਜ਼ ਕਰ ਦਿੰਦੀਆਂ ਹਨ। ਕੇਵਲ ਏਨਾ ਹੀ ਕਹਿਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕੁਦਰਤ ਦੀ ਤਬਦੀਲੀ ਵਿਚ ਵਾਧੇ ਦੀ ਦਰ ਅਤੇ ਉਸ ਦੀ ਦਿਸ਼ਾ ਕੁਦਰਤ ਦੀ ਆਪਣੀ ਸੰਰਚਨਾ ਵਿਚ ਹੀ ਉਸ ਦੇ ਲਕਸ਼ ਵਜੋਂ ਨਿਹਿਤ ਹੈ। ਵਾਪਸ ਨਹੀਂ ਮੁੜਿਆ ਜਾ ਸਕਦਾ। ਵਾਤਾਵਰਨ ਦੀ ਸਾਂਭ-ਸੰਭਾਲ ਦਾ ਮਾਰਗ ਵੀ ਹੁਣ ਤਕਨਾਲੋਜੀ ਦੇ ਵਿਕਾਸ ਵਲ ਹੀ ਜਾਂਦਾ ਹੈ। ਚਾਹਤਾਂ ਤੋਂ ਲੋੜਾਂ ਵਲ ਵਾਪਸ ਪਰਤਣਾ ਹੁਣ ਸੰਭਵ ਨਹੀਂ ਰਿਹਾ। ਰਿਜ਼ਕ ਵਲ ਵਾਪਸੀ ਨਹੀਂ, ਰੁਜ਼ਗਾਰ ਦੀਆਂ ਅਨੰਤ ਸੰਭਾਵਨਾਵਾਂ ਨਾਲ ਅੱਗੇ ਵਧਣ ਦੀ ਵੰਗਾਰ ਹੀ ਮਾਨਵਤਾ ਦੀ ਹੋਣੀ ਹੈ।

**4. ਕਾਢ ਰੁਜ਼ਗਾਰ ਦੀ ਮਾਂ ਹੈ:** ਇਸ ਡਰ ਅਧੀਨ ਕਿ ਮਸ਼ੀਨੀ ਖੱਡੀਆਂ ਉਨ੍ਹਾਂ ਦੀ ਰੋਜ਼ੀ-ਰੋਟੀ ਖਾ ਜਾਣਗੀਆਂ, ਇੰਗਲੈਂਡ ਦੇ ਜੁਲਾਹਿਆਂ ਨੇ 1811 ਵਿਚ ਮਸ਼ੀਨੀਕਰਨ ਵਿਰੁਧ ਸੰਘਰਸ਼ ਦੌਰਾਨ ਇਨ੍ਹਾਂ ਮਸ਼ੀਨੀ ਖੱਡੀਆਂ ਦੀ ਬਹੁਤ ਤੋੜ-ਭੰਨ ਕੀਤੀ। ਉਨ੍ਹਾਂ ਦਾ ਡਰ ਏਨਾ ਗਲਤ ਵੀ ਨਹੀਂ ਸੀ। ਮਸ਼ੀਨ ਉਨ੍ਹਾਂ ਨੂੰ ਵਿਹਲੇ ਕਰ ਰਹੀ ਸੀ। ਕਈ ਸਾਲ ਉਨ੍ਹਾਂ ਨੂੰ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਨਵੇਂ ਹਾਲਾਤ ਅਨੁਸਾਰ ਢਲਣ ਵਿਚ ਸਮਾਂ ਤਾਂ ਲੱਗਿਆ ਪਰ ਹੌਲੀ-ਹੌਲੀ ਜੁਲਾਹਾ ਕੰਮ ਕਰਨ ਵਾਲੇ ਲੋਕਾਂ ਦੀ ਮੰਗ ਘਟਣ



ਦੀ ਥਾਂ ਵਧਣ ਲੱਗ ਪਈ।

ਹੱਥੀਂ ਕੰਮ ਕਰਨ ਦੀ ਥਾਂ ਜਦੋਂ ਉਹੋ ਕੰਮ ਮਸ਼ੀਨਾਂ ਦੀ ਸਹਾਇਤਾ ਨਾਲ ਕੀਤਾ ਜਾਂਦਾ ਹੈ ਤਾਂ ਕੰਮ ਦੀ ਕਾਰਜ ਕੁਸ਼ਲਤਾ ਵਧ ਜਾਂਦੀ ਹੈ। ਪੈਦਾਵਾਰ ਵਧਣ ਨਾਲ ਕੀਮਤਾਂ ਘਟ ਜਾਂਦੀਆਂ ਹਨ, ਮੰਗ ਵਧ ਜਾਂਦੀ ਹੈ। ਉਨੀਵੀਂ ਸਦੀ ਦੇ ਸ਼ੁਰੂ-ਸ਼ੁਰੂ ਵਿਚ ਜਦੋਂ ਕੱਪੜਾ ਅਜੇ ਹੱਥੀਂ ਬਣਾਇਆ ਜਾਂਦਾ ਸੀ, ਲੋਕਾਂ ਕੋਲ ਬਹੁਤ ਘੱਟ ਕੱਪੜੇ ਹੁੰਦੇ ਸਨ ਪਰ ਸਦੀ ਦੇ ਅੰਤ ਤੱਕ ਮਸ਼ੀਨਾਂ ਆਉਣ ਨਾਲ ਕੱਪੜੇ ਦੀ ਪੈਦਾਵਾਰ ਵਧਣ ਅਤੇ ਕੀਮਤਾਂ ਘਟਣ ਕਾਰਨ ਕੱਪੜੇ ਦੀ ਖਪਤ ਵਿਚ ਤੇਜ਼ੀ ਨਾਲ ਵਾਧਾ ਹੋਣਾ ਸ਼ੁਰੂ ਹੋ ਗਿਆ। ਲੋਕਾਂ ਨੇ ਵੰਨ-ਸਵੰਨੇ ਕੱਪੜਿਆਂ ਦੇ ਕਈ-ਕਈ ਸੈਟ ਖਰੀਦਣੇ ਸ਼ੁਰੂ ਕਰ ਦਿੱਤੇ। ਖਿੜਕੀਆਂ 'ਤੇ ਪਰਦੇ, ਫਰਸ਼ਾਂ 'ਤੇ ਗਲੀਚੇ ਅਤੇ ਫਰਨੀਚਰ ਉਪਰ ਗਿਲਾਫ ਚੜ੍ਹਨੇ ਸ਼ੁਰੂ ਹੋ ਗਏ। ਕੱਪੜੇ ਦੀ ਮੰਗ ਦੇ ਤੇਜ਼ੀ ਨਾਲ ਵਧਣ ਕਰਕੇ ਮਸ਼ੀਨਾਂ ਅਤੇ ਮਸ਼ੀਨਾਂ ਉਪਰ ਕੰਮ ਕਰਨ ਵਾਲੇ ਮਜ਼ਦੂਰਾਂ, ਫੋਰਮੈਨਾਂ, ਸੁਪਰਵਾਈਜ਼ਰਾਂ, ਮਿਲ ਮੈਨੇਜਰਾਂ ਆਦਿ ਦੀ ਮੰਗ ਵੀ ਵਧਣ ਲੱਗੀ। ਕੱਪੜੇ ਦੇ ਵਪਾਰ 'ਚ ਹੀ ਨਹੀਂ, ਰੁਜ਼ਗਾਰ ਵਿਚ ਵੀ ਵਾਧਾ ਹੋਇਆ।

ਜਦੋਂ ਅਸੀਂ ਵਿਭਿੰਨ ਖੇਤਰਾਂ ਵਿਚ ਮਸ਼ੀਨੀਕਰਨ ਦੇ ਰੋਲ ਬਾਰੇ ਸੋਚਦੇ ਹਾਂ ਤਾਂ ਸਿਰ ਚਕਰਾ ਜਾਂਦਾ ਹੈ। ਇਹ ਜੁਲਾਹੇ ਕਲਪਨਾ ਵੀ ਨਹੀਂ ਸਨ ਕਰ ਸਕਦੇ ਕਿ ਮਸ਼ੀਨੀ ਯੁਗ ਵਿਚ ਲੋਕਾਂ ਕੋਲ ਕਿੰਨਾ ਕੱਪੜਾ ਅਤੇ ਕਿੰਨਾ ਭੋਜਨ ਹੋਵੇਗਾ। ਪਹਾੜਾਂ ਵਿਚ ਸੁਰੰਗਾਂ ਬਣਾਉਣੀਆ ਅਤੇ ਹਵਾਈ ਜਹਾਜ਼ਾਂ ਰਾਹੀਂ ਘੰਟਿਆਂ ਵਿਚ ਮਹਾਂਦੀਪਾਂ ਨੂੰ ਪਾਰ ਕਰ ਲੈਣਾ ਇਨ੍ਹਾਂ ਦੀ ਕਲਪਨਾ ਵਿਚ ਵੀ ਨਹੀਂ ਸੀ ਆ ਸਕਦਾ। ਕੀ ਇਹ ਲੋਕ ਕਦੀ ਮਾਰੂਥਲਾਂ ਵਿਚ ਅੱਧੀ-ਅੱਧੀ ਮੀਲ ਉਚੀਆਂ ਇਮਾਰਤਾਂ ਖੜ੍ਹੀਆਂ ਕਰਨ ਅਤੇ ਪੁਲਾੜ ਵਿਚ ਦੂਸਰੇ ਗ੍ਰਹਿਆਂ ਦੁਆਲੇ ਚੱਕਰ ਲਾਉਣ ਵਾਲੇ ਸੈਟੇਲਾਈਟ ਭੇਜਣ ਬਾਰੇ ਸੋਚ ਸਕਦੇ ਸਨ? ਉਨ੍ਹਾਂ ਲਈ ਇਹ ਅਨੁਮਾਨ ਲਾਉਣਾ ਸੰਭਵ ਹੀ ਨਹੀਂ ਸੀ ਕਿ ਇਸ ਤਰ੍ਹਾਂ ਦੇ ਅਣਗਿਣਤ ਕਾਰਜਾਂ ਲਈ ਭਵਿਖ ਵਿਚ ਉਨ੍ਹਾਂ ਦੇ ਬੱਚਿਆਂ ਕੋਲ ਕਿੰਨਾ ਅਰਥ-ਭਰਪੂਰ ਰੁਜ਼ਗਾਰ ਹੋਵੇਗਾ।

ਵਰਤਮਾਨ ਸਮਿਆਂ ਵਿਚ ਰੁਜ਼ਗਾਰ ਉਪਰ ਕੰਪਿਊਟਰੀਕਰਨ ਦੇ ਪ੍ਰਭਾਵ ਨੂੰ ਸਮਝਣ ਲਈ ਏ.ਟੀ.ਐਮ. ਦੀ ਉਦਾਹਰਣ ਲਈ ਜਾ ਸਕਦੀ ਹੈ। ਏ.ਟੀ.ਐਮ. ਦੇ ਆਉਣ ਨਾਲ ਬੈਂਕਾਂ ਦੇ ਖਰਚੇ ਘਟੇ ਤਾਂ ਉਨ੍ਹਾਂ ਨੇ ਵਧੇਰੇ ਬ੍ਰਾਂਚਾਂ ਖੋਲ੍ਹ ਕੇ ਆਪਣਾ ਬਿਜ਼ਨਸ ਵਧਾ ਲਿਆ। ਇਸ ਤਰ੍ਹਾਂ ਬੈਂਕਾਂ ਵਿਚ ਰੁਜ਼ਗਾਰ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੋਣ ਲੱਗ ਪਈਆਂ।

ਬਚਪਨ ਵਿਚ ਅਸੀਂ ਪਿਆਸੇ ਕਾਂ ਦੀ ਕਹਾਣੀ ਸੁਣਦੇ ਹੁੰਦੇ ਸੀ ਕਿ ਸਮੱਸਿਆ ਕਾਢ ਦੀ ਮਾਂ ਹੈ ਪਰ ਉਪਰੋਕਤ ਚਰਚਾ ਉਪਰੰਤ ਇਹ ਜਾਨਣ ਬਾਅਦ ਕਿ ਕਾਢ ਰੁਜ਼ਗਾਰ ਦੀ ਮਾਂ ਹੈ, ਪਿਆਸੇ ਕਾਂ ਦੀ ਕਹਾਣੀ ਅੱਗੇ ਤੁਰਦੀ ਹੈ: 'ਸਮੱਸਿਆ ਕਾਢ ਦੀ ਮਾਂ ਹੈ ਅਤੇ ਕਾਢ ਰੁਜ਼ਗਾਰ ਦੀ ਮਾਂ।'। ਮਾਨਵ ਸਮਾਜ ਦੀ ਖੁਸ਼ਹਾਲੀ ਉਸ ਦੀਆਂ ਸਮਸਿਆਵਾਂ ਦੇ ਹੱਲ ਨਾਲ ਜੁੜੀ ਹੁੰਦੀ ਹੈ। ਜਿੰਨੀਆਂ ਵੱਡੀਆਂ ਸਮੱਸਿਆਵਾਂ ਹੋਣਗੀਆਂ, ਉਸ ਵਿਚੋਂ ਓਨੇ ਹੀ ਵੱਧ ਰੁਜ਼ਗਾਰ ਦੀਆਂ ਸੰਭਾਵਨਾਵਾਂ ਜਾਗਣਗੀਆਂ। ਜਿੰਨੀ ਦੇਰ ਤੱਕ ਮਾਨਵ ਅਤੇ ਉਸ ਦੇ ਸਮਾਜਾਂ ਦੀਆਂ ਸਮਸਿਆਵਾਂ ਖਤਮ ਨਹੀਂ ਹੋ ਜਾਂਦੀਆਂ, ਓਨੀ ਦੇਰ ਤੱਕ ਰੁਜ਼ਗਾਰ ਦੀਆਂ ਨਵੀਆਂ ਤੋਂ ਨਵੀਆਂ ਸੰਭਾਵਨਾਵਾਂ ਵੀ ਜਨਮਦੀਆਂ ਰਹਿਣਗੀਆਂ। ਸਮੱਸਿਆਵਾਂ ਦਿਨੋ-ਦਿਨ ਵਧ ਹੀ ਨਹੀਂ ਰਹੀਆਂ, ਗੰਭੀਰ ਵੀ ਹੋ ਰਹੀਆਂ ਹਨ। ਰੁਜ਼ਗਾਰ ਵੀ ਵਧਣ ਦੇ ਨਾਲ-ਨਾਲ ਵੱਡਾ ਹੋ ਰਿਹਾ ਹੈ।

ਜੇ ਖਪਤ ਦੀਆਂ ਦੂਸਰੀਆਂ ਵਸਤਾਂ ਅਤੇ ਸੇਵਾਵਾਂ ਦੇ ਨਿਰਮਾਣ ਦੀ ਕਹਾਣੀ ਨੂੰ ਪਾਸੇ ਰੱਖ ਲਈਏ ਤਾਂ ਵੀ ਜਲਵਾਯੂ ਵਿਚ ਆ ਰਹੇ ਪਰਿਵਰਤਨਾਂ ਨੂੰ ਨਜਿਠਣ ਵਾਸਤੇ ਊਰਜਾ ਦੇ ਬੁਨਿਆਦੀ ਢਾਂਚੇ ਦੀ ਪੁਨਰ-ਉਸਾਰੀ ਕਰਨ, ਕਰੋਨਾਵਾਇਰਸ ਵਰਗੀਆਂ ਛੂਤ ਦੀਆਂ ਬਿਮਾਰੀਆਂ ਦੇ ਟਾਕਰੇ ਲਈ ਜਨਤਕ ਸਿਹਤ-ਸੁਰੱਖਿਆ ਪ੍ਰਬੰਧ ਦੇ ਰੂਪਾਂਤਰਨ ਅਤੇ ਹਰ ਕਿਸੇ ਨੂੰ ਸਾਫ ਹਵਾ, ਪਾਣੀ, ਊਰਜਾ ਅਤੇ ਵਾਤਾਵਰਨ ਦੀਆਂ ਸਹੂਲਤਾਂ ਦੇਣ ਦੇ ਨਾਲ-ਨਾਲ ਦੁਨੀਆਂ ਦੇ ਨੌਂ ਅਰਬ ਲੋਕਾਂ ਲਈ ਰੋਜ਼ੀ ਰੋਟੀ, ਕੱਪੜੇ, ਮਕਾਨ, ਸਿਹਤ ਸੰਭਾਲ, ਮਨਪ੍ਰਚਾਵੇ ਅਤੇ ਸਿਖਿਆ ਦਾ ਪ੍ਰਬੰਧ ਕਰਨ ਵਾਸਤੇ ਹੀ ਕਿੰਨੇ ਮਾਨਵੀ ਵਸੀਲਿਆਂ ਦੀ ਜ਼ਰੂਰਤ ਰਹੇਗੀ, ਅਨੁਮਾਨ ਲਾਉਣਾ ਵੀ ਮੁਸ਼ਕਿਲ ਹੋਵੇਗਾ। ਮਾਨਵੀ ਕਿਰਤ ਨੂੰ ਮਸ਼ੀਨੀ ਅਤੇ ਬੌਧਿਕ ਤਕਨਾਲੋਜੀ ਨਾਲ ਲੈਸ ਕੀਤੇ ਬਿਨਾਂ ਤਾਂ ਅਜਿਹਾ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

ਕਿਰਤ ਦਾ ਮਹੱਤਵ ਅਤੇ ਉਸ ਦੀ ਮੰਗ ਘਟੇ ਨਹੀਂ, ਵਧੇ ਹਨ। ਕਿਰਤ ਦੀ ਪ੍ਰਕਿਰਤੀ ਜ਼ਰੂਰ ਬਦਲ ਰਹੀ ਹੈ। ਕਿਰਤ ਹੁਣ ਕਠਿਨ ਮੁਸ਼ੱਕਤ ਨਹੀਂ ਰਹੀ। ਨਾ ਹੀ ਕਿਰਤੀ ਮਸ਼ੀਨ ਦਾ ਪੁਰਜ਼ਾ ਹੈ। ਮੈਨੇਜਰ ਕਿਰਤੀਆਂ ਨੂੰ ਹੱਕਣ ਵਾਲਾ ਮਾਸਟਰ ਵੀ ਨਹੀਂ ਹੈ। ਕਿਰਤ ਅਜਿਹੀ ਨਵੀਨਤਾਕਾਰੀ ਸਿਰਜਣਾ ਵਿਚ ਰੂਪਾਂਤ੍ਰਿਤ ਹੋ ਰਹੀ ਹੈ ਜਿਸ ਨੂੰ ਕਿਰਤੀ ਪਿਆਰ ਕਰਨਗੇ ਜੋ ਉਨ੍ਹਾਂ ਦੇ ਅਨੰਦ ਦਾ ਮਾਧਿਅਮ ਹੋਵੇਗੀ।

ਜ਼ਰੂਰੀ ਨਹੀਂ ਕਿ ਕਿਰਤ ਨੌਕਰੀ ਦਾ ਰੂਪ ਧਾਰ ਕੇ ਹੀ ਆਵੇ। ਕੰਮ ਦੀ ਕੋਈ ਘਾਟ ਨਹੀਂ ਹੋਵੇਗੀ। ਨੌਕਰੀਆਂ ਦੀ ਘਾਟ ਹੋ ਸਕਦੀ ਹੈ। ਨੌਕਰੀ ਕੰਮ ਦੇ ਪ੍ਰਬੰਧਨ ਲਈ ਕੀਤੀ ਜਾਣ ਵਾਲੀ ਨਕਲੀ ਉਸਾਰੀ ਹੁੰਦੀ ਹੈ। ਇਸ ਲਈ, ਜ਼ਰੂਰੀ ਨਹੀਂ ਕਿ ਕੰਮ ਹਮੇਸ਼ਾ ਨੌਕਰੀ ਦੇ ਰੂਪ ਵਿਚ ਹੀ ਆਵੇ। ਕੰਮ ਦੀ ਪ੍ਰਕਿਰਤੀ ਅਤੇ ਮਾਹੌਲ ਬਦਲ ਰਹੇ ਹਨ। ਸੰਭਾਵਨਾ ਇਸੇ ਗੱਲ ਦੀ ਹੈ ਕਿ ਇਹ ਹੁਣ ਨਵੇਂ ਰੂਪਾਂ ਵਿਚ ਹੀ ਪ੍ਰਗਟ ਹੋਵੇ।

ਤੁਸੀਂ ਕਾਲਜ ਗਏ, ਪੱਤਰਕਾਰੀ ਦੀ ਐਮ.ਏ. ਕੀਤੀ ਅਤੇ ਸਾਰੀ ਉਮਰ ਇਕੋ ਅਖਬਾਰ ਲਈ ਖਬਰਾਂ ਲਿਖਦਿਆਂ ਕੱਢ ਦਿੱਤੀ ਪਰ ਤੁਹਾਡੇ ਬੱਚੇ ਇਸ ਤਰ੍ਹਾਂ ਨਹੀਂ ਕਰ ਸਕਣਗੇ। ਉਨ੍ਹਾਂ ਨੂੰ ਤਾਂ ਆਪਣੇ ਆਪ ਨੂੰ ਲਗਾਤਾਰ ਖੋਜਦੇ ਰਹਿਣਾ ਹੋਵੇਗਾ। ਨਿਤ ਨਵੀਂ ਤਕਨਾਲੋਜੀ, ਨਵੀਆਂ ਸੰਭਾਵਨਾਵਾਂ, ਨਵੀਂ ਟ੍ਰੇਨਿੰਗ ਅਤੇ ਨਵਾਂ ਕੰਮ। ਕੇਵਲ ਇਕ ਦੋ ਜਾਂ ਤਿੰਨ ਵਾਰ ਹੀ ਨਹੀਂ। ਹੋ ਸਕਦਾ ਹੈ ਕਿ ਵਧੇਰੇ ਸਿਰਜਣਾਤਮਕ ਅਤੇ ਉਪਯੋਗੀ ਕੰਮਾਂ ਲਈ ਆਪਣੇ ਆਪ ਨੂੰ ਇਸੇ ਤਰ੍ਹਾਂ ਉਮਰ ਭਰ ਅਪਡੇਟ ਕਰਦੇ ਰਹਿਣਾ ਪਵੇ; ਜਿਵੇਂ ਤੁਸੀਂ ਆਪਣੇ ਆਪ ਵਿਚ ਆਪ ਹੀ ਸਟਾਰਟ-ਅਪ ਕੰਪਨੀ ਹੋਵੋ।

ਇਹ ਤਦ ਹੀ ਸੰਭਵ ਹੈ, ਜੇ ਦੁਨੀਆਂ ਭਰ ਵਿਚ ਹਰ ਕਿਸੇ ਨੂੰ, ਹਰ ਥਾਂ ਅਤੇ ਹਰ ਵੇਲੇ ਹਰ ਨਵੇਂ ਪੁਰਾਣੇ ਹੁਨਰ ਦੀ, ਕਫਾਇਤੀ ਮੁਲ 'ਤੇ ਹਰ ਤਰ੍ਹਾਂ ਦੀ ਅਪਡੇਟਿਡ ਸਿਖਿਆ ਉਪਲਭਦ ਹੋਵੇ। ਹਾਰਵਰਡ, ਐਮ.ਆਈ.ਟੀ., ਸਟੈਨਫੋਰਡ, ਪਰਿੰਸਟਨ ਅਤੇ ਜੌਰਜੀਆ ਟੈਕਨਾਲੋਜੀ ਵਰਗੀਆਂ ਵੱਕਾਰੀ ਯੂਨੀਵਰਸਟੀਆਂ ਨੇ ਤਾਂ ਇਹ ਕੰਮ ਕਈ ਸਾਲ ਪਹਿਲਾਂ ਸ਼ੁਰੂ ਕਰ ਦਿੱਤਾ ਸੀ ਅਤੇ ਇਕ-ਇਕ ਕੋਰਸ ਵਿਚ ਲੱਖਾਂ ਵਿਦਿਆਰਥੀ ਦਾਖਲਾ ਲੈ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਅਸੀਂ ਆਪਣੇ ਨਿਜੀ ਵਪਾਰਕ ਹਿਤਾਂ ਦੀ ਪੂਰਤੀ ਲਈ ਵਿਦਿਆਰਥੀਆਂ ਨੂੰ ਇਸ ਕ੍ਰਾਂਤੀ ਦਾ ਲਾਭ ਨਹੀਂ ਉਠਾਉਣ ਦੇ ਰਹੇ।

**5. ਮਾਨਵੀ ਪੂੰਜੀ:** ਖੇਤੀ ਪ੍ਰਧਾਨ ਸਮਾਜ ਵਿਚ ਪੈਦਾਵਾਰ ਅਤੇ ਖੁਸ਼ਹਾਲੀ ਦਾ ਆਧਾਰ ਜ਼ਮੀਨ ਸੀ। ਉਦਯੋਗਿਕ ਕ੍ਰਾਂਤੀ ਦੇ ਆਉਣ ਨਾਲ ਜ਼ਮੀਨ ਦੀ ਥਾਂ ਪੂੰਜੀ ਪੈਦਾਵਾਰ ਅਤੇ ਖੁਸ਼ਹਾਲੀ ਦਾ ਮੁੱਖ ਸਾਧਨ ਬਣ ਗਈ। ਸੇਵਾ ਸੈਕਟਰ ਵਿਚ ਸੂਚਨਾ ਪ੍ਰਧਾਨ ਸੀ। ਅੱਜ ਅਸੀਂ ਗਿਆਨ ਆਰਥਕਤਾ ਦੇ ਜਿਸ ਨਵੇਂ ਦੌਰ ਵਿਚੋਂ ਲੰਘ ਰਹੇ ਹਾਂ, ਉਸ ਅੰਦਰ ਪੈਦਾਵਾਰ ਵਿਚ ਵਾਧੇ, ਦੌਲਤ ਦੀ ਉਤਪਤੀ, ਨਵੀਆਂ ਸੰਭਾਵਨਾਵਾਂ ਦੇ ਨਿਰਮਾਣ ਅਤੇ ਖੁਸ਼ਹਾਲ ਜੀਵਨ ਦਾ ਆਧਾਰ ਤਕਨਾਲੋਜੀ ਨਹੀਂ, ਮਾਨਵ ਹੈ। ਨਵੀਂ ਤਕਨਾਲੋਜੀ, ਸਿਰਜਣਾ, ਆਜ਼ਾਦੀ, ਬਰਾਬਰੀ, ਦਇਆ ਅਤੇ ਆਪਸੀ ਸਹਿਯੋਗ ਨਾਲ ਭਰਪੂਰ ਮਾਨਵੀ ਵਸੀਲੇ ਹੀ ਆਉਣ ਵਾਲੇ ਸਮਿਆਂ ਵਿਚ ਖੁਸ਼ਹਾਲੀ ਦਾ ਆਧਾਰ ਹੋਣਗੇ। ਇਸ ਨੂੰ ਤੁਸੀਂ ਉਤਰ-ਪੂੰਜੀਵਾਦ, ਉਨਤ-ਪੂੰਜੀਵਾਦ, ਬੌਧਿਕ-ਪੂੰਜੀਵਾਦ, ਮਾਨਵ-ਪੂੰਜੀਵਾਦ; ਕੋਈ ਵੀ ਨਾਮ ਦੇ ਸਕਦੇ ਹੋ; ਹੈ ਇਹ ਪੂੰਜੀਵਾਦ ਦਾ ਵਿਕਸਤ ਰੂਪ ਹੀ। ਪੂੰਜੀਵਾਦ ਦੇ ਪੁਰਾਣੇ ਦੌਰ ਵਿਚ ਆਜ਼ਾਦੀ, ਬਰਾਬਰੀ, ਦਇਆ, ਸਹਿਯੋਗ ਅਤੇ ਸਿਰਜਣਾ ਵਰਗੀਆਂ ਜਿਨ੍ਹਾਂ ਮਾਨਵੀ ਸ਼ਕਤੀਆਂ ਅਤੇ ਕਦਰਾਂ ਕੀਮਤਾਂ ਦੀ ਬਹਾਲੀ ਲਈ ਅਸੀਂ ਸੰਘਰਸ਼ ਕਰਦੇ ਰਹੇ ਹਾਂ, ਉਨ੍ਹਾਂ ਸ਼ਕਤੀਆਂ ਅਤੇ ਕਦਰਾਂ ਕੀਮਤਾਂ ਨੂੰ ਹੀ ਹੁਣ ਪੂੰਜੀਵਾਦ ਨੇ ਆਪਣੇ ਵਿਸਤਾਰ ਦਾ ਮਾਧਿਅਮ ਬਣਾ ਲਿਆ ਹੈ।

ਇਹ ਪ੍ਰਭਾਵ ਲਗਭਗ ਸਰਬ-ਪ੍ਰਵਾਨਿਤ ਹੋ ਰਿਹਾ ਹੈ ਕਿ ਸਮਾਜਕ ਨਾਬਰਾਬਰੀ, ਜਲਵਾਯੂ ਦੀ ਤਬਦੀਲੀ ਅਤੇ ਬੇਰੁਜ਼ਗਾਰੀ ਵਰਗੀਆਂ ਅਤਿ ਮੁਸ਼ਕਿਲ ਚੁਣੌਤੀਆਂ ਸਮੇਤ ਮਾਨਵਤਾ ਨੂੰ ਦਰਪੇਸ਼ ਤਮਾਮ ਸਮੱਸਿਆਵਾਂ, ਕੇਵਲ ਤਕਨਾਲੋਜੀ ਦੇ ਸਹੀ ਉਪਯੋਗ ਰਾਹੀਂ ਹੀ ਹੱਲ ਕੀਤੀਆਂ ਜਾ ਸਕਦੀਆਂ ਹਨ। 'ਦਿ ਨੈਟ ਡਲਿਊਯਨ' ਦੇ ਲੇਖਕ ਇਵਜੀਨੀ ਮਾਰੋਜ਼ੋਵ ਨੇ ਇਸ ਸੰਭਾਵਨਾ ਨੂੰ ਇੰਟਰਨੈਟ ਆਜ਼ਾਦੀ ਦਾ ਹਨੇਰਾ ਪੱਖ ਆਖਦੇ ਹੋਏ 'ਹੱਲਵਾਦ' (ਸੌਲਿਊਸ਼ਨਿਜ਼ਮ) ਦਾ ਨਾਮ ਦਿੱਤਾ ਹੈ। ਉਹ ਇਸ ਗੱਲ ਤੋਂ ਇਨਕਾਰੀ ਨਹੀਂ ਕਿ ਡਿਜੀਟਲ ਤਕਨਾਲੋਜੀ ਇਨ੍ਹਾਂ ਤਮਾਮ ਮਰਜ਼ਾਂ ਦੀ ਦਵਾ ਹੋ ਸਕਦੀ ਹੈ ਪਰ ਉਨ੍ਹਾਂ ਦੇ ਕਹਿਣ ਮੁਤਾਬਕ, ਖਤਰਾ ਇਸ ਗੱਲ ਦਾ ਹੈ ਕਿ ਅਖੀਰ ਵਿਚ ਇਹ ਸਾਰੀ ਵਿਵਸਥਾ ਪੂੰਜੀਵਾਦ ਦੇ ਹੱਕ ਵਿਚ ਹੀ ਭੁਗਤ ਜਾਂਦੀ ਹੈ। ਮਾਨਵਤਾ, ਆਜ਼ਾਦੀ ਅਤੇ ਬਰਾਬਰੀ ਵਰਗੀਆਂ ਭਾਵਨਾਵਾਂ ਵੀ 'ਟੈਕਨੋ-ਡਿਟਰਮਨਿਜ਼ਮ' ਦਾ ਸ਼ਿਕਾਰ ਹੋ ਕੇ ਪੂੰਜੀ ਦੀ ਸੇਵਾ ਵਿਚ ਲੱਗ ਜਾਂਦੀਆਂ ਹਨ। ਇਸ ਵਿਵਸਥਾ ਅਧੀਨ ਮਾਨਵਤਾ ਨੂੰ ਮਾਨਵਤਾ ਲਈ ਨਹੀਂ, ਮੁਨਾਫੇ ਵਿਚ ਵਾਧੇ ਲਈ ਬਚਾਇਆ ਜਾ ਰਿਹਾ ਹੈ।

ਇਹ ਮੰਨ ਲੈਣ ਬਾਅਦ ਕਿ ਸਮੱਸਿਆਵਾਂ ਤਾਂ ਹੁਣ ਤਕਨਾਲੋਜੀ ਦੇ ਸਹੀ ਉਪਯੋਗ ਰਾਹੀਂ ਹੀ ਹੱਲ ਹੋਣਗੀਆਂ, ਸੁਆਲ ਪੈਦਾ ਹੁੰਦਾ ਹੈ ਕਿ ਜਟਿਲ ਸਮੱਸਿਆਵਾਂ ਦੇ ਹੱਲ ਲਈ ਸਹੀ ਤਕਨਾਲੋਜੀ ਦੀ ਚੋਣ, ਹਾਲਾਤ ਅਨੁਸਾਰ ਢਾਲਣਾ (ਅਡੈਪਟੇਸ਼ਨ) ਅਤੇ ਉਸ ਦੀ ਖਿੱਚਵੀਂ (ਕਰਿਟੀਕਲ) ਵਰਤੋਂ ਕਰਨ ਵਾਲੇ ਬੰਦੇ ਕਿਵੇਂ ਪੈਦਾ ਕਰਨੇ ਹਨ। ਸਿੱਧਾ ਜੁਆਬ ਹੈ: ਤਕਨਾਲੋਜੀ ਦੀ ਸਿਖਿਆ ਅਤੇ ਟਰੇਨਿੰਗ ਰਾਹੀਂ। ਹਰ ਕਿਸੇ ਨੂੰ ਇਸ ਤਰ੍ਹਾਂ ਦੀ ਸਿਖਿਆ ਅਤੇ ਟਰੇਨਿੰਗ ਦਿੱਤੀ ਜਾਵੇ ਕਿ ਉਹ ਤਕਨੀਕੀ ਮਾਹਿਰ ਵਾਂਗ ਖੋਜ ਕਰੇ, ਉਦਮੀ ਵਾਂਗ ਸੋਚੇ ਅਤੇ ਸਮਾਜਕ ਤਬਦੀਲੀ ਦੇ ਏਜੰਟ ਵਾਂਗ ਕੰਮ ਕਰੇ।

ਜੇ ਪੰਜਾਬ/ਭਾਰਤ ਦੀ ਗੱਲ ਕਰੀਏ ਤਾਂ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਸਾਡੇ ਲੋਕਾਂ ਦੀ ਅਜਿਹੀ ਸਿਖਿਆ ਅਤੇ ਟਰੇਨਿੰਗ ਤੱਕ ਪਹੁੰਚ ਹੀ ਨਹੀਂ ਹੈ ਜਿਸ ਰਾਹੀਂ ਉਹ ਡਿਜੀਟਲ ਅਰਥਚਾਰੇ ਜਾਂ ਉਦਯੋਗ ਵਿਚ ਸਿਰਜਣਾਤਮਕ ਕੰਮ ਕਰ ਸਕਣ। ਕੇਂਦਰੀ ਸਰਕਾਰ, ਰਾਜ ਸਰਕਾਰਾਂ, ਕੰਪਨੀਆਂ, ਸਿਖਿਆ ਸੰਸਥਾਵਾਂ, ਗੈਰ-ਸਰਕਾਰੀ ਜਥੇਬੰਦੀਆਂ ਆਦਿ ਸਭ ਨੂੰ ਆਪਣੀ ਪੈਦਾਵਾਰ ਵਿਚ ਵਾਧੇ, ਦੌਲਤ ਦੀ ਉਤਪਤੀ ਅਤੇ ਖੁਸ਼ਹਾਲ ਜੀਵਨ ਦੀ ਪ੍ਰਾਪਤੀ ਲਈ, ਇਸ ਦਿਸ਼ਾ ਵਿਚ ਕ੍ਰਾਂਤੀਕਾਰੀ ਕਦਮ ਉਠਾਉਣ ਦੀ ਲੋੜ ਹੈ। ਅਜਿਹਾ ਕਰਨ ਲਈ, ਸਭ ਤੋਂ ਪਹਿਲੀ ਲੋੜ ਤਾਂ ਆਪਣੀ ਸਿਖਿਆ ਪ੍ਰਣਾਲੀ ਅਤੇ ਪਾਠਕ੍ਰਮਾਂ ਦੀ ਗਲੋਬਲ ਤਕਨਾਲੋਜੀ, ਇਨਕਿਊਬੇਟਰ ਪ੍ਰੋਗਰਾਮਾਂ ਅਤੇ ਗਲੋਬਲ ਜੌਬ ਮਾਰਕਿਟ ਨਾਲ ਤਾਲਮੇਲ ਬਿਠਾਉਣ ਦੀ ਹੈ। ਇਹ ਠੀਕ ਹੈ ਕਿ ਮਾਨਵ-ਪੂੰਜੀ ਦੇ ਵਿਕਾਸ ਬਿਨਾਂ ਹੁਣ ਦੁਨੀਆਂ ਨੂੰ ਬਚਾਇਆ ਨਹੀਂ ਜਾ ਸਕਦਾ। ਆਰਥਕ ਖੁਸ਼ਹਾਲੀ ਨੂੰ ਬਚਾ ਲੈਣਾ ਹੀ ਬਹੁਤ ਨਹੀਂ ਹੋਵੇਗਾ। ਆਜ਼ਾਦੀ ਅਤੇ ਬਰਾਬਰੀ ਜਿਹੀਆਂ ਕਦਰਾਂ ਕੀਮਤਾਂ ਨੂੰ ਆਰਥਕ ਵਿਕਾਸ ਦੇ ਨਾਲ ਨਾਲ ਜਮਹੂਰੀਅਤ ਦੇ ਵਿਸਤਾਰ ਦੀ ਦਿਸ਼ਾ ਵੱਲ ਮੋੜਨਾ ਵੀ ਜ਼ਰੂਰੀ ਹੈ।

ਨਾਬਰਾਬਰੀ ਕੇਵਲ ਅਮੀਰੀ ਗਰੀਬੀ ਤੱਕ ਸੀਮਤ ਨਹੀਂ ਹੁੰਦੀ। ਇਹ ਮਨੁੱਖੀ ਸ਼ਾਨ ਦੀ ਉਲੰਘਣਾ ਹੈ। ਇਕ ਅਜਿਹੀ ਸਮਾਜ-ਸਭਿਆਚਾਰਕ ਸੰਗਠਨਕਾਰੀ ਹੈ ਜੋ ਆਪਣੀਆਂ ਹਾਸ਼ੀਆਗਤ ਧਿਰਾਂ ਨੂੰ ਮੌਨ ਕਰਕੇ ਆਪ ਹੀ ਕਮਜ਼ੋਰ ਹੋ ਜਾਂਦੀ ਹੈ। ਇਹ ਗਰੀਬਾਂ ਨੂੰ ਹੀ ਨਹੀਂ, ਅਮੀਰਾਂ ਸਮੇਤ ਸਮੁਚੇ ਭਾਈਚਾਰੇ ਨੂੰ ਕਮਜ਼ੋਰ ਕਰਦੀ ਹੈ। ਇਸ ਲਈ ਹਰ ਕਿਸੇ ਨੂੰ ਉਸ ਦੀ ਵਿਲੱਖਣਤਾ ਅਨੁਸਾਰ ਉਮਰ ਭਰ ਲਈ, ਬਰਾਬਰੀ ਦੇ ਆਧਾਰ 'ਤੇ, ਵਿਸ਼ਵ ਪੱਧਰ ਦੀ ਸਿਖਿਆ ਮੁਹੱਈਆ ਕਰਨੀ ਸਟੇਟ ਦਾ ਧਰਮ ਹੈ। ਵਰਤਮਾਨ ਸਮਿਆਂ ਵਿਚ ਇਹ ਖੁਸ਼ਹਾਲੀ ਦੀ ਬੁਨਿਆਦ ਹੈ। ਜਾਤੀ, ਜਮਾਤੀ, ਧਾਰਮਿਕ, ਭਾਸ਼ਾਈ, ਸਥਾਨਕ ਜਾਂ ਲਿੰਗੀ ਆਦਿ ਕੋਈ ਵੀ ਵਖਰੇਵੇਂ ਰੁਕਾਵਟ ਨਹੀਂ ਬਣਨੇ ਚਾਹੀਦੇ।

ਇਸ ਪ੍ਰਤੀ ਸੁਚੇਤ ਰਹਿਣਾ ਪਵੇਗਾ ਕਿ ਪੁਰਾਣੀਆਂ ਜਾਤਾਂ, ਜਮਾਤਾਂ ਖਤਮ ਕਰਦੀ ਕਰਦੀ ਸਿਖਿਆ ਕਿਤੇ ਗਿਆਨੀਆਂ, ਵਿਗਿਆਨੀਆਂ, ਕਲਾਕਾਰਾਂ, ਤਕਨੀਕੀ ਮਾਹਿਰਾਂ, ਪ੍ਰਬੰਧਕੀ ਸ਼ਾਸਕਾਂ ਆਦਿ ਦੀਆਂ ਨਵੀਆਂ ਜਾਤਾਂ ਜਮਾਤਾਂ ਹੀ ਨਾ ਖੜ੍ਹੀਆਂ ਕਰ ਦੇਵੇ। ਰਾਜ ਭਾਵੇਂ ਕਿਸੇ ਵੀ ਜਾਤ, ਜਮਾਤ ਜਾਂ ਨਸਲ ਦਾ ਹੋਵੇ-ਪੂੰਜੀਪਤੀਆਂ, ਪ੍ਰਬੰਧਕੀ ਸ਼ਾਸਕਾਂ (ਬਿਊਰੋਕਰੈਟਾਂ), ਤਕਨੀਕੀ ਮਾਹਿਰਾਂ (ਟੈਕਨੋਕਰੈਟਾਂ) ਜਾਂ ਵਿਦਵਾਨਾਂ (ਬ੍ਰਾਹਮਣਾਂ); ਉਹ ਫਾਸ਼ੀਵਾਦ ਵੱਲ ਵਧ ਰਿਹਾ ਗੈਰ-ਜਮਹੂਰੀ ਸ਼ਾਸਨ ਹੀ ਹੋਵੇਗਾ। ਜਨਤਕ ਵਿਦਵਤਾ (ਮਾਸ ਇੰਟਲੈਕਚੁਐਲਟੀ), ਸਿਰਜਣਾ ਅਤੇ ਸਮਾਜ-ਆਰਥਕ-ਤਕਨੀਕੀ ਨਿਰਮਾਣ ਵਿਚ ਸਭ ਦੀ ਸਾਂਝੀ ਸ਼ਮੂਲੀਅਤ ਹੀ ਇਸ ਦਾ ਇਲਾਜ ਹੈ। ਜੇ ਜਮਹੂਰੀਅਤ ਦਾ ਇਹੋ ਮਾਰਗ ਹੈ ਤਾਂ ਇਸ ਮਾਰਗ ਉਪਰ ਚੱਲਣ ਲਈ ਵਿਦਿਅਕ ਸੁਧਾਰ ਸਾਡਾ ਪ੍ਰਥਮ ਏਜੰਡਾ ਹੋਣੇ ਚਾਹੀਦੇ ਹਨ। ਸਿਰਜਣਾ ਦੇ ਸਾਂਝੇ ਪਿੜ, ਸਾਂਝੇ ਸਹਿਯੋਗੀ ਪ੍ਰੋਜੈਕਟ, ਵਿਸ਼ਲੇਸ਼ਣੀ ਜੁਗਤਾਂ ਆਦਿ ਰਾਹੀਂ ਸ਼ੁਰੂਆਤ ਹੋ ਸਕਦੀ ਹੈ। ਵਿਦਿਅਕ ਸੁਧਾਰ ਕੇਵਲ ਆਰਥਕ ਵਿਕਾਸ ਲਈ ਹੀ ਨਹੀਂ, ਜਮਹੂਰੀਅਤ ਅਤੇ ਸਮਾਜਕ ਨਿਆਂ ਦੇ ਵਿਸਤਾਰ ਲਈ ਵੀ ਓਨੇ ਹੀ ਜ਼ਰੂਰੀ ਹਨ। ਮਾਨਵਤਾ ਦਾ ਬਚਾਅ ਅਤੇ ਉਸ ਦਾ ਭਵਿਖ ਇਨ੍ਹਾਂ ਸੁਧਾਰਾਂ ਉਪਰ ਹੀ ਟਿਕਿਆ ਹੋਇਆ ਹੈ।

ਅੱਜ ਦੀ ਬੌਧਿਕ ਆਰਥਕਤਾ ਜੋ ਭੂਮੀ ਜਾਂ ਸਰਮਾਏ ਉਪਰ ਨਹੀਂ, ਮਾਨਵ-ਪੂੰਜੀ ਉਪਰ ਟਿਕੀ ਹੋਈ ਹੈ, ਅੰਦਰ ਕੇਵਲ ਮਾਨਵੀ ਵਸੀਲਿਆਂ ਵਿਚ ਕੀਤੇ ਜਾਣ ਵਾਲਾ ਨਿਵੇਸ਼ ਹੀ ਪੈਦਾਵਾਰ ਵਿਚ ਵਾਧੇ, ਦੌਲਤ ਦੀ ਉਤਪਤੀ, ਨਵੀਆਂ ਸੰਭਾਵਨਾਵਾਂ ਦੇ ਨਿਰਮਾਣ ਅਤੇ ਖੁਸ਼ਹਾਲ ਜੀਵਨ ਦਾ ਆਧਾਰ ਬਣ ਸਕਦਾ ਹੈ। ਸਾਬਕਾ ਅਮਰੀਕੀ ਰਾਸ਼ਟਰਪਤੀ ਓਬਾਮਾ ਦੇ ਆਰਥਕ ਸਲਾਹਕਾਰ ਰਹੇ ਬਾਇਰਨ ਅਗਸਤੇ ਦਾ ਕਹਿਣਾ ਦਰੁਸਤ ਹੈ ਕਿ ਮਾਨਵ-ਪੂੰਜੀ ਵਿਚ ਨਿਵੇਸ਼ ਉਪਰ ਆਧਾਰਿਤ ਵਿਕਾਸ ਮਾਡਲ ਹੀ ਗਤੀਸ਼ੀਲ ਆਰਥਕਤਾ ਅਤੇ ਸਮਿਲਤ ਸਮਾਜ ਪੈਦਾ ਕਰਨ ਦੀ ਸਮਰੱਥਾ ਰੱਖਦੇ ਹਨ।

ਅਜਿਹਾ ਕਰਨ ਲਈ ਲਿਖਣ ਪੜ੍ਹਨ, ਕੋਡਿੰਗ ਅਤੇ ਗਣਿਤ ਦੀ ਮਜ਼ਬੂਤ ਬੁਨਿਆਦ ਤੋਂ ਇਲਾਵਾ ਵਿਦਿਆਰਥੀਆਂ ਦੀ ਸਿਰਜਣਾਤਮਿਕਤਾ, ਅਲੋਚਨਾਤਮਕ ਸੋਚ, ਸੰਚਾਰ, ਸਹਿਯੋਗ, ਸਵੈ-ਪ੍ਰੇਰਨਾ, ਉਮਰ ਭਰ ਦੀ ਸਿਖਿਆ ਅਤੇ ਉਦਮ (ਐਂਟਰਪਰਿਨਿਓਰਸ਼ਿਪ) ਵਰਗੇ ਹੁਨਰਾਂ ਵਿਚ ਟ੍ਰੇਨਿੰਗ ਮੁਢਲੀ ਲੋੜ ਬਣ ਗਈ ਹੈ।

***(ਚਲਦਾ)***

# ਨਹੀਂ ਲੱਭਣੇ ਲਾਲ ਗਵਾਚੇ, ਮਿੱਟੀ ਨਾ ਫਰੋਲ ਜੋਗੀਆ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮੈਂ ਬਲਬੀਰ ਸਿੰਘ ਸੀਨੀਅਰ ਨੂੰ ਆਪਣੇ ਨਾਮੀ-ਗ੍ਰਾਮੀਆਂ ਵਿਚ ਸ਼ਾਮਲ ਕਰਕੇ ਸ਼ਰਧਾਂਜਲੀ ਭੇਟ ਕਰਨ ਦੀ ਖੁਲ੍ਹ ਲੈ ਰਿਹਾਂ। ਮੇਰੇ ਵਾਂਗ ਉਸ ਦਾ ਜ਼ੱਦੀ ਪੁਸ਼ਤੀ ਪਿੰਡ ਦੁਆਬੇ ਵਿਚ ਹੈ। ਮੇਰਾ ਮਾਹਿਲਪੁਰ ਨੇੜੇ ਤੇ ਉਸ ਦਾ ਫਿਲੌਰ ਤਹਿਸੀਲ ਵਿਚ। ਉਹ ਪਿਛਲੇ ਕਈ ਸਾਲਾਂ ਤੋਂ ਮੇਰਾ ਗਵਾਂਢੀ ਵੀ ਸੀ। ਮੈਂ ਚੰਡੀਗੜ੍ਹ ਦੇ ਸੈਕਟਰ 36-ਡੀ ਵਿਚ ਰਹਿੰਦਾ ਹਾਂ ਤੇ ਉਹ 36-ਸੀ ਵਿਚ, 100 ਗਜ ਦੀ ਦੂਰੀ ਉਤੇ। ਕਦੀ ਕਦਾਈ ਸੈਰ ਕਰਦਿਆਂ ਸਾਹਬ ਸਲਾਮ ਵੀ ਹੋ ਜਾਂਦੀ।

ਖੇਡ ਜਗਤ ਦੀਆਂ ਬਾਤਾਂ ਪਾਉਣ ਵਾਲਾ ਪ੍ਰਿੰਸੀਪਲ ਸਰਵਣ ਸਿੰਘ ਜਦੋਂ ਵੀ ਉਸ ਨੂੰ ਮਿਲਣ ਆਉਂਦਾ ਤਾਂ ਮੈਨੂੰ ਮਿਲੇ ਬਿਨਾ ਨਹੀਂ ਸੀ ਜਾਂਦਾ। ਤਾਲਾਬੰਦੀ ਤੋਂ ਥੋੜ੍ਹੇ ਦਿਨ ਪਹਿਲਾਂ ਵੀ ਏਦਾਂ ਹੀ ਹੋਇਆ। ਸਰਵਣ ਆਪਣੇ ਪਿੰਡ ਦੀ ਮੁੱਕੇਬਾਜ਼ ਓਲੰਪੀਅਨ ਸਿਮਰ ਚਕਰ ਨੂੰ ਟੋਕੀਓ ਜਾਣ ਤੋਂ ਪਹਿਲਾਂ ਬਲਬੀਰ ਸਿੰਘ ਤੋਂ ਅਸ਼ੀਰਵਾਦ ਦਿਵਾਉਣ ਲਿਆਇਆ ਤਾਂ ਮੈਨੂੰ ਵੀ ਮਿਲਿਆ, ਮੈਂ ਵੀ ਅਸ਼ੀਰਵਾਦ ਦਿੱਤੀ। ਸਾਡੀਆਂ ਅਸ਼ੀਰਵਾਦਾਂ ਕਰੋਨਾ ਵਾਇਰਸ ਵਿਚ ਰੁਲ੍ਹ ਗਈਆਂ। ਟੋਕੀਓ ਓਲੰਪਿਕਸ ਖੇਡਾਂ ਅੱਗੇ ਜਾ ਪਈਆਂ। ਸਰਵਣ ਸਿੰਘ ਉਸ ਦੇ ਤੁਰ ਜਾਣ ਤੋਂ ਪਹਿਲਾਂ ਹੀ ਬਲਬੀਰ ਸਿੰਘ ਦੀ ਬੇਟੀ ਸੁਸ਼ਬੀਰ ਤੋਂ ਪ੍ਰਾਪਤ ਹੁੰਦੀ ਸਾਰੀ ਖਬਰ ਸਾਰ ਮੇਰੇ ਤੱਕ ਪੁੱਜਦੀ ਕਰਦਾ ਰਿਹਾ, ਇਹ ਕਹਿ ਕੇ ਕਿ ਬਲਬੀਰ ਸਿੰਘ ਦੀ ਪਤਨੀ ਸੁਸ਼ੀਲ ਕੌਰ 'ਸੰਧੂ' ਸੀ, ਨਸ਼ਹਿਰਾ ਪਢਾਣਾ (ਪਾਕਿਸਤਾਨ) ਦੀ ਜੰਮਪਲ। ਸੋ ਬਲਬੀਰ ਸਿੰਘ ਸੰਧੂਆਂ ਦਾ ਜਵਾਈ ਸੀ।

ਸਾਡੀ ਇੱਕ ਸਾਂਝ ਹੋਰ ਵੀ ਹੈ, ਜ਼ਰਾ ਨਿਰਾਲੀ। ਮੇਰਾ ਜਨਮ ਵੀ ਪਿੰਡ ਦਾ ਹੈ। ਮੇਰਾ ਨਾਨਕਾ ਪਿੰਡ ਕੋਟਲਾ ਬਡਲਾ ਖੰਨਾ ਸੰਘੋਲ ਮਾਰਗ 'ਤੇ ਪੈਂਦਾ ਹੈ। ਮੇਰੇ ਨਾਨਕਿਆਂ ਨੇ ਮੇਰਾ ਨਾਂ ਬਲਬੀਰ ਸਿੰਘ ਰੱਖਿਆ ਸੀ ਤੇ ਕੋਟਲੇ ਬਡਲੇ ਵਾਲੇ ਮੈਨੂੰ 'ਬੱਲਾ' ਕਹਿੰਦੇ ਸਨ। ਫੇਰ ਮੇਰੀ ਦਾਦੀ ਵਲੋਂ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਣ ਪਿੱਛੋਂ ਪਹਿਲਾ ਅੱਖਰ ਗੱਗਾ ਆਉਣ ਉਤੇ ਮੇਰਾ ਨਾਂ ਗੁਲਜ਼ਾਰਾ ਸਿੰਘ ਰੱਖਿਆ, ਜੋ ਸਿਰਫ ਕਾਗਜ਼ਾਂ ਵਿਚ ਹੀ ਚੱਲਿਆ। ਮਿਡਲ ਪਾਸ ਕਰਨ ਤੱਕ ਮੈਂ ਬਲਬੀਰ ਸਿੰਘ ਉਰਫ ਬੱਲਾ ਹੀ ਰਿਹਾ, ਨਾਨਕਿਆਂ ਤੋਂ ਦਾਦਕੀਂ ਜਾਣ ਤੱਕ। ਇਸ ਵਾਰੀ ਮੈਂ ਆਪਣੇ ਨਾਨਕੀਂ ਇਕ ਸੋ ਸਾਲਾ ਨਾਨੀ ਨੂੰ ਮਿਲਣ ਗਿਆ ਤਾਂ ਉਸ ਦੇ ਬੱਚਿਆਂ ਨੂੰ ਇਹ ਸਮਝਾਉਣਾ ਨਾ ਆਵੇ ਕਿ ਮੈਂ ਕੌਣ ਹਾਂ। ਮੈਂ ਆਪਣੀ ਮਾਂ ਗੁਰਚਰਨ ਕੌਰ ਦਾ ਨਾਂ ਲੈ ਕੇ ਦੱਸਿਆ, "ਮੈਂ ਚਰਨੋਂ ਬੀਬੀ ਦਾ ਪੁੱਤ ਹਾਂ।" ਉਹ ਐਨਕ ਲਾਹ ਕੇ ਮੈਨੂੰ ਦੇਖਦੀ ਹੋਈ ਬੋਲੀ, "ਤੂੰ ਬੱਲਾ ਏ?"

ਇਹ ਗੱਲ ਮੈਂ ਏਸ ਲਈ ਦੱਸ ਰਿਹਾ ਹਾਂ ਕਿ ਹਾਕੀ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਕਿਵੇਂ ਬਣਿਆ। ਉਸ ਵੇਲੇ ਚਾਰ ਹੋਰ ਬਲਬੀਰ ਸਿੰਘ ਹਾਕੀ ਦੇ ਜਾਣੇ-ਪਛਾਣੇ ਖਿਡਾਰੀ ਸਨ। ਜਿਸ ਕਰਕੇ ਉਸ ਨੂੰ ਬਲਬੀਰ ਸਿੰਘ ਸੀਨੀਅਰ ਕਿਹਾ ਜਾਣਾ ਜ਼ਰੂਰੀ ਹੋਇਆ। ਅੱਜ ਦੇ ਸਮਿਆਂ ਵਿਚ ਇਹ ਨਾਂ ਅਲੋਪ ਹੋ ਰਿਹਾ ਹੈ। ਮੇਰੇ ਤੁਰ ਜਾਣ ਤੋਂ ਪਿੱਛੋਂ ਤਾਂ ਸ਼ਾਇਦ ਕੋਈ ਨਾਂ ਲੱਭੇ। ਜੇ ਲੱਭ ਗਿਆ ਤਾਂ ਸਾਡੇ ਜਿਹਾ ਨਹੀਂ ਹੋਣਾ। ਉਹਦੇ ਜਿਹਾ ਤਾਂ ਉਕਾ ਹੀ ਨਹੀਂ। ਮੈਂ ਤਾਂ ਧੱਕੇ ਨਾਲ ਉਹਦੇ ਵਾਲੀ ਕਤਾਰ ਵਿਚ ਆ ਵੜਿਆ ਹਾਂ।

**ਬਲੋਚ ਬੇਟੀ ਉਮਾ ਗੁਰਬਖਸ਼ ਸਿੰਘ:** ਉਮਾ ਦੇ ਅਕਾਲ ਚਲਾਣੇ ਤੋਂ ਪਿੱਛੋਂ ਉਮਾ ਦੀ ਅਦਾਕਾਰੀ ਤੋਂ ਬਿਨਾ ਇਹ ਵੀ ਜ਼ਿਕਰ ਹੋਇਆ ਕਿ ਉਸ ਦਾ ਜਨਮ ਖੇਨਈ ਵਿਖੇ ਹੋਇਆ, ਜੋ ਲੰਡੀਕੋਤਲ ਤੋਂ ਅਫਗਾਨਿਸਤਾਨ ਜਾਣ ਵਾਲੀ ਰੇਲਵੇ ਲਾਈਨ ਉਤੇ ਪੈਂਦਾ ਹੈ। ਉਥੇ ਗੁਰਬਖਸ਼ ਸਿੰਘ ਇੰਜੀਨੀਅਰ ਵਜੋਂ ਤਾਇਨਾਤ ਸੀ। ਸ਼੍ਰੀਮਤੀ ਮਾਲਵੀ ਦੀ ਕੁੱਖੋਂ ਜਾਏ ਛੇ ਬੱਚਿਆਂ ਵਿਚੋਂ ਉਹੀਓ ਸੀ, ਜਿਸ ਨੂੰ ਬਲੋਚਿਸਤਾਨ ਦੀ ਜਾਈ ਹੋਣ ਕਾਰਨ ਬਲੋਚ ਕਹਿ ਸਕਦੇ ਹਾਂ। ਸੰਨ 1944 ਜਦੋਂ ਉਸ ਨੇ 'ਹੁੱਲੇ ਹੁਲਾਰੇ' ਨਾਟਕ ਖੇਡਦਿਆਂ 'ਕੱਢ ਦੋ ਬਾਹਰ ਫਿਰੰਗੀ ਨੂੰ, ਸਾਗਰ ਪਾਰ ਫਿਰੰਗੀ ਨੂੰ' ਗੀਤ ਗਇਆ ਤਾਂ ਉਹਨੂੰ ਤੇ ਉਹਦੀਆਂ ਛੇ ਸਾਥਣਾਂ ਨੂੰ ਗੋਰੀ ਸਰਕਾਰ ਨੇ ਇੱਕ ਮਹੀਨਾ ਲਾਹੌਰੀ ਗੇਟ, ਅੰਮ੍ਰਿਤਸਰ ਦੀਆਂ ਉਨ੍ਹਾਂ ਬੈਰਕਾਂ ਵਿਚ ਰੱਖਿਆ, ਜੋ ਪਹਿਲਾਂ ਮੁਜ਼ਰਿਮਾਂ ਲਈ ਸਨ। ਅੰਤ ਲੇਖਕ ਤੇ ਪੱਤਰਕਾਰ ਖੁਸ਼ਵੰਤ ਸਿੰਘ ਨੇ ਉਨ੍ਹਾਂ ਦਾ ਕੇਸ ਲੜਿਆ ਤੇ ਜਿੱਤਿਆ। ਉਹ ਉਦੋਂ ਲਾਹੌਰ ਦੀ ਕਚਹਿਰੀ ਵਿਚ ਵਕਾਲਤ ਕਰਦਾ ਸੀ। ਮੈਂ ਉਮਾ ਨੂੰ ਪਹਿਲੀ ਤੇ ਆਖਰੀ ਵਾਰ ਤਿੰਨ ਸਾਲ ਪਹਿਲਾਂ ਵੇਖਿਆ, ਜਦੋਂ ਉਨ੍ਹਾਂ ਦੀ ਉਮਰ 90 ਸਾਲ ਸੀ। 'ਖੰਡਰਾਤ ਬਤਾਤੇ ਹੈਂ, ਇਮਾਰਤ ਅਜੀਮ ਥੀ' ਚਿਹਰੇ ਮੋਹਰੇ ਤੋਂ ਸਪਸ਼ਟ ਸੀ। ਕੇਸ ਲੜਨ ਸਮੇਂ ਖੁਸ਼ਵੰਤ ਸਿੰਘ 29 ਸਾਲ ਦਾ ਸੀ ਤੇ ਉਮਾ 17 ਦੀ। ਮੈਨੂੰ ਨਹੀਂ ਜਾਪਦਾ ਕਿ ਉਸ ਨੇ ਫੀਸ ਲਈ ਹੋਵੇ। ਦੋਵੇਂ ਤੁਰ ਗਏ ਹਨ। ਅਮਰ ਰਹਿਣ।

**ਦਰਿਆ ਦਿਲ ਕਾਮਰੇਡ ਨੌਨਿਹਾਲ ਚੱਠਾ:** ਨੌਨਿਹਾਲ ਸਿੰਘ ਚੱਠਾ ਮੇਰਾ ਹਾਣੀ ਵੀ ਸੀ ਤੇ ਸਬੰਧੀ ਵੀ। ਉਸ ਦਾ ਭਰਾ ਹਰਦਿਆਲ ਸਿੰਘ ਉਰਫ ਨੇਤਾ ਜੀ ਮੇਰਾ ਸਾਂਢੂ ਸੀ। ਦੋਵੇਂ ਭਰਾ ਜ਼ਮੀਨਾਂ ਦੇ ਮਾਲਕ ਹੋਣ ਦੇ ਬਾਵਜੂਦ ਅੰਤਲੇ ਦਮ ਤੱਕ ਅਗਾਂਹਵਧੂ ਸੋਚ ਨੂੰ ਪ੍ਰਨਾਏ ਰਹੇ, ਖਾਸ ਕਰਕੇ ਨੌਨਿਹਾਲ। ਜਲੰਧਰ ਵਿਖੇ ਦੇਸ਼ ਭਗਤ ਯਾਦਗਾਰ ਸਥਾਪਤ ਕਰਨ ਵਾਲੇ ਤਿੰਨ ਥੰਮਾਂ-ਬਾਬਾ ਭਗਤ ਸਿੰਘ ਬਿਲਗਾ, ਗੰਧਰਵ ਸੈਨ ਕੋਛੜ ਤੇ ਨੌਨਿਹਾਲ ਸਿੰਘ ਵਿਚੋਂ ਉਹ ਤੀਜਾ ਸੀ, ਜੋ ਤੁਰ ਗਿਆ। ਦੇਸ਼ ਭਗਤ ਯਾਦਗਾਰ ਵਿਖੇ 'ਮੇਲਾ ਗਦਰੀ ਬਾਬਿਆਂ ਦਾ' ਸ਼ੁਰੂ ਕਰਾਉਣ ਵਿਚ ਉਸ ਦਾ ਯੋਗਦਾਨ ਸਭ ਤੋਂ ਉਤੇ ਸੀ। 'ਨਵਾਂ ਜ਼ਮਾਨਾ' ਅਖਬਾਰ ਤੇ ਮਾਪਿਆਂ ਬਾਹਰੇ ਬੱਚਿਆਂ ਲਈ 'ਯੁਨੀਕ ਹੋਮ' ਸਥਾਪਤ ਕਰਨ ਵਿਚ ਉਸ ਦਾ ਸਰੀਰਕ ਤੇ ਮਾਇਕ ਯੋਗਦਾਨ ਵੀ ਸਦਾ ਚੇਤੇ ਰਹੇਗਾ। ਮੈਂ ਖੁਦ ਦੋਹਾਂ ਭਰਾਵਾਂ ਵਲੋਂ ਆਪਣੀ ਅਗਾਂਹਵਧੂ ਪਹੁੰਚ ਨੂੰ ਮਿਲਦੇ ਹੁੰਗਾਰੇ ਲਈ ਉਨ੍ਹਾਂ ਦਾ ਰਿਣੀ ਹਾਂ। ਚੱਠਾ ਭਰਾਵਾਂ ਦੇ ਕੀ ਕਹਿਣੇ!

ਨੌਨਿਹਾਲ ਸਿੰਘ ਨੇ ਧਰਮਸ਼ਾਲਾ ਵਿਚ ਆਪਣੀ ਬੇਟੀ ਕੀਰਤ ਦੇ ਘਰ ਅੰਤਿਮ ਸਵਾਸ ਲਏ, ਜਿੱਥੇ ਉਸ ਦੀ ਹਮਸਫਰ ਤਰਲੋਚਨ ਕੌਰ ਵੀ ਹਾਜ਼ਰ ਸੀ, ਪਰ ਖੁਦ ਅੰਗ ਦਾਨੀ ਹੋਣ ਦੇ ਨਾਤੇ ਮੈਨੂੰ ਨਿਜੀ ਤੌਰ 'ਤੇ ਇਸ ਗੱਲ ਦਾ ਅਫਸੋਸ ਹੈ ਕਿ ਕਰੋਨਾ ਦੀਆਂ ਪੈਦਾ ਕੀਤੀਆਂ ਗੁੰਝਲਾਂ ਕਾਰਨ ਉਸ ਦੀ ਮ੍ਰਿਤਕ ਦੇਹ ਲੋੜੀਂਦੇ ਹਸਪਤਾਲ ਤੱਕ ਅੰਗਦਾਨ ਕਰਨ ਲਈ ਨਹੀਂ ਪਹੁੰਚਾਈ ਜਾ ਸਕੀ। ਕਾਮਰੇਡ ਨੌਨਿਹਾਲ ਜ਼ਿੰਦਾਬਾਦ!

**ਹਮਦਰਦਵੀਰ ਨੌਸ਼ਹਿਰਵੀ:** ਇਕ ਹੋਰ ਸਮਕਾਲੀ ਤੇ ਅਗਾਂਹਵਧੂ ਲੇਖਕ ਬੂਟਾ ਸਿੰਘ ਪੰਨੂੰ ਉਰਫ ਹਮਦਰਦਵੀਰ ਨੌਸ਼ਹਿਰਵੀ ਦੇ ਤੁਰ ਜਾਣ ਨੇ ਮੈਨੂੰ ਆਪਣੇ ਨਾਨਕੇ ਤੇ ਸਹੁਰੇ ਹੀ ਨਹੀਂ, ਆਪਣੇ ਬਚਪਨ ਵਿਚ ਵੇਖੇ ਨਾਨਕਿਆਂ ਦੇ ਹਿਰਨ ਵੀ ਚੇਤੇ ਕਰਵਾ ਦਿੱਤੇ ਹਨ। ਹੇਠ ਲਿਖੀ ਲੋਕ ਬੋਲੀ ਸਮੇਤ,

ਹੀਰਿਆ ਹਰਨਾ ਬਾਗੀਂ ਚਰਨਾ
ਤੇਰੇ ਸਿੰਗਾ ਤੇ ਕੀ ਕੁਝ ਲਿਖਿਆ,
ਮਿਰਗ ਤੇ ਮਿਰਗਾਈਆਂ...।

ਉਹ ਮੇਰੇ ਸਹੁਰੇ ਪਿੰਡ ਨੌਸ਼ਹਿਰਾ ਪੰਨੂਆ (ਤਰਨਤਾਰਨ) ਦਾ ਜੰਮਪਲ ਸੀ ਤੇ ਸਾਰੀ ਉਮਰ ਬੌਂਦਲੀ (ਸਮਰਾਲਾ) ਦੇ ਡਿਗਰੀ ਕਾਲਜ ਵਿਚ ਪੜ੍ਹਾਉਂਦਾ ਰਿਹਾ, ਮੇਰੀ ਨਾਨਕਾ ਭੋਂ ਵਿਚ। ਦੇਖੀਏ ਤੁਹਾਡੇ ਨਾਲ ਕਦੋਂ ਰਲਦਾ ਹਾਂ, ਮੇਰੇ ਸਮਕਾਲੀਓ।

**ਅੰਤਿਕਾ: ਸਿਕੰਦਰ ਅਲੀ ਵਜ਼ਦ**

ਜਾਨੇ ਵਾਲੇ ਕਭੀ ਨਹੀਂ ਆਤੇ,
ਜਾਨੇ ਵਾਲੋਂ ਕੀ ਯਾਦ ਆਤੀ ਹੈ।
ਸਾਦਗੀ ਲਾਜਵਾਬ ਥੀ ਜਿਨਕੀ,
ਉਨ ਸਵਾਲੋਂ ਕੀ ਯਾਦ ਆਈ ਹੈ।
ਵਜਦ ਲੁਤਫ-ਏ-ਸੁਖਨ ਮੁਬਾਰਕ ਹੋ,
ਬਾਕਮਾਲੋਂ ਕੀ ਯਾਦ ਆਤੀ ਹੈ।

---

# ਚੰਨ ਦੀ ਲੋਅ

## ਮੂੰਹ ਆਈ ਬਾਤ



**ਮੇਜਰ ਕੁਲਾਰ ਬੋਪਾਰਾਏਕਲਾਂ**
**ਫੋਨ:916-273-2856**
www.boparaisudhar.com

ਟਿੱਚਰਾਂ ਦੇ ਲਹਿਜ਼ੇ ਨਾਲ ਗੱਲ ਸਾਰੇ ਪਿੰਡ ਵਿਚ ਘੁੰਮ ਰਹੀ ਸੀ ਕਿ ਗੰਢੇ ਕਾ ਭੋਲਾ ਬੰਗਾਲਣ ਲੈ ਕੇ ਆਇਆ ਹੈ। ਕਈ ਕਹਿੰਦੇ, ਵਧੀਆ ਕੀਤਾ, ਰੋਟੀ ਪੱਕਦੀ ਹੋ ਗਈ, ਭੋਲੇ ਦੀ ਬੇਬੇ ਬੁੱਢੇਵਾਰੇ ਹੱਥ ਸਾੜਦੀ ਫਿਰਦੀ ਸੀ। ਕਈ ਕਹਿਣ, ਭੋਲੇ ਦੀ ਜ਼ਮੀਨ ਵਿਕਾ ਦਊਗੀ। ਬੰਗਾਲਣਾਂ ਕਦੋਂ ਵਸਦੀਆਂ ਨੇ! ਮੱਛੀ ਖਾਣੀ ਜਾਤ ਨੇ, ਆਟੇ ਨਾਲ ਮੱਥਾ ਨਹੀਂ ਮਾਰਨਾ। ਇਹ ਤਾਂ ਦੋ ਟਾਈਮ ਮਾਸ-ਚੌਲ ਭਾਲਦੀਆਂ ਨੇ। ਇਕ ਭੋਲਾ, ਦੂਜੀ ਉਸ ਦੀ ਬੰਗਾਲਣ-ਦੋ ਸ਼ਬਦ ਪਿੰਡ ਵਾਲਿਆਂ ਨੂੰ ਮਿਲ ਗਏ ਸਨ। ਬੱਸ ਪਿੰਡ ਵਾਲਿਆਂ ਲਈ ਖੇਡ ਹੀ ਬਣ ਗਏ ਸਨ।

ਇੱਕ ਰੁੱਤ ਵੀ ਵਿਹਲੀ ਸੀ, ਸਾਰੇ ਕੱਤੇ ਦੀ ਬਿਜਾਈ ਕਰਕੇ ਵਿਹਲੇ ਹੋਏ ਸਨ। ਆਂਢ-ਗੁਆਂਢ ਦੀਆਂ ਬੀਬੀਆਂ ਨੇ ਆਪਸ ਵਿਚ ਰਾਏ ਕਰ ਕੇ ਭੋਲੇ ਦੀ ਘਰ ਵਾਲੀ ਨੂੰ ਸ਼ਗਨ ਪਾਉਣ ਲਈ ਤਿਆਰੀ ਖਿੱਚ ਲਈ। ਸਭ ਤੋਂ ਪਹਿਲਾਂ ਸੀਤੋ ਪੰਚਣੀ ਨੂੰ ਸੂਹ ਲੈਣ ਲਈ ਭੇਜਿਆ ਕਿ ਗੱਲ ਸੱਚੀ ਹੈ, ਜਾਂ ਸਾਰਾ ਪਿੰਡ ਹਵਾ ਵਿਚ ਤੀਰ ਛੱਡੀ ਜਾਂਦਾ ਹੈ। ਸੀਤੋ ਭੋਲੇ ਦੀ ਮਾਂ ਮਿੰਦੋ ਨੂੰ ਮਿਲ ਆਈ, ਗੱਲ ਸੱਚੀ ਸੀ। ਬੂਹੇ ਅੱਗੇ ਤੇਲ ਚੋਇਆ ਹੋਇਆ ਸੀ। ਭੋਲਾ ਵੀ ਘਰੇ ਘਰਵਾਲੀ ਨਾਲ 'ਹਮਕੋ ਤੁਮਕੋ' ਕਰ ਰਿਹਾ ਸੀ। ਸੀਤੋ ਦੀ ਹਰੀ ਝੰਡੀ ਪਿੱਛੋਂ ਬੀਬੀਆਂ ਦੀ ਰੇਲ ਨੇ ਭੋਲੇ ਕੇ ਘਰ ਜਾ ਕੇ ਸਟੇਸ਼ਨ ਹੀ ਬਣਾ ਲਿਆ। ਸਾਰੇ ਵਿਹੜੇ ਵਿਚ 'ਵਧਾਈਆਂ ਬੇਬੇ ਜੀ! ਵਧਾਈਆਂ ਮਿੰਦੋ ਭੈਣ, ਵੇ ਭੋਲਿਆ ਆਹ ਤਾਂ ਬਹੁਤਾ ਚੰਗਾ ਕੀਤਾ, ਤਾਂ ਹੀ ਤਾਂ ਕਹਿੰਦੇ ਨੇ ਵਿਹੜੇ ਫਿਰੇ ਰੰਨ ਤੇ ਵਿਹੜਾ ਕਰੇ ਧੰਨ-ਧੰਨ' ਸਭ ਪਾਸਿਓਂ ਰਲਵੀਆਂ ਅਵਾਜ਼ਾਂ ਆ ਰਹੀਆਂ ਸਨ। ਭੋਲਾ ਵੀ ਖਚਰਾ ਹਾਸਾ ਹੱਸਦਾ ਸੀ।

"ਬੇਬੇ ਜੀ! ਨੂੰਹ ਦਾ ਕੀ ਨਾਂ ਹੈ।" ਪਿਆਰੋ ਨੇ ਮਿੰਦੋ ਨੂੰ ਪੁੱਛਿਆ।

"ਪਿਆਰੋ ਭੋਲਾ ਰਹਿੰਦਾ ਤੀ, ਮੇਰਾ ਨਾਮ ਭੋਲਾ ਹੈ, ਇਸ ਦਾ ਭੋਲੀ ਰੱਖ ਦਿੰਦੇ ਹਾਂ।" ਮਿੰਦੋ ਨੇ ਸੰਗਰੂਰ ਵਾਲੀ ਬੋਲੀ ਨਹੀਂ ਛੱਡੀ ਸੀ। ਉਹ ਹਮੇਸ਼ਾ "ਤੀ" ਲਾਉਂਦੀ ਸੀ।

"ਬੇਬੇ ਜੀ! ਭੋਲੀ ਤਾਂ ਕੱਚਾ ਨਾਮ ਹੋ ਗਿਆ, ਪੱਕਾ ਵੀ ਰੱਖ ਲੈ। ਕੱਲ੍ਹ ਨੂੰ ਰਾਸ਼ਨ ਕਾਰਡ ਵੀ ਬਣਾਉਣਾ, ਫਿਰ ਭੋਲੀ ਚੰਗਾ ਲੱਗੂ!" ਲਾਗੇ ਬੈਠੀ ਚਰਨੋ ਨੇ ਰਾਇ ਦਿਤੀ।

"ਚਰਨੋ ਤੂੰ ਈ ਦੱਸ ਕਿਹੜਾ ਰੱਖੀਏ?" ਮਿੰਦੋ ਨੇ ਪੁੱਛਿਆ।

"ਚੰਨ ਕੌਰ ਰੱਖ ਦੇ ਬੇਬੇ।" ਚਰਨੋ ਤੋਂ ਪਹਿਲਾਂ ਪਿਆਰੋ ਬੋਲ ਪਈ। ਸਾਰੀਆਂ ਬੀਬੀਆਂ ਨੇ ਜੈਕਾਰਾ ਛੱਡ ਦਿੱਤਾ, ਭੋਲਾ ਵੀ ਖੁਸ਼ ਹੋ ਗਿਆ। ਮਿੰਦੋ ਨੇ ਸਾਰੀਆਂ ਨੂੰ ਚਾਹ ਨਾਲ ਲੱਡੂ ਖਵਾਏ, ਸਾਰੀਆਂ ਨੇ ਚੰਨ ਕੌਰ ਦਾ ਪੱਲਾ ਰੁਪਿਆਂ ਨਾਲ ਭਰ ਦਿੱਤਾ।

ਮਿੰਦੋ ਦਾ ਪਤੀ ਕਿਸੇ ਬਿਮਾਰੀ ਕਾਰਨ ਰੱਬ ਨੂੰ ਪਿਆਰਾ ਹੋ ਚੁਕਾ ਸੀ। ਵੱਡਾ ਪੁੱਤ ਮੱਘਰ ਜਮਾਂਦਰੂ ਸਿੱਧਰਾ ਸੀ। ਸਕੂਲੇ ਵੀ ਨਹੀਂ ਸੀ ਗਿਆ। 18-20 ਸਾਲ ਤੱਕ ਤਾਂ ਉਹ ਪਿੰਡ ਵਿਚ ਹੀ ਗੇੜੇ ਕੱਢਦਾ ਰਿਹਾ, ਫਿਰ ਪਤਾ ਨਹੀਂ ਕਿੱਥੇ ਤੁਰ ਗਿਆ। ਕੋਈ ਕਹਿੰਦਾ, ਬਾਰਡਰ ਟੱਪ ਗਿਆ ਹੋਊ; ਕੋਈ ਕਹਿ ਦਿੰਦਾ, ਅੰਮ੍ਰਿਤਸਰ ਪਾਗਲਖਾਨੇ ਹੋਊ।

ਹੁਣ ਪਿੱਛੇ ਮਿੰਦੋ ਅਤੇ ਭੋਲਾ ਹੀ ਰਹਿ ਗਏ ਸਨ। ਭੋਲਾ ਗੱਭਰੂ ਹੋਇਆ, ਪਰ ਕਿਸੇ ਸ਼ਰੀਕੇ-ਕਬੀਲੇ ਜਾਂ ਰਿਸ਼ਤੇਦਾਰ ਨੇ ਭੋਲੇ ਨੂੰ ਰਿਸ਼ਤਾ ਨਹੀਂ ਕਰਵਾਇਆ, ਹਾਲਾਂਕਿ ਉਹ ਸੱਤ ਜਮਾਤਾਂ ਪੜ੍ਹਿਆ ਸੀ। ਤਿੰਨ ਕਿੱਲੇ ਜ਼ਮੀਨ ਸੀ। ਵਧੀਆ ਢੰਗ ਤਰੀਕੇ ਨਾਲ ਖੇਤੀ ਕਰਦਾ ਸੀ। ਕਦੇ-ਕਦੇ ਬਲਦਾਂ ਦਾ ਵਪਾਰ ਵੀ ਕਰ ਲੈਂਦਾ, ਪਰ ਭੋਲੇ ਦੀ ਕਾਬਲੀਅਤ ਕਿਸੇ ਦੀ ਨਜ਼ਰੀਂ ਨਹੀਂ ਚੜ੍ਹੀ। ਮਿੰਦੋ ਨੇ ਬਥੇਰੀਆਂ ਚਾਹਾਂ ਪਿਲਾਈਆਂ, ਪਰ ਕਿਸੇ ਚਰਨੋ, ਪਿਆਰੋ ਦੇ ਮਨ ਮਿਹਰ ਨਾ ਪਈ। ਮਾਂ-ਪੁੱਤ ਨੇ ਇਕ ਰੁਪਏ ਦਾ ਵੀ ਕਦੇ ਕਰਜ਼ਾ ਨਹੀਂ ਸੀ ਲਿਆ। ਭੋਲੇ ਨੂੰ ਸਾਰੇ ਪਿੰਡ ਦੀ ਜ਼ਮੀਨ ਦਾ ਹਿਸਾਬ ਸੀ। ਸਾਰੇ ਪੁਰਾਣੇ ਖੂਹਾਂ ਦੇ ਮਾਲਕਾਂ ਨੂੰ ਜਾਣਦਾ ਸੀ। ਮੁਰੱਬੇਬੰਦੀ ਉਸ ਨੇ ਅੱਖੀਂ ਦੇਖੀ ਸੀ। ਉਹ ਤਹਿਸੀਲਦਾਰ ਨਾਲ ਹੱਥ ਮਿਲਾ ਕੇ ਆਪਣੀ ਦੋ ਥਾਂਵਾਂ ਦੀ ਜ਼ਮੀਨ ਇਕੋ ਥਾਂ ਕਰਵਾ ਗਿਆ ਸੀ। ਦੋ ਵਧੀਆ ਬਲਦ ਰੱਖੇ ਹੋਏ ਸਨ। ਘਰ ਵੀ ਦੋ ਬੈਠਕਾਂ ਅਤੇ ਮੂਹਰੇ ਬਰਾਂਡਾ ਪਾ ਲਿਆ ਸੀ, ਪਰ ਰਿਸ਼ਤੇ ਦਾ ਲੜ ਕਿਸੇ ਨੇ ਨਾ ਫੜਾਇਆ।

ਭੋਲਾ ਪੈਂਤੀਆਂ ਤੋਂ ਉਪਰ ਹੋਇਆ ਤਾਂ ਮਾਂ ਨਾਲ ਰਾਇ ਕਰ ਕੇ ਜਗਰਾਵਾਂ ਵਾਲੇ ਤਾਰੀ ਨਾਲ ਟਰੱਕ 'ਤੇ ਚੜ੍ਹ ਗਿਆ। ਫਿਰ ਜਾ ਕੇ ਚੰਨ ਕੌਰ ਦੇ ਪਿਤਾ ਨੂੰ ਤਿੰਨ ਹਜ਼ਾਰ ਰੁਪਏ ਦਿੱਤੇ ਅਤੇ ਤਾਰੀ ਦੇ ਟਰੱਕ ਵਿਚ ਬਿਠਾ ਲਿਆਇਆ। ਤਾਰੀ ਨੇ ਜਗਰਾਵੀਂ ਆ ਕੇ ਕਾਰ ਕਿਰਾਏ 'ਤੇ ਕਰ ਦਿੱਤੀ, ਨਾਲ ਲੱਡੂ ਤੇ ਸ਼ਗਨਾਂ ਦਾ ਹੋਰ ਸਮਾਨ ਲੈ ਦਿੱਤਾ। ਭੋਲੇ ਨੇ ਬੂਹੇ ਆ ਕੇ ਮਾਂ ਨੂੰ ਅਵਾਜ਼ ਮਾਰੀ, ਤੇ ਮਾਂ ਨੇ ਪੂਰੇ ਸ਼ਗਨਾਂ ਨਾਲ ਨੂੰਹ-ਪੁੱਤ ਅੰਦਰ ਲੰਘਾਏ। ਦੂਜੇ ਦਿਨ ਤੜਕੇ ਹੀ ਗੱਲ ਸਾਰੇ ਪਿੰਡ ਵਿਚ ਘੁੰਮ ਗਈ ਸੀ।

ਚੰਨ ਕੌਰ ਤੇਈ-ਚੌਵੀ ਸਾਲ ਦੀ ਹੋਵੇਗੀ। ਸਰੀਰ ਭਰਵਾਂ ਸੀ। ਰੰਗ ਕਣਕ ਵੰਨਾ। ਨੈਣ-ਨਕਸ਼ਾਂ ਦੀ ਮੋਟੀ ਸੀ, ਪਰ ਅਕਲ ਦੀ ਸਿਆਣੀ ਲੱਗਦੀ ਸੀ। ਕਈ ਮਹੀਨੇ ਉਹਦਾ ਜੀਅ ਨਾ ਲੱਗਾ। ਤਾਰੀ ਹੱਥ ਚਿੱਠੀ ਦੇ ਕੇ ਮਾਪਿਆਂ ਦਾ ਹਾਲ-ਚਾਲ ਪੁੱਛਦੀ ਰਹੀ। ਫਿਰ ਹੌਲੀ-ਹੌਲੀ ਉਸ ਨੂੰ ਭੋਲੇ ਦੇ ਘਰ ਨਾਲ ਮੋਹ ਪੈ ਗਿਆ। ਉਹ ਸਾਰਾ ਕੰਮ ਵੀ ਸਿੱਖ ਗਈ ਸੀ। ਮੱਛੀ ਖਾਣ ਨੂੰ ਵੀ ਬਹੁਤੀ ਜ਼ਿੱਦ ਨਾ ਕੀਤੀ। ਪਿੰਡ ਵਾਲੇ ਖਾਣੇ ਨਾਲ ਢਿੱਡ ਭਰਨਾ ਸਿੱਖ ਗਈ। ਭੋਲੇ ਦੀ ਹਿੰਦੀ ਅਤੇ ਚੰਨ ਕੌਰ ਦੀ ਪੰਜਾਬੀ ਹਸਾ-ਹਸਾ ਕੇ ਵੱਖੀਆਂ ਦੁਖਣ ਲਾ ਦਿੰਦੀ।

ਚੰਨ ਕੌਰ ਦੇ ਘਰ ਬਹੁਤ ਗਰੀਬੀ ਸੀ। ਇਸੇ ਕਰਕੇ ਉਸ ਦੇ ਬਾਪ ਨੇ ਚਾਰੇ ਭੈਣਾਂ ਪੰਜਾਬੀਆਂ ਕੋਲ ਵੇਚ ਦਿੱਤੀਆਂ ਸਨ। ਚੰਨ ਕੌਰ ਨੂੰ ਰੱਜਵਾਂ ਟੁੱਕ ਮਿਲਣ ਲੱਗ ਗਿਆ ਤੇ ਭੋਲੇ ਦਾ ਰੱਜਵਾਂ ਪਿਆਰ! ਬੱਸ ਫਿਰ ਕੀ ਸੀ, ਚੰਨ ਕੌਰ ਨੇ ਇਕ ਸਾਲ ਬਾਅਦ ਮੁੰਡੇ ਨੂੰ ਜਨਮ ਦਿੱਤਾ। ਭੋਲੇ ਦੀ ਜੜ੍ਹ ਲੱਗ ਗਈ। ਮਿੰਦੋ ਨੇ ਵੀ ਖੂੰਡੀ ਪਰ੍ਹਾਂ ਵਗ੍ਹਾ ਮਾਰੀ ਸੀ। ਚੰਨ ਕੌਰ ਦੀ ਸਲਾਹ 'ਤੇ ਭੋਲੇ ਨੇ ਦੋ ਮੱਝਾਂ ਤੇ ਦੋ ਗਾਊਆਂ ਹੋਰ ਲੈ ਲਈਆਂ। ਦੁੱਧ ਡੇਅਰੀ ਪੈਣ ਲੱਗ ਪਿਆ। ਦਸਾਂ ਦਿਨਾਂ ਬਾਅਦ ਘਰ ਪੈਸੇ ਆਉਣ ਲੱਗ ਪਏ। ਚੰਨ ਕੌਰ ਨੇ ਘਰ ਦੀ ਹਰ ਚੀਜ਼ ਬਣਾ ਲਈ ਸੀ। ਭੋਲਾ ਵੀ ਚੰਨ ਕੌਰ ਦੀ ਪੈੜ ਵਿਚ ਪੈਰ ਧਰਦਾ। ਚੰਨ ਕੌਰ ਦੀ ਇੱਕ ਸਿਫਤ ਸਾਰੇ ਕਰਦੇ ਸੀ ਕਿ ਉਹ ਕਦੇ ਸਿਰ ਤੋਂ ਚੁੰਨੀ ਦੀ ਬੁੱਕਲ ਨਹੀਂ ਸੀ ਲਾਹੁੰਦੀ, ਪੰਜਾਬੀ ਸੂਟ ਪਾ ਕੇ ਰੱਖਦੀ। ਆਂਢ-ਗੁਆਂਢ ਦੀਆਂ ਬੀਬੀਆਂ ਨਾਲ ਵੀ ਉਸ ਦੀ ਬਹੁਤ ਬਣਦੀ ਸੀ। ਚੰਨ ਕੌਰ ਆਪਣੇ ਪੁੱਤ ਬਸੰਤ ਨਾਲ ਬਹੁਤ ਖੁਸ਼ ਰਹਿੰਦੀ ਸੀ।

ਸਮਾਂ ਬੀਤਿਆ, ਚੰਨ ਕੌਰ ਨੇ ਦੂਜੇ ਪੁੱਤ ਨੂੰ ਜਨਮ ਦਿੱਤਾ। ਮਿੰਦੋ ਦੇ ਧਰਤੀ ਪੈਰ ਨਾ ਲੱਗਣ। ਪੋਤਿਆਂ ਦੀ ਜੋੜੀ ਦੇਖ ਕੇ ਖੁਸ਼ ਹੁੰਦੀ ਰਹਿੰਦੀ। ਚੰਨ ਕੌਰ ਕਹਿੰਦੀ, ਇੱਕ ਧੀ ਵੀ ਲੈਣੀ ਹੈ। ਉਹਦੀ ਅਕਲ ਅੱਗੇ ਕਈ ਪੰਜਾਬਣਾਂ ਨੂੰਹਾਂ ਵੀ ਪਿੱਛੇ ਰਹਿ ਗਈਆਂ ਸਨ। ਹਰ ਇਕ ਦੇ ਮੂੰਹ 'ਤੇ ਮਿੰਦੋ ਦੀ ਨੂੰਹ ਦਾ ਨਾਂ ਹੀ ਚੜ੍ਹਿਆ ਹੋਇਆ ਸੀ। ਲੋਕ ਤਾਂ ਉਦੋਂ ਹੈਰਾਨ ਹੋ ਗਏ, ਜਦੋਂ ਭੋਲੇ ਨੇ ਨਾਲ ਲੱਗਦਾ ਇੱਕ ਕਿੱਲਾ ਬੈਅ ਖਰੀਦ ਲਿਆ। ਚੰਨ ਕੌਰ ਨੇ ਕਹਿ ਕੇ ਖੇਤ ਮੋਟਰ ਵੀ ਲਵਾ ਲਈ। ਭੋਲਾ ਵੀ ਲੋਕਾਂ ਵਾਂਗ ਝੋਨਾ ਲਾਉਣ ਲੱਗ ਗਿਆ। ਖਰਚਾ ਘੱਟ ਤੇ ਆਮਦਨ ਬਹੁਤੀ ਦੇ ਰਾਹ ਤੁਰਿਆ ਭੋਲਾ ਕਈਆਂ ਨੂੰ ਪਿੱਛੇ ਛੱਡ ਗਿਆ ਸੀ।

ਬਸੰਤ ਪੜ੍ਹਨ ਲੱਗ ਗਿਆ ਸੀ। ਪਿੰਡ ਦੇ ਮਖੌਲੀਏ ਬੰਦੇ ਬਸੰਤ ਨੂੰ ਗੁੱਝੀਆਂ ਟਿੱਚਰਾਂ ਕਰਦੇ ਰਹਿੰਦੇ, ਪਰ ਉਹ ਕੁਝ ਨਾ ਬੋਲਦਾ। ਉਸ ਨੂੰ ਪਤਾ ਤਾਂ ਸੀ ਕਿ ਉਸ ਦੀ ਮਾਂ ਬੰਗਾਲਣ ਹੈ, ਤਾਂ ਹੀ ਇਹ ਲੋਕ ਉਸ ਨੂੰ ਹਿੰਦੀ ਵਿਚ ਮਖੌਲ ਕਰਦੇ ਹਨ। ਖੈਰ! ਜਿਵੇਂ ਆਖਦੇ ਹਨ, ਹਾਥੀ ਆਪਣੀ ਚਾਲ ਤੁਰਦਾ ਗਿਆ। ਬਸੰਤ ਪਿੱਛੇ ਹੀ ਉਸ ਦਾ ਛੋਟਾ ਭਰਾ ਨੇਕੀ ਵੀ ਸਕੂਲ ਜਾਣ ਲੱਗ ਪਿਆ। ਦੋਵੇਂ ਵਿਹਲੇ ਸਮੇਂ ਆਪਣੇ ਬਾਪ ਨਾਲ ਕੰਮ ਵੀ ਕਰਵਾਉਂਦੇ। ਚੰਨ ਕੌਰ ਕਦੇ ਵੀ ਉਨ੍ਹਾਂ ਨੂੰ ਵਿਹਲੇ ਨਾ ਛੱਡਦੀ, ਉਹ ਸਗੋਂ ਆਪਣੀ ਸੱਸ ਨੂੰ ਦੱਸਦੀ ਕਿ ਕਿਵੇਂ ਉਸ ਦੇ ਬਾਪ ਨੇ ਚਾਰ ਧੀਆਂ ਪਿਛੋਂ ਜੰਮੇ ਪੁੱਤ ਨੂੰ ਵਿਹਲਾ ਰੱਖ ਕੇ ਨਸ਼ੇ ਦੇ ਨਾਲੇ ਵਿਚ ਰੋੜ੍ਹ ਦਿੱਤਾ ਸੀ। ਮੁੜ ਕੇ ਚਾਰ ਧੀਆਂ ਵੇਚਣੀਆਂ ਪਈਆਂ! ਮਿੰਦੋ ਵੀ ਨੂੰਹ ਦੀ ਸਿਆਣਪ ਦੀ ਕਦਰ ਕਰਦੀ।

ਚੰਨ ਕੌਰ ਤੀਜੀ ਵਾਰ ਮਾਂ ਬਣਨ ਵਾਲੀ ਹੋਈ ਤਾਂ ਉਹ ਗੁਰੂ ਘਰ ਜਾ ਕੇ ਅਰਦਾਸਾਂ ਕਰਦੀ ਕਿ ਇਸ ਵਾਰ ਧੀ ਦੀ ਦਾਤ ਬਖਸ਼ੋ। ਉਸ ਦੀ ਅਰਦਾਸ ਕਬੂਲ ਲਈ ਅਤੇ ਚੰਨ ਕੌਰ ਨੂੰ ਧੀ ਮਿਲ ਗਈ। ਭੋਲੇ ਦਾ ਵਿਹੜਾ ਭਰ ਗਿਆ। ਇਸ ਦੇ ਨਾਲ ਹੀ ਘਰ ਵਿਚ ਹਰ ਸਹੂਲਤ ਆ ਗਈ ਸੀ। ਸੀਤੋ ਪੰਚਣੀ ਜਿਹੀਆਂ ਵੀ ਹੈਰਾਨ ਸਨ ਕਿ ਬੰਗਾਲਣ ਨੇ ਤਾਂ ਘਰ ਨੂੰ ਚਾਰ ਚੰਨ ਲਾ ਦਿੱਤੇ।

ਭੋਲਾ ਹੁਣ ਦਾੜ੍ਹੀ ਕਾਲੀ ਕਰਨ ਲੱਗ ਪਿਆ ਸੀ। ਚੰਨ ਕੌਰ ਨੇ ਕਿਹਾ ਕਿ ਤੂੰ ਧੀ ਦਾ ਬਾਪ ਹੈਂ, ਦਾੜ੍ਹੀ ਕਾਲੀ ਕਰਨੋਂ ਹਟ ਜਾ। ਫਿਰ ਭੋਲੇ ਨੇ ਦਾੜ੍ਹੀ ਕਾਲੀ ਨਹੀਂ ਕੀਤੀ, ਸਗੋਂ ਦਾੜ੍ਹੀ ਰੱਖ ਲਈ। ਚੰਨ ਕੌਰ ਸਿੱਖ ਧਰਮ ਦੀ ਰਹਿਤ ਮਰਿਆਦਾ ਸੀਤੋ ਪੰਚਣੀ ਤੋਂ ਸਿੱਖਦੀ ਰਹਿੰਦੀ। ਬਸੰਤ ਦਸ ਜਮਾਤਾਂ ਪਾਸ ਕਰਕੇ ਹਟ ਗਿਆ। ਮਿੰਦੋ ਚੰਗੀ ਭਲੀ ਸੀ, ਪਰ ਸੁਆਸਾਂ ਦੀ ਪੂੰਜੀ ਮੁੱਕ ਗਈ ਅਤੇ ਉਹ ਜਹਾਨੋਂ ਤੁਰ ਗਈ। ਭੋਲੇ ਨੂੰ ਮਾਂ ਦਾ ਬਹੁਤ ਦੁੱਖ ਹੋਇਆ। ਚੰਨ ਕੌਰ ਨੇ ਬਹੁਤ ਹੌਸਲਾ ਦਿੱਤਾ। ਬਸੰਤ ਨੇ ਭੋਲੇ ਨੂੰ ਟਰੈਕਟਰ ਲੈਣ ਲਈ ਮਨਾ ਲਿਆ। ਉਨ੍ਹਾਂ ਨੇ ਜੀਟਰ ਪੈਂਤੀ ਗਿਆਰਾਂ ਟਰੈਕਟਰ ਲਿਆਂਦਾ। ਉਹ ਆਪਣੀ ਜ਼ਮੀਨ ਨਾਲ ਦਸ ਕਿੱਲੇ ਹੋਰ ਮਾਮਲੇ 'ਤੇ ਲੈ ਕੇ ਵਾਹੁਣ ਲੱਗ ਪਏ। ਭੋਲੇ ਦੇ ਦੋਹਾਂ ਪੁੱਤਰਾਂ ਨੇ ਕੰਮ ਚੁੱਕ ਲਿਆ ਸੀ। ਧੀ ਵੀ ਪੜ੍ਹਨ ਲੱਗ ਪਈ। ਚੰਨ ਕੌਰ ਨੇ ਧੀ ਨੂੰ ਸਕੂਲ ਦੀ ਪੜ੍ਹਾਈ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਦਿਵਾਉਣੀ ਵੀ ਸ਼ੁਰੂ ਕਰ ਦਿੱਤੀ। ਧੀ ਕੋਮਲ ਦੀ ਅਵਾਜ਼ ਮਿਸ਼ਰੀ ਨਾਲੋਂ ਵੀ ਮਿੱਠੀ ਸੀ।

ਬਸੰਤ ਹੁਣ ਗੱਭਰੂ ਹੋ ਗਿਆ ਸੀ। ਉਸ ਨੂੰ ਰਿਸ਼ਤੇ ਆਉਣ ਲੱਗੇ। ਭੋਲੇ ਅਤੇ ਚੰਨ ਕੌਰ ਨੇ ਇਕ ਵਧੀਆ ਰਿਸ਼ਤਾ ਲੈ ਲਿਆ। ਸਾਦਾ ਵਿਆਹ ਕੀਤਾ। ਬਸੰਤ ਹੋਰੀਂ ਪੈਸਾ ਨਾ ਖਰਚਦੇ। ਜੇ ਕਿਧਰੇ ਜ਼ਮੀਨ ਮਿਲਦੀ ਤਾਂ ਖਰੀਦ ਲੈਂਦੇ। ਗੁਆਂਢ ਵਿਚ ਹੀ ਉਨ੍ਹਾਂ ਨੇ ਤੀਹ ਬਿਸਵੇ ਦਾ ਪਲਾਟ ਖਰੀਦ ਲਿਆ। ਹੁਣ ਨੇਕੀ ਵੀ ਪੜ੍ਹ ਕੇ ਹਟ ਗਿਆ ਸੀ। ਉਸ ਦਾ ਵਿਆਹ ਵੀ ਟਾਈਮ ਨਾਲ ਕਰ ਦਿੱਤਾ। ਚੰਨ ਕੌਰ ਦੀਆਂ ਦੋਵੇਂ ਨੂੰਹਾਂ ਬਹੁਤ ਚੰਗੀਆਂ ਆਈਆਂ। ਉਸ ਦੀ ਧੀ ਕੋਮਲ ਪੜ੍ਹੀ ਜਾਂਦੀ ਸੀ ਅਤੇ ਮਾਂ ਆਪਣੀ ਧੀ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੁੰਦੀ ਸੀ। ਉਹ ਪੜ੍ਹੀ ਵੀ ਜਾਂਦੀ ਸੀ।

ਇਸੇ ਦੌਰਾਨ ਬਸੰਤ ਦੀ ਪਤਨੀ ਨੇ ਧੀ ਨੂੰ ਜਨਮ ਦਿੱਤਾ ਤਾਂ ਚੰਨ ਕੌਰ ਨੇ ਪੁੱਤਾਂ ਜਿਹਾ ਪਿਆਰ ਦਿੱਤਾ, ਨੂੰਹ ਨੂੰ ਡੋਲਣ ਨਾ ਦਿੱਤਾ। ਇਸੇ ਤਰ੍ਹਾਂ ਹੀ ਨੇਕੀ ਦੀ ਪਤਨੀ ਨੇ ਧੀ ਨੂੰ ਜਨਮ ਦਿੱਤਾ ਤਾਂ ਚੰਨ ਕੌਰ ਨੇ ਮੱਥੇ ਵੱਟ ਨਾ ਪਾਇਆ, ਸਗੋਂ ਵਾਹਿਗੁਰੂ ਦਾ ਸ਼ੁਕਰ ਮਨਾਇਆ ਕਿ ਕੁੱਖ ਸੁਲੱਖਣੀ ਹੋਈ ਹੈ। ਇੱਕ ਦਿਨ ਕੋਮਲ ਗੁਰਦੁਆਰੇ ਦੀ ਸੇਵਾ ਕਰ ਰਹੀ ਸੀ ਕਿ ਪਿੰਡ ਦੇ ਹੀ ਇੱਕ ਬੰਦੇ ਨੇ ਕੋਮਲ ਨੂੰ ਨਿਖਾਰ ਕੇ ਤੱਕਿਆ। ਉਨ੍ਹਾਂ ਦੀ ਰਿਸ਼ਤੇਦਾਰੀ ਵਿਚੋਂ ਕੈਨੇਡਾ ਤੋਂ ਮੁੰਡਾ ਵਿਆਹ ਕਰਵਾਉਣ ਆਇਆ ਹੋਇਆ ਸੀ। ਕੋਮਲ ਉਸ ਮੁੰਡੇ ਲਈ ਬਿਲਕੁੱਲ ਮੇਚ ਸੀ। ਉਸ ਬੰਦੇ ਨੇ ਭੋਲੇ ਨਾਲ ਗੱਲ ਕੀਤੀ, ਪਰ ਭਾਨੀਮਾਰਾਂ ਨੇ ਮੁੰਡੇ ਵਾਲਿਆਂ ਤਕ ਗੱਲ ਪਹੁੰਚਾ ਦਿੱਤੀ ਕਿ ਇਹ ਤਾਂ ਬੰਗਾਲਣ ਦੀ ਧੀ ਹੈ। ਉਂਜ, ਮੁੰਡੇ ਵਾਲੇ ਕਹਿੰਦੇ, ਅਸੀਂ ਪੰਜਾਬਣ ਜਾਂ ਬੰਗਾਲਣ ਦਾ ਨਾਪ-ਤੋਲ ਨਹੀਂ ਦੇਖਿਆ, ਕੁੜੀ ਨੂੰ ਮਿਲੇ ਹੋਏ ਸੰਸਕਾਰ ਦੇਖੇ ਨੇ, ਜਿਹੜੇ ਅੱਜ ਪੰਜਾਬਣ ਕੁੜੀਆਂ ਵਿਚੋਂ ਗਾਇਬ ਹੋ ਗਏ ਜਾਪਦੇ ਹਨ। ਅਗਲੇ ਸਾਦੇ ਜਿਹੇ ਵਿਆਹ ਨਾਲ ਕੋਮਲ ਆਪਣੇ ਘਰ ਲੈ ਗਏ। ਪਿੰਡ ਵਿਚ ਇਕ ਵਾਰ ਫਿਰ ਭੋਲੇ ਅਤੇ ਚੰਨ ਕੌਰ ਦਾ ਨਾਮ ਘੁੰਮਣ ਲੱਗਾ। ਚੰਨ ਕੌਰ ਦੀ ਸਿਆਣਪ ਦੀ ਝੰਡੀ ਗੱਡੀ ਗਈ।

ਕੋਮਲ ਨੇ ਭੋਲੇ ਅਤੇ ਚੰਨ ਕੌਰ ਨੂੰ ਕੈਨੇਡਾ ਦਿਖਾ ਦਿੱਤਾ, ਪਰ ਉਹ ਪੱਕੇ ਤੌਰ 'ਤੇ ਕੈਨੇਡਾ ਨਹੀਂ ਰਹੇ। ਚੰਨ ਕੌਰ ਕਹਿੰਦੀ, ਮੈਂ ਤਾਂ ਪੋਤੀਆਂ ਨੂੰ ਵੀ ਕੋਮਲ ਜਿਹੀਆਂ ਬਣਾਉਣਾ ਹੈ। ਬਸੰਤ ਅਤੇ ਨੇਕੀ ਨੇ ਕੰਬਾਈਨ ਲੈ ਲਈ। ਪਲਾਟ ਵਿਚ ਵਧੀਆ ਕੋਠੀ ਪਾ ਲਈ। ਬਸੰਤ ਨੂੰ ਬਚਪਨ ਵਿਚ ਜੋ ਲੋਕ ਟਿੱਚਰਾਂ ਕਰਦੇ ਸਨ, ਉਨ੍ਹਾਂ ਵਿਚੋਂ ਤਿੰਨ ਤਾਂ ਕਰਜ਼ੇ ਦੀ ਪੰਡ ਦਾ ਭਾਰ ਨਾ ਸਹਾਰਦੇ ਆਤਮ-ਹੱਤਿਆ ਕਰ ਗਏ। ਚੰਨ ਕੌਰ ਦੇ ਦੋਵੇਂ ਚੰਨ ਸਾਰੇ ਪਿੰਡ ਵਿਚ ਰੋਸ਼ਨੀ ਖਿਲਾਰਦੇ ਨੇ ਅਤੇ ਲੋਕਾਂ ਦੀਆਂ ਅਸੀਸਾਂ ਇਕੱਠੀਆਂ ਕਰਦੇ ਹਨ। ਰੱਬ ਨੇ ਭੋਲੇ ਦੀ ਦੇਰ ਬਾਅਦ ਸੁਣੀ ਸੀ, ਪਰ ਧੰਨ-ਧੰਨ ਕਰਵਾ ਦਿੱਤੀ ਸੀ। ਚੰਨ ਕੌਰ ਅੱਜ ਵੀ ਭੋਲੇ ਨੂੰ ਭੋਲੀ ਕਹਿ ਕੇ ਬਲਾਉਂਦੀ ਹੈ। ਰੱਬ ਰਾਖਾ!

ਕਹਾਣੀ



# ਲੇਖਕ

***ਜ਼ਿੰਦਗੀ ਸਾਨੂੰ ਨਿਤ ਦਿਨ ਕੁਝ ਨਾ ਕੁਝ ਨਵਾਂ ਸਿਖਾਉਂਦੀ ਰਹਿੰਦੀ ਹੈ, ਪਰ ਸਿੱਖ ਅਸੀਂ ਤਾਂ ਹੀ ਸਕਦੇ ਹਾਂ ਜੇ ਚੇਤ-ਅਚੇਤ ਮਨ ਦੀਆਂ ਅੱਖਾਂ ਖੁੱਲ੍ਹੀਆਂ ਹੋਣ। ਇਸ ਕਹਾਣੀ ਵਿਚ ਕਹਾਣੀਕਾਰ ਨੇ ਅੱਖਾਂ ਤੋਂ ਅੰਨੀ ਬੱਚੀ ਦੀਆਂ ਕੋਮਲ ਭਾਵਨਾਵਾਂ ਦਾ ਜ਼ਿਕਰ ਛੇੜਦਿਆਂ ਉਨ੍ਹਾਂ ਲੋਕਾਂ 'ਤੇ ਵਿਅੰਗ ਕੀਤਾ ਹੈ, ਜੋ ਸਿਰਫ ਨਾਮ-ਸਨਮਾਨ ਲਈ ਧੜਾਧੜ ਕਾਗਜ਼ ਕਾਲੇ ਕਰਕੇ 'ਲੇਖਕ' ਹੋਣ ਦਾ ਭਰਮ ਪਾਲ ਬੈਠਦੇ ਹਨ। ਕਹਾਣੀਕਾਰ ਦੇ ਸ਼ਬਦਾਂ ਵਿਚ, "ਲਿਖਣ ਲਈ ਸਿਰਫ ਕਲਮ, ਕਾਗਜ਼ਾਂ ਤੇ ਸਿਫਾਰਿਸ਼ਾਂ ਦੀ ਲੋੜ ਨਹੀਂ ਪੈਂਦੀ। ਲੋੜ ਪੈਂਦੀ ਆ ਇੱਕ ਦਿਲ ਦੀ, ਕਾਇਨਾਤ 'ਚ ਪਸਰੀ ਚੁੱਪ ਦੀ, ਇੱਕ ਸਮਾਜਕ ਵੇਦਨਾ ਦੀ-ਜਿਸ ਦਾ ਖੇਤਰਫਲ ਸਮੁੰਦਰ ਵਾਂਗ ਬੇਅੰਤ ਹੋਵੇ। ਲੋੜ ਪੈਂਦੀ ਆ, ਉਸ ਤੀਜੀ ਅੱਖ ਦੀ, ਜਿਸ ਦੀ ਦ੍ਰਿਸ਼ਟੀ ਦਾ ਘੇਰਾ ਵਿਸ਼ਾਲ ਹੋਵੇ।" -ਸੰਪਾਦਕ***

ਮੈਂ ਆ ਖੜਿਆਂ ਹਾਂ ਜਾਪ, ਤੇਰੀ ਉਸ ਠੰਡੀ ਰੇਤ ਤੇ, ਜਿੱਥੇ ਤੇਰੇ ਲਿਖੇ ਸ਼ਬਦ ਧਰਤੀ ਵਿਚ ਸਮਾ ਜਾਂਦੇ ਨੇ; ਜਿੱਥੇ ਸ਼ਾਂਤ ਸਮੁੰਦਰ ਦੀਆਂ ਲਹਿਰਾਂ ਸਾਗਰ ਦੇ ਉਸ ਪਾਰੋਂ ਆ ਕੇ ਮੇਰੇ ਪੈਰਾਂ ਦੀਆਂ ਉਂਗਲਾਂ ਚੁੰਮਦੀਆਂ ਨੇ।

ਅੱਜ ਮੈਂ ਪਹਿਲੀ ਵਾਰ ਅਸਲੀ ਜ਼ਿੰਦਗੀ ਦਾ ਇੱਕ ਦਿਨ ਡੁੱਬਦਾ ਵੇਖਦਾਂ। ਕਾਲੇ ਪਰਿੰਦੇ ਆਪਣੇ ਗਰਾਂ ਨੂੰ ਜਾਂਦੇ ਮੈਨੂੰ ਸੰਕੇਤ ਕਰ ਰਹੇ ਨੇ। ਇਸ ਪੂਰੇ ਖੁੱਲ੍ਹੇ-ਡੁੱਲੇ ਸ਼ਹਿਰ ਵਿਚ ਅਸਮਾਨ ਦੀ ਹਿੱਕ ਨੂੰ ਛੂੰਹਦੀਆਂ ਬਿਲਡਿੰਗਾਂ ਤੇ ਜਵਾਨੀ ਦੀਆਂ ਰੰਗ-ਰੰਗੀਨੀਆਂ ਆਪਣਾ ਤਲਿਸਮ ਤ੍ਰੌਂਕਦੀਆਂ ਨੇ। ਅਲੌਕਿਕ ਕੁਦਰਤ ਇੱਥੇ, ਜਦੋਂ ਦਿਲ ਕਰਦਾ ਵਰਖਾ ਕਰਦੀ ਏ, ਕਦੇ ਬਰਫ ਦੀਆਂ ਪੱਤੀਆਂ ਗਿਰਾਉਂਦੀ ਏ ਤੇ ਕਦੇ ਗਰਮੀ ਵਰ੍ਹਾਉਂਦੀ ਏ। ਇੱਥੇ ਉਨ੍ਹਾਂ ਲੋਕਾਂ ਦੀ ਕੋਈ ਅਹਿਮੀਅਤ ਨਹੀਂ, ਜਿਨ੍ਹਾਂ ਕੋਲ ਵਿਹਲੇ ਸਮੇਂ ਦਾ ਖਜਾਨਾ ਅਮੁੱਕ ਹੈ। ਹਰ ਕੋਈ ਆਪੋ-ਆਪਣੇ ਕੰਮ ਵਿਚ ਇਸ ਤਰ੍ਹਾਂ ਮਸ਼ਰੂਫ ਰਹਿੰਦਾ ਹੈ, ਜਿਵੇਂ ਭੌਣ ਉਤੇ ਕੀੜੇ ਆਪਣੀ ਤਿਲ-ਚੌਲੀ ਸਮੇਟਣ 'ਤੇ ਲੱਗੇ ਹੁੰਦੇ ਨੇ।

ਸ਼ਹਿਰ ਦੇ ਵਿਚੋ ਵਿਚ ਜਾਂਦੀ ਰੋਡ, ਜਿੱਥੇ ਲੋਕਾਂ ਦੀ ਗਹਿਮਾ ਗਹਿਮੀ ਹਰ ਪਲ ਮੌਜੂਦ ਰਹਿੰਦੀ, ਕਈ ਬੁੱਢੇ ਮੰਗਤੇ ਇੱਥੇ ਅਠਖੇਲੀਆਂ

**ਰਸ਼ਪਿੰਦਰ ਸਰੋਏ**
ਫੋਨ: 91-98154-28027

ਕਰਦੇ। ਰੋਡ 'ਤੇ ਇੱਕ ਕਲੋਥਿੰਗ ਸਟੋਰ, ਜਿਸ ਦੇ ਥੱਲੇ ਇੱਕ ਅੰਡਰ-ਗਰਾਊਂਡ ਲਾਇਬਰੇਰੀ ਮੌਜੂਦ ਹੈ। ਮੈਂ ਆਪਣੇ ਲੇਖਕ ਮਿੱਤਰਾਂ ਨਾਲ ਇੱਥੇ ਆਉਂਦਾ ਤੇ ਲਿਖ ਲਿਖ ਵਰਕੇ ਭਰਦਾ ਹਾਂ। ਕਲੋਥਿੰਗ ਸਟੋਰ ਦੇ ਸਾਹਮਣੇ ਹੀ ਪਾਰਕ ਵਿਚ ਇੱਕ ਬੇਰੁਜ਼ਗਾਰ ਨੌਜਵਾਨ ਗਿਟਾਰ ਵਜਾ ਕੇ ਆਪਣਾ ਘਰ ਚਲਾਉਂਦਾ ਹੈ। ਕਈ ਵਾਰ ਉਸ ਕੋਲ ਭੀੜ ਆ ਜੁੜਦੀ, ਜਿਸ ਨਾਲ ਉਹ ਚੰਗੀ ਦਿਹਾੜੀ ਕਮਾ ਲੈਂਦਾ, ਪਰ ਉਹਦੀ ਗਿਟਾਰ ਦੀਆਂ ਧੁਨਾਂ ਮੇਰੇ ਕੰਨਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਵਾਹਨਾਂ ਦੇ ਸ਼ੋਰ ਵਿਚ ਦਮ ਤੋੜ ਦਿੰਦੀਆਂ। ਮੈਂ ਜਦੋਂ ਵੀ ਉਹਦੇ ਵੱਲ ਵੇਖਦਾ, ਉਹ ਹਮੇਸ਼ਾ ਗਿਟਾਰ ਵਜਾਉਣ ਵਿਚ ਮਸਤ ਰਹਿੰਦਾ।

ਮੇਰਾ ਕਰੀਬ ਅੱਧਾ ਦਿਨ ਇਸ ਲਾਇਬ੍ਰੇਰੀ ਵਿਚ ਪੜ੍ਹਦੇ-ਲਿਖਦੇ ਲੰਘਦਾ। ਹੋਰ ਅਨੇਕਾਂ ਲੇਖਕ ਇੱਥੇ ਆਉਂਦੇ, ਜੋ ਮੇਰੇ ਵਾਂਗ ਲੇਖਕਾਂ ਦੀ ਦੌੜ ਵਿਚ ਲੱਗੇ ਹੋਏ ਸਨ। ਨਵੇਂ ਫਿਕਰੇ, ਨਵੀਆਂ ਲਿਖਤਾਂ ਕਿਸੇ ਨਾ ਕਿਸੇ ਕੋਲੋਂ ਉਡਦੀਆਂ-ਉਡਦੀਆਂ ਮਿਲ ਜਾਂਦੀਆਂ, ਜਿਨ੍ਹਾਂ ਵਿਚ ਉਨ੍ਹਾਂ ਦੀ ਹੀ ਵਡਿਆਈ ਘੁਲੀ ਹੁੰਦੀ। ਮੈਂ ਅੱਕ ਚੁਕਾ ਸਾਂ ਇਸ ਸਭ ਤੋਂ। ਅੱਜ ਮੇਰਾ ਨਾਵਲ ਪੂਰਾ ਹੋ ਗਿਆ, ਸੋ ਇਹ ਮੈਂ ਸੁਦਰਸ਼ਨ ਸਾਬ੍ਹ ਨੂੰ ਦੇਣਾ ਸੀ, ਜੋ ਬਹੁਤ ਹੀ ਮਸ਼ਹੂਰ ਪਬਲਿਸ਼ਰ ਦੇ ਮੈਨੇਜਰ ਸਨ। ਉਹ ਹਮੇਸ਼ਾ ਚੰਗੀਆਂ ਕਿਤਾਬਾਂ ਹੀ ਛਾਪਦੇ ਤੇ ਜਿਨ੍ਹਾਂ ਦੇ ਲੇਖਕਾਂ ਨੂੰ ਥਾਂ ਥਾਂ ਸਨਮਾਨਿਤ ਵੀ ਕੀਤਾ ਜਾਂਦਾ।

ਲਾਇਬ੍ਰੇਰੀ 'ਚ ਉਹੀ ਕਿਤਾਬਾਂ ਭਰਿਆ ਵਾਤਾਵਰਣ। ਕੁਝ ਤਬਦੀਲੀ ਸੀ ਤਾਂ ਸਿਰਫ ਇਹ ਕਿ ਮੇਰੀ ਰੋਜ ਵਾਲੀ ਜਗ੍ਹਾ, ਜਿੱਥੇ ਮੈਂ ਬੈਠਦਾ ਹੁੰਦਾ ਸਾਂ, ਉਥੇ ਕਰੀਬ 8-9 ਸਾਲ ਦੀ ਇਕ ਨਿੱਕੀ ਕੁੜੀ ਬੈਠੀ ਸੀ। ਉਹਨੇ ਗੁਲਾਬੀ ਰੰਗ ਦੀ ਫਰਾਕ ਪਹਿਨੀ ਸੀ। ਉਹਦੀਆਂ ਅੱਖਾਂ 'ਤੇ ਕਾਲੀ ਐਨਕ ਲੱਗੀ ਸੀ। ਉਸ ਦੇ ਲਾਗੇ ਪਈ ਨਿੱਕੀ ਜਿਹੀ ਛੜੀ ਨੇ ਪਹਿਲਾਂ ਹੀ ਉਸ ਨਾਲ ਮੇਰੀ ਪਛਾਣ ਕਰਵਾ ਦਿੱਤੀ। ਉਸ ਦੇ ਕੋਲ ਹੀ ਬੈਠੇ ਲਾਇਬ੍ਰੇਰੀਅਨ ਅੰਕਲ, ਜਿਸ ਨੂੰ ਸਾਰੇ ਪਿਆਰ ਨਾਲ 'ਮਾਸਟਰ ਜੀ' ਆਖਦੇ, ਕੁਝ ਲਿਖ ਰਹੇ ਸਨ। ਕੁੜੀ ਬਾਹਾਂ ਖਲ੍ਹਾਰ ਕੇ ਬੋਲਦੀ। ਮੈਂ ਥੋੜ੍ਹਾ ਨਜ਼ਦੀਕ ਗਿਆ ਤਾਂ ਮਾਸਟਰ ਜੀ ਨੇ ਦੱਸਿਆ ਕਿ ਉਹ ਨਿੱਕੀ ਬੱਚੀ ਉਨ੍ਹਾਂ ਤੋਂ ਆਪ ਬੋਲ ਕੇ ਕੁਝ ਲਿਖਵਾ ਰਹੀ ਸੀ। ਖੈਰ! ਉਸ ਨੂੰ ਆਈ ਨੂੰ ਕਾਫੀ ਸਮਾਂ ਹੋ ਗਿਆ, ਸੋ ਉਨ੍ਹਾਂ ਨੇ ਮੈਨੂੰ ਉਸ ਦੇ ਘਰ ਛੱਡ ਆਉਣ ਲਈ ਕਿਹਾ, ਜੋ ਉਨ੍ਹਾਂ ਦੀ ਬਸਤੀ ਵਿਚ ਸਮੁੰਦਰ ਦੇ ਕਿਨਾਰੇ ਕੋਲ ਸੀ।

"ਓ ਅੰਕਲ! ਇਹ ਕੀ ਨਵਾਂ ਪੰਗਾ ਸਹੇੜ'ਤਾ?" ਮੈਂ ਆਪਣੇ ਮਨ ਹੀ ਮਨ ਆਖਿਆ।

ਸੜਕ ਦੇ ਇੱਕ ਪਾਸੇ ਅਸੀਂ ਦੋਵੇਂ ਤੁਰਦੇ ਗਏ। ਸਾਡੇ ਵਿਚਕਾਰ ਫੈਲੀ ਚੁੱਪ ਨੂੰ ਤੋੜਨ ਲਈ ਆਖਿਰ ਮੈਂ ਉਸ ਬੱਚੀ ਨੂੰ ਉਸ ਬਾਰੇ ਪੁੱਛਿਆ! ਉਸ ਨੇ ਆਪਣਾ ਨਾਂ ਜਾਪ ਦੱਸਿਆ, ਉਹ ਉਸ ਗਿਟਾਰ ਵਾਲੇ ਲੜਕੇ ਦੀ ਨਿੱਕੀ ਭੈਣ ਸੀ। ਉਨ੍ਹਾਂ ਦਾ ਘਰ ਮਾਸਟਰ ਜੀ ਦੀ ਬਸਤੀ ਵਿਚ ਹੀ ਸੀ। ਪਿਛਲੇ ਹਫਤੇ ਉਸ ਦੀ ਮਾਂ ਕੈਂਸਰ ਦੀ ਬਿਮਾਰੀ ਨਾਲ ਬਿਸਤਰੇ ਵਿਚ ਹੀ ਦਮ ਤੋੜ ਗਈ। ਉਸ ਪਿਛੋਂ ਅੰਟੀ ਸ਼ਿੰਦਰ (ਮਾਸਟਰ ਜੀ ਦੀ ਪਤਨੀ) ਉਹਦਾ ਧਿਆਨ ਰੱਖਦੀ। ਅੱਜ ਅੰਟੀ ਵੀ ਕੋਈ ਕੰਮ ਗਏ ਹੋਏ ਸੀ, ਇਸ ਕਰਕੇ ਮਾਸਟਰ ਜੀ ਜਾਪ ਨੂੰ ਆਪਣੇ ਨਾਲ ਲੈ ਆਏ ਸਨ। ਮੈਨੂੰ ਉਸ ਦੀ ਨਾਜ਼ੁਕ ਹਾਲਤ 'ਤੇ ਤਰਸ ਆਇਆ। ਕੁਝ ਹੀ ਪਲ ਜੋ ਬੋਲ ਮੇਰੇ ਮਨ 'ਚ ਆਏ ਸਨ, ਮੈਂ ਉਨ੍ਹਾਂ ਤੋਂ ਸ਼ਰਮਿੰਦਾ ਹੋਇਆ।

ਮੇਰਾ ਹੱਥ ਜਾਪ ਨੇ ਘੁੱਟ ਕੇ ਫੜਿਆ ਹੋਇਆ ਸੀ। ਜਿਹਦਾ ਵਿਸ਼ਵਾਸ ਸਿਰਫ ਮੇਰੇ ਇਸ ਹੱਥ ਨਾਲ ਹੀ ਬੱਝ ਚੁਕਾ ਸੀ। ਪਿਛੋਂ ਜਦੋਂ ਕੋਈ ਵਾਹਨ ਕੋਲੋਂ ਦੀ ਹਾਰਨ ਵਜਾ ਕੇ ਇੱਕ ਦਮ ਲੰਘਦਾ ਤਾਂ ਉਸ ਦੀ ਘੁਟਣ ਦਾ ਦਬਾਅ ਵੱਧ ਜਾਂਦਾ ਤੇ ਉਸ ਨੇ ਡਰਦਿਆਂ ਮੇਰੇ ਲੱਕ ਦੁਆਲੇ ਆਪਣੀ ਨਿੱਕੀ ਜਿਹੀ ਬਾਂਹ ਵਲ ਲਈ। ਮੈਂ ਆਪਣਾ ਹੱਥ ਉਸ ਦੇ ਮੋਢੇ 'ਤੇ ਰੱਖ ਲਿਆ, ਜਿਸ ਨਾਲ ਉਸ ਨੂੰ ਤੁਰਨ ਵਿਚ ਥੋੜ੍ਹੀ ਬੇਪਰਵਾਹੀ ਮਿਲ ਜਾਵੇ। ਤੁਰਦੇ ਤੁਰਦੇ ਅਸੀਂ ਸਮੁੰਦਰ ਦੇ ਕਿਨਾਰੇ 'ਤੇ ਆ ਪਹੁੰਚੇ। ਕਿਨਾਰੇ ਤੋਂ ਥੋੜ੍ਹੀ ਹੀ ਦੂਰ ਮਾਸਟਰ ਜੀ ਦੀ ਬਸਤੀ ਸੀ, ਜਿੱਥੇ ਮਛੇਰਿਆਂ ਦੇ ਨਿੱਕੇ ਨਿੱਕੇ ਘਰ ਦਿਸਦੇ ਪਏ ਸਨ।

ਆਖਿਰ ਮੈਂ ਚੁੱਪ ਤੋੜੀ, "ਜਾਪ! ਤੂੰ ਲੇਖਿਕ ਬਣਨਾ ਚਾਹੁੰਨੀ ਐਂ?"

"ਹਾਂ!"

"ਬਹੁਤ ਸੁੰਦਰ। ਤੂੰ ਮਾਸਟਰ ਜੀ ਤੋਂ ਕੀ ਲਿਖਵਾ ਰਹੀ ਸੀ?"

"ਮੈਂ? ਗੀਤ!"

"ਗੀਤ?"

"ਹਾਂ।"

"ਤੈਨੂੰ ਯਾਦ ਆ? ਤਾਂ ਮੈਨੂੰ ਵੀ ਸੁਣਾ ਦੇ।"

"ਹਾਂ।...ਅਸਮਾਨ! ਪਿਆਰੇ ਅਸਮਾਨ!"

ਉਸ ਨੇ ਦੋਵੇਂ ਹੱਥ ਫੈਲਾ ਕੇ ਗਾਉਣਾ ਸ਼ੁਰੂ ਕੀਤਾ। ਉਹਦੀ ਅਵਾਜ਼ ਗੀਤ ਦੇ ਹਰ ਸ਼ਬਦ ਨਾਲ ਇਨਸਾਫ ਕਰਦੀ ਜਾਪਦੀ,

"ਅਸਮਾਨ! ਪਿਆਰੇ ਅਸਮਾਨ!
ਤੂੰ ਰੋ, ਤੂੰ ਰੋ
ਤੇਰੇ ਬੱਦਲਾਂ ਦੀਆਂ ਅੱਖਾਂ 'ਚੋਂ
ਮੋਤੀ ਜਾਵਣ ਚੋ।
ਤੂੰ ਰੋ, ਤੂੰ ਰੋ।
ਤਾਂ ਜੋ ਮੇਰੇ ਅੱਥਰੂਆਂ ਦੀ
ਨਾ ਹੋਵੇ ਕਿਸੇ ਨੂੰ ਕਨਸੋਅ।
ਅਸਮਾਨ ਓ ਪਿਆਰੇ ਅਸਮਾਨ।"

ਜਾਪ ਦਾ ਇਹ ਗੀਤ ਲਹਿਰਾਂ ਦੇ ਸ਼ੋਰ ਨਾਲ ਮੇਲ ਖਾਂਦਾ ਮੇਰੇ ਦਿਲ ਵਿਚ ਲਹਿ ਗਿਆ। ਮੇਰੀ ਹੈਰਾਨੀ ਦੀ ਕੋਈ ਹੱਦ ਨਹੀਂ ਸੀ। ਮੈਨੂੰ ਮਹਿਸੂਸ ਹੋਇਆ, ਜਾਪ ਦਾ ਇਹ ਗੀਤ ਇੱਕ ਤੜਾਕੇਦਾਰ ਚਪੇੜ ਸੀ, ਉਨ੍ਹਾਂ ਲੇਖਕਾਂ ਦੀਆਂ ਲਿਖਤਾਂ 'ਤੇ, ਜੋ ਚੰਦ ਸਮੇਂ ਵਿਚ ਹੀ ਲੇਖਕ ਬਣਨਾ ਚਾਹੁੰਦੇ ਨੇ; ਜੋ ਲਿਖ ਦਿੰਦੇ ਨੇ ਝੂਠ ਤੇ ਸੁੱਕੇ ਘਾਹ ਜਿਹੇ ਖੱਖਰ ਪੱਖਰ ਸ਼ਬਦ ਅਤੇ ਲਿਖਤ ਵਿਚ ਡੱਕ ਦਿੰਦੇ ਨੇ ਨਿਰਾ ਝੂਠਾ। ਉਹ! ਜੋ ਚਾਂਦੀ ਦੀਆਂ ਛਿੱਲੜਾਂ ਤੇ ਸ਼ੌਹਰਤ ਦੇ ਨਸ਼ੇ 'ਚ ਕੁਝ ਵੀ ਲਿਖਣ ਨੂੰ ਤਿਆਰ ਹੋ ਜਾਂਦੇ ਨੇ; ਆਪਣੀ ਜ਼ਮੀਰ ਮਾਰ ਕੇ, ਆਪਣੀ ਭਾਵਨਾ ਮਾਰ ਕੇ।



***"ਮੈਨੂੰ ਲਿਖਣ ਲਈ ਇੱਕ ਵੱਡਾ ਵਰਕਾ ਚਾਹੀਦਾ, ਸਮੁੰਦਰ ਦੀ ਗਿੱਲੀ ਠੰਡੀ ਰੇਤ ਜਿਹਾ। ਇਹ ਰੇਤ, ਜਿੱਥੇ ਇਕ ਪਗਡੰਡੀ ਜਿਹੀ ਮੈਂ ਲੰਮੀ ਸਤਰ ਲਿਖਦੀ ਜਾਵਾਂ। ਇਹ ਠੰਡੀ ਰੇਤ ਹੀ ਮੇਰੀ ਸਲੇਟ ਏ। ਮੈਂ ਤੁਹਾਡੇ ਵਾਂਗੂੰ ਕਾਗਜ਼ ਦੇ ਘੇਰੇ 'ਚ ਲਿਖਣ ਤੋਂ ਅਸਮੱਰਥ ਹਾਂ। ਸੋ ਮੈਂ ਵਿਹਲੇ ਸਮੇਂ ਇੱਥੇ ਆ ਕੇ ਗਿੱਲੀ ਰੇਤ 'ਤੇ ਲਿਖਦੀ ਆਂ। ਗਿੱਲੀ ਰੇਤ 'ਤੇ ਲਿਖਣਾ ਮੈਨੂੰ ਮੰਮੀ ਨੇ ਸਿਖਾਇਆ। ਇਸ 'ਤੇ ਲਿਖੇ ਅੱਖਰਾਂ ਨੂੰ ਛੂਹ ਕੇ ਮੈਂ ਉਨ੍ਹਾਂ ਦੀ ਸੁੰਦਰਤਾ ਦੇਖਦੀ ਆਂ।"***

"ਜਦੋਂ ਮੀਂਹ ਵਰਦਾ ਏ ਤਾਂ ਮੈਂ ਇਹ ਗੀਤ ਗੁਣਗੁਣਾਉਂਦੀ ਹਾਂ। ਮੇਰਾ ਮੀਂਹ ਨੂੰ ਵੇਖਣ ਦਾ ਬੜਾ ਦਿਲ ਕਰਦਾ।" ਜਾਪ ਦੇ ਬੋਲ ਨੇ ਮੈਨੂੰ ਹਲੂਣਿਆ।

"ਅੱਛਾ?"

ਉਸ ਨੇ ਬੜੀ ਮਾਸੂਮੀਅਤ ਨਾਲ ਕਹਿਣਾ ਸ਼ੁਰੂ ਕੀਤਾ, "ਮੇਰੀ ਮਾਂ ਮੈਨੂੰ ਰੋਜ ਰਾਤ ਕਹਾਣੀਆਂ ਸੁਣਾਉਂਦੀ। ਚੰਨ ਦੀਆਂ, ਤਾਰਿਆਂ ਦੀਆਂ। ਉਹ ਗੀਤ ਸੁਣਾਉਂਦੀ-ਸਮੁੰਦਰਾਂ ਦੇ, ਮਛੇਰਿਆਂ ਦੇ, ਕਾਮਿਆਂ ਦੇ। ਮੇਰੇ ਪਾਪਾ ਵੀ ਮੈਨੂੰ ਆਜ਼ਾਦੀ ਦੇ ਗੀਤ ਸਣਾਉਂਦੇ। ਮੰਮੀ ਦੱਸਦੇ ਨੇ, ਉਦੋਂ ਮੈਂ ਸਿਰਫ ਨੌਂ ਮਹੀਨਿਆਂ ਦੀ ਹੀ ਸਾਂ।"

ਉਸ ਦੀਆਂ ਗੱਲਾਂ ਵਿਚ ਚੰਚਲਤਾ ਡਲਕਾਂ ਮਾਰ ਰਹੀ ਸੀ, ਜੋ ਦਿਲ ਨੂੰ ਇੱਕ ਸਕੂਨ ਜਿਹਾ ਦਿੰਦੀ ਜਾਪਦੀ।

"ਤੇਰੇ ਪਾਪਾ?"

ਮੇਰੀ ਮੰਮੀ ਕਹਿੰਦੇ ਆ, ਦੇਸ਼ ਦੀ ਵੰਡ ਦੌਰਾਨ ਇੱਕ ਜੰਗੀ ਹਮਲੇ 'ਚ ਉਹ ਸ਼ਹੀਦ ਹੋ ਗਏ। ਮੰਮੀ ਕਹਿੰਦੇ ਸੀ, ਮੈਨੂੰ ਉਨ੍ਹਾਂ ਨੂੰ ਯਾਦ ਕਰਕੇ ਰੋਣਾ ਨਹੀਂ ਚਾਹੀਦਾ, ਕਿਉਂਕਿ ਹੋ ਸਕਦਾ ਉਸ ਜੰਗ 'ਚ ਮੇਰੇ ਪਾਪਾ ਜਿਹੇ ਹੋਰ ਕਿੰਨੇ ਪਾਪਾ ਸ਼ਹੀਦ ਹੋਏ ਹੋਣਗੇ। ਮੰਮੀ ਕਹਿੰਦੇ ਸੀ, ਨਫਰਤ ਹਮੇਸ਼ਾ ਜੰਗ ਕਰਦੀ ਆ, ਤੇ ਜੰਗ ਹਮੇਸ਼ਾ ਵੱਖ ਕਰਦੀ ਆ। ਇਹ ਸਾਥੋਂ ਕੁਝ ਨਾ ਕੁਝ ਖੋਹ ਕੇ ਲੈ ਜਾਂਦੀ ਆ, ਜਦ ਕਿ ਪਿਆਰ ਹਮੇਸ਼ਾ ਜੋੜਦਾ। ਪਿਆਰ ਵਿਚ ਹੀ ਇਨਸਾਨੀਅਤ ਦੀ ਪਵਿੱਤਰਾ ਮੌਜੂਦ ਹੁੰਦੀ ਆ।"

ਮੈਂ ਲਗਾਤਾਰ ਟਿਕਟਿਕੀ ਲਾ ਕੇ ਉਸ ਵੱਲ ਵੇਖਦਾ ਰਿਹਾ। ਸੋਚਦਾ ਰਿਹਾ ਉਸ ਦੀ ਮਾਂ ਬਾਰੇ, ਕਿੰਨੀ ਖੂਬਸੂਰਤ ਔਰਤ ਸੀ ਉਹ, ਖੂਬਸੂਰਤ ਵਿਚਾਰਾਂ ਵਾਲੀ। ਮੈਂ ਉਸ ਨਾਲ ਹੋਰ ਗੱਲਾਂ ਕਰਨਾ ਚਾਹੁੰਦਾ ਸਾਂ। ਮੈਂ ਜਾਪ ਦਾ ਧਿਆਨ ਉਹਦੇ ਇੱਕਲੇਪਣ ਤੋਂ ਹਟਾਉਣਾ ਚਾਹਿਆ, "ਜਾਪ! ਤੈਨੂੰ ਪਰਮਾਤਮਾ ਨਾਲ ਨਾਰਾਜ਼ਗੀ ਤਾਂ ਨਹੀਂ ਕਿ ਉਹਨੇ ਤੈਨੂੰ ਦੇਖਣ ਸ਼ਕਤੀ ਨਹੀਂ ਦਿੱਤੀ?"

"ਨਹੀਂ! ਬਿਲਕੁਲ ਨਹੀਂ। ਮੇਰੀ ਮੰਮੀ ਕਹਿੰਦੇ ਸੀ, ਭਾਵੇਂ ਪਰਮਾਤਮਾ ਨੇ ਮੈਨੂੰ ਦੇਖਣ ਦੀ ਸ਼ਕਤੀ ਨਹੀਂ ਦਿੱਤੀ, ਪਰ ਮੈਨੂੰ ਮਹਿਸੂਸ ਕਰਨ ਦੀ ਸ਼ਕਤੀ ਤਾਂ ਦਿੱਤੀ ਹੈ ਨਾ! ਮਹਿਕਾਂ ਨੂੰ ਸੁੰਘਣ ਲਈ ਤੇ ਤਾਜੀ ਹਵਾ ਲੈਣ ਲਈ ਸੁੰਦਰ ਨੱਕ ਦਿੱਤਾ। ਤੁਰਨ ਫਿਰਨ, ਟਹਿਲਣ ਲਈ ਲੱਤਾਂ ਤੇ ਸੋਹਣੇ ਪੈਰ ਦਿੱਤੇ। ਚੰਗਾ ਬੋਲਣ ਲਈ ਅਵਾਜ਼ ਦਿੱਤੀ। ਪਰਮਾਤਮਾ ਸਦਾ ਸਭ ਨੂੰ ਸੋਚ ਵਿਚਾਰ ਕੇ ਹੀ ਦਿੰਦਾ ਹੈ। ਸਾਨੂੰ ਹਮੇਸ਼ਾ ਉਸ ਦਾ ਧੰਨਵਾਦੀ ਹੋਣਾ ਚਾਹੀਦਾ ਹੈ। ਹੋ ਸਕਦਾ, ਜੋ ਮੇਰੇ ਕੋਲ ਮੌਜੂਦ ਹੈ, ਉਹ ਕਿਸੇ ਹੋਰ ਕੋਲ ਨਾ ਹੋਵੇ। ਜੇ ਸਾਨੂੰ ਉਹ ਕੁਝ ਨਹੀਂ ਵੀ ਦਿੰਦਾ ਤਾਂ ਸ਼ਾਇਦ ਅਜੇ ਅਸੀਂ ਉਸ ਦੇ ਹਾਣ ਦੇ ਨਹੀਂ ਹੋਏ। ਜਦੋਂ ਪਰਮਾਤਮਾ ਮੈਨੂੰ ਦੇਖਣ ਦੀ ਸ਼ਕਤੀ ਦੇ ਦੇਵੇਗਾ ਤਾਂ ਮੈਂ ਵਰ੍ਹਦੇ ਮੀਂਹ 'ਚ ਅਸਮਾਨ ਵੱਲ ਆਪਣਾ ਮੂੰਹ ਕਰ ਕੇ ਉਨ੍ਹਾਂ ਬੂੰਦਾਂ ਨੂੰ ਵੇਖਾਂਗੀ ਕਿ ਉਹ ਕਿੱਥੋਂ ਆਉਂਦੀਆਂ ਨੇ। ਉਨ੍ਹਾਂ ਨੂੰ ਆਪਣੇ ਹੱਥਾਂ 'ਚ ਫੜ ਲਵਾਂਗੀ। ਸਮੁੰਦਰ ਵਿਚ ਡਿੱਗਦੀਆਂ ਬੂੰਦਾਂ ਦਾ ਉਹ ਨਜ਼ਾਰਾ ਦੇਖਾਂਗੀ। ਜਿਹਨੂੰ ਮੰਮੀ ਕਹਿੰਦੇ ਸੀ, ਜਦੋਂ ਮੀਂਹ ਵਰ੍ਹਦਾ ਤਾਂ ਸਮੁੰਦਰ ਵਿਚ ਭੰਬੀਰੀਆਂ ਨੱਚਦੀਆਂ ਨੇ। ਮੈਂ ਵੇਖਾਂਗੀ ਕਿ ਕਿਵੇਂ ਇੱਕ ਬੂੰਦ 'ਚ ਸਮਾਇਆ ਸਮੁੰਦਰ ਧਰਤੀ 'ਤੇ ਆ ਵਿਛਦਾ ਏ।"

"ਜਰੂਰ। ਐਦਾਂ ਜਰੂਰ ਹੋਊ ਮੇਰੀ ਲੇਖਿਕਾ। ਨਾਲੇ ਫਿਰ ਤੂੰ ਲਿਖਿਆ ਵੀ ਕਰਨਾ।"

"ਮੈਂ ਹੁਣ ਵੀ ਲਿਖਦੀ ਆਂ।"

"ਕਿਵੇਂ?"

"ਮੈਨੂੰ ਲਿਖਣ ਲਈ ਇੱਕ ਵੱਡਾ ਵਰਕਾ ਚਾਹੀਦਾ, ਸਮੁੰਦਰ ਦੀ ਗਿੱਲੀ ਠੰਡੀ ਰੇਤ ਜਿਹਾ। ਇਹ ਰੇਤ, ਜਿੱਥੇ ਇਕ ਪਗਡੰਡੀ ਜਿਹੀ ਮੈਂ ਲੰਮੀ ਸਤਰ ਲਿਖਦੀ ਜਾਵਾਂ। ਇਹ ਠੰਡੀ ਰੇਤ ਹੀ ਮੇਰੀ ਸਲੇਟ ਏ। ਮੈਂ ਤੁਹਾਡੇ ਵਾਂਗੂੰ ਕਾਗਜ਼ ਦੇ ਘੇਰੇ 'ਚ ਲਿਖਣ ਤੋਂ ਅਸਮੱਰਥ ਹਾਂ। ਸੋ ਮੈਂ ਵਿਹਲੇ ਸਮੇਂ ਇੱਥੇ ਆ ਕੇ ਗਿੱਲੀ ਰੇਤ 'ਤੇ ਲਿਖਦੀ ਆਂ। ਗਿੱਲੀ ਰੇਤ 'ਤੇ ਲਿਖਣਾ ਮੈਨੂੰ ਮੰਮੀ ਨੇ ਸਿਖਾਇਆ। ਇਸ 'ਤੇ ਲਿਖੇ ਅੱਖਰਾਂ ਨੂੰ ਛੂਹ ਕੇ ਮੈਂ ਉਨ੍ਹਾਂ ਦੀ ਸੁੰਦਰਤਾ ਦੇਖਦੀ ਆਂ।"

ਤੁਰਦੇ ਤੁਰਦੇ ਅਸੀਂ ਬਸਤੀ 'ਚ ਪਹੁੰਚ ਗਏ। ਅੰਟੀ ਸ਼ਿੰਦਰ, ਜਾਪ ਨੂੰ ਵੇਖ ਕੇ ਸਾਡੇ ਵੱਲ ਵਧੀ। ਉਸ ਦਾ ਨਿੱਕਾ ਜਿਹਾ ਹੱਥ ਮੇਰੀਆਂ ਵੱਡੀਆਂ ਉਂਗਲਾਂ ਨੂੰ ਨਿੱਘ ਦੇ ਰਿਹਾ ਸੀ। ਮੈਂ ਜਾਪ ਦਾ ਹੱਥ ਅੰਟੀ ਦੇ ਹੱਥ ਵਿਚ ਦੇ ਦਿੱਤਾ, ਤੇ ਜਾਪ ਵੱਲ ਝੁੱਕ ਕੇ ਉਸ ਦੀ ਗੱਲ ਨੂੰ ਚੁੰਮਿਆ। ਉਸ ਨੇ ਮੁਸਕੁਰਾ ਕੇ ਨਿੱਕੀਆਂ ਬਾਂਹਾਂ ਨਾਲ ਮੈਨੂੰ ਗਲਵੱਕੜੀ ਪਾ ਲਈ।

ਉਸ ਮਲੂਕ ਜਿੰਦੜੀ ਦੀਆਂ ਕੋਮਲ ਗੱਲਾਂ ਨਾਲ ਮੇਰਾ ਦਿਲ ਖਿੜ ਉਠਿਆ। ਮੈਂ ਵਾਪਿਸ ਮੁੜਦਾ ਉਹਨੂੰ ਜਾਂਦੀ ਨੂੰ ਵੇਖਦਾ ਰਿਹਾ। ਉਹਦੇ ਤਾਂਬੇ ਰੰਗੇ ਵਾਲ ਲਹਿਰਾਂ ਵੱਲੋਂ ਆਉਂਦੀ ਹਵਾ ਨਾਲ ਮੇਲਦੇ। ਉਹਦੀ ਪਤਲੀ ਨਿੱਕੀ ਜਿਹੀ ਨੱਕ, ਜਿਸ ਉਤੇ ਵੱਡੀ ਕਾਲੀ ਐਨਕ ਟਿਕੀ ਸੀ, ਨੇ ਮੈਨੂੰ ਚੁੰਮਣ ਲਈ ਮਜਬੂਰ ਕਰ ਦਿੱਤਾ।

ਉਹ ਵਾਪਿਸ ਮੁੜੀ ਤੇ ਬੋਲੀ, "ਬਾਏ ਬਾਏ ਮੇਰੇ ਲੇਖਕ ਦੋਸਤ! ਮੈਨੂੰ ਇੱਥੇ ਤੱਕ ਛੱਡਣ ਲਈ ਸ਼ੁਕਰੀਆ।"

"ਤੇਰਾ ਸਵਾਗਤ ਮੇਰੇ ਦਿਲ ਵਿਚ, ਮੇਰੀ ਪਿਆਰੀ ਜਾਪ।"

ਮੈਂ ਵਾਪਿਸ ਆਇਆ ਮਾਸਟਰ ਜੀ ਦੀ ਉਸ ਲਾਈਬ੍ਰੇਰੀ ਵਿਚ, ਜਿੱਥੇ ਉਹੀ ਪੜ੍ਹਾਕੂ ਵਾਤਾਵਰਣ ਤੇ ਲੇਖਕਾਂ ਦੀਆਂ ਬੇਤੁਕੀਆਂ ਲਿਖਤਾਂ ਦੀ ਸੜਿਹਾਂਦ ਸੀ।

ਮੈਂ ਨੰਗੀ ਕਲਮ ਤੇ ਆਪਣੇ ਭਰੇ ਵਰਕੇ ਚੁੱਕੇ, ਜਿਨ੍ਹਾਂ 'ਚ ਸ਼ੌਹਰਤ ਖੱਟਣ ਦੀ ਬੋਅ ਆਉਂਦੀ ਸੀ। ਮੈਂ ਤੁਰਦਾ ਹਾਂ ਉਸ ਰੋਡ 'ਤੇ, ਜਿੱਥੇ ਉਸ ਨਾਲ ਤੁਰਦਾ ਗਿਆ ਸੀ, ਉਸ ਦੇ ਘਰ ਤੱਕ। ਗਿਟਾਰ ਦੀਆਂ ਧੁਨਾਂ ਮੇਰੇ ਕੰਨਾਂ 'ਚੋਂ ਮੇਲ੍ਹਦੀਆਂ ਮੇਰੇ ਦਿਲ ਤੱਕ ਜਾਂਦੀਆਂ ਰਹੀਆਂ। ਅੱਜ ਇਨ੍ਹਾਂ ਨੇ ਆਪਣਾ ਦਮ ਨਹੀਂ ਤੋੜਿਆ ਤੇ ਮੇਰੀ ਚਾਲ ਹਵਾ ਦੇ ਮੇਚ ਦੀ ਹੋ ਗਈ। ਮੈਂ ਮਹਿਸੂਸ ਕਰਦਾ ਹਾਂ ਪੌਣਾਂ ਦੀ ਸ਼ੂਕਣ। ਇੱਕ ਪਿਆਰ ਦੀ ਲਰਜ, ਜੋ ਮੇਰੇ ਦਿਲ 'ਚੋਂ ਨਿਕਲਦੀ ਮੇਰੇ ਬੁੱਲਾਂ ਦੁਆਲੇ ਫੈਲ ਗਈ, ਜਿਸ ਨਾਲ ਖੁਸ਼ੀ ਦਾ ਜਵਾਰਭਾਟਾ ਉਠਿਆ। ਮੇਰੇ ਲਈ ਇੱਕ ਪਲ ਦਾ ਸਮਾਂ ਜਿਵੇਂ ਰੁਕ ਗਿਆ, ਸਮੇਂ ਤੋਂ ਪਹਿਲਾਂ ਮੈਂ ਤੁਰਦਾ ਜਾ ਰਿਹਾਂ। ਤੁਰੇ ਜਾਂਦਿਆਂ ਮੈਂ ਆਪਣੀ ਕਲਮ ਇਕ ਮੰਗਤੇ ਨੂੰ ਫੜਾ ਦਿੱਤੀ। ਹੱਥ 'ਚ ਫੜੇ ਵਰਕੇ ਮੈਂ ਅਸਮਾਨ ਵੱਲ ਵਗਾਹ ਮਾਰੇ, ਇਹ ਜਾਣ ਕੇ ਕਿ ਲਿਖਣ ਲਈ ਸਿਰਫ ਕਲਮ, ਕਾਗਜ਼ਾਂ ਤੇ ਸਿਫਾਰਿਸ਼ਾਂ ਦੀ ਲੋੜ ਨਹੀਂ ਪੈਂਦੀ। ਲੋੜ ਪੈਂਦੀ ਆ ਇੱਕ ਦਿਲ ਦੀ, ਕਾਇਨਾਤ 'ਚ ਪਸਰੀ ਚੁੱਪ ਦੀ, ਇੱਕ ਸਮਾਜਕ ਵੇਦਨਾ ਦੀ-ਜਿਸ ਦਾ ਖੇਤਰਫਲ ਸਮੁੰਦਰ ਵਾਂਗ ਬੇਅੰਤ ਹੋਵੇ। ਲੋੜ ਪੈਂਦੀ ਆ, ਉਸ ਤੀਜੀ ਅੱਖ ਦੀ, ਜਿਸ ਦੀ ਦ੍ਰਿਸ਼ਟੀ ਦਾ ਘੇਰਾ ਵਿਸ਼ਾਲ ਹੋਵੇ-ਜੋ ਸਿਰਫ ਜਾਪ ਕੋਲ ਸੀ।

ਮੈਂ ਆ ਖੜਿਆ ਹਾਂ ਜਾਪ ਤੇਰੀ ਉਸ ਠੰਡੀ ਰੇਤ 'ਤੇ, ਜਿੱਥੇ ਤੇਰੇ ਲਿਖੇ ਸ਼ਬਦ ਧਰਤੀ ਵਿਚ ਸਮਾ ਜਾਂਦੇ ਨੇ। ਜਿੱਥੇ ਸ਼ਾਂਤ ਸਮੁੰਦਰ ਦੀਆਂ ਲਹਿਰਾਂ ਸਾਗਰ ਦੇ ਉਸ ਪਾਰੋਂ ਆ ਕੇ ਮੇਰੇ ਪੈਰਾਂ ਦੀਆਂ ਉਂਗਲਾਂ ਚੁੰਮਦੀਆਂ ਨੇ।

ਅੱਜ ਮੈਂ ਪਹਿਲੀ ਵਾਰ ਅਸਲੀ ਜ਼ਿੰਦਗੀ ਦਾ ਇੱਕ ਦਿਨ ਡੁੱਬਦਾ ਵੇਖਦਾਂ। ਕਾਲੇ ਪਰਿੰਦੇ ਆਪਣੇ ਗਰਾਂ ਨੂੰ ਜਾਂਦੇ ਮੈਨੂੰ ਸੰਕੇਤ ਕਰ ਰਹੇ ਨੇ। ਕੱਲ ਇੱਕ ਨਵਾਂ ਦਿਨ ਆਵੇਗਾ, ਜੋ ਸਾਨੂੰ ਸਿਖਾਵੇਗਾ ਨਵਾਂ ਕੁਝ!

## ਮਿਨੀ ਕਹਾਣੀ

## ਗੰਢ

ਅਸੀਂ ਟੀ. ਵੀ. 'ਤੇ ਖਬਰਾਂ ਵੇਖ ਰਹੇ ਸਾਂ ਕਿ ਤਾਈ ਸਚਿਆਰੋ ਆ ਗਈ। ਟੀ. ਵੀ. 'ਤੇ ਕੁਝ ਔਰਤਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਦੀਆਂ ਝਲਕੀਆਂ ਵਿਖਾਈਆਂ ਜਾ ਰਹੀਆਂ ਸਨ। ਤਾਈ ਨੇ ਬੈਠਦਿਆਂ ਹੀ ਉਨ੍ਹਾਂ ਬਾਰੇ ਪੁਛਣਾ ਸ਼ੁਰੂ ਕਰ ਦਿੱਤਾ। ਮੇਰੀ ਘਰ ਵਾਲੀ ਨੇ ਦੱਸਿਆ ਕਿ ਉਹ ਠੇਕੇ ਖੋਲ੍ਹਣ ਦਾ ਵਿਰੋਧ ਕਰ ਰਹੀਆਂ ਹਨ।

"ਹੈ ਤਾਂ ਭਾਈ ਮਾੜੀ ਗੱਲ, ਘਰਾਂ ਵਿਚ ਸ਼ਾਂਤੀ ਸੀ। ਨਹੀਂ ਤਾਂ ਬੰਦੇ ਮੂਤ ਪੀ ਘਰੇ ਕਲੇਸ਼ ਪਾਈ ਰੱਖਦੇ।" ਤਾਈ ਨੇ ਵਿਰੋਧ ਦਾ ਸਮਰਥਨ ਕਰ ਦਿੱਤਾ।"

"ਪਰ ਤਾਈ ਸਰਕਾਰ ਨੇ ਆਪਣੇ ਖਰਚੇ ਵੀ ਚਲਾਉਣੇ ਆ ਕਿਸੇ ਤਰ੍ਹਾਂ, ਹੋਰ ਕੰਮ ਤਾਂ ਸਾਰੇ ਠੱਪ ਪਏ ਨੇ।" ਮੈਂ ਆਪਣੀ ਸਿਆਣਪ ਘੋਟੀ।

"ਪੁੱਤ, ਊਂ ਤਾਂ ਇਹ ਸਾਰੇ ਪੜ੍ਹੇ-ਲਿਖੇ ਬਣੇ ਫਿਰਦੇ ਆ, ਹਰ ਬੰਦਾ ਔਖੇ ਵੇਲੇ ਵਾਸਤੇ ਕੁਝ ਨਾ ਕੁਝ ਜੋੜ ਕੇ ਰੱਖਦਾ। ਸਰਕਾਰ ਦੇ ਪੈਸੇ ਐਡੀ ਛੇਤੀ ਮੁੱਕ ਵੀ ਗਏ? ਮਹਿੰਗਾਈ ਕਰ ਸਾਰਾ ਦਿਨ ਲੁੱਟੀ ਜਾਂਦੇ ਨੇ। ਸਿਆਣੇ ਦੱਸਦੇ ਬਈ ਅੱਗੇ ਕਾਲ ਪੈ ਜਾਂਦੇ, ਰਾਜੇ ਗਰੀਬ ਜਨਤਾ ਲਈ ਸਾਲਾਂਬੱਧੀ ਅੰਨ-ਧੰਨ ਦਾ ਇੰਤਜ਼ਾਮ ਕਰਦੇ। ਤੁਸੀਂ ਵੀ ਤਾਂ ਬੈਂਕ ਵਿਚ ਪੈਸੇ ਰੱਖਦੇ ਹੋਵੋਂਗੇ? ਹੋਰ ਛੱਡੋ, ਮੇਰੇ ਵਰਗੀ ਜਨਾਨੀ ਵੀ ਗੰਢ ਰੱਖਦੀ ਆ, ਵੇਲੇ-ਕੁਵੇਲੇ ਵਾਸਤੇ। ਚਾਰ ਦਿਨ ਤਾਂ ਉਸ ਦੇ ਪੈਸੇ ਨਹੀਂ ਮੁਕਦੇ, ਜਿਸ ਦੀ ਕੋਈ ਕਮਾਈ ਨਹੀਂ ਹੁੰਦੀ। ਇਨ੍ਹਾਂ ਦਾ ਹਿਸਾਬ ਨਿਰਾਲਾ! ਕੋਹ ਨਾ ਚੱਲੀ, ਬਾਬਾ ਤਿਹਾਈ। ਇਨ੍ਹਾਂ ਦੀ ਕੋਈ ਗੰਢ ਨਹੀਂ।" ਤਾਈ ਗੁੱਸੇ ਵਿਚ ਖਰੀਆਂ-ਖਰੀਆਂ ਸੁਣਾ ਗਈ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

# ਕਾਵਿ-ਜਗਤ

## ਕਰੋਨਾ ਬੋਲ ਪਈ

ਇਹ ਕੈਸੀ ਰੁੱਤ ਆਈ, ਮਨੁੱਖ ਜੀ
ਇਹ ਕੈਸੀ ਰੁੱਤ ਆਈ।
ਮਨੁੱਖ ਦਿਆਂ ਹੱਥਾਂ ਨੇ ਮਨੁੱਖ ਦੀ
ਹੀ ਤਾਣੀ ਉਲਝਾਈ।

ਜ਼ਿੰਦਗੀ ਵਾਲੀ ਪੀਂਘ ਕੌਣ ਨਹੀਂ
ਮੈਂ ਵੀ ਝੂਟਣੀ ਚਾਹਵਾਂ,
ਤੁਹਾਡੇ ਹੱਥੋਂ ਧੱਕੇ ਖਾਂਦੀ
ਤੁਹਾਡੇ ਸੈਲ ਤੱਕ ਜਾਵਾਂ।
ਸੈਲ ਮਸ਼ੀਨਰੀ ਆਵਤ 'ਤੇ ਸੱਦ ਕੇ
ਖੂਹ ਜ਼ਿੰਦਗੀ ਦਾ ਗੇੜ੍ਹਾਂ,
ਮੈਂ ਨਾ-ਹੁਣ ਚੰਦ ਦਿਨ ਜੀਵਾਂ
ਕਈ ਪੀੜ੍ਹੀਆਂ ਹੇੜ੍ਹਾਂ।
ਜ਼ਿੰਦਗੀ ਦਾ ਆਧਾਰ ਸੈਲ ਹੈ
ਮੇਰੇ ਕੋਲ ਨਾ ਕਾਈ,
ਇਹ ਕੈਸੀ ਰੁੱਤ ਆਈ, ਮਨੁੱਖ ਜੀ
ਇਹ ਕੈਸੀ ਰੁੱਤ ਆਈ।

ਇਸ ਰੁੱਤੇ ਜੰਗਲ ਦਿਆਂ ਫੁੱਲਾਂ
ਫਲ ਨਹੀਂ, ਮਤੇ ਪਕਾਏ,
ਸੁਕਰੀਆ, ਪੰਛੀ ਢੁੰਡੇ ਗਏ ਨਾ
ਪਸ਼ੂ ਗਏ ਝਟਕਾਏ।
ਨਾ ਹੀ ਰੁੱਖਾਂ ਦੇ ਆਰਿਆਂ
ਵੱਢ ਵੱਢ ਮੋਛੇ ਪਾਏ,
ਮੇਰੀ ਦਹਿਸ਼ਤ ਡੱਕ ਕੇ ਕਾਤਿਲ
ਘਰ 'ਚ ਘੁੰਜੇ ਲਾਏ।
ਸੁੰਨੀਆਂ ਗਲੀਆਂ 'ਚ ਭਲਵਾਨੀ
ਗੇੜ੍ਹੀ ਹਿਰਨਾਂ ਲਾਈ,
ਇਹ ਕੈਸੀ ਰੁੱਤ ਆਈ, ਮਨੁੱਖ ਜੀ
ਇਹ ਕੈਸੀ ਰੁੱਤ ਆਈ।

ਖਾਨਦਾਨੀ ਇੱਜਤ ਦੇ ਤੁਰਲੇ
ਵੱਟ ਗੁਲਾਮੀ ਛਕਿਆਂ,
ਸਦੀਆਂ ਤੋਂ ਔਰਤ ਨੂੰ ਭੈਅ ਸੰਗ
ਡੱਕ ਘਰਾਂ ਵਿਚ ਰੱਖਿਆਂ।
ਮਜ਼ਾ ਚੱਖ ਕੇ ਘਰ-ਕੈਦ ਦਾ
ਮਰਦ ਅਕਲ ਰੁਸ਼ਨਾਵੇ,
ਸਾਲਾ, ਗੁੜ੍ਹੇ ਤੁਰਲੇ ਉਪਰ
ਮੱਤ ਹੁਣ ਫੀਹਤੇ ਗੁੰਜਾਵੇ।
ਸ਼ੁਕਰਾਨੇ ਵਿਚ ਧੀਓ, ਵਹੁਟੀਓ
ਮੈਨੂੰ ਦਿਓ ਵਧਾਈ,
ਇਹ ਕੈਸੀ ਰੁੱਤ ਆਈ, ਮਨੁੱਖ ਜੀ
ਇਹ ਕੈਸੀ ਰੁੱਤ ਆਈ।

ਨਾ ਹਵਾ ਦੇ ਢਿੱਡ ਵਿਚ ਵਾਹਨਾਂ
ਚਿਮਨੀਆਂ ਧੂੰਆਂ ਪਾਇਆ,
ਮਨੁੱਖ ਨੇ ਹੋਟਲਾਂ ਨੂੰ ਕੂੜੇ ਦੇ
ਟਰੱਕ ਉਗਲਣ ਨਹੀਂ ਲਾਇਆ।
ਨਾ ਸਮੁੰਦਰ ਸਿਰ ਗਿਆ ਕੋਈ
ਤੇਲ ਦਾ ਖੂਹ ਉਲਟਾਇਆ,
ਜੀਵਾਂ ਦੇ ਸੰਗ ਵਾਤਾਵਰਣ ਨੂੰ
ਕੁਝ ਤਾਜ਼ਾ ਸਾਹ ਆਇਆ।
ਤਾਂਹੀਓ ਲੌਕਡਾਊਨ ਦੀ ਧਰਤੀ
ਕੀਤੀ ਸ਼ੁਕਰ ਮਨਾਈ।
ਇਹ ਕੈਸੀ ਰੁੱਤ ਆਈ, ਮਨੁੱਖ ਜੀ
ਇਹ ਕੈਸੀ ਰੁੱਤ ਆਈ।

ਵਿਗਿਆਨ ਤਰਕ ਤੂੰ ਪਹਿਨ ਕੇ ਫਿਰਦਾ
ਮਾਨਵਵਾਦੀ ਬਣਿਆ,
ਫੇਰ ਮਨੁੱਖੀ ਲੁੱਟਦਾ ਕਾਹਤੋਂ
ਅੰਜ ਵੀ ਅੰਬਰ ਤਣਿਆ।
ਮਨੁੱਖੀ ਸਿਰ ਲਾ ਪਸ਼ੂ ਸੋਚ ਨੂੰ
ਤਖਤੀਂ ਚਾੜ੍ਹ ਬਿਠਾਇਆ,
ਜਿਸ ਮੁਫਾਦ ਹਿੱਤ ਬੰਦਿਆਂ ਨੂੰ
ਮੇਰੇ ਢਿੱਡ ਵਿਚ ਪਾਇਆ।

ਜੱਗ ਸਾਹਵੇਂ ਮੈਂ ਉਸ ਸੋਚ ਦੀ
ਕੀਤੀ ਘੁੰਢ ਚੁਕਾਈ,
ਇਹ ਕੈਸੀ ਰੁੱਤ ਆਈ, ਮਨੁੱਖ ਜੀ
ਇਹ ਕੈਸੀ ਰੁੱਤ ਆਈ।

*-ਡਾ. ਸੁਖਪਾਲ ਸੰਘੇੜਾ*
*dr.sukhpal.sanghera@gmail.com*

## ਨਜ਼ਮ

ਕੁਦਰਤ ਦੇ ਕਾਦਰ ਕਰਤਾ ਨੇ
ਕੈਸਾ ਇਹ ਇਕ ਖੇਡ ਰਚਾਇਆ।
ਜਦ ਪਰਮੇਸ਼ਰ ਸ੍ਰਿਸ਼ਟੀ ਸਾਜੀ
ਬੰਦੇ ਨੂੰ ਇੱਕ ਹੁਕਮ ਸੁਣਾਇਆ।
ਚੌਰਾਸੀ ਲੱਖ ਜੂਨ ਦੇ ਅੰਦਰ
ਤੈਨੂੰ ਮੈਂ ਸਿਕਦਾਰ ਸਜਾਇਆ।
ਸਭ ਜੂਨਾਂ ਤੋਂ ਉਤਮ ਤੈਨੂੰ
ਧਰਤੀ ਦਾ ਸਰਦਾਰ ਬਣਾਇਆ।

ਪਰ ਕਾਮ, ਕ੍ਰੋਧ, ਹੰਕਾਰ, ਲੋਭ ਦਾ
ਬੰਦੇ ਨੇ ਝੰਡਾ ਲਹਿਰਾਇਆ।
ਧਰਤੀ ਤੋਂ ਲੈ ਅੰਬਰ ਤੀਕਰ
ਨਫਰਤ ਦਾ ਹੀ ਜਾਲ ਵਿਛਾਇਆ।
ਸੱਚ, ਸੰਜਮ, ਸੰਤੋਖ ਵੀ ਮੁਕਿਆ
ਸੱਤ ਸਬਰ ਨੂੰ ਮਾਰ ਮੁਕਾਇਆ।
ਬੇਈਮਾਨ ਗੱਦਾਰ ਬੰਦੇ ਨੇ
ਸਿੱਕਾ ਆਪਣਾ ਖੂਬ ਚਲਾਇਆ।

ਧਰਮ ਦੇ ਨਾਂ 'ਤੇ ਧਰਮੀ ਬੰਦਿਆ
ਧਰਮ ਨੂੰ ਮਾਰ ਮੁਕਾਣਾ ਚਾਹਿਆ।
ਗੁਰਦੁਆਰੇ, ਮੰਦਿਰ ਮਸਜਿਦ 'ਚੋਂ
ਰੱਬ ਨੂੰ ਕਿਧਰੇ ਬਾਹਰ ਭਜਾਇਆ।
ਕਾਤਲ, ਚੋਰ, ਜੁਆਰੀਏ, ਠੱਗਾਂ
ਸਾਧਾਂ ਦਾ ਜਦ ਭੇਸ ਵਟਾਇਆ।
ਧਰਮ ਸਮਾਜ ਵੜੇ ਵਿਚ ਮੁੰਦਰਾਂ
ਹਰ ਥਾਂ ਸੀ ਸ਼ੈਤਾਨ ਦਾ ਸਾਇਆ।

ਧਰਮੀ ਬਾਬੁਲ ਧੀ ਆਪਣੀ ਦਾ
ਜਿਸਮ ਦੇਖ ਕੇ ਜਦ ਲੱਲਚਾਇਆ।
ਪੁੱਤਰਾਂ ਨੇ ਜਦ ਮਾਂ ਆਪਣੀ ਨੂੰ
ਘਰੋਂ ਬਾਹਰ ਕੱਢ ਬੂਹਾ ਲਾਇਆ।
ਔਰਤ ਨੇ ਜਦ ਸ਼ਰਮ ਹਯਾ ਦਾ
ਸਿਰ ਉਤੋਂ ਪੱਲੂ ਸਰਕਾਇਆ।
ਹਵਸ ਦਾ ਭੁੱਖਾ ਮਰਦ ਕਮੀਨਾ
ਗਲੀਆਂ ਵਿਚ ਫਿਰੇ ਹਲਕਾਇਆ।
ਫਿਰ ਕੁਦਰਤ ਦਾ ਕਾਦਰ ਮਾਲਕ
ਬੰਦੇ ਵਲ ਤੱਕ ਕੇ ਮੁਸਕ੍ਰਾਇਆ।
ਬੰਦਿਆ ਤੂੰ ਨਹੀਂ ਬੰਦਾ ਬਣਿਆ
ਤੂੰ ਰੁਤਬਾ ਸ਼ੈਤਾਨ ਦਾ ਪਾਇਆ।
ਜੰਗਲ ਬੇਲੇ ਰੁੱਖ ਸਭ ਵੱਢ ਕੇ
ਪ੍ਰਕਿਰਤੀ ਦਾ ਹੁਸਨ ਮੁਕਾਇਆ।
ਪਾਣੀ ਪਿਤਾ ਤੇ ਪਵਣ ਗੁਰੂ ਵਿਚ
ਆਪਣੇ ਹੱਥੀਂ ਜ਼ਹਿਰ ਮਿਲਾਇਆ।

ਹਉਮੈ ਵਿਚ ਤੂੰ ਮੈਨੂੰ ਭੁਲ ਕੇ
ਬੰਦੇ ਤੋਂ ਰੱਬ ਬਣਨਾ ਚਾਹਿਆ।
ਮੈਂ ਹਾਂ ਤੇਰਾ ਸਿਰਜਣਹਾਰਾ
ਮੈਨੂੰ ਹੀ ਤੂੰ ਦਿਲੋਂ ਭੁਲਾਇਆ।
ਜੋ ਬੀਜੇਂਗਾ ਵੱਢਣਾ ਪੈਣਾ ਏ
ਇਹ ਤੈਨੂੰ ਮੈਂ ਯਾਦ ਕਰਾਇਆ।
ਬੰਦਾ ਹੈਂ ਤਾਂ ਬੰਦਾ ਹੀ ਰਹਿ
ਕਈ ਵਾਰੀ ਤੈਨੂੰ ਸਮਝਾਇਆ।

ਜਦ ਜਦ ਵੀ ਤੂੰ ਅੱਤਾਂ ਚੁਕੀਆਂ
ਉਦੋਂ ਹੀ ਤੂਫਾਨ ਹੈ ਆਇਆ।
ਇਹ ਵੀ ਕੰਮ ਤੇਰਾ ਹੈ ਬੰਦਿਆ
ਪਰ ਤੂੰ ਨਾਮ ਮੇਰਾ ਹੈ ਲਾਇਆ।
ਅੰਦਰ ਬੈਠ ਤੇ ਸੋਚ ਬਦਲ ਲੈ
ਤੁਰ ਜਾਣੈ ਜੋ ਸੰਕਟ ਆਇਆ।
ਜਦ ਵੀ ਤੂੰ ਅਵਾਜ਼ ਹੈ ਮਾਰੀ।
ਮੈਂ ਤੈਨੂੰ ਹੈ ਗਲ ਨਾਲ ਲਾਇਆ।

ਹੈ ਕੋਈ ਵਿਰਲਾ ਵਿਰਲਾ ਜਗ 'ਤੇ
ਜਿਸ ਨੇ ਮੇਰਾ ਨਾਮ ਧਿਆਇਆ।
ਉਨ੍ਹਾਂ ਭਗਤਾਂ ਦੇ ਸਦਕਾ ਹੀ
ਸ੍ਰਿਸ਼ਟੀ ਨੂੰ ਮੈਂ ਸਦਾ ਬਚਾਇਆ।
ਪਤਿਤ ਪਾਵਨ ਪ੍ਰਭੂ ਨਾਮ ਹੈ ਮੇਰਾ
ਮੈਂ ਤੈਨੂੰ ਨਹੀਂ ਕਦੀ ਭੁਲਾਇਆ।
ਆਪਣਾ ਜਗਤ ਬਚਾਵਣ ਦੇ ਲਈ
ਮੈਂ 'ਸੁਰਜੀਤ' ਆਇਆ ਕਿ ਆਇਆ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

## ਭੈਅ ਯੁਗ ਦੇ ਵਾਸੀ

(1)

ਅਸੀਂ ਭੈਅ ਯੁਗ ਵਿਚ ਜੀਅ ਰਹੇ
ਭੈਅਭੀਤ ਲੋਕ
ਹਰ ਘੜੀ ਡਰ ਡਰ ਕੇ ਸਾਹ ਲੈਂਦੇ
ਗੱਲ ਗੱਲ ਤੇ ਤ੍ਰਭਕ ਪੈਂਦੇ
ਪਲ ਪਲ ਅੰਦਰੋਂ ਅੰਦਰੀ ਮਰਦੇ ਜਾਂਦੇ!

ਸਾਡੇ ਆਲੇ-ਦੁਆਲੇ ਪੱਸਰਿਆ
ਡਰਾਵਣੇ ਸਾਨੂੰ ਦਾ ਘਸਮਾਣ
ਸਾਡੇ ਵਿਚਾਲੇ ਰਹਿੰਦਾ, ਬੇਪਛਾਣ!

(2)

ਟੈਲੀਫੋਨ ਦੀ ਘੰਟੀ ਵੱਜਦੀ
ਚਿਹਰੇ 'ਤੇ ਮੁਸਕਰਾਹਟ ਫੈਲਦੀ
ਰੂਹ ਦੀ ਗੱਲ ਕਰਨ ਨੂੰ
ਮਨ ਹੁਲਾਸ ਨਾਲ ਭਰ ਜਾਂਦਾ
ਦੂਜੇ ਪਾਸਿਉਂ ਅਵਾਜ਼ ਸੁਣ
ਦਿਮਾਗ ਸੁੰਨ ਹੋ ਜਾਂਦਾ
ਦਿਲ ਧੱਕ ਕਰਕੇ ਬਹਿ ਜਾਂਦਾ
'ਇਸ ਵਾਰ ਤੁਸੀਂ ਟੈਕਸ ਨਹੀਂ ਭਰਿਆ
ਫੋਨ ਨਹੀਂ ਬੰਦ ਕਰਨਾ
ਧਿਆਨ ਨਾਲ ਸੁਣਨਾ
ਜਲਦੀ ਆਪਣਾ ਕਰੈਡਿਟ ਕਾਰਡ ਨੰਬਰ ਦਿਉ
ਤੇ ਚਾਰ ਹਜ਼ਾਰ ਡਾਲਰ ਭਰੋ,
ਨਹੀਂ ਤਾਂ ਪੁਲਿਸ ਤੁਹਾਡੇ ਬੂਹੇ ਮੂਹਰੇ ਖੜੀ
ਜੇਲ੍ਹ ਅੰਦਰ ਜਾ ਕੇ ਸੜੋ ਮਰੋ।'
ਹੁਣ ਦੱਸੋ ਮਰਦਾ ਕੀ ਨਾ ਕਰਦਾ?

ਹੋਲ ਉਠਦਾ,
'ਫਰੌਡ' ਹੈ ਜਦੋਂ ਪਤਾ ਚੱਲਦਾ
ਹੁਣ ਅਸੀਂ ਫੋਨ ਸੁਣਨ ਤੋਂ ਡਰਦੇ
ਬੈਲ ਹੁੰਦੀ ਤਾਂ ਦਿਲ ਧੱਕ ਧੱਕ ਕਰਦਾ
ਭੈਅ ਯੁਗ ਵਿਚ ਵਿਚਰਦੇ ਭੈਅਭੀਤ ਲੋਕ
ਸਮੇਂ ਦੇ ਪਰਪੰਚ ਤੋਂ ਡਰ ਗਏ ਹਾਂ
ਅਣਕਿਆਸੇ ਸ਼ੜਯੰਤਰਾਂ ਵਿਚ ਫਸ ਗਏ ਹਾਂ!

(3)

ਬੂਹਾ ਖੜਕਦਾ, ਦਿਲ ਧੜਕਦਾ
ਕਿੰਨੇ ਚਾਅ ਨਾਲ ਖੋਲ੍ਹਣ ਜਾਈਦਾ,
ਸ਼ਾਇਦ ਕੋਈ ਪ੍ਰਾਹੁਣਾ ਹੋਵੇ
ਜਾਂ ਕੋਈ ਆਇਆ ਜਾਚਕ ਹੋਵੇ!

ਬੂਹਾ ਖੁੱਲ੍ਹਦਾ,
ਸਵਾਲ ਪੁੱਛਣ ਤੋਂ ਪਹਿਲਾਂ ਹੀ
ਬਾਹਰ ਖੜਾ ਆਮ ਜਿਹਾ ਲਗਦਾ ਬੰਦਾ
ਪਤਾ ਨਹੀਂ ਕਿਹੜੇ ਵੇਲੇ
ਤੁਹਾਡੇ 'ਤੇ ਕੁਝ ਧੂੜ/ਛਿੜਕ
ਤੁਹਾਨੂੰ ਬੇਹੋਸ਼ ਕਰ
ਤੁਹਾਡਾ ਸਭ ਕੁਝ ਲੁਟ ਪੁੱਟ
ਅਲੋਪ ਹੋ ਜਾਂਦਾ!

ਹੁਣ ਅਸੀਂ ਬੰਦ ਦਰਵਾਜ਼ਿਆਂ ਪਿੱਛੋਂ
ਝਾਤੀਆਂ ਮਾਰ ਮਾਰ ਤੱਕਦੇ
ਆਪਣੇ ਘਰ ਵਿਚ ਲੁਕਦੇ ਫਿਰਦੇ
ਬੂਹਾ ਖੋਲ੍ਹਣ ਤੋਂ ਡਰਦੇ!

(4)

ਅਸੀਂ ਘਰਾਂ ਦੇ ਅੰਦਰ ਬਾਹਰ
ਸੀ. ਸੀ. ਟੀ. ਵੀ. ਕੈਮਰੇ ਲਵਾ ਲਏ
ਚੈਨ ਨਾਲ ਰਹਿਣਾ ਚਾਹੁੰਦੇ
ਬੇਫਿਕਰ ਹੋ ਸੌਣਾ ਚਾਹੁੰਦੇ!

ਦਿਨ ਦਿਹਾੜੇ, ਜਨੂੰਨੀ ਮਾਸਕਧਾਰੀ
ਨਿਰਭੈਅ ਬੂਹਾ ਤੋੜ ਕੇ ਅੰਦਰ ਆਉਂਦੇ
ਕੈਮਰੇ ਦਾ ਮੂੰਹ ਚਿੜਾਉਂਦੇ
ਲੁੱਟ-ਮਾਰ ਕੇ ਤੁਰ ਜਾਂਦੇ, ਪਛਾਣ ਨਾ ਹੁੰਦੇ!

ਹੁਣ ਅਸੀਂ ਕੈਮਰਿਆਂ ਨਾਲ ਘਿਰੇ
ਘਰਾਂ 'ਚ ਵੀ ਸਹਿਮੇ ਸਹਿਮੇ
ਬੰਦ ਕਮਰਿਆਂ 'ਚ ਕੈਦ
ਬੇਸਕੂਨੇ ਫਿਕਰਾਂ ਮਾਰੇ
ਭੈਅਭੀਤ ਲੋਕ ਵਿਚਾਰੇ!

(5)

ਤੁਰਿਆਂ ਜਾਂਦਿਆਂ
ਰਾਹੀ ਕੋਈ ਵਾਸਤਾ ਪਾਉਂਦਾ
ਮੈਂ ਬੇਬੱਸ ਨੇਤਰ-ਹੀਣ
ਅੱਗੋਂ ਹੀਣਾ ਭੁੱਖਣ ਭਾਣਾ
ਬੱਚਿਆਂ ਦੇ ਮੂੰਹ ਵਿਚ ਪਿਆ ਨਾ ਕੋਈ ਦਾਣਾ!

ਤੁਸੀਂ ਪਸੀਜ ਜਾਂਦੇ
ਤੁਹਾਡੇ ਨੈਣ ਭਰ ਜਾਂਦੇ
ਮਦਦ ਲਈ ਬਹੁੜਦੇ
ਤੁਹਾਡਾ ਬਟੂਆ ਖੋਹ ਕੇ
ਉਹ ਤੁਹਾਨੂੰ ਧੱਕਾ ਮਾਰ
ਔਹ ਜਾਂਦਾ ਔਹ ਜਾਂਦਾ!

ਹੁਣ ਤੁਸੀਂ ਕਿਸੇ ਰਾਹੀ ਦੀ
ਮਦਦ ਕਰਨੋਂ ਡਰਦੇ
ਕਿਸੇ 'ਤੇ ਵਿਸ਼ਵਾਸ ਨਹੀਂ ਕਰਦੇ
ਕਈ ਵਾਰ ਕੋਈ ਹੋਰ ਬੰਦਾ
ਤਰਲੇ ਕੱਢਦਾ, ਰੋਂਦਾ ਹਾੜੇ ਕੱਢਦਾ,
ਸੱਚ ਹੈ ਕਿ ਝੂਠ?
ਤੁਸੀਂ ਡਰਦੇ
ਉਸ ਨੂੰ ਅਣਗੌਲਿਆ ਕਰ ਲੰਘ ਜਾਂਦੇ
ਉਹ ਅਵਿਸ਼ਵਾਸ ਦੀ ਬਲੀ ਜਾ ਚੜ੍ਹ ਜਾਂਦਾ!

(6)

ਬੈਠਿਆਂ ਸੁੱਤਿਆਂ ਆਹ ਇਕ
ਹੋਰ ਭੈਅ ਆ ਗਿਆ
ਕਰੋਨਾ ਨਾਂ ਦਾ ਰਾਖਸ਼ਸ
ਸਾਡੇ ਚੈਨ ਹੀ ਖਾ ਗਿਆ
ਕੁਲ ਦੁਨੀਆਂ 'ਤੇ
ਲੌਕਡਾਊਨ ਦਾ ਆਦੇਸ਼ ਜਦੋਂ ਛਾ ਗਿਆ
ਬੂਹੇ ਬੰਦ, ਦਫਤਰ ਬੰਦ
ਸਕੂਲ ਕਾਲਜ ਬੰਦ
ਬਜ਼ਾਰ ਬੰਦ, ਮਾਲਾਂ ਬੰਦ
ਹਵਾਈ ਉਡਾਣਾਂ ਬੰਦ
ਸਫਰ ਕਰੂਜ਼ ਬੰਦ
ਸਭ ਬੰਦ ਬੰਦ ਬੰਦ!!!

ਗਲੀਆਂ ਸੁੰਨੀਆਂ
ਅੱਖਾਂ ਅੱਗੇ ਨੱਚਦੇ ਤਾਰੇ
ਇਹ ਕਿਹਾ ਦੁਸ਼ਮਣ
ਜੋ ਦਿਸਦਾ ਨਹੀਂ, ਕਿੱਥੇ ਬੈਠਾ
ਚੁਣ ਚੁਣ ਕੇ ਬੰਦੇ ਮਾਰੀ ਜਾਂਦਾ
ਵੱਡੇ ਛੋਟੇ ਦਾ ਲਿਹਾਜ ਨਾ ਕਰਦਾ!

ਬੰਦੇ ਖਾਣਾ ਚੀਨੇ ਭੱਜਿਆ
ਇਟਲੀ ਜਾ ਗੱਜਿਆ
'ਸੁਪਰ ਪਾਵਰ' ਦੇ ਘਰ ਜਾ ਵੱਜਿਆ
ਲੰਡਨ, ਸਪੇਨ ਇਸ ਕੋਈ ਨਾ ਛੱਡਿਆ
ਕੈਨੇਡਾ ਵੀ ਇਸ ਤੋਂ ਥਰ ਥਰ ਕੰਬਿਆ

ਕੁਲ ਆਲਮ ਇਸ ਦੀ ਲਪੇਟ 'ਚ ਆਇਆ
ਵੱਡੇ ਵੱਡੇ ਮਾਹਿਰਾਂ ਦੇ ਇਸ ਗੋਡੇ ਟੇਕੇ
ਹਸਪਤਾਲਾਂ ਵਿਚ ਕੋਈ ਥਾਂ ਨੀ ਮਿਲਦੀ
ਇਸ ਦੀ ਕੋਈ ਦਾਰੂ-ਦਵਾ ਨਾ ਮਿਲਦੀ
ਵੈਂਟੀਲੇਟਰ ਮੁੱਕੇ, ਮਾਸਕ ਮੁੱਕੇ
ਮੁੱਕ ਗਏ ਡਾਕਟਰੀ ਦਸਤਾਨੇ ਵੀ
ਦੇਸ਼ ਦੇ ਆਗੂ ਸਭ ਪ੍ਰੇਸ਼ਾਨ
ਵਿਚਾਰੇ ਰਾਤ ਭਰ ਚੈਨ ਨਾਲ ਸੁੱਤੇ ਨ੍ਹੀਂ।

ਇਸ ਗਲੋਬ 'ਤੇ ਇਕ ਦੇਸ਼ ਨਿਆਰਾ
ਜਿੱਥੇ ਜਾ ਕੀਤਾ ਕਰੋਨਾ ਨੇ ਪਸਾਰਾ
ਇੱਥੋਂ ਦੇ ਲੋਕੀਂ ਇਸ ਨੂੰ ਝੋਡਾਂ ਕਰਦੇ
ਕਹਿੰਦੇ ਇਸ ਦਾਨਵ ਤੋਂ ਨਹੀਂ ਅਸੀਂ ਡਰਦੇ
ਮੋਮਬੱਤੀਆਂ ਬਾਲਦੇ ਭਾਂਡੇ ਖੜਕਾਉਂਦੇ
ਇਸ ਨੂੰ ਪਏ ਦੇਸੋਂ ਭਜਾਉਂਦੇ!

ਡਰ ਹਰ ਘਰ ਅੰਦਰ ਲੁਕਿਆ
ਡਰ ਹਰ ਹਿਰਦੇ ਵਿਚ ਆ ਗੱਜਿਆ
ਕਿਧਰੇ ਇਹ ਹੋਰ ਨਾ ਫੈਲੇ
ਕਿਧਰੇ ਮਹਾਮਾਰੀ ਹੋਰ ਕਹਿਰ ਨਾ ਢਾਹਵੇ!

ਲਹੂਆਂ ਦੇ ਰੰਗ ਸਫੈਦ ਹੋ ਗਏ
ਰਿਸ਼ਤੇ ਸਾਰੇ ਝੂਠ ਹੋ ਗਏ
ਆਪਣੀ ਮੌਤ ਤੋਂ ਡਰਦੇ ਲੋਕ
ਆਪਣਿਆਂ ਤੋਂ ਦੂਰ ਹੋ ਗਏ

(7)

ਅਸੀਂ ਨਵਯੁਗ ਦੇ ਵਾਸੀ
ਪੰਖੇਰੂਆਂ ਤੋਂ ਅੰਬਰ ਖੋਹ ਕੇ
ਆਪ ਅੰਬਰੀਂ ਉਡਣਾ ਚਾਹਿਆ
ਕੀ ਕਰੀਏ ਹੁਣ ਜੇ ਇਹ
ਸਾਨੂੰ ਰਾਸ ਨਾ ਆਇਆ?
ਹੁਣ ਅਸੀਂ ਡਰ ਡਰ ਮਰਦੇ
ਖਲਾਅ ਕੂੜ ਕਬਾੜ ਨਾਲ ਭਰਿਆ
ਓਜ਼ੋਨ 'ਚ ਹੋਰ ਪਾੜ ਪੈ ਗਿਆ
ਸਾਡੀ ਹੋਂਦ ਨੂੰ ਖਦਸ਼ਾ ਪੈ ਗਿਐ।

ਅਸੀਂ ਪਾਣੀਆਂ 'ਤੇ ਮੌਜਾਂ ਮਾਣਦੇ
ਸਮੁੰਦਰਾਂ ਦੀ ਹਿੱਕ ਚੀਰ ਕੇ ਰੱਖ'ਤੀ
ਨਦੀਆਂ ਨੂੰ ਗੰਧਲਾ ਕਰ'ਤਾ
ਆਪ ਅਸੀਂ ਬੇਦੋਸ਼ੇ ਹੋ ਗਏ
ਨਿਤ ਰੱਬ ਨੂੰ ਦੋਸ਼ ਹਾਂ ਦਿੰਦੇ,
'ਧਰਤੀ ਤੋਂ ਜੇ ਪਾਣੀ ਮੁੱਕ ਗਿਆ
ਪਾਣੀ ਬਿਨਾ ਅਸੀਂ ਕਿੰਜ ਜੀਣਾ
ਹੇ ਰੱਬਾ ਤੂੰ ਇਹ ਕੀ ਕੀਤਾ?'

ਧਰਤੀ ਅਸੀਂ ਅੰਦਰੋਂ ਖਾਲੀ ਕਰ'ਤੀ
ਉਪਰ ਬਿਲਡਿੰਗ ਤੇ ਬਿਲਡਿੰਗ ਧਰ'ਤੀ
ਇਸ ਦੀ ਹਿੱਕ 'ਤੇ ਕਰੇਨਾਂ ਚਲਾਉਂਦੇ
ਟੋਏ ਪੁੱਟਦੇ, ਖੱਡਾਂ ਖੋਦਦੇ
ਕੀ ਇਹ ਵਿਰਲਾਪ ਨਹੀਂ ਕਰਦੀ?
ਫਿਰ ਅਸੀਂ ਡਰਦੇ
ਧਰਤੀ ਅੱਜ ਮੋਈ ਕਿ ਕੱਲ ਮੋਈ
ਹੋਰ ਗ੍ਰਹਿਆਂ 'ਤੇ ਜੀਵਨ ਲੱਭਦੇ ਫਿਰਦੇ।

*-ਸੁਰਜੀਤ ਕੌਰ ਟੋਰਾਂਟੋ*
*ਫੋਨ: 416-605-3784*

---

## ਦੇਖ ਲਏ...

ਸ਼ਹਿਰ ਤੇਰੇ ਵਿਚ ਅਸੀਂ ਸੱਜਣਾ
ਬੜੇ ਅਜਬ ਨਜ਼ਾਰੇ ਦੇਖ ਲਏ।

ਗੈਰਾਂ ਦੀ ਬੁੱਕਲ 'ਚ ਬੈਠੇ
ਜਾਨ ਤੋਂ ਪਿਆਰੇ ਦੇਖ ਲਏ।

ਦੇਖੇ ਨੇ ਦੁਸ਼ਮਣ ਵਾਰ ਕਰਦੇ
ਪਿੱਠ ਛੁਰਾ ਮਾਰਦੇ ਦੇਖ ਲਏ।

ਪਾਠ ਪੜ੍ਹਦੇ ਰਹੇ ਪਿਆਰਾਂ ਦੇ
ਪੂਜਾ ਗੈਰਾਂ ਦੀ ਕਰਦੇ ਦੇਖ ਲਏ।

ਅਸੀਂ ਫਿਰ ਵੀ ਮੰਗੀ ਸੁੱਖ ਸਭ ਦੀ
ਉਹ ਦੁਸ਼ਮਣਾਂ 'ਚ ਬੈਠੇ ਦੇਖ ਲਏ।

ਹਸ਼ਰ ਹੋਇਆ ਉਨ੍ਹਾਂ ਪਿਆਰਿਆਂ ਦਾ
ਗੈਰਾਂ ਦੇ ਪੈਰੀਂ ਰੁਲਦੇ ਦੇਖ ਲਏ।

*-ਕੇਵਲ ਰਾਣਾ*

## ਜੋ ਡੁੱਲ੍ਹਿਆ ਖੂਨ 84 'ਚ

ਏਹ ਸੱਚ ਇਤਿਹਾਸ ਜੋ ਲਿਖਦਾ ਹੈ,
ਜਿਹਦੇ ਸੱਚ ਅੰਦਰ ਓਹਨੂੰ ਦਿਸਦਾ ਹੈ।
ਜੋ ਡੁੱਲ੍ਹਿਆ ਸੰਨ 84 'ਚ,
ਓਹ ਖੂਨ ਅਜੇ ਵੀ ਰਿਸਦਾ ਹੈ।

ਕੀ ਸੱਚ ਹੈ ਤੇ ਕੀ ਹੈ ਝੂਠ ਤੋਲੇ
ਹਮੇਸ਼ਾ ਜਾਗਦੀਆਂ ਜ਼ਮੀਰਾਂ ਵਾਲੇ ਬੋਲੇ,
ਏਹ ਬੇਇਨਸਾਫੀ ਹੋਈ ਹੈ
ਨਹੀਂ ਇਨਸਾਫ ਮਿਲਿਆ ਕਿਸੇ ਇੱਕ ਦਾ ਹੈ।

ਜਦੋਂ ਕਰੇਂ ਪਰਿਕਰਮਾ ਹਰਿਮੰਦਰ ਦੀ
ਸਿੱਖਾ ਤੂੰ ਪੈਰ ਜ਼ਰਾ ਸਾਂਭ ਧਰੀਂ,
ਉਸ ਪਾਕ ਜ਼ਮੀਨ ਦੇ ਹਰ ਜ਼ੱਰੇ
ਖੂਨ ਮਾਸੂਮਾਂ ਯੋਧਿਆਂ, ਸੱਚੇ ਸਿੱਖ ਦਾ ਹੈ।

ਹੈ ਭਗਤੀ-ਸ਼ਕਤੀ ਦਾ ਸਮੰਦਰ
ਹੈ ਅਕਾਲ ਦਾ ਤਖਤ ਤੇ ਹਰਿਮੰਦਰ,
ਹੈ ਪਵਿੱਤਰ ਜਲ ਸਰੋਵਰ ਦਾ
ਵਿਚ ਬਾਣੀ ਵਾਸਾ ਇਸ ਦਾ ਹੈ।

ਜੋ ਅੰਨ੍ਹੇ ਨੇ, ਜੋ ਬੋਲੇ ਨੇ
ਜੋ ਇਸ ਦੇ ਇਤਿਹਾਸ ਤੋਂ ਭਾਉਲੇ ਨੇ,
ਜੋ ਜੋ ਵੀ ਇਸ 'ਤੇ ਚੜ੍ਹ ਆਇਆ
ਸਿੰਘਾਂ ਬਖਸ਼ਿਆ ਨਾ, ਭਾਵੇਂ ਕਿਸ ਦਾ ਹੈ!

ਨੌਂਵੇਂ ਗੁਰਾਂ ਬਚਾਇਆ ਧਰਮ ਤੇਰਾ
ਹੁਣ ਤੂੰ ਜਾਣੇ ਫਰਜ਼-ਕਰਮ ਤੇਰਾ,
ਹੈ ਝੰਡਾ ਜੋ ਝੁਲਦਾ ਦੇਸ਼ ਤੇਰੇ
ਏਹ ਗੁਰਾਂ ਬਦੌਲਤ ਦਿਖਦਾ ਹੈ।

ਸਿੱਖਾਂ ਨੀਲਾ-ਤਾਰਾ ਕਦੇ ਨਹੀਂ ਭੁੱਲਣਾ
ਹੈ ਕੇਸਰੀ ਨਿਸ਼ਾਨ ਸਦਾ ਹੀ ਝੁੱਲਣਾ,
'ਸੁਖਵਿੰਦਰ ਬੋਦਲਾਂਵਾਲਾ' ਸਿੱਖ,
ਗੁਰਾਂ ਬਖਸ਼ੀ ਕਲਮ, ਸੱਚ ਲਿਖਦਾ ਹੈ।

*-ਸੁਖਵਿੰਦਰ ਸਿੰਘ ਬੋਦਲਾਂਵਾਲਾ*
*Sukhvinderbodal@yahoo.com*

## ਵਿਰਾਸਤ-ਏ-ਸਿਨੇਮਾ




ਡਾ. ਕੁਲਦੀਪ ਕੌਰ
ਫੋਨ: +91-98554-04330

# ਜ਼ਿੰਦਗੀ ਦੀ ਬਾਤ: ਟੇਸਟ ਆਫ ਚੈਰੀ

*ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਉਨ੍ਹਾਂ ਇਰਾਨੀ ਫਿਲਮਸਾਜ਼ ਅੱਬਾਸ ਕਇਰੋਸਤਮੀ ਦੀ ਫਿਲਮ 'ਦਿ ਟੇਸਟ ਆਫ ਚੈਰੀ' ਬਾਰੇ ਗੱਲ ਕੀਤੀ ਗਈ ਹੈ। -ਸੰਪਾਦਕ*





*ਫਿਲਮ 'ਦਿ ਟੇਸਟ ਆਫ ਚੈਰੀ' ਦਾ ਦ੍ਰਿਸ਼ ਅਤੇ (ਸੱਜੇ) ਫਿਲਮ ਦਾ ਮੁੱਖ ਪਾਤਰ ਬਣਿਆ ਅਦਾਕਾਰ ਹਮਾਯੂੰ ਇਰਸ਼ਾਦੀ।*

ਫਿਲਮ 'ਦਿ ਟੇਸਟ ਆਫ ਚੈਰੀ' ਤਰਾਸਦਿਕ ਕਵਿਤਾ ਵਾਂਗ ਖੁੱਲ੍ਹਦੀ ਹੈ ਅਤੇ ਅੰਤ ਤੱਕ ਪੁੱਜਦੀ-ਪੁੱਜਦੀ ਸਾਬਤ ਕਰ ਦਿੰਦੀ ਹੈ ਕਿ ਜ਼ਿੰਦਗੀ ਦੇ ਸਭ ਤੋਂ ਉਦਾਸ ਦਿਨਾਂ ਵਿਚ ਵੀ ਉਮੀਦ ਦੀ ਖੂਬਸੂਰਤੀ ਬਰਕਰਾਰ ਰਹਿੰਦੀ ਹੈ। ਫਿਲਮਸਾਜ਼ ਅੱਬਾਸ ਕਇਰੋਸਤਮੀ ਦੀ ਇਸ ਫਿਲਮ ਨੂੰ ਕਲਾ ਅਤੇ ਬਿਰਤਾਂਤ ਪੱਖੋਂ ਉਸ ਦੀ ਸਭ ਤੋਂ ਚੰਗੀ ਫਿਲਮ ਮੰਨਿਆ ਜਾਂਦਾ ਹੈ। ਫਿਲਮ ਮੌਤ ਦੀ ਤਲਾਸ਼ ਵਿਚ ਨਿੱਕਲੇ ਬੰਦੇ ਦੀ ਜ਼ਿੰਦਗੀ ਵਿਚ ਨਿੱਕੇ ਜਿਹੇ ਫਲ ਦੇ ਸੁਆਦ ਦੀ ਮਹੱਤਤਾ 'ਤੇ ਆਧਾਰਿਤ ਹੈ। ਫਿਲਮ ਇੱਕੋ ਸਮੇਂ ਹਕੀਕਤ, ਬੇਤੁਕੇਪਣ, ਅਜੀਬ ਹੋਣ ਦੇ ਅਨੇਕਾਂ ਸਾਰੇ ਬਿੰਦੂਆਂ ਵਿਚੋਂ ਗੁਜ਼ਰਦੀ ਹੈ।

ਇਸ ਫਿਲਮ ਦੀ ਦਾਰਸ਼ਨਿਕ ਸੁਰ ਨੂੰ ਇੱਕ ਪਾਸੇ ਵੀ ਰੱਖ ਦਈਏ, ਤਾਂ ਵੀ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਫਿਲਮ ਦਾ ਫਿਲਮ ਇਤਿਹਾਸ ਵਿਚ ਇਸ ਲਈ ਵੀ ਹਮੇਸ਼ਾ ਜ਼ਿਕਰ ਆਉਂਦਾ ਰਹੇਗਾ ਕਿ ਇਰਾਨ ਵਰਗੇ ਮੁਲਕ ਜਿੱਥੇ ਧਾਰਮਿਕ ਅਕੀਦੇ ਮੁਤਾਬਿਕ ਖੁਦਕੁਸ਼ੀ ਬਾਰੇ ਗੱਲ ਕਰਨੀ ਵੀ ਹਰਾਮ ਹੈ, ਅੱਬਾਸ ਕਇਰੋਸਤਮੀ ਫਿਲਮ ਵਿਚ ਅਜਿਹੇ ਕਿਰਦਾਰ ਦੀ ਸਿਰਜਣਾ ਕਰਦਾ ਹੈ ਜਿਹੜਾ ਖੁਦ ਦੇ ਮਰਨ ਲਈ ਕਿਸੇ ਸਾਥੀ ਦੀ ਤਲਾਸ਼ ਵਿਚ ਹੈ। ਇਹ ਵੀ ਸਿਰਫ ਅੱਬਾਸ ਕਇਰੋਸਤਮੀ ਦੀ ਸਿਨੇਮਈ ਦ੍ਰਿਸ਼ਟੀ ਦੀ ਸਮਝ ਹੈ ਕਿ ਉਸ ਨੇ ਆਪਣੇ ਇਸ ਕਿਰਦਾਰ ਦੇ ਮਰਨ ਦਾ ਫੈਸਲਾ ਕਰਨ ਦੇ ਕਾਰਨਾਂ ਬਾਰੇ ਕੋਈ ਵੀ ਤਫਸੀਲ ਦੱਸਣ ਦੀ ਤਕਲੀਫ ਨਹੀਂ ਕੀਤੀ ਜਿਹੜੀ ਇਸ ਫਿਲਮ ਦੀ ਕਲਾਤਮਿਕਤਾ ਨੂੰ ਹੋਰ ਜ਼ਰਬ ਦਿੰਦੀ ਹੈ।

ਇਸ ਫਿਲਮ ਦੇ ਫਿਲਮਾਂਕਣ ਲਈ ਅੱਬਾਸ ਕਇਰੋਸਤਮੀ ਅਜਿਹੇ ਲੈਂਡਸਕੇਪ ਦੀ ਚੋਣ ਕਰਦਾ ਹੈ ਜਿਹੜਾ ਬਿਲਕੁੱਲ ਬੰਜਰ ਅਤੇ ਸਾਲਾਂ ਤੋਂ ਅਣਵਰਤਿਆ ਪਿਆ ਹੈ। ਸਾਹਿਤਕ ਭਾਸ਼ਾ ਵਿਚ ਕਿਹਾ ਜਾਵੇ ਤਾਂ ਇਹ ਕਿਸੇ ਫਿਲਮ ਦੀ ਦ੍ਰਿਸ਼-ਭੂਮੀ ਦੀ ਥਾਂ ਬਰੈਖਤ ਦੇ ਕਿਸੇ ਡਰਾਮੇ ਵਾਲੀ ਥਾਂ ਜ਼ਿਆਦਾ ਭਾਸਦੀ ਹੈ। ਇਸ ਜ਼ਮੀਨ ਉਪਰ ਸ਼ਹਿਰ ਦੀਆਂ ਉਦਯੋਗਿਕ ਬਸਤੀਆਂ ਦੀ ਰਹਿੰਦ-ਖੂੰਹਦ ਸੁੱਟੀ ਗਈ ਹੈ, ਸ਼ਹਿਰ ਦੇ ਉਹ ਸਾਰੇ ਪੁਰਜ਼ੇ ਅਤੇ ਯੰਤਰ ਜਿਹੜੇ ਆਪਣੀ ਆਊਧ ਹੰਢਾ ਚੁੱਕੇ ਹਨ ਅਤੇ ਜਿਨ੍ਹਾਂ ਦਾ ਕੋਈ ਤਤਕਾਲੀ 'ਫਾਇਦਾ' ਸ਼ਹਿਰ ਨੂੰ ਹੋਣ ਦੀ ਸੰਭਾਵਨਾ ਨਹੀਂ। ਇਨ੍ਹਾਂ ਬੇਕਾਰ ਅਤੇ ਜੰਗਾਲ ਖਾਧੇ ਕਬਾੜ ਦੇ ਢੇਰਾਂ ਵਿਚ ਕਿਸੇ ਫਿਲਮਸਾਜ਼ ਦੀ ਕੀ ਦਿਲਚਸਪੀ ਹੋ ਸਕਦੀ ਹੈ? ਆਪਣੇ ਮੁੱਖ ਕਿਰਦਾਰ ਬਦਈ (ਹਮਾਯੂੰ ਇਰਸ਼ਾਦੀ) ਨੂੰ ਅੱਬਾਸ ਆਪਣੇ ਕੈਮਰੇ ਦੇ ਫਰੇਮ ਵਿਚ ਇੰਦਾਂ ਲੈ ਕੇ ਆਉਂਦਾ ਹੈ, ਜਿੰਦਾਂ ਸਦੀਆਂ ਤੋਂ ਜੰਗਾਲ ਖਾਧੀ ਕੋਈ ਮਸ਼ੀਨ ਅਚਾਨਕ ਚਾਲੂ ਹੋ ਜਾਵੇ। ਦਰਸ਼ਕ ਨੂੰ ਇਹ ਸਮਝ ਨਹੀਂ ਆਉਂਦੀ ਕਿ ਇਹ ਫਿਲਮ ਸ਼ੁਰੂ ਹੋਈ ਹੈ ਜਾਂ ਫਿਲਮ ਦਾ ਮੁੱਖ ਕਿਰਦਾਰ ਉਸ ਦੇ ਆਤਮਾ ਦੇ ਦਰਵਾਜ਼ੇ 'ਤੇ ਆਪਣਾ ਸਿਰ ਮਾਰ ਰਿਹਾ।

ਇਹ ਫਿਲਮ ਜਦੋਂ ਵੱਖ-ਵੱਖ ਫਿਲਮ ਮੇਲਿਆਂ ਵਿਚ ਦਿਖਾਈ ਗਈ ਤਾਂ ਬਹੁਤ ਸਾਰੇ ਫਿਲਮ ਆਲੋਚਕਾਂ ਨੇ ਇਸ ਤੱਥ ਨੂੰ ਮੰਨਿਆ ਕਿ ਉਹ ਕੋਸ਼ਿਸ਼ ਕਰਨ 'ਤੇ ਵੀ ਇਸ ਫਿਲਮ ਦੇ ਪਹਿਲੇ ਦ੍ਰਿਸ਼ ਨਹੀਂ ਭੁੱਲ ਸਕੇ। ਫਿਲਮ ਦੇ ਪਹਿਲੇ ਦ੍ਰਿਸ਼ਾਂ ਰਾਹੀ ਸਥਾਪਿਤ ਹੋਇਆ ਫਿਲਮ ਦਾ ਮੁੱਖ ਨੁਕਤਾ ਹੋਰ ਵੀ ਹੈਰਾਨੀਜਨਕ ਹੈ। ਫਿਲਮ ਵਿਚ ਮੁੱਖ ਕਿਰਦਾਰ ਆਪਣੀ ਕਬਰ ਖੋਦ ਚੁੱਕਾ ਹੈ ਅਤੇ ਖੁਦਕੁਸ਼ੀ ਕਰਨ 'ਤੇ ਉਤਾਰੂ ਹੈ। ਉਸ ਨੂੰ ਕਿਰਾਏ ਉਤੇ ਕਰਨ ਲਈ ਅਜਿਹੇ ਬੰਦੇ ਦੀ ਤਲਾਸ਼ ਹੈ ਜਿਹੜਾ ਉਸ ਦੁਆਰਾ ਨੀਂਦ ਦੀਆਂ ਗੋਲੀਆਂ ਖਾ ਕੇ ਕਬਰ ਵਿਚ ਲੇਟਣ ਅਤੇ ਉਸ ਦੇ ਮਰਨ ਦਾ ਇੰਤਜ਼ਾਰ ਕਰੇ।

ਜੇ ਖੁਦਾ-ਨਾ-ਖਾਸਤਾ ਉਹ ਨਹੀਂ ਮਰਦਾ ਤਾਂ ਉਸ ਨੂੰ ਸਹਾਰਾ ਦੇ ਕੇ ਉਸ ਕਬਰ ਵਿਚੋਂ ਬਾਹਰ ਕੱਢ ਲਵੇ। ਜੇ ਉਹ ਮਰ ਜਾਂਦਾ ਹੈ ਤਾਂ ਉਸ ਦੀ ਕਬਰ ਵਿਚ ਪੂਰੀਆਂ ਵੀਹ ਕੁਦਾਲਾ ਭਰ ਕੇ ਮਿੱਟੀ ਦੀਆਂ ਪਾ ਦੇਵੇ ਤੇ ਉਸ ਦਾ ਫਾਤਿਹਾ ਪੜ੍ਹ ਦੇਵੇ। ਇਹ ਸਭ ਉਸ ਦੇ ਦਿਮਾਗ ਵਿਚ ਇੰਨਾ ਸਪਸ਼ਟ ਤੇ ਸਾਫ ਹੈ ਕਿ ਉਸ ਨੂੰ ਇਸ ਗੱਲ 'ਤੇ ਹੈਰਾਨੀ ਹੁੰਦੀ ਹੈ, ਜਦੋਂ ਉਸ ਨੂੰ ਇਹ ਜਾਪਦਾ ਹੈ ਕਿ ਲੋਕ ਇਸ ਨੂੰ ਸਮਝਣ ਤੋਂ ਅਸਮਰੱਥ ਹਨ। ਅੱਬਾਸ ਕਰਿਓਸਤਮੀ ਦੀ ਇਸ ਫਿਲਮ ਦੇ ਮੁੱਖ ਨੁਕਤੇ ਨਾਲ ਜੁੜਿਆਂ ਇਹ ਸਭ ਬਹੁਤੇ ਸਾਰੇ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਦੇਰ-ਸਵੇਰ ਗੇੜਾ ਮਾਰਦਾ ਹੈ।

ਮੁੱਖ ਕਿਰਦਾਰ ਬਦਈ ਦੀ ਪਹਿਲੀ ਮੁਲਾਕਾਤ ਤਹਿਰਾਨ ਦੇ ਚੌਕਾਂ ਅਤੇ ਚੁਰਾਹਿਆਂ 'ਤੇ ਖੜ੍ਹੇ ਮਜ਼ਦੂਰਾਂ ਨਾਲ ਹੁੰਦੀ ਹੈ। ਉਹ ਉਸ ਦੀ ਗੱਡੀ ਦੇ ਆਲੇ-ਦੁਆਲੇ ਘੇਰਾ ਪਾ ਲੈਂਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਸ਼ਹਿਰੀ ਗੱਡੀ ਵਾਲੇ ਨੂੰ ਦਿਹਾੜੀਦਾਰਾਂ ਦੀ ਜ਼ਰੂਰਤ ਹੈ। ਬਦਈ ਨੂੰ ਉਨ੍ਹਾਂ ਵਿਚੋਂ ਕੋਈ ਵੀ ਨਹੀਂ ਜਚਦਾ। ਸ਼ਾਇਦ ਉਸ ਨੂੰ ਜਾਪਦਾ ਹੈ ਕਿ ਇਹ ਉਸ ਦੀ ਰੂਹ ਦੀ ਲੋੜ ਪੂਰੀ ਨਹੀਂ ਕਰਦੇ। ਆਪਣੀ ਤਲਾਸ਼ ਜਾਰੀ ਰੱਖਦਿਆਂ ਉਹ ਗੱਡੀ ਸ਼ਹਿਰ ਤੋਂ ਬਾਹਰਵਾਰ ਲੈ ਜਾਂਦਾ ਹੈ ਜਿਥੇ ਉਸ ਦੀ ਮੁਲਾਕਾਤ ਇੱਕ ਮੁੰਡੇ ਨਾਲ ਹੁੰਦੀ ਹੈ ਜਿਹੜਾ ਫੋਨ 'ਤੇ ਆਪਣੀ ਪ੍ਰੇਮਿਕਾ ਨਾਲ ਬਹਿਸ ਰਿਹਾ ਹੈ। ਉਸ ਮੁੰਡੇ ਨੂੰ ਬਦਈ ਦੀ ਡੌਰ-ਭੌਰ ਜਿਹੀ ਸ਼ਕਲ ਤੋਂ ਲੱਗਦਾ ਹੈ ਕਿ ਸ਼ਾਇਦ ਉਸ ਨੂੰ ਕਿਸੇ ਵੇਸਵਾ ਦੀ ਜ਼ਰੂਰਤ ਹੈ। ਉਹ ਮੁੰਡਾ ਉਸ ਦੀ ਗੱਲ ਸੁਣੇ ਬਗੈਰ ਹੀ ਉਸ ਨੂੰ 'ਦਫਾ ਹੋ ਜਾਣ' ਦੀ ਨਸੀਹਤ ਦਿੰਦਾ ਹੈ।

ਫਿਲਮ ਵਿਚ ਬਦਈ ਦਾ ਚਿਹਰਾ ਇੰਨਾ ਜ਼ਿਆਦਾ ਅਜੀਬ ਅਤੇ ਬੇਤੁਕਾ ਹੈ ਕਿ ਉਸ ਬਾਰੇ ਦੇਖਣ ਵਾਲਾ ਕੁਝ ਵੀ ਸੋਚ ਸਕਦਾ ਹੈ; ਇਥੋਂ ਤੱਕ ਕਿ ਰਸਤੇ ਵਿਚ ਮਿਲੇ ਦੋ ਛੋਟੇ ਬੱਚਿਆਂ ਦੇ ਚਿਹਰੇ ਵੀ ਉਸ ਦੇ ਮੂੰਹ 'ਤੇ ਕੁਝ ਭਾਵ ਪੈਦਾ ਨਹੀਂ ਕਰਦੇ। ਇਸ ਤੋਂ ਬਾਅਦ ਉਸ ਦੀ ਮੁਲਾਕਾਤ ਸੈਨਿਕ ਨਾਲ ਹੁੰਦੀ ਹੈ ਜਿਹੜਾ ਮੁਲਕ ਦੀ ਸੈਨਾ ਵਿਚ ਸੇਵਾ ਕਰ ਰਿਹਾ ਹੈ। ਬਦਈ ਉਸ ਨੂੰ ਆਪਣੀ ਤਾਜ਼ੀ ਪੁੱਟੀ ਕਬਰ ਕੋਲ ਲੈ ਜਾਂਦਾ ਹੈ ਅਤੇ ਉਸ ਨੂੰ ਸਾਰੀ ਹਾਲਤ ਸਮਝਾਉਂਦਿਆਂ ਚੰਗੇ ਪੈਸੇ ਦੇਣ ਦਾ ਭਰੋਸਾ ਦਿੰਦਾ ਹੈ। ਸੈਨਿਕ ਇਸ ਅਜੀਬੋ-ਗਰੀਬ ਕੰਮ ਬਾਰੇ ਸੁਣ-ਸਮਝ ਕੇ ਹੈਰਾਨ-ਪ੍ਰੇਸ਼ਾਨ ਹੋ ਜਾਂਦਾ ਹੈ ਅਤੇ ਉਥੋ ਖਿਸਕਣ ਦੀ ਸੋਚਦਾ ਹੈ।

ਅੱਗੇ ਰਾਸਤੇ ਵਿਚ ਬਦਈ ਇੱਕ ਸੁਰੱਖਿਆ ਗਾਰਡ ਅਤੇ ਇੱਕ ਹੋਰ ਬੰਦੇ ਨਾਲ ਵੀ ਇਹ ਸੌਦਾ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਅਸਫਲ ਰਹਿੰਦਾ ਹੈ। ਦਰਅਸਲ, ਫਿਲਮ ਵਿਚ ਬਹੁਤ ਸੂਖਮਤਾ ਨਾਲ ਮੌਤ ਨਾਲ ਜੁੜੇ ਭੈਅ, ਅਸੁਰੱਖਿਆ ਅਤੇ ਬੇਵਿਸਾਹੀ ਨੂੰ ਸਾਧਾਰਨ ਬਿਰਤਾਂਤ ਵਿਚ ਬਦਲ ਦਿੱਤਾ ਗਿਆ ਹੈ। ਪੂਰੀ ਫਿਲਮ ਵਿਚ ਮੁੱਖ ਕਿਰਦਾਰ ਖੁਦ ਨੂੰ ਮਿੱਟੀ ਵਿਚ ਦਫਨ ਕਰਨ ਲਈ ਕਿਸੇ ਨੂੰ ਇੰਝ ਸਹਿਜ-ਸੁਭਾਅ ਤਲਾਸ਼ ਕਰ ਰਿਹਾ ਹੈ, ਜਿਵੇਂ ਕੋਈ ਆਪਣੇ ਘਰ ਦੀਆਂ ਕੰਧਾਂ 'ਤੇ ਰੰਗ-ਰੋਗਨ ਕਰਨ ਲਈ ਦਿਹਾੜੀਆ ਲੱਭ ਰਿਹਾ ਹੋਵੇ। ਇਸ ਨੂੰ ਅੱਬਾਸ ਕਰਿਓਸਤਮੀ ਨੇ ਜਾਨ-ਲੇਵਾ ਸਾਦਗੀ ਨਾਲ ਚਿਤਰਿਆ ਹੈ। ਇਸ ਫਿਲਮ ਦੇ ਕੁਝ ਮਹੱਤਵਪੂਰਨ ਦ੍ਰਿਸ਼ਾਂ ਨੂੰ ਸਮਝਣਾ ਜ਼ਰੂਰੀ ਹੈ:

-ਜਦੋਂ ਸੈਨਿਕ ਉਸ ਦੀ ਬੇਨਤੀ ਨਹੀਂ ਮੰਨਦਾ ਤਾਂ ਬਦਈ ਉਸਨੂੰ ਆਖਦਾ ਹੈ, "ਤੂੰ ਬੰਦੂਕ ਕਿਵੇਂ ਚਲਾਵੇਂਗਾ? ਕੁਦਾਲ ਤਾਂ ਚੁੱਕਣ ਨੂੰ ਤੂੰ ਤਿਆਰ ਨਹੀਂ।"

-ਅੱਬਾਸ ਬਹੁਤ ਨਜ਼ਦੀਕੀ ਦ੍ਰਿਸ਼ਾਂ ਨੂੰ ਬਹੁਤ ਲੰਮੇ ਦ੍ਰਿਸ਼ਾਂ ਨਾਲ ਤਰਤੀਬਵਾਰ ਗੁੰਦਦਾ ਹੈ ਜਿਸ ਨਾਲ ਗੱਡੀ ਦੇ ਅੰਦਰਲੇ ਬੰਦੇ ਦੀ ਦੁਨੀਆਂ, ਬਾਹਰ ਦੀ ਦੁਨੀਆਂ ਨਾਲ ਲਗਾਤਾਰ ਚੱਲਦੇ ਦਵੰਦ ਵਿਚ ਬਦਲ ਜਾਂਦੀ ਹੈ।

-ਬੰਦ ਪਈ ਸੀਮਿੰਟ ਬਣਾਉਣ ਵਾਲੀ ਮਸ਼ੀਨ ਨੂੰ ਦੇਖਣ ਗਿਆ ਬਦਈ ਜਦ ਪੌੜ੍ਹੀਆਂ ਉਤਰਨ ਲੱਗਦਾ ਹੈ ਤਾਂ ਉਥੇ ਮੌਜੂਦ ਗਾਰਡ ਉਸ ਨੂੰ ਇਹਤਿਆਤ ਰੱਖਣ ਲਈ ਆਖਦਾ ਹੈ। ਆਪਣੀ ਮੌਤ ਦਾ ਸਾਮਾਨ ਇਕੱਠਾ ਕਰ ਰਹੇ ਬੰਦੇ ਲਈ ਇਸ ਸਾਵਧਾਨੀ ਦਾ ਕੀ ਅਰਥ ਬਣ ਸਕਦਾ ਹੈ?

-ਫਿਲਮ ਵਿਚ ਲਗਾਤਾਰ ਉਡਦੀ ਮਿੱਟੀ ਅਤੇ ਗਰਦਾ ਸਾਰੀਆਂ ਚੀਜ਼ਾਂ ਦੀ ਸਾਰਥਿਕਤਾ ਨੂੰ ਧੁੰਦਲਾ ਦਿੰਦੇ ਹਨ। ਇਸ ਵਿਚ ਜਦੋਂ ਮਸ਼ੀਨਾਂ ਦਾ ਖੜਕਾ ਮਿਲ ਜਾਂਦਾ ਹੈ ਤਾਂ ਇਹ ਅਨਿਸ਼ਚਿਤਤਾ ਵਾਲੀ ਹਾਲਤ ਪੈਦਾ ਕਰਦੀ ਹੈ, ਸਿਰਫ ਬਦਈ ਆਪਣੀ ਖੁਦਕੁਸ਼ੀ ਬਾਰੇ ਪੂਰਾ ਨਿਸ਼ਚਿੰਤ ਹੈ ਪਰ ਕੀ ਇਹ ਨਿਸ਼ਚਿੰਤ ਮਾਣੀ ਜਾ ਸਕਦੀ ਹੈ?

ਅੰਤ ਵਿਚ ਉਸ ਦੀ ਮੁਲਾਕਾਤ ਬਜ਼ੁਰਗ ਆਦਮੀ ਬਗਹੇਰੀ ਨਾਲ ਹੁੰਦੀ ਹੈ। ਬਗਹੇਰੀ ਨੇ ਦੁਨੀਆਂ ਛਾਣੀ ਹੋਈ ਹੈ ਪਰ ਉਹ ਗਰੀਬ ਹੈ ਤੇ ਉਸ ਨੂੰ ਆਪਣੇ ਬੱਚੇ ਦੇ ਇਲਾਜ ਲਈ ਪੈਸੇ ਚਾਹੀਦੇ ਹਨ। ਉਹ ਉਸ ਦਾ ਸੌਦਾ ਕਬੂਲ ਕਰ ਲੈਂਦਾ ਹੈ; ਇਹ ਦੱਸਦਿਆਂ ਕਿ ਕਿਵੇਂ ਉਸ ਨੇ ਵੀ ਇੱਕ ਵਾਰ ਜਵਾਨੀ ਵਿਚ ਮਰਨ ਦੀ ਕੋਸ਼ਿਸ਼ ਕੀਤੀ ਸੀ। ਉਹ ਉਸ ਨਾਲ ਗੱਡੀ ਵਿਚ ਬੈਠ ਜਾਂਦਾ ਹੈ ਅਤੇ ਉਮੀਦ ਕਰਦਾ ਹੈ ਕਿ ਬਦਈ ਆਪਣਾ ਮਰਨ ਦਾ ਫੈਸਲਾ ਸ਼ਾਇਦ ਬਦਲ ਲਵੇ। ਉਹ ਦੋਨੋਂ ਕਬਰ ਵਲ ਚੱਲ ਪੈਂਦੇ ਹਨ। ਰਸਤੇ ਵਿਚ ਬਦਈ ਨਾਲ ਬਹੁਤ ਕੁਝ ਵਾਪਰਦਾ ਹੈ ਪਰ ਇਸ ਵਿਚ ਕੁਝ ਵੀ ਇੰਦਾਂ ਦਾ ਨਹੀਂ ਜੋ ਉਸ ਨੂੰ ਵਾਪਸ ਜ਼ਿੰਦਗੀ ਵਲ ਧਕੇਲ ਸਕੇ। ਬਗਹੇਰੀ ਲਗਾਤਾਰ ਬੋਲ ਰਿਹਾ ਹੈ। ਉਸ ਨੂੰ ਇਸ ਅਣਜਾਣ ਆਦਮੀ ਦੀ ਫਿਕਰ ਹੈ। ਉਹ ਉਸ ਨੂੰ ਦੱਸਦਾ ਹੈ ਕਿ ਜ਼ਿੰਦਗੀ ਇੰਦਾਂ ਗਵਾਉਣ ਵਾਲੀ ਸ਼ੈਅ ਨਹੀਂ। ਇਸ ਨੂੰ ਨਿੱਕੀ ਜਿਹੀ ਚੈਰੀ ਦਾ ਸਵਾਦ ਵੀ ਬੰਨ੍ਹ ਕੇ ਰੱਖ ਸਕਦਾ ਹੈ। ਉਹ ਉਸ ਨੂੰ ਦੱਸਦਾ ਹੈ ਕਿ ਇਹ ਸੂਰਜ, ਚੰਦ, ਤਾਰੇ, ਕੁਦਰਤ ਸਭ ਤਾਂ ਤੇਰੀ ਝੋਲੀ ਵਿਚ ਹਨ। ਤੂੰ ਇਨ੍ਹਾਂ ਨੂੰ ਇੰਦਾਂ ਰੱਦ ਕਰਕੇ ਕਿਹੜੀ ਖੁਸ਼ੀ ਕਮਾਉਣਾ ਚਾਹੁੰਦਾ ਹੈਂ?

ਦੂਜੇ ਦਿਨ ਦੀ ਸਵੇਰ ਹੁੰਦੀ ਹੈ। ਬਦਈ ਕਬਰ ਵਿਚ ਲੇਟਿਆ ਹੋਇਆ ਹੈ। ਉਸ ਉਪਰੋਂ ਬੱਦਲ ਅਤੇ ਚੰਨ ਹੌਲੀ-ਹੌਲੀ ਗੁਜ਼ਰ ਰਹੇ ਹਨ। ਕੁੱਤਿਆਂ ਅਤੇ ਬਿੱਲਿਆਂ ਦੀਆਂ ਆਵਾਜ਼ਾਂ ਨਾਲ ਸਵੇਰ ਭਰੀ ਹੋਈ ਹੈ। ਮੀਂਹ ਪੈਣ ਲੱਗ ਪਿਆ ਹੈ। ਸੂਰਜ ਨਿਕਲਣ ਵਿਚ ਅਜੇ ਥੋੜ੍ਹੀ ਦੇਰ ਹੈ। ਫਿਲਮ ਦੇ ਅੰਤ ਵਿਚ ਦਰਸ਼ਕ ਅੱਬਾਸ ਦੀ ਫਿਲਮ-ਟੀਮ ਨੂੰ ਫਿਲਮ ਦੀ ਸ਼ੂਟਿੰਗ ਵਿਚ ਰੁਝਿਆ ਦੇਖਦੇ ਹਨ। ਰਸਤੇ ਵਿਚ ਸੈਨਿਕਾਂ ਦੀ ਪਰੇਡ ਨਿਰਵਿਘਨ ਜਾਰੀ ਹੈ। ਕਿਤੇ ਕੁਝ ਵੀ ਨਹੀਂ ਬਦਲਿਆ ਪਰ ਬਦਈ ਨੂੰ ਅਜੇ ਸ਼ਾਇਦ ਲੰਮੇ ਸਮੇਂ ਤੱਕ ਕਬਰ ਦੀ ਜ਼ਰੂਰਤ ਨਹੀਂ ਪੈਣੀ।

## ਅੱਬਾਸ ਕਇਰੋਸਤਮੀ ਦੀਆਂ ਕਵਿਤਾਵਾਂ

*ਅੱਬਾਸ ਕਇਰੋਸਤਮੀ ਇਰਾਨੀ ਸਿਨੇਮਾ ਦਾ ਸੰਸਾਰ ਪ੍ਰਸਿੱਧ ਫਿਲਮਸਾਜ਼ ਹੈ। ਉਸ ਦੀਆਂ ਫਿਲਮਾਂ ਵਿਚ ਇਰਾਨ ਦੇ ਸਭਿਆਚਾਰ ਅਤੇ ਇਰਾਨੀ ਬਾਸ਼ਿੰਦਿਆਂ ਦੀ ਜ਼ਿੰਦਗੀ ਦੀ ਗਹਿਰੀ ਦਾਰਸ਼ਨਿਕ ਸੂਝ-ਬੂਝ ਤੇ ਕੋਮਲਤਾ ਦੇ ਨਿੱਘ ਦਾ ਸੁਭਾਵਿਕ ਚਿਤਰਨ ਮਿਲਦਾ ਹੈ। ਉਹ ਜ਼ਿੰਦਗੀ ਨੂੰ ਜਗਿਆਸੂ ਵਾਂਗ ਦੇਖਦਾ ਤੇ ਮਹਿਸੂਸ ਕਰਦਾ ਹੈ। ਜ਼ਿੰਦਗੀ ਉਸ ਲਈ ਸਾਹ ਲੈਣ ਵਾਂਗ ਸਹਿਜ ਹੈ। ਉਸ ਦਾ ਸ਼ਬਦਾਂ ਨਾਲ ਮੋਹ ਅਤੇ ਉਨ੍ਹਾਂ ਰਾਹੀਂ ਵੱਡੇ ਅਰਥਾਂ ਵੱਲ ਤੁਰਨਾ ਉਸ ਦੀ ਮਾਨਵਤਾ ਲਈ ਗਹਿਰੀ ਸੰਵੇਦਨਸ਼ੀਲਤਾ ਦੀ ਗਵਾਹੀ ਹੈ। ਪੇਸ਼ ਹਨ 'ਦਿ ਟੇਸਟ ਆਫ ਚੈਰੀ' ਫਿਲਮ ਨਾਲ ਜੁੜੀਆਂ ਉਸ ਦੀਆਂ ਲਿਖੀਆਂ ਕਵਿਤਾਵਾਂ। ਇਨ੍ਹਾਂ ਕਵਿਤਾਵਾਂ ਦਾ ਅਨੁਵਾਦ ਅਮਨਿੰਦਰ (ਫੋਨ: +91-78883-47714) ਨੇ ਕੀਤਾ ਹੈ ਜੋ ਖੁਦ ਅੱਬਾਸ ਕਇਰੋਸਤਮੀ ਵਾਂਗ ਕਵੀ ਅਤੇ ਫਿਲਮਸਾਜ਼ ਹੈ। ਅੱਬਾਸ ਦੇ ਕਿਰਦਾਰਾਂ ਅਤੇ ਉਸ ਦੀ ਕਵਿਤਾ ਦੇ ਸ਼ਬਦਾਂ ਨੂੰ ਅਨੁਵਾਦ ਕਰਦਿਆਂ ਅਮਨਿੰਦਰ ਸਿਨੇਮੇ ਦੀ ਕਾਵਿਮਈ ਸੁਰ ਅਤੇ ਕਵਿਤਾ ਵਿਚ ਚਿਤਰੇ ਜਾ ਰਹੇ ਦ੍ਰਿਸ਼ਾਂ ਤੇ ਤਸਵੀਰਾਂ ਵਿਚਕਾਰ ਲਗਾਤਾਰਤਾ ਲੱਭਦਾ ਹੈ। ਇਨ੍ਹਾਂ ਕਵਿਤਾਵਾਂ ਵਿਚ ਇਨ੍ਹਾਂ ਦੋਹਾਂ ਕਵੀਆਂ ਅਤੇ ਫਿਲਮਸਾਜ਼ਾਂ ਦਾ ਆਪਸੀ ਸੰਵਾਦ ਆਸਾਨੀ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ। ਚਾਰ ਕੁ ਸਾਲ ਪਹਿਲਾਂ ਅਮਨਿੰਦਰ ਨੇ 'ਕਸੀਦਾ ਸਿਨੇਮਾ ਲਈ' (ਔਡ ਟੂ ਸਿਨੇਮਾ) ਬਣਾਈ ਸੀ ਜਿਸ ਵਿਚ ਕਵਿਤਾ ਅਤੇ ਸਿਨੇਮਾ ਦੀ ਹੀ ਬਾਤ ਪਾਈ ਗਈ ਗਈ ਹੈ।*

ਕੁਝ ਕਦਮ ਅੱਗੇ
ਚੈਰੀ ਦੀ ਗਿਟਕ
ਮੇਰੇ ਮੂੰਹ 'ਚ
ਚੈਰੀ ਦਾ ਸਵਾਦ
ਕੁਝ ਕਦਮ ਪਿੱਛੇ
ਚੈਰੀ ਦਾ ਦਰੱਖਤ

---

ਮੈਂ ਸੁਪਨਾ ਦੇਖਿਆ
ਕਿਸੇ ਬਾਗ ਚ ਸੁਸਤਾਉਂਦਿਆਂ
'ਕੱਲਮ-'ਕੱਲੇ
ਮੇਰੇ ਸਿਰ 'ਤੇ
ਅਸਮਾਨ ਸੀ ਗੂੜ੍ਹਾ ਨੀਲਾ
ਤੇ ਧੌਲੇ ਫੁੱਲ ਹਰ ਪਾਸੇ

---

ਮੈਂ ਚੰਨ ਨੂੰ ਹਿਫਾਜ਼ਤ ਨਾਲ
ਧੁੰਦਲੀ ਬਦਲੀ ਓਹਲੇ ਲੈ ਆਇਆ
ਮੈਂ ਸ਼ਰਾਬ ਪੀਤੀ ਤੇ ਧੜੰਮ ਸੌਂ ਗਿਆ

---

ਤਿੜਕੇ ਸ਼ੀਸ਼ੇ 'ਚ
ਸਾਰਾ ਅਸਮਾਨ ਤਿੜ ਗਿਆ
ਤੇਰੀ ਗੈਰ-ਹਾਜ਼ਰੀ 'ਚ
ਮੈਂ ਤੇਰੇ ਨਾਲ ਗੱਲਬਾਤ ਕਰਦਾ ਹਾਂ
ਤੇਰੀ ਮੌਜੂਦਗੀ 'ਚ
ਖੁਦ ਨਾਲ ਸੰਵਾਦ

---

ਮੈਂ ਤੈਥੋਂ ਮੰਗ ਕਰਦਾ ਹਾਂ:
ਮੇਰੇ ਇਕਲਾਪੇ ਦਾ
ਵੱਡਾ ਹਿੱਸਾ ਮੈਨੂੰ ਸੌਂਪ ਦੇ

---

ਮੈਂ ਹਰ ਰਾਤ ਮਰਦਾ ਹਾਂ
ਤੇ ਜਨਮਦਾ ਹਾਂ ਹਰ ਸਵੇਰ

---

ਅੱਧੀ ਰਾਤ ਨੂੰ
ਕੋਈ ਪੰਛੀ ਗਾਉਂਦਾ ਹੈ
ਨਾਵਾਕਫ
ਬਾਕੀ ਸਭ ਪੰਛੀਆਂ ਤੋਂ

---

ਚਾਨਣੀ
ਰੁਸ਼ਨਾਉਂਦੀ ਹੈ ਉਹ ਸੰਕਰੀ (ਭੀੜੀ) ਸੜਕ
ਜਿਸ 'ਤੇ ਮੈਂ ਕਦੇ ਨਹੀਂ ਤੁਰਨਾ

---

ਬਘਿਆੜ
ਘਾਤ ਲਾਈ ਬੈਠਾ ਹੈ

---

ਚਿੱਟੀ ਬਰਫ 'ਤੇ
ਲਾਲ-ਲਾਲ ਧੱਬਿਆਂ ਦੀ ਲਕੀਰ
ਜ਼ਖਮੀ ਸ਼ਿਕਾਰ
ਚੱਲ ਰਿਹਾ ਢੀਚਕ-ਚਾਲ

---


ਚੰਨ
ਝਲਕਦਾ ਸੀ ਪਾਣੀ 'ਚ
ਪਾਣੀ
ਭਰਿਆ ਪਿਆ ਸੀ ਕਾਸੇ 'ਚ
ਤੇ ਤਿਹਾਇਆ ਘੂਕ ਸੁੱਤਾ ਪਿਆ ਸੀ

---

ਸਵੇਰ ਹੈ ਚਿੱਟੀ
ਕਾਲੀ ਹੈ ਸ਼ਾਮ
ਤੇ ਵਿਚ ਭਰੀ ਪਈ ਹੈ
ਧੌਲੇ ਰੰਗੀ ਪੀੜ
ਜਵਾਨ ਚੰਨ
ਪੁਰਾਣੀ ਸ਼ਰਾਬ
ਨਵਾਂ ਦੋਸਤ
ਦਰੱਖਤ ਤੋਂ ਸਿਓ ਡਿੱਗਦਾ ਹੈ
ਤੇ ਮੈਂ
ਸਿਓ ਦੀ ਖਿੱਚ ਬਾਰੇ ਸੋਚਦਾ ਹਾਂ

---

ਵਾਵਰੋਲੇ ਨੇ
ਉਲਟਾ ਦਿੱਤੀ ਹੈ
ਚਰਵਾਹੇ ਦੀ ਰਿਝਦੀ ਕੇਤਲੀ
ਜੋ ਪਹਾੜੀ ਦੀ ਟੀਸੀ 'ਤੇ ਪਈ ਸੀ।





*ਅੱਬਾਸ ਅਤੇ ਅਮਨਿੰਦਰ*


Tel.: 317-426-5410
Ext 311 or 340
XPressCargo
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100%
OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com